# ਬਿਲੌਰੀ ਅੱਖਾਂ

(ਕਹਾਣੀ ਸੰਗ੍ਰਹਿ)

***ਇਸੇ ਕਲਮ ਤੋਂ :***

1. A Storm in a Tea cup and Other Stories- ਕਹਾਣੀ ਸੰਗ੍ਰਹਿ ਅੰਗਰੇਜ਼ੀ ਵਿੱਚ–1982
2. The Harmonies- ਅੱਧਾ ਕਹਾਣੀ ਸੰਗ੍ਰਹਿ ਅੰਗਰੇਜ਼ੀ ਵਿੱਚ–1988
3. ਸਿਡਨੀ ਦੀਆਂ ਰੇਲਗੱਡੀਆਂ– ਕਹਾਣੀਨੁਮਾ ਲੇਖ ਤੇ ਲੇਖਨੁਮਾ ਕਹਾਣੀਆਂ– 2009
4. ਦਿਲਹੁ ਮੁਹਬਤਿ ਜਿੰਨ੍– ਨਾਵਲ 2011

---

*ਇਹਨਾਂ ਕਹਾਣੀਆਂ ਵਿਚਲੇ ਬਿਰਤਾਂਤ ਕਹਾਣੀਕਾਰ ਦੀ ਕਲਪਨਾ ਦੀ ਉਪਜ ਹਨ। ਇਹਨਾਂ ਦਾ ਕਿਸੇ ਵਿਅਕਤੀ ਵਿਸ਼ੇਸ਼ ਨਾਲ ਕੋਈ ਸੰਬੰਧ ਨਹੀਂ।*

# ਬਿਲੌਰੀ ਅੱਖਾਂ

(ਕਹਾਣੀ ਸੰਗ੍ਰਹਿ)

**ਅਵਤਾਰ ਐਸ. ਸੰਘਾ**

5 ਆਬ
ਪ੍ਰਕਾਸ਼ਨ, ਜਲੰਧਰ

# Bilauri Akkhan

*(Short Stories)*

by

**Avtar S. Sangha**
75 Noel St, Blacktown/Marayong
(Sydney) NSW 2148 (Australia)
Mobile No: 61-437641033

© ਪ੍ਰਕਾਸ਼ਕ

*ISBN : 978-93-82413-69-1*

ਪਹਿਲੀ ਵਾਰ: 2013

ਮੁੱਲ: 150/-

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

ਟਾਈਪ ਸੈਟਿੰਗ: **ਵੈਕ ਕੰਪਿਊਟਰਜ਼ ਜਲੰਧਰ**

# ਸਮਰਪਣ

ਕਹਾਣੀ 'ਬਿਲੌਰੀ ਅੱਖਾਂ' ਦੇ ਪ੍ਰੋ: ਪਿਆਰਾ ਸਿੰਘ
ਮਹਿਰਮਪੁਰੀ ਤੇ ਪ੍ਰੋ: ਸੁਰਿੰਦਰ ਸੱਦੀ ਦੇ ਨਾਂ

# ਤਰਤੀਬ


| | | |
|---|---|---|
| | ਮੇਰੇ ਵੱਲੋਂ ਪਾਠਕਾਂ ਨੂੰ ਸੇਧ | 7 |
| 1. | ਵਾਧੂ ਭਾਰ | 18 |
| 2. | ਧੀਏ, ਸੁਖੀ ਵੀ ਏਂ? | 28 |
| 3. | ਸ਼ੁੱਭ ਆਨੰਦਕਾਰਜ | 41 |
| 4. | ਬਿਲੌਰੀ ਅੱਖਾਂ | 46 |
| 5. | ਜਦ ਚੰਦ ਕੁਰ ਨੇ ਚੰਮਦੀਆਂ ਚਲਾਉਣੀਆਂ ਚਾਹੀਆਂ | 57 |
| 6. | ਸ਼ਾਦੀਸ਼ੁਦਾ ਛੜਾ (The Married Bachelor) | 72 |
| 7. | ... ਤੇ ਪ੍ਰੀਖਿਆ ਚਲਦੀ ਰਹੀ | 78 |
| 8. | ਪੱਬ | 90 |
| 9. | ਉਹ ਪਿੰਡ ਨੂੰ ਆ ਗਿਆ | 99 |
| 10. | ਉਹ ਦਿਨ! | 106 |
| 11. | 29 ਦਿਨ | 113 |
| 12. | ਰਾਮ ਅਵਤਾਰ ਐਮ.ਬੀ. ਬੀ.ਐਸ. | 121 |
| 13. | ਵਿਚਾਰਾ ਵਿਲੀਅਮ! | 130 |
| 14. | ਘੋੜਾ ਡਾਕਟਰ | 141 |
| 15. | ਲਾਡੀ ਫਾਡੀ | 153 |
| 16. | ਭਾੜਾ | 162 |
| 17. | ਹੈੱਡਮਾਸਟਰ ਸਾਹਿਬ | 165 |
| 18. | ਮਤਾ | 176 |

# ਮੇਰੇ ਵੱਲੋਂ ਪਾਠਕਾਂ ਨੂੰ ਸੇਧ

ਭਾਸ਼ਾ ਦਾ ਅਧਿਐਨ ਕਰਨਾ ਮੇਰੀ ਦਿਲਚਸਪੀ ਰਹੀ ਹੈ। ਵਿਦੇਸ਼ ਵਿੱਚ ਆ ਕੇ ਇਹ ਦਿਲਚਸਪੀ ਹੋਰ ਵੀ ਵਧ ਗਈ। ਪੰਜਾਬ ਵਿੱਚ ਅਸੀਂ ਅੰਗਰੇਜ਼ੀ ਨੂੰ ਬਹੁਤ ਹੀ ਉੱਚੀ ਸਮਝਦੇ ਰਹੇ। ਇੱਕ ਵਾਰ ਮੈਂ ਇੱਕ ਅੰਗਰੇਜ਼ੀ ਦੇ ਲੈਕਚਰਾਰ ਨੂੰ ਪੁੱਛਿਆ, "ਅੱਜ ਕੱਲ੍ਹ ਬੀ.ਏ., ਬੀ.ਐਸ. ਨੂੰ ਪੜ੍ਹਾ ਰਹੇ ਹੋ ਜਾਂ ਐਮ.ਏ. ਅੰਗਰੇਜ਼ੀ ਦੀ ਕਲਾਸ ਨੂੰ?" ਜਵਾਬ ਵਿੱਚ ਉਹ ਕਹਿਣ ਲੱਗਾ, "ਯਾਰ ਬੀ.ਏ, ਬੀ.ਐਸ.ਸੀ. ਨੂੰ ਅੰਗਰੇਜ਼ੀ ਪੜ੍ਹਾ ਕੇ ਮਜ਼ਾ ਨਹੀਂ ਆਉਂਦਾ। ਜਮਾਤਾਂ ਵਿੱਚ ਪੰਜਾਬੀ ਬੋਲਣੀ ਪੈਂਦੀ ਏ। ਐਮ.ਏ. ਅੰਗਰੇਜ਼ੀ ਦੀ ਜਮਾਤ ਨੂੰ ਪੜ੍ਹਾਉਂਦੇ ਸਮੇਂ ਸਾਰੀ ਅੰਗਰੇਜ਼ੀ ਹੀ ਚਲਦੀ ਏ।" ਨਿਰੀ ਰੁਤਬੇ ਦੀ ਭੁੱਖ ਤੇ ਫੁਕਰਾਪੰਥੀ! ਨਾ-ਅੰਗਰੇਜ਼ੀ ਬੋਲਣ ਵਾਲੇ ਦੇਸ਼ਾਂ (Non-English Speaking Countries) ਵਿੱਚ ਅੰਗਰੇਜ਼ੀ ਨੂੰ ਖਾਮਖਾਹ ਉੱਚਾ ਦਿਖਾਉਣ ਦੀ ਪ੍ਰਬਲ ਇੱਛਾ। ਪੰਜਾਬ ਵਿੱਚ 26 ਸਾਲ ਅੰਗਰੇਜ਼ੀ ਪੜ੍ਹਾਉਂਦਾ ਹੋਇਆ ਮੈਂ ਵੀ ਇੰਜ ਹੀ ਸੋਚਿਆ ਕਰਦਾ ਸੀ। ਜਦ ਮੈਂ ਆਸਟਰੇਲੀਆ ਵਿਚ ਆ ਗਿਆ ਤਾਂ ਪਤਾ ਲੱਗਾ ਕਿ ਅਸੀਂ ਅੰਗਰੇਜ਼ੀ ਵਿਚ ਐਮ.ਏ. ਪੀ.ਐਚ.ਡੀਆਂ ਕਰਨ ਦੇ ਬਾਵਜੂਦ ਵੀ ਉਹ ਕੁਝ ਅੰਗਰੇਜ਼ੀ ਦਾ ਨਹੀਂ ਜਾਣਦੇ ਜੋ ਇੱਥੋਂ ਦੇ ਜੰਮਪਲ ਘੱਟ ਪੜ੍ਹੇ-ਲਿਖੇ ਜਾਣਦੇ ਹਨ। ਬੋਲੀ ਓਹੀ ਹੁੰਦੀ ਏ ਜਿਹਦੀ ਬੱਚੇ ਨੂੰ ਗੁੜ੍ਹਤੀ ਮਿਲੇ। ਬਾਕੀ ਸਭ ਭਾਸ਼ਾਵਾਂ ਲਿਫਾਫੇਬਾਜ਼ੀ ਤੇ ਨਿਰਾ ਦਿਖਾਵਾ ਹੁੰਦੀਆਂ ਹਨ। ਜੇ ਅੱਜ ਦੁਨੀਆਂ ਵਿਚ ਹਰ ਪਾਸੇ ਅੰਗਰੇਜ਼ੀ ਦਾ ਬੋਲਬਾਲਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਆਪਣੀ ਮਾਂ-ਬੋਲੀ ਨੂੰ ਐਵੇਂ ਹੀ ਨੀਵਾਂ ਸਮਝੀ ਜਾਈਏ। ਵਧੀਆ ਲਿਖਤ ਜਿਹੜੀ ਭਾਸ਼ਾ 'ਚ ਮਰਜ਼ੀ ਲਿਖ ਦਿਓ ਉਹ ਕਿਸੇ ਵੀ ਵਕਤ ਕਿਸੇ ਵੀ ਦੇਸ਼ ਵਿੱਚ ਮਕਬੂਲ ਹੋ ਸਕਦੀ ਹੈ। ਵਧੀਆ ਲਿਖਤ ਜਾਂ ਕ੍ਰਿਤ ਉਹ ਹੈ ਜਿਸਦਾ ਅਨੁਵਾਦ ਕਰਨ ਲਈ ਦੂਜੇ ਮਜਬੂਰ ਹੋ ਜਾਣ। ਹਾਂ, ਦਫਤਰੀ ਮਾਹੌਲ ਤੇ ਆਮ ਬੋਲਚਾਲ ਵਿੱਚ ਅੰਗਰੇਜ਼ੀ ਕਿਸੇ ਵੀ ਦੇਸ਼ ਵਿੱਚ ਬੋਲੀ ਜਾਂ ਲਿਖੀ ਜਾ ਸਕਦੀ ਹੈ। ਅੰਤਰਰਾਸ਼ਟਰੀ ਮਾਹੌਲ ਵਿਚ ਵਿਚਰਣ ਲਈ ਅੰਗਰੇਜ਼ੀ ਨੂੰ ਸਾਂਝੀ ਭਾਸ਼ਾ (lingua franca) ਦੇ ਤੌਰ 'ਤੇ ਵਰਤਣਾ ਤਾਂ ਹਰ ਮਨੁੱਖ ਦੀ ਜ਼ਰੂਰਤ ਹੈ ਹੀ। ਨਾ-ਅੰਗਰੇਜ਼ੀ

ਬੋਲਣ ਵਾਲੇ ਦੇਸ਼ (Non-English Speaking Country) ਵਿੱਚ ਕਿਸੇ ਸਥਾਨ ਦਾ ਪੇਂਡੂ ਮੁਹਾਵਰਾ ਅੰਗਰੇਜ਼ੀ ਵਿਚ ਹੂ-ਬ-ਹੂ ਫੜਨ ਦੀ ਕੋਸ਼ਿਸ਼ ਕਰਨਾ ਉਸ ਮੁਹਾਵਰੇ ਦਾ ਜਲੂਸ ਕੱਢਣ ਦੇ ਸਮਾਨ ਹੋ ਜਾਂਦਾ ਹੈ। ਇਸੇ ਕਰਕੇ ਇਕ ਵਾਰ ਪਾਬਲੋ ਨੈਰੂਦਾ ਨੇ ਕਿਹਾ ਸੀ, "ਅਨੁਵਾਦ ਵਿਚ ਅਸਲ ਕਵਿਤਾ ਦਬ ਜਾਂਦੀ ਹੈ। ਆਪਣੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ 'ਚ ਮੈਂ ਦੇਖਦਾ ਹਾਂ ਕਿ ਗੱਲ ਨਹੀਂ ਬਣੀ- ਮੇਰੀ ਆਵਾਜ਼ ਬਹੁਤ ਦੱਬ ਗਈ ਹੈ, ਸਪੇਨੀ ਭਾਸਾ ਵਿਚ ਹੀ ਮੇਰੀ ਆਵਾਜ਼ ਉਭਰਦੀ ਹੈ।"

ਮੇਰੀ ਕਹਾਣੀ 'ਵਿਚਾਰਾ ਵਿਲੀਅਮ' ਇਹਨਾਂ ਉਪਰੋਕਤ ਪ੍ਰਕਾਰ ਦੇ ਵਿਚਾਰਾਂ ਦੀ ਹੀ ਤਰਜਮਾਨੀ ਕਰਦੀ ਹੈ। ਅਕਾਦਮਿਕ ਪੰਜਾਬੀ ਦਾ ਡਿਪਲੋਮਾ ਪਾਸ ਕਰਕੇ ਵਿਲੀਅਮ ਨਾਮ ਦਾ ਇੱਕ ਗੋਰਾ ਲੜਕਾ ਪੰਜਾਬ ਵਿੱਚ ਪੰਜਾਬੀ ਬੋਲੀ ਦਾ ਮਾਹੌਲ ਦੇਖਣ ਆਉਂਦਾ ਹੈ। ਅਕਾਦਮਿਕ ਪੰਜਾਬੀ ਦਾ ਚੋਖਾ ਗਿਆਨ ਹੋਣ ਦੇ ਬਾਵਜੂਦ ਵੀ ਪੇਂਡੂ ਪੰਜਾਬੀ ਦਾ ਠੇਠ ਮੁਹਾਂਵਰਾ ਉਸ ਦੇ ਚੱਜ ਨਾਲ ਪੱਲੇ ਨਹੀਂ ਪੈਂਦਾ। ਉਹ ਪੰਜਾਬ ਦੇ ਪਿੰਡ ਵਿਚ ਆ ਕੇ ਮਜ਼ਾਕ ਦਾ ਮੌਜੂ ਬਣ ਜਾਂਦਾ ਹੈ। ਵਿਲੀਅਮ ਤਾਂ ਮਹਿਜ ਇੱਕ ਪ੍ਰਤੀਕ (symbol) ਹੈ। ਅਸਲ ਵਿਚ ਅਸੀਂ ਸਭ ਪ੍ਰਵਾਸੀ ਵਿਲੀਅਮ ਹੀ ਹਾਂ। ਅਸੀਂ ਪੰਜਾਬ ਜਾਂ ਭਾਰਤ ਦੇ ਕਿਸੇ ਹੋਰ ਹਿੱਸੇ 'ਚੋਂ ਅਕਾਦਮਿਕ ਅੰਗਰੇਜ਼ੀ ਭਾਸ਼ਾ ਵਿਚ ਉੱਚਤਮ ਪੜ੍ਹਾਈ ਦੀਆਂ ਡਿਗਰੀਆਂ ਪ੍ਰਾਪਤ ਕਰਕੇ ਜਦ ਆਸਟਰੇਲੀਆ, ਅਮਰੀਕਾ, ਕੈਨੇਡਾ, ਇੰਗਲੈਂਡ, ਜਰਮਨੀ ਆਦਿ ਦੇਸ਼ਾਂ ਵਿਚ ਜਾਂਦੇ ਹਾਂ ਤਾਂ ਸਾਡੇ ਵੀ ਉਥੋਂ ਦਾ ਪੇਂਡੂ ਮੁਹਾਵਰਾ (slang and dialect) ਚੱਜ ਨਾਲ ਪੱਲੇ ਨਹੀਂ ਪੈਂਦਾ। ਇਹ ਕਹਾਣੀ ਸਾਡੀ ਪ੍ਰਵਾਸੀਆਂ ਦੀ ਭਾਸ਼ਾਈ ਤਰਾਸਦੀ ਨੂੰ ਬਿਆਨ ਕਰਦੀ ਹੈ।

ਕਹਾਣੀ 'ਬਿਲੌਰੀ ਅੱਖਾਂ' ਕੁੱਝ ਸਾਹਿਤਕਾਰਾਂ ਦੇ ਇਖਲਾਕ ਦੇ ਦੂਹਰੇ ਤੀਹਰੇ ਮਿਆਰ ਦਾ ਜਨਾਜਾ ਪੇਸ਼ ਕਰਦੀ ਹੈ। ਇਸ ਕਹਾਣੀ ਦੇ ਮੁੱਖ ਪਾਤਰ ਪ੍ਰੋ. ਪਿਆਰਾ ਸਿੰਘ ਮਹਿਰਮਪੁਰੀ ਤੇ ਪ੍ਰੋ. ਸੁਰਿੰਦਰ ਸੱਦੀ ਭੁਲੇਖੇ ਨਾਲ ਇੱਕ ਸਾਹਿਤਕਾਰ ਦੇ ਐਸੇ ਘਰ ਜਾ ਵੜਦੇ ਹਨ ਜਿੱਥੇ ਉਸਦੀ ਪਹਿਲੀ ਪਤਨੀ ਦਾ ਪਰੀਵਾਰ ਰਹਿੰਦਾ ਹੈ। ਅਸਲ ਵਿਚ ਇਹ ਸਾਹਿਤਕਾਰ ਆਪਣੀ ਇੱਕ ਬਿਲੌਰੀ ਅੱਖਾਂ ਵਾਲੀ ਰਖੇਲ ਨਾਲ ਪਿੰਡ ਦੇ ਦੂਜੇ ਪਾਸੇ ਕੋਠੀ ਪਾ ਕੇ ਉਸ ਵਿਚ ਰਹਿ ਰਿਹਾ ਹੈ। ਇਸ ਸਾਹਿਤਕਾਰ ਦੀ ਪਹਿਲੀ ਅਸਲੀ ਘਰਵਾਲੀ ਤੇ ਉਸਦਾ ਪਰਿਵਾਰ ਇਹਨਾਂ ਦੋਹਾਂ ਪ੍ਰੋਫੈਸਰਾਂ ਦੀ ਚੰਗੀ ਲਾਹਪਾਹ ਕਰਦੇ ਹਨ। ਇਥੋਂ ਤੱਕ ਕਿ ਇਹਨਾਂ ਨਾਲ ਡੰਡਾ ਸੋਟਾ ਕਰਨ ਲਈ ਵੀ ਤਿਆਰ ਹੋ ਜਾਂਦੇ ਹਨ। ਇਹ ਦੋਨੋਂ ਪ੍ਰੋਫੈਸਰ ਉਥੋਂ ਆਪਣਾ ਬਚਾਅ ਕਰਕੇ ਤਰੀਕੇ ਨਾਲ ਬਾਹਰ ਟ੍ਰਿਬਣ ਦੀ ਕੋਸ਼ਿਸ਼ ਕਰਦੇ ਹਨ। ਕਹਾਣੀ ਦੇ ਅੰਤ ਵਿਚ ਇਹਨਾਂ ਦੋਹਾਂ

ਪ੍ਰੋਫੈਸਰਾਂ ਵਿਚ ਸਾਹਿਤ ਦੇ ਰਚਨਕਾਰਾਂ ਵਿੱਚ ਪਾਏ ਜਾਣ ਵਾਲੇ ਨੈਤਿਕਤਾ ਦੇ ਦੂਹਰੇ ਤੀਹਰੇ ਮਿਆਰਾਂ ਤੇ ਬਹਿਸ ਹੁੰਦੀ ਹੈ। ਕਹਾਣੀ 'ਵਾਧੂ ਭਾਰ' ਵਿੱਚ ਕਈ ਪ੍ਰਕਾਰ ਦਾ ਵਾਧੂ ਭਾਰ ਦਿਖਾਇਆ ਗਿਆ ਹੈ। ਇਹ ਕਹਾਣੀ ਇੱਕ ਐਸੇ ਪੰਜਾਬੀ ਨਾਲ ਵਾਪਰਦੀ ਹੈ ਜਿਹੜਾ ਸਿਡਨੀ ਤੋਂ ਪੰਜਾਬ ਨੂੰ ਜਾਣ ਲਈ ਟੈਕਸੀ ਉੱਪਰ ਸਿਡਨੀ ਹਵਾਈ ਅੱਡੇ ਵਲ ਜਾ ਰਿਹਾ ਏ। ਟੈਕਸੀ ਡਰਾਈਵਰ ਕਿਸੇ ਹੋਰ ਦੇਸ਼ ਦਾ ਹੈ ਤੇ ਉਹ ਇਸ ਪੰਜਾਬੀ ਨਾਲ ਭਾਰਤ ਬਾਰੇ ਗੱਲਾਂ ਕਰਨ ਲੱਗ ਪੈਂਦਾ ਹੈ। ਇਸ ਪ੍ਰਵਾਸੀ ਪੰਜਾਬੀ ਦੇ ਕਈ ਪ੍ਰਕਾਰ ਦੇ ਨਿੱਜੀ ਭਾਰਾਂ ਨੂੰ ਭਾਰਤ ਵਿੱਚ ਜਨਸੰਖਿਆ ਦੇ ਵਾਧੂ ਭਾਰ ਅਤੇ ਪੰਜਾਬ ਜਿਹੇ ਆਕਾਰ ਵਿਚ ਛੋਟੇ ਪਰੰਤੂ ਉਪਜ ਵਿਚ ਵੱਡੇ ਸੂਬਿਆਂ ਤੇ ਕੇਂਦਰ ਸਰਕਾਰ ਵੱਲੋਂ ਪਾਏ ਹੋਏ ਅਵੱਲੇ ਭਾਰ ਦੀ ਗੱਲ ਕੀਤੀ ਹੋਈ ਹੈ। ਇਸ ਕਹਾਣੀ ਦੇ ਆਖਰ ਵਿਚ ਆਮ ਘਰੇਲੂ ਇਸਤਰੀ ਦੀ ਸਾਹਿਤਕਾਰਾਂ ਪ੍ਰਤੀ ਮਾਨਸਿਕਤਾ ਨੂੰ ਵੀ ਦਿਖਾਇਆ ਗਿਆ ਹੈ। ਬਹੁਤ ਸਾਰੇ ਅਜਿਹੇ ਸਾਹਿਤਕਾਰ ਵੀ ਹਨ ਜਿਨ੍ਹਾਂ ਦੀਆਂ ਘਰਵਾਲੀਆਂ ਸਾਹਿਤਕਾਰੀ ਦੇ ਕੰਮ ਨੂੰ ਫਜ਼ੂਲ ਕੰਮ ਹੀ ਸਮਝਦੀਆਂ ਹਨ। ਉਹ ਸਾਹਿਤਕਾਰਾਂ ਨਾਲ ਆਪਣਾ ਵਿਆਹੁਤਾ ਜੀਵਨ ਤਾਂ ਬਤੀਤ ਕਰੀ ਜਾ ਰਹੀਆਂ ਹਨ ਪਰੰਤੂ ਦੁਖੀ ਹੋ ਕੇ। ਉਹਨਾਂ ਨੂੰ ਹਮੇਸ਼ਾ ਇਹੀ ਲਗਦਾ ਰਹਿੰਦਾ ਹੈ ਕਿ ਇਸ ਸਾਹਿਤਕਾਰੀ ਦੇ ਕੁੱਤੇ ਕੰਮ 'ਚੋਂ ਧੇਲਾ ਪੱਲੇ ਨਹੀਂ ਪੈਂਦਾ, ਉਹਨਾਂ ਦੇ ਘਰ ਵਾਲੇ ਫਿਰ ਵੀ ਹਮੇਸ਼ਾ ਇਸ ਦੀ ਪੂਛ ਫ਼ੜੀ ਰੱਖਦੇ ਹਨ। ਦੂਜੇ ਪਾਸੇ ਸਾਹਿਤਕਾਰ ਐਸੀ ਮਿੱਟੀ ਦੇ ਬਣੇ ਹੋਏ ਹਨ ਕਿ ਉਹ ਨਾਮੇ ਨਾਲੋਂ ਨਾਮ ਨੂੰ ਹੀ ਵੱਧ ਤਰਜ਼ੀਹ ਦਿੰਦੇ ਰਹਿੰਦੇ ਹਨ। ਕਈ ਤਾਂ ਇਹ ਨਾਮ ਵੀ ਨਹੀਂ ਕਮਾ ਸਕਦੇ, ਬਿਨਾਂ ਨਾਮ ਕਮਾਏ ਹੀ ਇਸ ਦੁਨੀਆ ਤੋਂ ਰੁਕਸਤ ਹੋ ਜਾਂਦੇ ਹਨ।

'ਉਹ ਪਿੰਡ ਨੂੰ ਆ ਗਿਆ' ਇੱਕ ਐਸੇ ਕਰਮਚਾਰੀ ਦੀ ਕਹਾਣੀ ਹੈ ਜਿਹੜਾ ਭਾਰਤ ਦੇ ਵੱਡੇ ਸ਼ਹਿਰਾਂ ਵਿਚ ਨੌਕਰੀ ਕਰਦਾ ਹੋਇਆ ਆਪਣੇ ਸਾਰੇ ਸੇਵਾਕਾਲ ਵਿੱਚ ਆਪਣਾ ਘਰ ਵੀ ਨਹੀਂ ਬਣਾ ਸਕਦਾ। ਉਹ ਸੇਵਾਮੁਕਤ ਹੋ ਕੇ ਆਪਣੇ ਭਰ ਜਵਾਨੀ ਵਲ ਨੂੰ ਵਧ ਰਹੇ ਬੱਚਿਆਂ ਨੂੰ ਲੈ ਕੇ ਆਪਣੇ ਜੱਦੀ ਪਿੰਡ ਆ ਕੇ ਰਹਿਣ ਲੱਗ ਪੈਂਦਾ ਹੈ। ਸ਼ਹਿਰੀ ਜਵਾਨ ਬੱਚੇ ਪਿੰਡ ਵਿੱਚ ਆ ਕੇ ਉਹੋ ਜਿਹੀਆਂ ਘਤਿੱਤਾਂ ਕਰਨ ਲਗ ਪੈਂਦੇ ਹਨ ਜਿਹੜੀਆਂ ਸ਼ਹਿਰੀ ਜੀਵਨ ਵਿਚ ਤਾਂ ਸਧਾਰਨ ਹੀ ਸਮਝੀਆਂ ਜਾਂਦੀਆਂ ਹਨ, ਪਰੰਤੂ ਰਿਹਾਇਸ਼ ਦੀ ਛੋਟੀ ਇਕਾਈ ਜਾਨੀ ਕਿ ਪਿੰਡ ਵਿੱਚ ਇਹ ਘਤਿੱਤਾਂ ਪੁਆੜੇ ਦੀ ਜੜ੍ਹ ਬਣ ਜਾਂਦੀਆਂ ਹਨ। ਇਸ ਕਹਾਣੀ ਨੂੰ ਪ੍ਰਤੀਕਾਤਮਕ ਵੀ ਕਿਹਾ ਜਾ ਸਕਦਾ ਹੈ। ਉਹਨਾਂ ਭਰ ਜੁਆਨ ਬੱਚਿਆਂ ਦੀ ਸਥਿਤੀ ਇੱਕ ਪਿੰਡ ਵਿਚ ਆ ਕੇ ਹੋਰ ਵੀ ਮਾੜੀ ਬਣ ਸਕਦੀ ਹੈ ਜਿਹਨਾਂ ਨੇ ਆਪਣਾ ਬਚਪਨ ਤੇ ਲੜਕਪਣ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਜਿਹੇ ਦੇਸ਼ਾਂ ਦੇ ਖੁੱਲ੍ਹੇ

ਸਭਿਆਚਾਰ ਵਿੱਚ ਬਿਤਾਇਆ ਹੋਏ। ਕਹਾਣੀ ਦਰਸਾਉਂਦੀ ਹੈ ਕਿ ਕੱਚੀ ਜਵਾਨੀ ਵਿੱਚੋਂ ਵਿਚਰ ਰਹੇ ਅਣਵਿਆਹੇ ਬੱਚਿਆਂ ਨੂੰ ਕਦੀ ਵੀ ਅਤਿਅੰਤ ਖੁੱਲ੍ਹੇ ਮਾਹੌਲ ਵਿੱਚੋਂ ਭੀੜੇ ਮਾਹੌਲ ਵਿਚ ਨਹੀਂ ਲਿਆਉਣਾ ਚਾਹੀਦਾ। ਇੰਜ ਕਰਨ ਨਾਲ ਇਹਨਾਂ ਬੱਚਿਆਂ ਦੀ ਮਾਨਸਿਕਤਾ ਤੇ ਤਾਂ ਮਾੜਾ ਪ੍ਰਭਾਵ ਪੈਂਦਾ ਹੀ ਹੈ, ਉਸ ਭੀੜੇ ਮਾਹੌਲ ਤੇ ਵੀ ਇਹਨਾਂ ਦੀਆਂ ਅਜੀਬ ਘਟਿੱਤਾਂ ਦਾ ਅਸਰ ਪੈ ਸਕਦਾ ਹੈ।

ਕਹਾਣੀ 'ਪੱਬ' ਵਿਚ ਪੰਜਾਬ ਦੇ ਇੱਕ ਪਿੰਡ ਵਿਚ ਅਮਲੀਆਂ ਦੇ ਇੱਕ ਕੋਠੇ ਨੂੰ ਪੱਬ ਕਿਹਾ ਗਿਆ ਹੈ। ਸ਼ਰਾਰਤੀ ਮੁੰਢੀਰ ਇਸ ਪੁਰਾਣੇ ਜਿਹੇ ਵਾੜੇ ਦੇ ਇਕ ਅਧੋਰਾਣੇ ਜਿਹੇ ਕੋਠੇ ਮੂਹਰੇ 'ਪੱਬ' ਸ਼ਬਦ ਲਿਖ ਦਿੰਦੀ ਹੈ। ਭਾਵੇਂ ਅਮਲੀਆਂ ਅਤੇ ਪੋਸਤੀਆਂ ਨੂੰ ਇਸ ਅੰਗਰੇਜ਼ੀ ਵਿੱਚ ਲਿਖੇ ਸ਼ਬਦ 'ਪੱਬ' (Pub) ਨਾਲ ਕੋਈ ਵੀ ਅਸਰ ਨਹੀਂ ਪੈਂਦਾ ਪਰੰਤੂ ਪੜ੍ਹੀ ਲਿਖੀ ਮੁੰਢੀਰ ਲਈ ਇੰਜ ਸ਼ਰਾਰਤ ਕਰਨਾ ਇੱਕ ਮਨਪਰਚਾਵਾ ਹੈ। ਇਸ ਕਹਾਣੀ ਵਿਚ ਪੰਜਾਬ ਦੇ ਪਿੰਡਾਂ ਦੇ ਜੱਟ ਜ਼ਿਮੀਦਾਰ ਪਰਿਵਾਰਾਂ ਵਿਚ ਜੀਵਨ ਜਾਚ ਅਤੇ ਰਹਿਣ ਸਹਿਣ ਦੇ ਫਰਕਾਂ ਨੂੰ ਵੀ ਦਰਸਾਇਆ ਗਿਆ ਹੈ। ਇੱਕੋ ਹੀ ਪਰਿਵਾਰ ਵਿੱਚ ਇੱਕ ਪੂਰਾ ਖੁਸ਼ਹਾਲ ਹੁੰਦਾ ਹੈ ਤੇ ਦੂਜਾ ਪੂਰਾ ਮੰਦਹਾਲ, ਇੱਕ ਅੰਤਾਂ ਦਾ ਪੜ੍ਹਿਆ-ਲਿਖਿਆ ਹੁੰਦਾ ਹੈ ਤੇ ਦੂਜਾ ਚਿੱਟਾ ਅਨਪੜ੍ਹ, ਇੱਕ ਅਨਪੜ੍ਹ ਹੁੰਦਾ ਹੋਇਆ ਵੀ ਕਿਸੇ ਬਾਹਰਲੇ ਮੁਲਕ ਤੋਂ ਅਪਟੂਡੇਟ ਬਣ ਕੇ ਆਉਂਦਾ ਹੈ ਤੇ ਦੂਜਾ ਪੇਂਡੂ ਜੀਵਨ 'ਚ ਵਿਚਰਦਾ ਹੋਇਆ ਪੂਰਾ ਪਛੜਿਆ ਲਗਦਾ ਰਹਿੰਦਾ ਹੈ ਆਦਿ। ਕਿਸੇ ਪੜ੍ਹੇ-ਲਿਖੇ ਚੰਗੀ ਨੌਕਰੀ ਤੇ ਲੱਗੇ ਹੋਏ ਬੰਦੇ ਨੂੰ ਕਿਸੇ ਨੂੰ ਇਹ ਦੱਸਦੇ ਹੋਏ ਨੂੰ ਸ਼ਰਮ ਆਉਂਦੀ ਏ ਕਿ ਉਸ ਦਾ ਬਾਪ, ਮਾਮਾ, ਮਾਸੜ ਜਾਂ ਫੁੱਫੜ ਅਨਪੜ੍ਹ ਤੇ ਪਛੜਿਆ ਹੋਇਆ ਹੈ। ਇਹ ਵਿਚਾਰ ਵੀ ਇਸ ਕਹਾਣੀ ਦੇ ਬਿਰਤਾਂਤ ਦਾ ਹਿੱਸਾ ਹੈ।

'29 ਦਿਨ' ਸਾਕਾ ਨੀਲਾ ਤਾਰਾ (Operation Blue Star) ਸਮੇਂ ਦੇਸ਼ ਦੇ ਮਾਹੌਲ ਤੇ ਚਾਨਣਾ ਪਾਉਂਦੀ ਹੋਈ ਬਹੁਗਿਣਤੀ ਫਿਰਕਿਆਂ ਵਿੱਚ ਕਿਸੇ ਘੱਟ ਗਿਣਤੀ ਫਿਰਕੇ ਦੇ ਘਿਰੇ ਹੋਣ ਦੀ ਤਰਾਸਦੀ ਬਿਆਨ ਕਰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਕੁਲਵਰਨ ਤਾਂ ਮਹਿਜ਼ ਇੱਕ ਪ੍ਰਤੀਕ ਹੀ ਹੈ। ਉਹਦੇ ਜਿਹੀ ਕੋਝੀ ਸਥਿਤੀ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਕਿਸੇ ਦੀ ਵੀ ਹੋ ਸਕਦੀ ਹੈ। ਸ਼ਾਇਦ ਬੰਗਲਾਦੇਸ਼ ਦੀ ਲੇਖਿਕਾ ਤਸਲੀਮਾ ਨਸਰੀਨ ਨੇ ਆਪਣੇ ਨਾਵਲ 'ਲੱਜਾ' (Lajja) ਵਿੱਚ ਇਸੇ ਪ੍ਰਕਾਰ ਦੀ ਕਿਸੇ ਪ੍ਰਸਥਿਤੀ ਨੂੰ ਬਿਆਨ ਕੀਤਾ ਹੈ। ਸਾਕਾ ਨੀਲਾ ਤਾਰਾ ਸਮੇਂ ਪੰਜਾਬ ਵਿੱਚ ਹਿੰਦੂਆਂ ਦੀ ਤੇ ਭਾਰਤ ਦੇ ਦੂਜੇ ਕਈ ਹਿੱਸਿਆਂ ਵਿੱਚ ਸਿੱਖਾਂ ਦੀ ਮਾਨਸਿਕ ਹਾਲਤ ਕੁਲਵਰਨ ਦੀ ਮਨੋਬਿਰਤੀ ਜਿਹੀ ਹੀ ਬਣੀ ਰਹੀ ਸੀ। ਕਹਾਣੀ ਦੇ ਅੰਤ ਵਿਚ ਕੁਲਵਰਨ ਦੇ ਮਨ ਵਿਚ ਉੱਤਰੀ ਭਾਰਤ ਦੇ ਇਤਿਹਾਸ ਦੇ

29 ਮਹੱਤਵਪੂਰਨ ਦਿਨ ਵੀ ਆਉਂਦੇ ਹਨ ਤੇ ਉਸ ਦੇ ਇੱਕ ਹਿੰਦੂਆਂ ਨਾਲ ਭਰੀ ਪਈ ਬੈਰਕ ਵਿਚ ਬਿਤਾਉਣ ਵਾਲੇ ਅਗਲੇ 29 ਦਿਨ ਵੀ। 'ਘੋੜਾ ਡਾਕਟਰ' ਅਰਧ ਵਿਕਸਤ ਦੇਸ਼ਾਂ ਵਿੱਚੋਂ ਵਿਕਸਤ ਦੇਸ਼ਾਂ ਨੂੰ ਪਰੌਢ ਅਵਸਥਾ ਵਿੱਚ ਗਏ ਪ੍ਰਵਾਸੀਆਂ ਦੀ ਕਹਾਣੀ ਹੈ। ਇਹਨਾਂ ਪ੍ਰਵਾਸੀਆਂ ਵਿਚੋਂ ਕਈਆਂ ਨੇ ਭਾਰਤ ਜਿਹੇ ਦੇਸ਼ਾਂ ਵਿੱਚ ਪੈਸੇ (donations) ਦੇ ਕੇ ਦਾਖਲਾ ਲੈਣ ਨਾਲ ਡਿਗਰੀਆਂ ਤਾਂ ਉੱਚੀਆਂ ਤੋਂ ਉੱਚੀਆਂ ਪਾਸ ਕੀਤੀਆਂ ਹੋਈਆਂ ਹਨ, ਪਰੰਤੂ ਵਿਕਸਤ ਦੇਸ਼ ਇਸ ਪ੍ਰਕਾਰ ਦੀਆਂ ਡਿਗਰੀਆਂ ਨੂੰ ਕੁੱਝ ਵੀ ਨਹੀਂ ਸਮਝਦੇ। ਇਹ ਡਿਗਰੀਆਂ ਪਾਸ ਕਰਨ ਵਾਲੇ ਵੀ ਉਹਨਾਂ ਦੇਸ਼ਾਂ ਦੇ ਮਿਆਰ ਤੋਂ ਨੀਵੇਂ ਰਹਿ ਜਾਂਦੇ ਹਨ ਤੇ ਉਹਨਾਂ ਦੀਆਂ ਪ੍ਰੀਖਿਆਵਾਂ ਵਿਚ ਅਸਫਲ ਹੁੰਦੇ ਰਹਿੰਦੇ ਹਨ। ਅਗਰ ਸਫ਼ਲ ਹੁੰਦੇ ਹਨ ਤਾਂ ਕਾਫ਼ੀ ਵਾਰੀ ਟੈਸਟ ਦੇਣ ਨਾਲ। ਇਹ ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਜਿੰਨਾ ਕੋਈ ਘੱਟ ਉਮਰ ਵਿੱਚ ਵਿਕਸਤ ਦੇਸ਼ਾਂ ਵਿੱਚ ਚਲਾ ਜਾਵੇ ਓਨਾ ਹੀ ਉਹ ਜਲਦੀ ਉਸ ਢਾਂਚੇ ਵਿੱਚ ਕਾਮਯਾਬ ਹੁੰਦਾ ਹੈ। ਕੋਈ ਵੀ ਵਿਅਕਤੀ ਛੋਟੀ ਉਮਰ ਵਿਚ ਕਿਸੇ ਮਾਹੌਲ ਵਿਚ ਜਲਦੀ ਢਲਦਾ ਹੈ, ਵੱਡੀ ਤੇ ਪਰੌਢ ਉਮਰ ਵਿੱਚ ਉਸਦੀ ਢਲਣ ਦੀ ਰਫ਼ਤਾਰ ਅਤੇ ਸਮਰੱਥਾ ਬਹੁਤ ਘੱਟ ਹੋ ਜਾਂਦੀ ਹੈ।

ਕਹਾਣੀ 'ਉਹ ਦਿਨ!' ਪੰਜਾਬ ਵਿੱਚ ਸੰਨ 84 ਦੇ ਘਟਨਾਕ੍ਰਮ ਤੋਂ ਕੁਝ ਸਾਲ ਪਹਿਲਾਂ ਤੇ ਉਸ ਤੋਂ ਕੁੱਝ ਸਾਲ ਬਾਅਦ ਦੇ ਹਾਲਾਤਾਂ ਨੂੰ ਬਿਆਨ ਕਰਦੀ ਹੈ। ਇਸ ਸਮੇਂ ਦੌਰਾਨ ਪੁਲਿਸ ਦੀਆਂ ਹੂਟਰ ਵਜਾ ਕੇ ਦਹਾੜਦੀਆਂ ਗੱਡੀਆਂ ਵੀ ਲੋਕਾਂ ਵਿਚ ਓਨਾ ਹੀ ਸਹਿਮ ਅਤੇ ਡਰ ਪੈਦਾ ਕਰਦੀਆਂ ਸਨ ਜਿੰਨਾ ਖਾੜਕੂਆਂ ਦਾ ਲੋਕਾਂ ਵਿੱਚ ਆਮ ਵਿਚਰਨਾ। ਕਹਾਣੀ ਵਿੱਚ ਇੱਕ ਥਾਣੇਦਾਰ ਇੱਕ ਕਾਲਜ ਲੈਕਚਰਾਰ ਦੇ ਨਿੱਜੀ ਸਕੂਲ ਵਿੱਚ ਆਪਣੀ ਗਾਰਦ ਸਮੇਤ ਅਚਾਨਕ ਆ ਢੁੱਕਦਾ ਹੈ। ਇਸ ਨਿੱਜੀ ਸਕੂਲ ਦੇ ਸਟਾਫ਼ ਵਿੱਚ ਹਫੜਾ-ਦਫੜੀ ਮੱਚ ਜਾਂਦੀ ਹੈ। ਸਟਾਫ ਕਿਆਸਰਾਈਆਂ ਲਗਾਉਂਦਾ ਹੈ ਕਿ ਲੈਕਚਰਾਰ ਨੇ ਸ਼ਾਇਦ ਕੋਈ ਐਸਾ ਕਾਰਾ ਕਰ ਦਿੱਤਾ ਹੈ ਜਿਹਦੇ ਕਰਕੇ ਪੁਲਿਸ ਉਹਨੂੰ ਗ੍ਰਿਫਤਾਰ ਕਰਨ ਆਈ ਹੈ। ਅਸਲ ਵਿੱਚ ਥਾਣੇਦਾਰ ਉਸ ਲੈਕਚਰਾਰ ਪਾਸੋਂ ਅੰਗਰੇਜ਼ੀ ਦਾ ਪਰਚਾ ਹੱਲ ਕਰਵਾਉਣ ਆਇਆ ਹੁੰਦਾ ਹੈ। ਇਹ ਹੱਲ ਕੀਤਾ ਪਰਚਾ ਉਸਨੇ ਆਪਣੀ ਧੀ ਨੂੰ ਇੱਕ ਪ੍ਰੀਖਿਆ ਕੇਂਦਰ ਵਿੱਚ ਨਕਲ ਕਰਵਾਉਣ ਲਈ ਅੰਦਰ ਭੇਜਣਾ ਹੁੰਦਾ ਹੈ। ਸਹਿਮ ਭਰੇ ਮਾਹੌਲ ਵਿੱਚ ਇਹ ਲੈਕਚਰਾਰ ਆਪਣੇ ਅਸਲੀ ਫਰਜ਼ ਨੂੰ ਛਿੱਕੇ ਟੰਗ ਦਿੰਦਾ ਹੈ ਤੇ ਹਾਲਾਤ ਦੀ ਕਠਪੁਤਲੀ ਬਣਦਾ ਹੋਇਆ ਆਪਣੇ ਕਿਰਦਾਰ ਨੂੰ ਐਵੇਂ ਹੀ ਜਸਟੀਫਾਈ ਕਰੀ ਜਾ ਰਿਹਾ ਹੈ। ਉਸ ਸਮੇਂ ਦੇ ਮਾਹੌਲ ਨੇ ਬਹੁਤ ਸਾਰੇ ਲੋਕਾਂ ਤੋਂ ਕਈ ਕੰਮ ਐਸੇ ਵੀ ਕਰਵਾਏ ਸਨ ਜਿਹੜੇ ਉਹ ਦਿਲੋਂ ਨਹੀਂ ਕਰਨਾ ਚਾਹੁੰਦੇ ਸਨ। '.... ਤੇ ਪ੍ਰੀਖਿਆ

ਚਲਦੀ ਰਹੀ' ਵਿੱਚ ਵੀ ਉਸ ਸਮੇਂ ਦੇ ਪੰਜਾਬ ਦੇ ਮਾਹੌਲ ਦਾ ਹੀ ਚਿਤਰਣ ਹੈ। ਏ.ਕੇ. ਸੰਤਾਲੀ ਦੇ ਸਾਏ ਥੱਲੇ ਯੂਨੀਵਰਸਿਟੀਆਂ ਦੀਆਂ ਪ੍ਰੀਖਿਆਵਾਂ ਨਿਰਾ ਢੌਂਗ ਬਣ ਕੇ ਹੀ ਰਹਿ ਗਈਆਂ ਸਨ। ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆਰਥੀ ਆਪਣੀਆਂ ਖੁੱਲ੍ਹ ਕੇ ਮਨਮਾਨੀਆਂ ਕਰਿਆ ਕਰਦੇ ਸਨ। ਇਹਨਾਂ ਪ੍ਰੀਖਿਆਵਾਂ ਦੇ ਨਿਗਰਾਨ ਮਹਿਜ਼ ਡੰਗ ਟਪਾਈ ਹੀ ਕਰ ਰਹੇ ਸਨ। ਉਜਾਗਰ ਮੱਲ ਜਿਹੇ ਕੇਂਦਰ ਸੁਪਰਡੈਂਟ ਸਿਖਿਆਰਥੀਆਂ ਦੇ ਕੈਰੀਅਰ ਨੂੰ ਰੌਸ਼ਨੀ ਪ੍ਰਦਾਨ ਕਰਨ ਦੀ ਬਿਜਾਏ ਨਿਰੇ ਹਨੇਰੇ ਅਤੇ ਕੂੜ ਨਾਲ ਭਰਨ ਲਈ ਮਜਬੂਰ ਹੋਏ ਪਏ ਸਨ। ਕਈ ਮੁੰਡੇ ਨਕਲੀ ਖਾੜਕੂ ਬਣ ਕੇ ਵੀ ਕਿਸੇ ਨੂੰ ਡਰਾ ਧਮਕਾ ਜਾਂਦੇ ਸਨ। ਭਾਵੇਂ ਪ੍ਰੋ. ਪ੍ਰਸ਼ੋਤਮ ਜਿਹੇ ਸ਼ਰਾਬ ਦੇ ਸ਼ੌਕੀਨ ਨਿਗਰਾਨ ਆਪਣਾ ਲੁਕ ਛਿਪ ਕੇ ਦਾਅ ਲਾਈ ਵੀ ਜਾ ਰਹੇ ਸਨ ਪਰੰਤੂ ਸੋਫੀ ਹਾਲਤ ਵਿਚ ਉਹ ਵੀ ਮਾਹੌਲ ਤੋਂ ਭੈਅ ਖਾਂਦੇ ਹੀ ਸਨ।

'ਜਦ ਚੰਦ ਕੁਰ ਨੇ ਚੰਮਦੀਆਂ ਚਲਾਉਣੀਆਂ ਚਾਹੀਆਂ' ਦਾ ਸੁਰਲੇਖ ਮੇਰੇ ਹੋਰ ਇਸ ਪ੍ਰਕਾਰ ਦੇ ਕਈ ਸੁਰਲੇਖਾਂ ਜਿਹਾ ਸੁਰਲੇਖ ਹੈ। ਮੈਂ ਅਕਸਰ ਆਪਣੀਆਂ ਲਿਖਤਾਂ ਦੇ ਸੁਰਲੇਖ ਅਨੁਪ੍ਰਾਸ (alliteration) ਨਾਲ ਸ਼ਿੰਗਾਰ ਕੇ ਪੇਸ਼ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹਾਂ। ਇਹ ਕਹਾਣੀ ਇੱਕ ਐਸੀ ਪਰੰਪਰਾਵਾਦੀ ਤੇ ਪਿਛਾਂਹਖਿੱਚੂ ਸੱਸ ਦੀ ਕਹਾਣੀ ਹੈ ਜਿਹੜੀ ਆਸਟਰੇਲੀਆ ਜਿਹੇ ਅਗਾਂਹਵਧੂ ਸਮਾਜ ਵਿੱਚ ਜਾ ਕੇ ਵੀ ਆਪਣੀ ਨੂੰਹ ਤੇ ਉਸ ਪ੍ਰਕਾਰ ਦਾ ਰੋਅਬ ਪਾਉਣਾ ਚਾਹੁੰਦੀ ਹੈ ਜਿਸ ਪ੍ਰਕਾਰ ਦਾ ਰੋਅਬ ਉਹ ਆਪਣੀ ਪੰਜਾਬ ਦੇ ਪਿੰਡ ਵਿਚ ਰਹਿੰਦੀ ਨੂੰਹ ਤੇ ਪਾਉਂਦੀ ਰਹੀ ਹੈ। ਜਦ ਉਸਦਾ ਆਪਣਾ ਪੁੱਤ ਉਸ ਦੇ ਇਸ ਪ੍ਰਕਾਰ ਦੇ ਰੋਅਬ ਅਤੇ ਦਬ ਦਬਾਅ ਨੂੰ ਅਸਫ਼ਲ ਕਰ ਦਿੰਦਾ ਹੈ ਤਾਂ ਹਾਰ ਹੁੱਝ ਕੇ ਉਸਨੂੰ ਹਾਲਾਤ ਨਾਲ ਸਮਝੌਤਾ ਕਰਨਾ ਪੈਂਦਾ ਹੈ ਤੇ ਆਪਣੇ ਨੂੰਹ ਪੁੱਤ ਦੇ ਨਿੱਜੀ ਜੀਵਨ ਵਿੱਚ ਦਖਲ ਦੇਣ ਤੋਂ ਗੁਰੇਜ਼ ਕਰਨਾ ਪੈਂਦਾ ਹੈ। ਕਹਾਣੀ 'ਸ਼ਾਦੀਸ਼ੁਦਾ ਛੜਾ' (The Married Bachelor) ਦਾ ਸੁਰਲੇਖ ਦੋ ਪਰਸਪਰ ਵਿਰੋਧੀ ਸ਼ਬਦਾਂ ਦੇ ਜੋੜ (oxymoron) ਨਾਲ ਬਣਿਆ ਸੁਰਲੇਖ ਹੈ। ਇਹ ਸੁਰਲੇਖ ਇਵੇਂ ਹੈ ਜਿਵੇਂ 'ਚਿੱਟਾ ਲਹੂ', 'ਬਰਫ਼ ਦੀ ਅੱਗ', 'ਅਣਵਿਆਹੀ ਮਾਂ', 'ਸ਼ਰੀਫ਼ ਬਦਮਾਸ਼' ਆਦਿ। ਇਹ ਕਹਾਣੀ ਅੱਜ ਦੇ ਦੌਰ ਵਿੱਚ ਬਾਹਰਲੇ ਮੁਲਕਾਂ ਵਿੱਚ ਜਾ ਕੇ ਪੱਕਾ ਹੋਣ ਖਾਤਿਰ ਜਾਅਲੀ ਵਿਆਹਾਂ ਅਤੇ ਆਸਟਰੇਲੀਆ ਵਿੱਚ ਆਮ ਪ੍ਰਚੱਲਤ ਮਨੁੱਖ ਇਸਤਰੀ ਦੀ ਵਿਆਹ ਤੋਂ ਬਗੈਰ ਕਾਨੂੰਨੀ ਪਾਰਟਨਰਸ਼ਿਪ (de facto marriage) ਤੇ ਆਧਾਰਤ ਹੈ। ਭਾਰਤ ਵਿੱਚੋਂ, ਖਾਸ ਕਰਕੇ ਪੰਜਾਬ ਵਿੱਚੋਂ, ਪਿਛਲੇ ਕੁਝ ਸਮੇਂ ਤੋਂ ਇਸ ਪ੍ਰਕਾਰ ਦੇ ਵਿਆਹਾਂ ਦਾ ਬਾਜ਼ਾਰ ਪੂਰਾ ਗਰਮ ਰਿਹਾ ਹੈ। ਇਸ ਪ੍ਰਕਾਰ ਦੇ ਵਿਆਹਾਂ ਨੇ ਮਨੁੱਖੀ ਰਿਸ਼ਤਿਆਂ ਦੀ ਪਵਿੱਤਰਤਾ ਦਾ ਤਾਂ ਘਾਣ ਕੀਤਾ ਹੀ ਹੈ, ਇਸ ਦੇ ਨਾਲ ਨਾਲ ਇਸ ਪ੍ਰਕਾਰ ਦੇ ਵਿਆਹਾਂ ਨੇ ਭਾਰਤ

ਜਿਹੇ ਅਰਧ ਵਿਕਸਤ ਦੇਸ਼ਾਂ ਵਿੱਚੋਂ ਆਸਟਰੇਲੀਆ ਅਤੇ ਕੈਨੇਡਾ ਜਿਹੇ ਵਿਕਸਤ ਦੇਸ਼ਾਂ ਵਿੱਚ ਸੈਟਲ ਹੋਣ ਦਾ ਜ਼ਰੀਆ ਬਣ ਕੇ ਵਿਆਹ ਦੀ ਪਵਿੱਤਰ ਸੰਸਥਾ ਨੂੰ ਨਿਰੇ ਬਿਜ਼ਨੈਸ ਵਿੱਚ ਵੀ ਬਦਲਿਆ ਹੈ। ਆਧੁਨਿਕ ਯੁੱਗ ਵਿਚ ਮਨੁੱਖੀ ਰਿਸ਼ਤੇ ਵੈਸੇ ਵੀ ਭਾਵਨਾਤਮਕ ਘੱਟ ਤੇ ਮਕੈਨੀਕਲ ਵੱਧ ਬਣਦੇ ਜਾ ਰਹੇ ਹਨ। ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ (William Wordsworth) ਦੀ ਪੁਕਾਰ ਕਿ ਪਦਾਰਥਵਾਦ ਸਾਡੇ ਵਿੱਚ ਕੁੱਟ ਕੁੱਟ ਕੇ ਭਰਿਆ ਪਿਆ ਹੈ (The World is too much with us) ਤੇ ਟੀ.ਐਸ. ਐਲੀਅਟ (T.S. Elliot) ਦਾ ਦ੍ਰਿਸ਼ਟਾਂਤ ਕਿ ਅੱਜ ਦਾ ਮਨੁੱਖ ਆਪਣਾ ਜੀਵਨ ਕਾਹਵਾਘਰ ਵਿੱਚ ਚੱਖੇ ਕਾਹਵੇ ਦੇ ਘੁੱਟਾਂ ਰਾਹੀਂ ਹੀ ਮਿਣਦਾ ਹੈ (I have measured out my life with coffee spoons) ਇਸ ਕਹਾਣੀ ਦੇ ਅੰਤਰਭਾਵ ਨਾਲ ਕਾਫ਼ੀ ਮੇਲ ਖਾਂਦੇ ਹਨ। ਇਸ ਕਹਾਣੀ ਦੇ ਅੰਤ ਵਿਚ ਅੱਜ ਦੇ ਮਨੁੱਖ ਦੇ ਦਿਮਾਗੀ ਦਿਵਾਲੀਏਪਣ ਦਾ ਇੱਕ ਹੋਰ ਅਜੀਬ ਜਿਹਾ ਦ੍ਰਿਸ਼ ਵੀ ਦਿਖਾਇਆ ਗਿਆ ਹੈ। ਇੱਕ ਅਮੀਰ ਪਰਿਵਾਰ ਆਪਣੀ ਲੜਕੀ ਇੱਕ ਐਸੇ ਲੜਕੇ ਨਾਲ ਵਿਆਹ ਦਿੰਦਾ ਹੈ ਜਿਹੜਾ ਸਾਧਾਰਨ ਪੇਂਡੂ ਹਾਲਾਤਾਂ ਵਿਚੋਂ ਉੱਠ ਕੇ ਸੂਬੇ ਵਿੱਚ ਇੱਕ ਉੱਚੇ ਅਹੁਦੇ ਵਾਸਤੇ ਨਾਮਜ਼ਦ ਹੋ ਜਾਂਦਾ ਹੈ। ਇਸ ਅਹੁਦੇ ਦੀਆਂ ਨਾਮਜ਼ਦਗੀਆਂ ਸਮੇਂ ਦੀ ਸਰਕਾਰ ਨੇ ਬਿਨਾਂ ਕਿਸੇ ਗੰਭੀਰ ਪ੍ਰੀਖਿਆ ਦੇ ਸਿੱਧੀਆਂ ਹੀ ਕੀਤੀਆਂ ਹਨ। ਥੋੜ੍ਹੇ ਚਿਰ ਵਿਚ ਸਰਕਾਰ ਬਦਲ ਕੇ ਦੂਜੀ ਸਿਆਸੀ ਪਾਰਟੀ ਦੀ ਆ ਜਾਂਦੀ ਹੈ। ਨਵੀਂ ਸਰਕਾਰ ਪਹਿਲੀ ਸਰਕਾਰ ਦੁਆਰਾ ਕੀਤੀਆਂ ਹੋਈਆਂ ਨਾਮਜ਼ਦਗੀਆਂ ਰੱਦ ਕਰ ਦਿੰਦੀ ਹੈ। ਇਸ ਪ੍ਰਕਾਰ ਇਸ ਲੜਕੇ ਦਾ ਉੱਚਾ ਅਹੁਦਾ ਖਤਮ ਹੋ ਜਾਂਦਾ ਹੈ। ਨਾਮਜ਼ਦ ਹੋਇਆ ਹੋਇਆ ਇਹ ਲੜਕਾ ਪਹਿਲਾਂ ਲੜਕੀ ਦੇ ਮਾਪਿਆਂ ਨੂੰ ਮਾਲਾ ਮਾਲ ਹੋ ਗਿਆ ਲਗਦਾ ਸੀ ਤੇ ਹੁਣ ਨਿਰਾ ਨੰਗ। ਮਾਪਿਆਂ ਨੇ ਆਪਣੀ ਧੀ ਦਾ ਰਿਸ਼ਤਾ ਲੜਕੇ ਦੇ ਅਹੁਦੇ ਨਾਲ ਕੀਤਾ ਹੁੰਦਾ ਹੈ, ਨਾ ਕਿ ਲੜਕੇ ਨਾਲ।

'ਸ਼ੁੱਭ ਆਨੰਦਕਾਰਜ' ਕਹਾਣੀ ਪਿਛਲੇ ਸਮੇਂ ਦੇ ਪਰੰਪਰਾਗਤ ਅਤੇ ਆਧੁਨਿਕ ਸਮੇਂ ਦੇ ਰੈਡੀਮੇਡ ਜਿਹੇ ਵਿਆਹ ਪ੍ਰਬੰਧ ਤੇ ਚਾਨਣਾ ਪਾਉਂਦੀ ਹੈ। ਪੈਲਸ ਅਤੇ ਰਿਜ਼ਾਰਟ ਕਲਚਰ ਨੇ ਪੰਜਾਬ ਦੇ ਪਰੰਪਰਾਗਤ ਵਿਆਹਾਂ ਦੇ ਜਾਹੋ ਜਲਾਲ ਵਿੱਚ ਇੱਕ ਨਵਾਂ ਮੋੜ ਲੈ ਆਂਦਾ ਹੈ। ਵਿਆਹ ਦੀ ਰਸਮ ਬਹੁਤ ਹੀ ਸੰਖੇਪ ਅਤੇ ਬਣਾਵਟੀ ਜਿਹੀ ਬਣ ਕੇ ਰਹਿ ਗਈ ਏ। ਬਹੁਤੀ ਜਨਤਾ ਪੈਲਸ ਵਿੱਚ ਮਜ਼ੇ ਕਰਨ ਅਤੇ ਖਾਣ ਪੀਣ ਦਾ ਆਨੰਦ ਮਾਨਣ ਲਈ ਹੀ ਜਾਂਦੀ ਹੈ। ਕਈ ਰਾਹਗੀਰ ਵੀ ਇਸ ਭੀੜ ਵਿੱਚ ਆ ਵੜਦੇ ਹਨ। ਮੁੰਡੇ ਵਾਲੇ ਸਮਝਦੇ ਹਨ ਕਿ ਉਹ ਕੁੜੀ ਵਾਲਿਆਂ ਵੱਲੋਂ ਹਨ ਤੇ ਕੁੜੀ ਵਾਲੇ ਸੋਚਦੇ ਰਹਿੰਦੇ ਹਨ ਕਿ ਉਹ ਮੁੰਡੇ ਵਾਲਿਆਂ ਵੱਲੋਂ ਹਨ। ਇਹ ਅਜਨਬੀ ਲੋਕ ਕਈ ਵਾਰ ਲੁਟੇਰੇ ਵੀ ਹੋ ਸਕਦੇ ਹਨ।

ਆਧੁਨਿਕ ਸਮੇਂ ਵਿੱਚ ਪੂਰਬੀ ਅਤੇ ਪੱਛਮੀ ਸੱਭਿਆਚਾਰ ਵਿਚਲੇ ਵਿਰੋਧਾਭਾਸ ਨੇ ਵੀ ਸਾਹਿਤ ਨੂੰ ਕਾਫੀ ਪ੍ਰਭਾਵਤ ਕੀਤਾ ਹੈ। ਪੱਛਮੀ ਸਭਿਆਚਾਰ ਦੀ ਰੰਗਤ ਵਿੱਚ ਰੰਗੇ ਬਹੁਤ ਸਾਰੇ ਅੱਧ-ਬੁੱਢੜੇ ਪੰਜਾਬ 'ਚੋਂ ਅੱਲ੍ਹੜ ਮੁਟਿਆਰਾਂ ਵਿਆਹ ਕੇ ਉੱਧਰ ਨੂੰ ਲਿਜਾਂਦੇ ਰਹੇ ਹਨ। ਬਾਹਰ ਜਾਣ ਦੀ ਤਲਬ ਨੂੰ ਪੱਠੇ ਪਾਉਣ ਲਈ ਬਹੁਤ ਸਾਰੀਆਂ ਕੁੜੀਆਂ ਦੇ ਮਾਪੇ ਵੀ ਆਪਣੀਆਂ ਧੀਆਂ ਨੂੰ ਹਰ ਜਣੇ ਖਣੇ ਬਾਹਰੋਂ ਆਏ ਪੱਕੀ ਉਮਰ ਦੇ ਬੰਦਿਆਂ ਨਾਲ ਵਿਆਹ ਕਰਕੇ ਅਕਸਰ ਤੋਰਦੇ ਹੀ ਰਹੇ ਹਨ। ਕਹਾਣੀ 'ਧੀਏ, ਸੁਖੀ ਵੀ ਏਂ?' ਭਾਵੇਂ ਇੰਨ ਬਿੰਨ ਇਸ ਵਿਚਾਰ ਦੀ ਤਰਜਮਾਨੀ ਨਹੀਂ ਵੀ ਕਰਦੀ ਫਿਰ ਵੀ ਇਸ ਦਾ ਕਥਾਨਕ ਪੰਜਾਬ 'ਚੋਂ ਕਿਸੇ ਲਾਲਚ ਹਿੱਤ ਬਾਹਰਲੇ ਦੇਸ਼ਾਂ ਵਿੱਚ ਹੋਏ ਰਿਸ਼ਤਿਆਂ ਨਾਲ ਸੰਬੰਧ ਰੱਖਦਾ ਹੈ। ਫਰਕ ਸਿਰਫ ਇੰਨਾ ਹੈ ਕਿ ਜੱਸੀ ਪੰਜਾਬੀ ਸਮਾਜ ਵਿਚ ਵਿਚਰਦੀ ਹੋਈ ਵੀ ਬਹੁਤੀ ਚੰਗੀ ਕੁੜੀ ਨਹੀਂ ਹੈ। ਦੂਜੇ ਪਾਸੇ ਜਿਹੜੀ ਬੁੱਢੀ ਜੱਸੀ ਨੂੰ ਸਿੰਗਾਪੁਰ ਹਵਾਈ ਅੱਡੇ ਤੇ ਮਿਲਦੀ ਹੈ ਤੇ ਉਸ ਨਾਲ ਦਿੱਲੀ ਤੱਕ ਦਾ ਸਫ਼ਰ ਕਰਦੀ ਹੈ ਉਹ ਤੇ ਉਸ ਦੀ ਕੈਨੇਡਾ ਵਿਆਹੀ ਧੀ ਵਧੀਆ ਤੇ ਭੋਲੇਭਾਲੇ ਪਾਤਰ ਹਨ। ਇਸ ਕਹਾਣੀ ਦੇ ਮਰਦ ਪਾਤਰ ਘਟੀਆ ਸੋਚ ਵਾਲੇ ਹਨ।

'ਭਾੜਾ' ਇੱਕ ਆਸਟਰੇਲੀਅਨ ਮਿੰਨੀ ਕਹਾਣੀ ਹੈ। ਆਸਟਰੇਲੀਅਨ ਸਮਾਜ ਵਿਚ ਸੈਕਸ ਓਨਾ ਵੱਡਾ ਹਊਆ ਨਹੀਂ ਹੈ ਜਿੰਨਾ ਕਿ ਇਹ ਭਾਰਤੀ ਸਮਾਜ ਵਿੱਚ ਹੈ। ਇੱਥੇ ਬੁਆਏ ਫਰੈਂਡ ਤੇ ਗਰਲ ਫਰੈਂਡ ਪ੍ਰਧਾਨ ਸਮਾਜ ਏ। ਪਿਆਰ ਮੁਹੱਬਤ ਦੇ ਨਾਂ 'ਤੇ ਧੋਖਾਧੜੀ ਇੱਥੇ ਵੀ ਬਥੇਰੀ ਚਲਦੀ ਰਹਿੰਦੀ ਏ। ਆਧੁਨਿਕ ਯੁੱਗ ਵਿੱਚ ਡੀ.ਐਨ.ਏ. ਦੀ ਖੋਜ ਨੇ ਇਸ ਧੋਖਾਧੜੀ ਨੂੰ ਕੁੱਝ ਠੱਲ ਜ਼ਰੂਰ ਪਾਈ ਹੈ। ਕਹਾਣੀ ਦੇ ਅੰਤ ਵਿੱਚ ਜੱਜ ਦਾ ਡੀ.ਐਨ.ਏ. ਤੇ ਆਧਾਰਤ ਵਿਗਿਆਨਕ ਫੈਸਲਾ (scientific verdict) ਹੀ ਇਸ ਛੋਟੀ ਜਿਹੀ ਘਟਨਾ ਦੇ ਭੇਦ ਨੂੰ ਖੋਲ੍ਹਦਾ ਹੈ।

ਕਹਾਣੀ 'ਰਾਮ ਅਵਤਾਰ ਐਮ.ਬੀ.ਬੀ.ਐਸ.' ਵਿੱਚ ਭਾਰਤੀ ਸੰਵਿਧਾਨ ਦੀ ਰਾਖਵੇਂਕਰਨ (policy of reservation) ਦੀ ਨੀਤੀ ਦਾ ਮੁਲਾਂਕਣ ਕੀਤਾ ਗਿਆ ਹੈ। ਕਿਸੇ ਵੀ ਪੱਛੜੀ ਸ਼੍ਰੇਣੀ ਨੂੰ ਆਰਥਿਕ ਸਹਾਇਤਾ ਦੇਣੀ ਤਾਂ ਵਾਜਬ ਹੈ ਪਰੰਤੂ ਮੈਰਿਟ ਵਿਚ ਰਿਆਇਤ ਦੇਣੀ ਸਮਾਜ ਨਾਲ ਘੋਰ ਅਨਿਆ ਹੈ। ਮੈਰਿਟ ਨੂੰ ਗਿਰਾ ਕੇ ਕਿਸੇ ਨੂੰ ਉੱਚੇ ਅਹੁਦੇ ਤੇ ਬਿਠਾਉਣਾ ਉਸ ਅਹੁਦੇ ਦਾ ਅਪਮਾਨ ਹੈ। ਨੌਕਰੀਆਂ ਵਾਸਤੇ ਰਾਖਵੇਂਕਰਨ ਦਾ ਸਾਲਾਂ ਬੱਧੀ ਨਿਰੰਤਰ ਚਲਦੇ ਰੱਖਣਾ ਵੀ ਨਿਰੀ ਸਿਆਸਤ ਤੇ ਸ਼ਾਤਰਦਿਮਾਗੀ ਹੈ। ਸਰਕਾਰਾਂ ਇਸ ਪ੍ਰਕਾਰ ਦੀ ਪ੍ਰਸਥਿਤੀ ਨੂੰ ਵੋਟ ਬੈਂਕ ਦੇ ਤੌਰ 'ਤੇ ਵਰਤਦੀਆਂ ਹਨ।

ਕਹਾਣੀ 'ਲਾਢੀ ਫਾਡੀ' ਇੱਕ ਲੇਖਨੁਮਾ ਕਹਾਣੀ ਹੈ। ਇਸ ਕਹਾਣੀ ਵਿੱਚ

ਲਾਡੀ ਇੱਕ ਸਕੂਲ ਦੇ ਹੈੱਡਮਾਸਟਰ ਦਾ ਲੜਕਾ ਹੈ ਤੇ ਫਾਡੀ ਇੱਕ ਨਰਸ ਦਾ। ਇਹ ਦੋਨੋਂ ਇੱਕ ਹੀ ਸਕੂਲ ਵਿੱਚ ਪੜ੍ਹਦੇ ਹਨ ਜਿੱਥੇ ਲਾਡੀ ਦਾ ਪਿਓ ਹੈੱਡਮਾਸਟਰ ਹੈ। ਰਹਿਣ ਸਹਿਣ ਅਤੇ ਪਹਿਰਾਵੇ ਵਿੱਚ ਫਾਡੀ ਲਾਡੀ ਦੀ ਪੂਰੀ ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਸਭ ਤੋਂ ਵੱਡੀ ਇਹੀ ਖੁਸ਼ੀ ਹੋਈ ਰਹਿੰਦੀ ਹੈ ਕਿ ਉਹ ਹੈੱਡਮਾਸਟਰ ਦੇ ਲੜਕੇ ਦਾ ਮਿੱਤਰ ਹੈ। ਲਾਡੀ ਪੜ੍ਹਾਈ ਵਿੱਚ ਹੁਸ਼ਿਆਰ ਹੈ ਤੇ ਫਾਡੀ ਕਮਜ਼ੋਰ। ਸਕੂਲ ਤੱਕ ਤਾਂ ਦੋਸਤੀ ਚਲਦੀ ਰਹਿੰਦੀ ਹੈ। ਸਕੂਲ ਤੋਂ ਬਾਅਦ ਕਾਲਜ ਵਿੱਚ ਲਾਡੀ ਨੂੰ ਕਿਸੇ ਚੰਗੇ ਕੋਰਸ ਵਿੱਚ ਦਾਖਲਾ ਮਿਲ ਜਾਂਦਾ ਹੈ ਤੇ ਫਾਡੀ ਨੂੰ ਇਸ ਕਾਲਜ ਵਿੱਚ ਦਾਖਲਾ ਨਹੀਂ ਮਿਲਦਾ। ਫਾਡੀ ਹਮੇਸ਼ਾ ਲਾਡੀ ਦੇ ਨਾਲ ਜਾਂ ਨੇੜੇ ਤੇੜੇ ਹੀ ਰਹਿਣਾ ਚਾਹੁੰਦਾ ਹੈ। ਲਾਡੀ ਅੱਗੇ ਨਿਕਲਦਾ ਚਲਾ ਜਾਂਦਾ ਹੈ ਤੇ ਫਾਡੀ ਕਾਫੀ ਪਿੱਛੇ ਰਹਿ ਜਾਂਦਾ ਹੈ। ਆਖਰ ਫਾਡੀ ਉਦੋਂ ਹੋਰ ਪਿੱਛੇ ਰਹਿ ਜਾਂਦਾ ਹੈ ਜਦ ਲਾਡੀ ਆਪਣੀ ਉਚੇਰੀ ਪੜ੍ਹਾਈ ਪੂਰੀ ਕਰਕੇ ਬਾਹਰਲੇ ਮੁਲਕ ਵਿਚ ਸੈੱਟ ਹੋ ਜਾਂਦਾ ਹੈ। ਇਸ ਵਿਛੋੜੇ ਦਾ ਫਾਡੀ ਤੇ ਗਹਿਰਾ ਮਨੋਵਿਗਿਆਨਕ ਅਸਰ ਪੈਂਦਾ ਰਹਿੰਦਾ ਹੈ। ਉਮਰਦੇ ਸੱਠਵੇਂ ਸਾਲ ਵਿੱਚ ਜਾ ਕੇ ਫਾਡੀ ਇਹ ਗੱਲ ਦਿਲੋਂ ਮਹਿਸੂਸ ਕਰਨ ਲਗਦਾ ਹੈ ਕਿ ਜੇ ਉਹ ਥੋੜ੍ਹੀ ਜਿਹੀ ਵੀ ਸਮਝਦਾਰੀ ਵਰਤਦਾ ਤਾਂ ਉਸਨੇ ਇੰਨਾ ਪਿੱਛੇ ਨਹੀਂ ਸੀ ਰਹਿਣਾ ਜਿੰਨਾ ਪਿੱਛੇ ਉਹ ਰਹਿ ਗਿਆ ਹੈ। ਫਾਡੀ ਨੂੰ ਇੱਕ ਛੋਟਾ ਟਰੇਨਿੰਗ ਕੋਰਸ ਕਰਨ ਤੋਂ ਬਾਅਦ ਇੱਕ ਨੌਕਰੀ ਵੀ ਮਿਲਣ ਲਗਦੀ ਹੈ ਪਰ ਉਹ ਇਸ ਸਰਕਾਰੀ ਨੌਕਰੀ ਨੂੰ ਬਹੁਤ ਛੋਟੀ ਸਮਝਕੇ ਇਹਦੇ ਵਿਚ ਪੈਂਦਾ ਹੀ ਨਹੀਂ। ਇਹ ਗੱਲ ਉਸਨੂੰ ਬਹੁਤ ਦੇਰ ਨਾਲ ਮਹਿਸੂਸ ਹੋਣੀ ਸ਼ੁਰੂ ਹੁੰਦੀ ਹੈ ਕਿ ਛੋਟੀ ਸਰਕਾਰੀ ਨੌਕਰੀ ਵੀ ਚੰਗੀ ਹੀ ਹੁੰਦੀ ਹੈ। ਸਾਰੀ ਜ਼ਿੰਦਗੀ ਵਿਹਲੇ ਭਟਕਦੇ ਰਹਿਣ ਨਾਲੋਂ ਛੋਟੀ ਸਰਕਾਰੀ ਨੌਕਰੀ ਵੀ ਬੰਦੇ ਨੂੰ ਜ਼ਿੰਦਗੀ ਵਿੱਚ ਸੈੱਟ ਹੋਣ ਲਈ ਸਹਾਈ ਹੋ ਹੀ ਜਾਂਦੀ ਹੈ। ਕਹਾਣੀ ਦੇ ਆਖਰ ਵਿੱਚ ਤਾਂ ਫਾਡੀ ਲਾਡੀ ਦੇ ਬਾਹਰੋਂ ਛੁੱਟੀ ਕੱਟਣ ਆਉਣ ਸਮੇਂ ਉਸਦੀਆਂ ਵਗਾਰਾਂ ਕਰਨ ਜੋਗਾ ਹੀ ਰਹਿ ਜਾਂਦਾ ਹੈ।

'ਹੈੱਡਮਾਸਟਰ ਸਾਹਿਬ' ਵੀ ਇੱਕ ਲੇਖਨੁਮਾ ਕਹਾਣੀ ਹੈ। ਇਸ ਕਹਾਣੀ ਵਿੱਚ ਸਰਕਾਰੀ ਸਕੂਲਾਂ ਦੇ ਪੁਰਾਣੇ ਪਰੰਪਰਾਗਤ ਅਧਿਆਪਕਾਂ ਦੀ ਗੱਲ ਕੀਤੀ ਹੈ। ਕਹਾਣੀ 'ਮਤਾ' ਵਿੱਚ ਸਰਬ ਸੰਮਤੀ ਨਾਲ ਕੀਤੇ ਗਏ ਕੰਮਾਂ ਦੀ ਬਰਕਤ ਨੂੰ ਦਿਖਾਇਆ ਗਿਆ ਹੈ। ਇਹ ਕਹਾਣੀ ਇਹ ਵੀ ਦਰਸਾਉਂਦੀ ਹੈ ਕਿ ਬਾਹਰਲੇ ਵਿਕਸਤ ਦੇਸ਼ਾਂ ਵਿੱਚ ਸੈੱਟ ਹੋ ਚੁੱਕੇ ਪੰਜਾਬੀ ਪੰਜਾਬ ਦੇ ਪਿੰਡਾਂ ਦੀ ਨੁਹਾਰ ਬਦਲਣ ਵਿੱਚ ਚੋਖਾ ਯੋਗਦਾਨ ਪਾ ਸਕਦੇ ਹਨ।

ਆਖਰ ਵਿੱਚ ਇੰਜ ਕਿਹਾ ਜਾ ਸਕਦਾ ਹੈ ਕਿ ਮੇਰੀਆਂ ਕਹਾਣੀਆਂ ਸਰਲ ਭਾਸ਼ਾ ਵਿੱਚ ਹੁੰਦੀਆਂ ਹੋਈਆਂ ਯਥਾਰਥਵਾਦੀ ਤਰੀਕੇ ਨਾਲ ਸਮਾਜ ਦੇ ਮਨੋਦ੍ਰਿਸ਼

ਦਾ ਚਿਤਰਣ ਕਰਦੀਆਂ ਹਨ। ਆਪਣੀ ਸੰਪਾਦਿਤ ਕੀਤੀ ਪੁਸਤਕ 'ਭਾਰਤੀ ਨਿੱਕੀ ਕਹਾਣੀ' ਵਿੱਚ ਈ.ਵੀ. ਰਾਮਾਕ੍ਰਿਸ਼ਨਨ ਲਿਖਦਾ ਹੈ, "ਬਿਰਤਾਂਤ ਲਈ ਜ਼ਰੂਰੀ ਹੈ ਕਿ ਇਹ ਤੁਹਾਨੂੰ ਆਪਣੇ ਵਹਿਣ ਵਿੱਚ ਨਾਲ ਖਿੱਚੀ ਜਾਏ ਤੇ ਆਪਣੇ ਵਿਸਥਾਰ ਰਾਹੀਂ ਤੁਹਾਨੂੰ ਆਪਣੇ ਕਾਲਪਨਿਕ ਸੰਸਾਰ ਵਿੱਚ ਦਾਖਲ ਹੋਣ ਦੇਵੇ। ਜਿਸ ਢੰਗ ਨਾਲ ਛੋਟੇ-ਛੋਟੇ ਵਿਸਥਾਰ ਇੱਕ ਅਨੁਭਵ ਕੀਤਾ ਗੁਣ ਸਿਰਜਦੇ ਹਨ, ਨਿੱਕੀ ਕਹਾਣੀ ਵਿੱਚ ਇਸੇ ਨਾਲ ਹੀ ਸਾਰਾ ਫ਼ਰਕ ਪੈਂਦਾ ਹੈ। ਨਿਤਪ੍ਰਤਿ ਸੰਸਾਰ ਦਾ ਅਣਸੰਵਰਿਆ ਰੂਪ ਮੈਨੂੰ ਸਾਹਿਤ ਦੇ ਉਦਾਤ ਰੂਪ ਦੀ ਰੂਪਗਤ ਪਰਿਪੂਰਨਤਾ ਨਾਲੋਂ ਵਧੇਰੇ ਚੰਗਾ ਲਗਦਾ ਹੈ।" (ਅਨੁਵਾਦਕ ਗੁਰਬਖਸ਼ ਸਿੰਘ ਫਰੈਂਕ)। ਜਿੱਥੋਂ ਤੱਕ ਵਰਤੋਂ ਦਾ ਸਵਾਲ ਹੈ, ਮੈਂ ਸਮਝਦਾ ਹਾਂ, ਇਹਨਾਂ ਪ੍ਰਤੀਕਾਂ ਦੀ ਬਹੁਤਾਂਤ ਕਈ ਵਾਰ ਕਹਾਣੀ ਨੂੰ ਬੋਝਲ ਬਣਾ ਦਿੰਦੀ ਹੈ। ਇਹ ਪ੍ਰਤੀਕ ਅਕਸਰ ਆਮ ਪਾਠਕਾਂ ਦੀ ਪਕੜ ਵਿੱਚ ਤਾਂ ਆਉਂਦੇ ਹੀ ਨਹੀਂ। ਇੱਥੋਂ ਤੱਕ ਕਿ ਕਈ ਵਾਰ ਪੜ੍ਹਿਆ-ਲਿਖਿਆ ਸੂਝਵਾਨ ਪਾਠਕ ਵੀ ਇਹਨਾਂ ਬੋਝਲ ਪ੍ਰਤੀਕਾਂ ਨੂੰ ਬਹੁਤਾ ਚੰਗੀ ਤਰ੍ਹਾਂ ਨਹੀਂ ਸਮਝਦਾ। ਮੈਂ ਕਹਾਣੀਕਾਰ ਵਰਿਆਮ ਸੰਧੂ ਦੇ ਪ੍ਰਤੀਕਾਤਮਕ ਕਹਾਣੀ ਬਾਰੇ ਨਿਮਨਲਿਖਤ ਵਿਚਾਰਾਂ ਨਾਲ ਸਹਿਮਤ ਹਾਂ:-

"ਏਧਰ ਕੁੱਝ ਚਿਰ ਤੋਂ ਪੰਜਾਬੀ ਕਹਾਣੀ ਵਿੱਚ ਪ੍ਰਤੀਕਾਂ ਜਾਂ ਸੰਕੇਤਾਂ ਦੀ ਭਰਮਾਰ ਵਧੀ ਹੈ। ਬੋਲੀ ਅਸਲੋਂ ਹੀ ਕਵਿਤਾ ਵਰਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪ੍ਰਤੀਕਾਂ ਜਾਂ ਸੰਕੇਤਾਂ ਨੇ ਜਿੱਥੇ ਭਾਸ਼ਾ ਵਿੱਚ ਅਰਥਾਂ ਦੀ ਗਹਿਰਾਈ ਤੇ ਸੂਖਮਤਾ ਲਿਆਂਦੀ ਹੈ, ਉੱਥੇ ਇਹਨਾਂ ਪ੍ਰਤੀ ਬੇਲੋੜੇ ਮੋਹ ਤੇ ਉਲਾਰ ਨੇ ਅਸਪਸ਼ਟਤਾ ਅਤੇ ਅਣ-ਲੋੜੀਂਦੀ ਕਾਵਿਕਤਾ ਦਾ ਭਾਰ ਵੀ ਪਾਇਆ ਹੈ। ਜਿੱਥੇ ਇਹ ਭਾਰ ਵਧ ਗਿਆ ਉੱਥੇ ਹੀ ਵਿਚਾਰੀ ਕਹਾਣੀ ਦਾ ਲੱਕ ਟੁੱਟ ਗਿਆ। ਬਿੰਬ, ਪ੍ਰਤੀਕ ਜਾਂ ਕਾਵਿਕ ਭਾਸ਼ਾ ਗਲਪ ਦੀ ਭਾਸ਼ਾ ਦਾ ਅੰਗ ਬਣ ਕੇ ਪ੍ਰਯੋਗ ਨਾ ਹੋਣ ਕਰਕੇ ਅਜਿਹੀਆਂ ਕਹਾਣੀਆਂ ਬਾਰੇ 'ਸਮਝ ਨਾ ਆਉਣ' ਦੀ ਆਮ ਸ਼ਿਕਾਇਤ ਹੈ। ਬਹੁਤੀ ਵਾਰੀ ਅਜਿਹੀਆਂ ਕਹਾਣੀਆਂ ਜ਼ਿੰਦਗੀ ਦਾ ਕੋਈ ਧੜਕਦਾ ਟੁਕੜਾ ਹੋਣ ਦੀ ਥਾਂ ਸ਼ਬਦਿਕ ਪਰਪੰਚ ਤੇ ਚਲਾਕੀਆਂ ਹੁੰਦੀਆਂ ਹਨ। ਤੇ ਇਸ ਪਰਪੰਚ ਦੇ ਓਹਲੇ ਵਿੱਚ ਲੇਖਕ ਵੱਲੋਂ ਆਪਣੀ ਸੀਮਾ ਕਰਕੇ ਜ਼ਿੰਦਗੀ ਦੇ ਸੱਚ ਨੂੰ ਨੰਗੇ ਰੂਪ ਵਿਚ ਦਰਸ਼ਨ ਕਰਵਾਉਣ ਦੀ ਥਾਂ ਉਹਦੇ ਤੇ ਪਰਦਾ ਪਾਇਆ ਜਾਂਦਾ ਹੈ.....ਤੇ ਅਸੀਂ ਜਾਣਦੇ ਹਾਂ ਅੱਜ ਪਰਦੇ ਦਾ ਸਮਾਂ ਨਹੀਂ....ਘੁੰਡ ਚੁੱਕ ਕੇ ਤੁਰਨ ਦੀ ਲੋੜ ਹੈ। ਨਹੀਂ ਤਾਂ, ਜੋ ਸਕਦਾ ਹੈ, ਵਿਚਾਰੀ ਕਹਾਣੀ ਸੜਕ ਤੇ ਅੰਨ੍ਹੇਵਾਹ ਗੁਜ਼ਰਦੇ ਫੌਜੀ ਟਰੱਕ ਦੇ ਹਾਦਸੇ ਦਾ ਸ਼ਿਕਾਰ ਹੋ ਜਾਵੇ।"

ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਤੇ ਆਲੋਚਕ ਸ੍ਰੀ ਓਮ ਪ੍ਰਕਾਸ਼ ਗਾਸੋ ਨੇ

ਮੇਰੇ ਨਾਵਲ 'ਦਿਲਹੁ ਮੁਹਬਿਤ ਜਿੰਨ੍ਹ...' ਬਾਰੇ ਲਿਖਿਆ ਸੀ, "ਹੁਣ ਪੰਜਾਬੀ ਭਾਸ਼ਾ ਵਿੱਚ ਚੰਗੀ ਤਕੜੀ ਸੰਖਿਆ ਵਿੱਚ ਕਿਸੇ ਨਾ ਕਿਸੇ ਭਾਵ-ਬੋਧ ਦੀ ਪੂਰਤੀ ਹਿੱਤ ਨਾਵਲ ਲਿਖੇ ਜਾ ਰਹੇ ਹਨ। ਅਵਤਾਰ ਐਸ. ਸੰਘਾ ਦਾ ਨਾਵਲ 'ਦਿਲਹੁ ਮੁਹਬਿਤ ਜਿੰਨ੍ਹ...' ਦੀ ਰਚਨਾ ਦਾ ਆਪਣਾ ਇੱਕ ਉਚੇਚਾ ਪ੍ਰਯੋਜਨ ਹੈ। ਸੰਘਾ ਨੇ ਆਪਣੇ ਇਸ ਨਾਵਲ ਵਿੱਚ ਦਿਲ ਅਤੇ ਦਿਲਦਾਰਾਂ ਦੇ ਕਥਨ ਨੂੰ ਬੜੀ ਸੰਜੀਦਗੀ ਅਤੇ ਭਾਵ-ਪੂਰਤ ਸ਼ੈਲੀ ਦੁਆਰਾ ਪ੍ਰਸਤੁਤ ਕੀਤਾ ਹੈ। ਇਸ ਨਾਵਲ ਦਾ ਕਥਾਨਕ ਸਮੱਸਿਆਵਾਂ ਦੀ ਗੰਭੀਰਤਾ ਲਈ ਬੌਧਿਕ-ਵਿਵਸਥਾ ਨੂੰ ਸੁੰਦਰ ਸਲੀਕੇ ਨਾਲ ਵਰਤੋਂ ਵਿੱਚ ਲਿਆ ਰਿਹਾ ਹੈ। ਪੰਜਾਬੀ-ਗਲਪ ਸੰਸਾਰ ਵਿੱਚ ਇਸ ਪ੍ਰਕਾਰ ਦੀ ਵਿਲੱਖਣ ਵਿਧੀ ਨੂੰ ਅਜੇ ਤੱਕ ਵਰਤਿਆ ਨਹੀਂ ਗਿਆ।" ਮੈਂ ਸਮਝਦਾ ਹਾਂ ਕਿ ਮੇਰੀਆਂ ਕਹਾਣੀਆਂ ਦੇ ਕਥਾਨਕ ਵੀ ਗਾਸੋ ਦੇ ਇਸ ਵਿਚਾਰ ਨਾਲ ਮੇਲ ਖਾਂਦੇ ਹਨ। ਪੁਸਤਕ ਦਾ ਨਾਮ ਦੇਖਣ ਨੂੰ ਭਾਵੇਂ ਰੋਮਾਂਚਿਕ ਅਤੇ ਹਲਕਾ ਫੁਲਕਾ ਲਗਦਾ ਹੈ ਪਰੰਤੂ ਜਿਸ ਕਹਾਣੀ ਦੇ ਨਾਮ ਤੇ ਇਹ ਨਾਮ ਰੱਖਿਆ ਗਿਆ ਹੈ ਉਹ ਕਹਾਣੀ ਵੀ ਬੌਧਿਕ-ਵਿਵਸਥਾ ਦੇ ਪ੍ਰਯੋਗ ਤੇ ਹੀ ਆਧਾਰਤ ਹੈ।

ਪ੍ਰਸਿੱਧ ਪੰਜਾਬੀ ਨਾਵਲਕਾਰ ਤੇ ਆਲੋਚਕ ਸ੍ਰੀ ਓਮ ਪ੍ਰਕਾਸ਼ ਗਾਸੋ ਨੇ ਮੇਰੇ ਕਥਾ ਸੰਸਾਰ ਬਾਰੇ ਆਪਣੇ ਬੌਧਿਕ ਤੇ ਵੱਡਮੁੱਲੇ ਵਿਚਾਰ ਦੇ ਕੇ ਮੇਰੀ ਹੌਸਲਾ-ਅਫਜ਼ਾਈ ਕੀਤੀ ਹੈ। ਇਸ ਹੌਸਲਾ-ਅਫਜ਼ਾਈ ਲਈ ਮੈਂ ਉਹਨਾਂ ਦਾ ਹਾਰਦਿਕ ਧੰਨਵਾਦੀ ਹਾਂ।

ਆਖਰ ਵਿੱਚ 5 ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਹਨੇ ਇਹਨਾਂ ਕਹਾਣੀਆਂ ਨੂੰ ਖੂਬਸੂਰਤ ਛਪਾਈ ਨਾਲ ਸ਼ਿੰਗਾਰ ਕੇ ਕਾਬਲੇ-ਤਾਰੀਫ਼ ਜਿਲਦ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਹੈ।

ਪਾਠਕਾਂ ਦੇ ਹੁੰਗਾਰੇ ਦਾ ਉਡੀਕਵਾਨ,

**ਅਵਤਾਰ ਐਸ. ਸੰਘਾ**

1. **ਗੜ੍ਹਸ਼ੰਕਰ**-144527 (**ਭਾਰਤ**)

**ਫੋਨ**-01884-282714

2. **ਬਲੈਕਟਾਊਨ, ਸਿਡਨੀ** (**ਆਸਟਰੇਲੀਆ**)

**ਫੋਨ**-61-437641033

**ਈਮੇਲ-sangha_avtar@hotmail.com**

## ਵਾਧੂ ਭਾਰ

...ਤੇ ਆਖਰ ਉਹ ਦਿਨ ਆ ਹੀ ਗਿਆ। ਟੈਕਸੀ ਘਰ ਅੱਗੇ ਆਣ ਖੜ੍ਹੀ ਹੋ ਗਈ। ਅਸੀਂ ਕਈ ਸਾਲ ਸਿਡਨੀ ਬਿਤਾ ਕੇ ਪੰਜਾਬ ਨੂੰ ਜਾਣਾ ਸੀ। ਰੋਜ਼ਾਨਾ ਜੀਵਨ ਵਿੱਚ ਤਬਦੀਲੀ ਸਭ ਲਈ ਖੁਸ਼ੀ ਦਾ ਕਾਰਨ ਬਣੀ ਹੋਈ ਸੀ। ਬੱਚੇ ਭਾਵੇਂ ਕੁੱਝ ਸਾਲ ਪਹਿਲਾਂ ਪੰਜਾਬ ਤੋਂ ਹੀ ਆਏ ਸਨ ਫਿਰ ਵੀ ਹਵਾਈ ਯਾਤਰਾ ਲਈ ਅਤੇ ਪੰਜਾਬ ਲਈ ਕਾਹਲੇ ਪਏ ਹੋਏ ਸਨ।

ਤੁਰਨ ਤੋਂ ਕੁੱਝ ਘੰਟੇ ਪਹਿਲਾਂ ਭਾਰ ਸੰਬੰਧੀ ਘਰ ਵਿੱਚ ਰੌਲਾ ਗੌਲਾ ਪੈਂਦਾ ਰਿਹਾ– ਕੋਈ ਕਹੇ 20 ਕਿਲੋ ਭਾਰ ਦੀ ਆਗਿਆ ਹੈ ਤੇ ਕੋਈ ਕਹੇ 30 ਕਿਲੋ ਭਾਰ ਦੀ। ਅਟੈਚੀ ਕੇਸਾਂ ਦਾ ਭਾਰ ਮੱਲੋਮੱਲੀ ਵਧੀ ਜਾਵੇ। ਕੋਈ ਕਹੇ–ਆਹ ਚੀਜ਼ ਬਾਹਰ ਕੱਢ ਦਿਓ ਤੇ ਕੋਈ ਕਹੇ ਆਹ ਚੀਜ਼ ਜ਼ੂਰਰੀ ਹੈ ਇਸ ਨੂੰ ਜ਼ਰੂਰ ਲੈ ਚਲੋ। ਕੋਈ ਕਹੇ, ਬੈਗ ਵਿੱਚ ਦੋ ਕਿਲੋ ਵੱਧ ਭਰ ਲਵੋ, ਕੋਈ ਕਹੇ, ਇੱਕ ਅੱਧ ਜੈਕਟ ਬਾਹਾਂ ਤੇ ਰੱਖ ਕੇ ਕੱਢ ਲਵਾਂਗੇ। ਮੈਂ ਕਿਹਾ, "ਭਾਰ ਤਾਂ ਅੱਗੇ ਜਾਕੇ ਹੋਰ ਵੀ ਵੱਧ ਜਾਵੇਗਾ। ਧਿਆਨ ਰੱਖਿਓ ਰਾਸਤੇ ਵਿੱਚ ਸਭ ਕੁੱਝ ਸੰਭਾਲਣਾ ਵੀ ਪੈਣਾ ਹੈ।"

"ਹੋਰ ਭਾਰ ਕਿਹੜਾ ਵੱਧ ਜਾਂਊ?" ਮੇਰੀ ਘਰ ਵਾਲੀ ਭੁੜਕ ਕੇ ਬੋਲੀ।

"ਤੈਨੂੰ ਪਤਾ ਨਹੀਂ, ਡਿਊਟੀ ਫਰੀਅ ਤੋਂ ਵੀ ਕੁੱਝ ਨਾ ਕੁੱਝ ਲੈਣਾ ਹੀ ਹੈ। ਦੋ ਦੋ ਬੋਤਲਾਂ ਤਾਂ ਚਾਰੇ ਜਣੇ ਲਿਜਾ ਹੀ ਸਕਦੇ ਹਾਂ।"

"ਹੋਰ ਕਿਸੇ ਚੀਜ਼ ਨੂੰ ਹੱਥ ਲਾਵੋ ਨਾ ਲਾਵੋ, ਤੁਹਾਨੂੰ ਸ਼ਰਾਬ ਨਾਲ ਖਿੱਚਣੀ ਕਦੇ ਨਹੀਂ ਭੁੱਲਦੀ। ਐਵੇਂ ਵਿਆਹ ਵਿੱਚ ਬੀਆਂ ਦਾ ਲੇਖਾ ਪਾਈ ਛੱਡਦੇ ਹੋ। ਇਹ ਡੱਫਣੀ ਬੰਦ ਵੀ ਕਰੋਗੇ ਕਦੀ?"

"ਤੈਨੂੰ ਪਤਾ ਹੀ ਹੈ, ਕਈ ਤਰ੍ਹਾਂ ਦੇ ਬੰਦੇ ਮਿਲਦੇ ਹੁੰਦੇ ਆ। ਕਈ ਖਾਸ ਬੰਦੇ ਹੁੰਦੇ ਆ, ਉਹ ਕੁੱਝ ਨਾ ਕੁੱਝ ਆਸ ਤਾਂ ਰੱਖਦੇ ਹੀ ਹੁੰਦੇ ਆ। ਤੈਨੂੰ ਪਤਾ ਹੀ ਹੈ, ਮੈਂ ਤਾਂ ਬਹੁਤ ਹੀ ਘੱਟ ਪੀਂਦਾ ਹਾਂ। ਉੱਧਰ ਜਾ ਕੇ ਮਾੜੀ ਵੀ ਤਾਂ ਖਰੀਦਣੀ ਹੀ ਹੈ। ਅਗਰ ਇੱਧਰੋਂ ਵਧੀਆ ਸਸਤੀ ਲੈ ਜਾਵੋ ਤਾਂ ਕੀ ਬੁਰਾ? ਤੈਨੂੰ ਪਤਾ ਹੀ ਹੈ, ਖਰੀਦਣੀ ਤਾਂ ਪੈਣੀ ਹੀ ਹੈ। ਇੱਧਰਲੀ ਦਾ ਰੋਅਬ ਤੇ ਪ੍ਰਭਾਵ ਅਲੱਗ ਕਿਸਮ ਦਾ ਹੀ ਹੈ। ਪਿਛਲੀ ਵਾਰ ਉੱਧਰ ਵਧੀਆ ਤੋਂ ਵਧੀਆ ਬਰਾਂਡ ਪੀਤਾ, ਉਹ ਵੀ ਨਿਰਾ ਕੁਨੀਨ ਜਿਹਾ ਕੌੜਾ। ਇੰਜ ਲੱਗ

ਰਿਹਾ ਸੀ ਜਿਵੇਂ ਵਿੱਚ ਕੈਪਸੂਲ ਘੋਲੇ ਹੋਏ ਹੋਣ...।"

ਇੰਨੇ ਨੂੰ ਮੇਰੀ ਘਰ ਵਾਲੀ ਦੇ ਤਾਏ ਦਾ ਦੋਹਤਾ ਵੀ ਆ ਗਿਆ। ਉਸ ਨੇ ਸਾਨੂੰ ਵਿਦਾ ਕਰਨ ਜਾਣਾ ਸੀ ਤੇ ਉਸ ਨੂੰ ਆਪਣੀ ਕਾਰ ਅਲੱਗ ਨਾਲ ਲੈ ਕੇ ਜਾਣੀ ਪੈਣੀ ਸੀ। ਮੈਥੋਂ ਬੋਲਣੋ ਨਾ ਰਿਹਾ ਗਿਆ, "ਇਹਨੂੰ ਵਿਚਾਰੇ ਨੂੰ ਐਵੇਂ ਨਾਲ ਖਿੱਚੀ ਜਾ ਰਹੇ ਹੋ। ਇਹਨੂੰ ਨਾਲ ਲਿਜਾਉਣ ਦਾ ਕੀ ਫਾਇਦਾ?"

"ਕਈ ਵਾਰ ਤੋਲਣ ਸਮੇਂ ਭਾਰ ਵੱਧ ਘੱਟ ਵੀ ਜਾਂਦਾ ਹੈ। ਅਗਰ ਵੱਧ ਗਿਆ ਤਾਂ ਦੋਹਤਾ ਵਧਿਆ ਸਮਾਨ ਵਾਪਸ ਤਾਂ ਲੈ ਆਵੇਗਾ। ਮੈਂ ਨਹੀਂ ਚਾਹੁੰਦੀ ਕਿ ਵਧਿਆ ਸਮਾਨ ਐਵੇਂ ਜਾਇਆ ਜਾਵੇ। ਤੁਹਾਨੂੰ ਪਤਾ ਹੀ ਹੈ ਕਿ ਪਿਛਲੀ ਵਾਰ ਜਦ ਤੁਸੀਂ ਗਏ ਸੀ ਤੁਹਾਨੂੰ ਵਾਧੂ ਸਮਾਨ ਕੂੜਾਦਾਨ ਵਿੱਚ ਸੁੱਟਣਾ ਪਿਆ ਸੀ," ਮੇਰੀ ਘਰ ਵਾਲੀ ਨੇ ਇੱਕ ਹੋਰ ਥਿਓਰੀ ਪੇਸ਼ ਕਰ ਦਿੱਤੀ।

"ਜਦ ਦੋਹਤਾ ਨਾਲ ਜਾ ਰਿਹਾ ਹੈ ਤਾਂ ਟੈਕਸੀ ਕਰਨ ਦਾ ਕੀ ਫਾਇਦਾ?" ਮੈਥੋਂ ਬਿਨਾਂ ਸੋਚੇ ਸਮਝੇ ਬੋਲ ਹੋ ਗਿਆ।

"ਤੁਹਾਨੂੰ ਇਹਦੀ ਕਾਰ ਦਿਸਦੀ ਹੈ? ਇਸ ਵਿੱਚ ਤਾਂ ਸਾਡਾ ਅੱਧਾ ਸਮਾਨ ਵੀ ਨਾ ਆਵੇ। ਪੰਜ ਸਾਲਾਂ ਬਾਅਦ ਇੱਕ ਵਾਰ ਚੱਲੇ ਹਾਂ। ਤੁਹਾਡੀ ਕੰਜੂਸੀ ਦੀ ਵੀ ਹੱਦ ਹੋ ਗਈ। ਕਹੋਂ ਤਾਂ ਇਹਦੀ ਕਾਰ ਵਿੱਚ ਅਸੀਂ ਤੇਲ ਪੁਆ ਦਿੰਦੇ ਹਾਂ। ਨਾਲੇ ਕਿਸੇ ਨੂੰ ਕੋਈ ਵਿਦਾ ਕਰਨ ਜਾਵੇ ਤਾਂ ਚੰਗਾ ਵੀ ਲੱਗਦਾ ਹੈ। ਇਸ ਵਿਚਾਰੇ ਲੜਕੇ ਨੂੰ ਕਿਹੜਾ ਅਸੀਂ ਜ਼ੋਰ ਪਾਇਆ ਹੈ। ਆਪੇ ਹੀ ਤਿਆਰ ਹੋ ਗਿਐ," ਮੇਰੀ ਘਰ ਵਾਲੀ ਦੋਹਤੇ ਦਾ ਪੱਖ ਪੂਰ ਕੇ ਚੌੜੀ ਹੋਈ ਫਿਰੇ।

ਘਰ ਵਿੱਚ 'ਦੋਹਤਾ' ਸ਼ਬਦ ਵਾਰ-ਵਾਰ ਪ੍ਰਯੋਗ ਕਰਨ ਕਰਕੇ ਮੇਰੇ ਬੱਚਿਆਂ ਨੇ ਇਸ ਮੁੰਡੇ ਦਾ ਨਾਮ ਹੀ ਦੋਹਤਾ ਪਾਇਆ ਹੋਇਆ ਸੀ। ਮੇਰਾ ਮੁੰਡਾ ਕਹਿਣ ਲੱਗਾ, "ਦੋਹਤੇ, ਅਗਰ ਤੈਨੂੰ ਔਖਾ ਲੱਗਦਾ ਹੈ ਤਾਂ ਬੇਸ਼ੱਕ ਸਾਡੇ ਨਾਲ ਨਾ ਜਾਹ। ਅਸੀਂ ਆਪੇ ਹੀ ਸਾਰ ਲਵਾਂਗੇ।"

"ਨਹੀਂ ਵੀਰੇ, ਮੈਨੂੰ ਕੋਈ ਔਖਾ ਨਹੀਂ। ਮੈਂ ਤਾਂ ਅੰਟੀ ਨਾਲ ਛੱਡਣ ਜਾਣ ਦਾ ਪਹਿਲਾਂ ਹੀ ਵਾਅਦਾ ਕੀਤਾ ਹੋਇਆ ਸੀ।"

ਇਸ ਪ੍ਰਕਾਰ ਦੇ ਰੌਲੇ ਰੱਪੇ ਵਿੱਚ ਸਾਰੇ ਜਣੇ ਆਪਣਾ ਸਾਮਾਨ ਚੁੱਕ ਕੇ ਟੈਕਸੀ ਵਿੱਚ ਰੱਖਣ ਲੱਗ ਪਏ। ਦੋਹਤੇ ਨੇ ਵੀ ਸਾਮਾਨ ਚੁੱਕਣ ਵਿੱਚ ਪੂਰੀ ਮਦਦ ਕੀਤੀ।

ਟੈਕਸਟੀ ਡਰਾਈਵਰ ਜਿਹੜਾ ਦੇਖਣ ਤੋਂ ਗੋਰਾ ਲੱਗਦਾ ਸੀ ਪੁੱਛਣ ਤੇ ਪਤਾ ਲੱਗਾ ਕਿ ਉਹ ਯੂਨਾਨੀ ਸੀ। ਘਰ ਦੇ ਦਰਵਾਜ਼ੇ ਤੇ ਗੈਰਾਜ ਬੰਦ ਹੀ ਕਰਨ ਲੱਗੇ ਸਾਂ ਕਿ ਕੁੱਤੇ ਬਾਰੇ ਲਫੜਾ ਖੜ੍ਹਾ ਹੋ ਗਿਆ।

"ਕੁੱਤੇ ਬਾਰੇ ਪਹਿਲਾਂ ਸੁਖਦੇਵ ਵੀਰ ਜੀ ਹੋਰਾਂ ਨਾਲ ਲੱਗ ਕੀਤੀ ਸੀ ਕਿ ਅੱਜ ਦੇ ਦਿਨ ਆ ਕੇ ਲੈ ਜਾਣਗੇ। ਉਹ ਆਏ ਹੀ ਨਹੀਂ।" ਮੇਰੀ ਘਰ ਵਾਲੀ ਪ੍ਰੇਸ਼ਾਨੀ ਵਿੱਚ

ਬੋਲੀ।

"ਇੱਦਾਂ ਦੀਆਂ ਵਾਧੂ ਚੀਜ਼ਾਂ ਘਰਾਂ ਵਿੱਚ ਰੱਖਣ ਦੀ ਤੁਹਾਡੀ ਆਦਤ ਨੇ ਮੈਨੂੰ ਹਮੇਸ਼ਾ ਪ੍ਰੇਸ਼ਾਨ ਕੀਤਾ ਹੈ। ਇੱਥੇ ਸਿਡਨੀ ਵਿੱਚ ਬੰਦਿਆਂ ਦਾ ਖਰਚਾ ਚੁੱਕ ਨਹੀਂ ਹੁੰਦਾ। ਉੱਪਰੋਂ ਉਲਟਾ ਜਾਨਵਰ ਘਰ ਵਿੱਚ ਲਿਆ ਕੇ ਰੱਖ ਲਿਆ," ਮੈਥੋਂ ਬੋਲਣੋਂ ਨਾ ਰਿਹਾ ਗਿਆ।

ਆਪ ਜੋ ਮਰਜ਼ੀ ਵਾਧੂ ਖਰਚੇ ਕਰੀ ਜਾਵੋ। ਇਹ ਵਿਚਾਰਾ ਬੇਜਬਾਨਾਂ ਤੁਹਾਨੂੰ ਬਹੁਤ ਚੁੱਭਦਾ ਹੈ। ਮੁੰਡੇ ਨੇ ਆਪਣੀ ਕਮਾਈ ਵਿੱਚੋਂ ਖਰੀਦਿਆ ਸੀ ਤੇ ਉਹ ਆਪਣੀ ਕਮਾਈ ਵਿੱਚੋਂ ਹੀ ਇਸ ਨੂੰ ਖੁਰਾਕ ਲਿਆ ਕੇ ਦਿੰਦਾ ਹੈ। ਜਿੱਦਣ ਦਾ ਵਿਚਾਰਾ ਇਹ ਘਰ ਵਿੱਚ ਆਇਆ ਹੈ ਮੇਰਾ ਤਾਂ ਬਲੱਡ ਪ੍ਰੈਸ਼ਰ ਕਾਬੂ ਵਿੱਚ ਰਹਿਣ ਲੱਗ ਗਿਆ ਹੈ। ਤੁਹਾਨੂੰ ਇਹ ਘਰ ਉੱਤੇ ਐਵੇਂ ਵਾਧੂ ਭਾਰ ਲੱਗਦਾ ਰਹਿੰਦਾ ਹੈ," ਮੇਰੀ ਘਰਵਾਲੀ ਲੈਕਚਰ ਝਾੜਨ ਲੱਗ ਪਈ।

ਫਿਰ ਵੀ ਮੈਥੋਂ ਬੋਲਣੋ ਨਾ ਰਿਹਾ ਗਿਆ, "ਭਾਵੇਂ ਲੜਕਾ ਹੀ ਖਰਚ ਕਰਦਾ ਹੈ, ਬੋਝ ਤਾਂ ਘਰ ਤੇ ਹੀ ਪੈਂਦਾ ਹੈ। ਘਰ ਦੀਆਂ ਕਦੀ ਵੰਡੀਆਂ ਨਹੀਂ ਪਾਈਦੀਆਂ। ਪਰਿਵਾਰ ਇੱਕ ਇਕਾਈ ਹੁੰਦਾ ਹੈ। ਅਗਰ ਲੜਕਾ ਪੈਸੇ ਬਚਾ ਕੇ ਆਪਣੇ ਪਾਸ ਹੀ ਰੱਖੇ ਤਾਂ ਵੀ ਉਹ ਸਮੁੱਚੇ ਘਰ ਦਾ ਸਰਮਾਇਆ ਹੀ ਹੁੰਦੇ ਹਨ।"

ਇੰਨੇ ਨੂੰ ਸੁਖਦੇਵ ਵੀ ਆ ਗਿਆ ਤੇ ਉਹ ਕੁੱਤਾ ਆਪਣੇ ਘਰ ਲੈ ਗਿਆ। ਫਿਰ ਸਾਰਾ ਘਰ ਬੰਦ ਕਰਕੇ ਅਸੀਂ ਟੈਕਸੀ ਵਿੱਚ ਸਵਾਰ ਹੋ ਗਏ।

ਟੈਕਸੀ ਬਲੈਕਟਾਊਨ ਤੋਂ ਹਵਾਈ ਅੱਡੇ ਵੱਲ ਪਈ।

"ਕਿਹੜੇ ਰਾਸਤੇ ਜਾਓਗੇ?" ਡਰਾਈਵਰ ਨੇ ਉੱਥੇ ਦੀ ਚਲੰਤ ਭਾਸ਼ਾ ਅੰਗਰੇਜ਼ੀ ਵਿੱਚ ਪੁੱਛਿਆ।

"ਕੀ ਮਤਲਬ?" ਮੈਂ ਕਿਹਾ।

"ਮੋਟਰਵੇਅ ਚਾਰ ਰਾਹੀਂ ਜਾਂ ਮੋਟਰਵੇਅ ਸੱਤ ਰਾਹੀਂ?"

"ਚੱਲ ਯਾਰ ਅੱਜ ਮੋਟਰਵੇਅ ਸੱਤ ਰਾਹੀਂ ਹੀ ਚੱਲਦੇ ਹਾਂ। ਇਹ ਮੋਟਰਵੇਅ ਕਾਫੀ ਤੇਜ਼ ਚੱਲਦਾ ਹੈ। ਸਾਡੇ ਪਾਸ ਸਮਾਂ ਪਹਿਲਾਂ ਹੀ ਕੁੱਝ ਘੱਟ ਹੈ। ਕੁੱਤੇ ਦੀ ਸਾਂਭ ਸੰਭਾਲ ਨੇ ਵੀ ਅੱਧਾ ਪੌਣਾ ਘੰਟਾ ਖਰਾਬ ਕਰ ਤਾ।"

ਡਰਾਈਵਰ ਨੇ ਟੈਕਸੀ ਮਟੋਰਵੇਅ ਸੱਤ ਤੇ ਪਾ ਲਈ। ਮੈਂ ਡਰਾਈਵਰ ਦੇ ਨਾਲ ਵਾਲੀ ਸੀਟ ਤੇ ਬੈਠਾ ਸਾਂ। ਘਰ ਵਾਲੀ ਤੇ ਬੱਚੇ ਪਿਛਲੀ ਸੀਟ ਤੇ ਬੈਠੇ ਸਨ।

"ਭਾਰਤ ਜਾ ਰਹੇ ਹੋ ਜਾਂ ਪਾਕਿਸਤਾਨ?" ਡਰਾਈਵਰ ਨੇ ਮਾੜਾ ਮਾੜਾ ਅੰਦਾਜ਼ਾ ਲਗਾਉਂਦੇ ਹੋਏ ਨੇ ਮੈਨੂੰ ਪੁੱਛ ਹੀ ਲਿਆ।

"ਅਸੀਂ ਭਾਰਤ ਜਾ ਰਹੇ ਹਾਂ।"

"ਭਾਰਤ ਦੇ ਕਿਸ ਪਾਸੇ?"

"ਪੰਜਾਬ। ਕੀ ਤੂੰ ਜਾਣਦਾ ਏਂ ਕਿ ਪੰਜਾਬ ਕਿੱਥੇ ਹੈ?"

"ਹਾਂ, ਮੈਨੂੰ ਪਤਾ ਹੈ, ਉਹ ਉੱਤਰੀ ਭਾਰਤ ਵਿੱਚ ਪਾਕਿਸਤਾਨ ਦੇ ਨਾਲ ਲੱਗਦਾ ਖਿੱਤਾ ਹੈ। ਕਈ ਪੰਜਾਬੀ ਟੈਕਸੀ ਡਰਾਈਵਰ ਮੇਰੇ ਗੂੜ੍ਹੇ ਮਿੱਤਰ ਹਨ। ਮੈਂ ਬਲੈਕਟਾਊਨ ਵਿਖੇ ਹੀ ਟੈਕਸੀ ਚਲਾਉਂਦਾ ਹਾਂ। ਇੱਕ ਟੈਕਸੀ ਡਰਾਈਵਰ ਬੌਬ ਹੈ। ਸ਼ਾਇਦ ਉਸ ਦਾ ਅਸਲ ਨਾਂ ਮਿਸਟਰ ਸਿੰਘ ਹੈ। ਮੈਨੂੰ ਸਮਝ ਨਹੀਂ ਆਉਂਦਾ ਬਹੁਤੇ ਪੰਜਾਬੀ ਮਿਸਟਰ ਸਿੰਘ ਹੀ ਕਿਉਂ ਹਨ। ਬੌਬ ਮੇਰਾ ਗੂੜ੍ਹਾ ਮਿੱਤਰ ਹੈ। ਹੀ ਇਜ ਏ ਗੁੱਡ ਮੈਨ। ਅਵਰ ਟੈਕਸੀ ਸਟੈਂਡ ਇਜ਼ ਫੁੱਲ ਆਫ ਪੰਜਾਬੀ ਡਰਾਈਵਰਜ਼। ਆਈ ਆਲਸੋ ਨੋ ਵੈਰੀ ਵੈੱਲ ਦੈਟ ਪੰਜਾਬ ਇਜ਼ ਏ ਰਿਚ ਪਾਰਟ ਆਫ਼ ਇੰਡੀਆ (He is a good man. Our taxistand is full of Punjabi drivers. I also know very well that Punjab is a rich part of India) ਪਰ ਮੈਨੂੰ ਭਾਰਤ ਬਾਰੇ ਇੱਕ ਗੱਲ ਸਮਝ ਨਹੀਂ ਆਈ।"

"ਉਹ ਕੀ?"

"ਭਾਰਤ ਦੀ ਆਬਾਦੀ ਬੜੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ। ਇਸ ਪਾਸੇ ਤੁਹਾਡੀਆਂ ਸਰਕਾਰਾਂ ਕੋਈ ਧਿਆਨ ਨਹੀਂ ਦੇ ਰਹੀਆਂ। ਮੈਨੂੰ ਸਮਝ ਨਹੀਂ ਆਉਂਦਾ ਕਿ ਭਾਰਤ ਆਬਾਦੀ ਦਾ ਇੰਨਾ ਜ਼ਿਆਦਾ ਭਾਰ ਕਿਵੇਂ ਸਹਾਰਦਾ ਜਾ ਰਿਹਾ ਹੈ। ਅਕਸਰ ਪੜ੍ਹਦੇ ਰਹਿੰਦੇ ਹਾਂ ਕਿ ਆਬਾਦੀ ਇੱਕ ਅਰਬ ਤੋਂ ਵੀ ਉੱਪਰ ਚਲੀ ਗਈ ਹੈ। ਤੁਹਾਡੇ ਦੇਸ਼ ਦੀ ਆਬਾਦੀ ਦੇ ਤੇਜ਼ੀ ਨਾਲ ਵਧਣ ਦੇ ਕੀ ਕਾਰਨ ਹਨ?" ਡਰਾਈਵਰ ਇਸ ਸਵਾਲ ਦਾ ਜਵਾਬ ਜਾਨਣ ਲਈ ਬੜਾ ਹੀ ਉਤਸੁਕਤ ਸੀ।

"ਤੂੰ ਮੇਰੇ ਸਾਮ੍ਹਣੇ ਦੋ ਸਵਾਲ ਖੜ੍ਹੇ ਕੀਤੇ ਹਨ। ਇੱਕ ਪੰਜਾਬ ਬਾਰੇ ਤੇ ਦੂਜਾ ਸਮੁੱਚੇ ਭਾਰਤ ਬਾਰੇ। ਤੂੰ ਕਿਹਾ ਹੈ ਕਿ ਪੰਜਾਬ ਭਾਰਤ ਦਾ ਅਮੀਰ ਖਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਅਮੀਰ ਹੁੰਦਾ ਸੀ ਤੇ ਕਿਸੇ ਹੱਦ ਤੱਕ ਅੱਜ ਕੱਲ੍ਹ ਵੀ ਹੈ ਪਰੰਤੂ ਦੁੱਖ ਦੀ ਗੱਲ ਇਹ ਹੈ ਕਿ ਭਾਰਤ ਦੀਆਂ ਰਾਸ਼ਟਰੀ ਸਰਕਾਰਾਂ ਨੇ ਪੰਜਾਬ ਦੀ ਤਰੱਕੀ ਵੱਲ ਘੱਟ ਧਿਆਨ ਦਿੱਤਾ ਹੈ, ਪੰਜਾਬ ਤੋਂ ਲਾਭ ਵੱਧ ਲਿਆ ਹੈ। ਜਿਹੜਾ ਖਿੱਤਾ ਸਮੁੱਚੇ ਦੇਸ਼ ਦੇ ਅੰਨ ਭੰਡਾਰ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦਾ ਹੋਵੇ ਉਸ ਵੱਲ ਸਰਕਾਰ ਨੂੰ ਵੱਧ ਧਿਆਨ ਦੇਣਾ ਚਾਹੀਦਾ ਹੈ। ਉਲਟਾ ਸਰਕਾਰਾਂ ਇਸ ਸੂਬੇ ਤੇ ਕਈ ਵਾਧੂ ਭਾਰ ਪਾਉਂਦੀਆਂ ਰਹੀਆਂ ਹਨ। ਕਿਸਾਨਾਂ ਨੂੰ ਉਤਪਾਦਨ ਕਰਨ ਲਈ ਸਭ ਕੁੱਝ ਅੰਤਾਂ ਦਾ ਮਹਿੰਗਾ ਮਿਲਦਾ ਹੈ। ਉਹਨਾਂ ਦੀਆਂ ਜਿਣਸਾਂ ਬਹੁਤ ਹੀ ਸਸਤੀਆਂ ਖਰੀਦੀਆਂ ਜਾਂਦੀਆਂ ਹਨ। ਪੰਜਾਬ ਦੇ ਕਿਸਾਨ ਟਰੈਕਟਰਾਂ ਦੀਆਂ ਕਿਸ਼ਤਾਂ ਦੇਣ ਦਾ ਭਾਰ ਨਾ ਸਹਾਰਦੇ ਹੋਏ ਬੀਜਾਂ ਤੇ ਖਾਦਾਂ ਦੇ ਉੱਚੇ ਦਾਮਾਂ ਨਾਲ ਕਰਜ਼ਈ ਹੋ ਕੇ ਖੁਦਕੁਸ਼ੀਆਂ ਕਰ ਰਹੇ ਹਨ। ਜ਼ਮੀਨੀ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ। ਦੇਸ਼ ਦੀ ਪਾਰਲੀਮੈਂਟ ਵਿੱਚ ਬਹੁਗਿਣਤੀ ਵੱਡੇ ਸੂਬਿਆਂ ਦੀ ਹੈ। ਪਾਰਲੀਮੈਂਟ ਦੇ ਇਹ ਮੈਂਬਰ

ਆਪਣੇ ਹੱਕ ਵਿੱਚ ਬਹੁਤੇ ਬਿੱਲ ਪਾਸ ਕਰਵਾ ਲੈਂਦੇ ਹਨ। ਪਬਲਿਕ ਸੈਕਟਰ ਅਸਫਲ ਹੁਦਾ ਜਾ ਰਿਹਾ ਹੈ ਤੇ ਪ੍ਰਾਈਵੇਟ ਸੈਕਟਰ ਸਿਰ ਚੁੱਕੀ ਜਾ ਰਿਹਾ ਹੈ। ਪ੍ਰਾਈਵੇਟ ਸੈਕਟਰ ਦੀ ਮਹਿੰਗੀ ਪੜ੍ਹਾਈ ਤੇ ਸਿਖਲਾਈ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਦੁਖੀ ਹੋ ਕੇ ਬੇਕਾਰ ਪੰਜਾਬੀ ਮੁੰਡੇ ਤੇ ਕੁੜੀਆਂ ਕਰਜ਼ਾ ਚੁੱਕ ਕੇ ਜਾਂ ਜ਼ਮੀਨ ਵੇਚ ਕੇ ਬਾਹਰਲੇ ਦੇਸ਼ਾਂ ਨੂੰ ਦੌੜਦੇ ਹਨ। ਬਹੁਤ ਸਾਰੇ ਟਰੈਵਲ ਏਜੰਟਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋ ਜਾਂਦੇ ਹਨ। ਜੋ ਬਾਹਰਲੇ ਦੇਸ਼ਾਂ ਵਿੱਚ ਪਹੁੰਚ ਜਾਂਦੇ ਹਨ ਉਹਨਾਂ ਵਿੱਚੋਂ ਵੀ ਬਹੁਤੇ ਕਈ ਕਈ ਸਾਲ ਧੱਕੇ ਖਾਂਦੇ ਰਹਿੰਦੇ ਹਨ। ਬਾਹਰਲੀਆਂ ਸਰਕਾਰਾਂ ਝੱਟ-ਪੱਟ ਕਾਨੂੰਨ ਬਦਲ ਦਿੰਦੀਆਂ ਹਨ। ਕਈਆਂ ਨੂੰ ਪੱਕੇ ਹੋਣ ਲਈ ਪੜ੍ਹਾਈ ਦੇ ਵਿਸ਼ੇ ਬਦਲਣੇ ਪੈਂਦੇ ਹਨ। ਵਕੀਲਾਂ ਨੂੰ ਅੰਤਾਂ ਦੇ ਪੈਸੇ ਦੇਣੇ ਪੈਂਦੇ ਹਨ। ਕਈ ਅੱਕ ਥੱਕ ਕੇ ਵਾਪਿਸ ਪੰਜਾਬ ਚਲੇ ਜਾਂਦੇ ਹਨ। ਕਈਆਂ ਦੇ ਮਾਪੇ ਕਰਜ਼ੇ ਦਾ ਭਾਰ ਨਾ ਸਹਾਰਦੇ ਹੋਏ ਦਮ ਤੋੜ ਜਾਂਦੇ ਹਨ। ਮੈਂ ਤੇਰੇ ਨਾਲ ਇਸ ਬਾਰੇ ਬਹੁਤ ਲੰਬੀ ਗੱਲ ਨਹੀਂ ਕਰ ਸਕਦਾ। ਤੂੰ ਦੂਜੀ ਗੱਲ ਆਬਾਦੀ ਬਾਰੇ ਕੀਤੀ ਹੈ। ਜਿਵੇਂ ਤੈਨੂੰ ਭਾਰਤ ਦੀ ਆਬਾਦੀ ਦੇ ਤੇਜ਼ੀ ਨਾਲ ਵੱਧਣ ਤੇ ਹੈਰਾਨੀ ਹੁੰਦੀ ਹੈ ਓਵੇਂ ਹੀ ਮੈਨੂੰ ਆਸਟਰੇਲੀਆ ਦੀ ਆਬਾਦੀ ਦੇ ਅੰਤਾਂ ਦੀ ਧੀਵੀਂ ਰਫਤਾਰ ਨਾਲ ਵਧਣ ਜਾਂ ਇੱਕ ਥਾਂ ਖੜੇ ਰਹਿਣ ਤੇ ਬੜੀ ਹੈਰਾਨੀ ਹੁੰਦੀ ਹੈ। ਭਾਰਤ ਦੀ ਆਬਾਦੀ ਦੇ ਵਧਣ ਦੇ ਕਈ ਕਾਰਨ ਹਨ। ਕਿਸੇ ਵੀ ਦੇਸ਼ ਦਾ ਸਭਿਆਚਾਰ ਤੇ ਧਰਮ ਉਸ ਦੇਸ਼ ਦੀ ਆਬਾਦੀ ਤੇ ਬੜਾ ਅਸਰ ਪਾਉਂਦਾ ਹੈ...।"

ਮੇਰੀ ਗੱਲ ਕੱਟ ਕੇ, ਵਿੱਚ ਹੀ ਪਿੱਛਿਓਂ ਮੇਰੀ ਲੜਕੀ ਬੋਲ ਪਈ, "ਡੈਡੀ ਜੀ, ਤੁਸੀਂ ਤਾਂ ਹਰ ਜਣੇ ਖਣੇ ਮੂਹਰੇ ਲੈਕਚਰ ਝਾੜਨ ਲੱਗ ਪੈਂਦੇ ਹੋ। ਕਈ ਆਦਮੀ ਤੁਹਾਡੇ ਲੈਕਚਰ ਦਾ ਭਾਰ ਸਹਾਰਦੇ ਹਨ ਤੇ ਕਈ ਨਹੀਂ। ਅੱਜ ਤੁਸੀਂ ਇੱਕ ਐਸਾ ਟੈਕਸੀ ਡਰਾਈਵਰ ਲੈਕਚਰ ਝਾੜਨ ਲਈ ਲੱਭ ਲਿਆ ਜਿਹੜਾ ਨਾ ਤਾਂ ਪੰਜਾਬ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਤੇ ਨਾ ਹੀ ਇੰਡੀਆ ਬਾਰੇ। ਵਿਚਾਰੇ ਨੇ ਗੱਲ ਕੀਤੀ ਸਰਸਰੀ ਤੇ ਤੁਸੀਂ ਉਸ ਉੱਪਰ ਆਪਣਾ ਲੈਕਚਰ ਦਾ ਵਾਧੂ ਭਾਰ ਘੜੋਸ ਦਿੱਤਾ।"

ਭਾਵੇਂ ਟੈਕਸੀ ਡਰਾਈਵਰ ਪੰਜਾਬੀ ਭਾਸ਼ਾ ਨਹੀਂ ਸਮਝਦਾ ਸੀ ਫਿਰ ਵੀ ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਮੇਰੀ ਲੜਕੀ ਦਖਲ ਦੇ ਕੇ ਮੈਨੂੰ ਉਸ ਨਾਲ ਲੰਬੀ ਵਾਰਤਾਲਾਪ ਤੋਂ ਰੋਕਦੀ ਹੋਵੇ। ਉਹ ਵੀ ਵਿੱਚ ਹੀ ਬੋਲ ਪਿਆ, ਮਿਸਟਰ ਸਿੰਘ, ਆਈ ਡੂ ਨਾਟ ਮਾਈਂਡ ਲੈਨਥੀ ਐਕਸਪਲਾਨੇਸ਼ਨਜ਼। ਆਈ ਰੀਅਲੀ ਇਨਜਾਏ ਇੱਟ। (Mr. Singh, I do not mind lengthy explanations. I really enjoy it.)"

ਫਿਰ ਮੈਂ ਸੋਚਿਆ ਕਿ ਮੈਂ ਥੋੜ੍ਹਾ ਜਿਹਾ ਹੋਰ ਚਾਨਣਾ ਪਾ ਹੀ ਦਿਆਂ, "ਮੈਂ ਗੱਲ ਕਰ ਰਿਹਾ ਸੀ ਸਭਿਆਚਾਰ ਤੇ ਧਰਮ ਦੀ। ਭਾਰਤ ਦੇ ਧਰਮ ਮਨੁੱਖ ਦਾ ਜ਼ਮੀਨ ਤੇ ਆਉਣਾ ਪ੍ਰਮਾਤਮਾ ਦੀ ਦੇਣ ਸਮਝਦੇ ਹਨ। ਧਰਮ ਕਹਿੰਦੇ ਹਨ ਕਿ ਜਿਸ ਜੀਵ ਨੇ

ਜਨਮ ਲਿਆ ਏ ਉਸ ਦੇ ਖਾਣ ਪੀਣ ਦਾ ਪ੍ਰਬੰਧ ਪ੍ਰਮਾਤਮਾ ਨੇ ਪਹਿਲਾਂ ਤੋਂ ਹੀ ਕਰ ਦਿੱਤਾ ਹੁੰਦਾ ਏ। ਮੈਨੂੰ ਬਹੁਤਾ ਨਹੀਂ ਪਤਾ ਕਿ ਇਸਾਈ ਮੱਤ ਇਸ ਧਾਰਨਾ ਨੂੰ ਕਿੰਜ ਬਿਆਨ ਕਰਦਾ ਏ। ਭਾਰਤ ਦੀ ਆਬਾਦੀ ਦੇ ਵਧਣ ਦਾ ਇੱਕ ਹੋਰ ਕਾਰਨ ਇਹ ਹੈ ਕਿ ਉਥੇ ਬਦਕਾਰੀ (prostitution) ਧਾਰਮਿਕ ਅਤੇ ਕਾਨੂੰਨੀ ਤੌਰ 'ਤੇ ਮਨ੍ਹਾਂ ਏ। ਤੁਸੀਂ ਦੇਖਦੇ ਹੋ ਕਿ ਆਸਟਰੇਲੀਆ ਵਿੱਚ ਕਈ ਥਾਵਾਂ ਤੇ ਬਦਕਾਰੀ ਦੇ ਅੱਡੇ (brothels) ਖੁੱਲ੍ਹੇ ਹੋਏ ਹਨ। ਭਾਰਤ ਵਿੱਚ ਇਹ ਕੰਮ ਚੋਰੀ ਛਿਪੇ ਤਾਂ ਜ਼ਰੂਰ ਹੁੰਦਾ ਹੈ ਪਰੰਤੂ ਖੁੱਲ੍ਹੇਆਮ ਨਹੀਂ।) ਆਬਾਦੀ ਦੇ ਵਧਣ ਦਾ ਇੱਕ ਹੋਰ ਕਾਰਨ ਮੁਸਲਮਾਨਾਂ ਵਿੱਚ ਚਾਰ ਵਿਆਹ ਕਰਵਾਉਣ ਦੀ ਖੁੱਲ੍ਹ ਏ। ਇਸ ਖੁੱਲ੍ਹ ਕਰਕੇ ਉਹਨਾਂ ਦੀ ਆਬਾਦੀ ਬੜੀ ਹੀ ਤੇਜ਼ੀ ਨਾਲ ਵਧਦੀ ਰਹਿੰਦੀ ਏ। ਭਾਰਤ ਅਰਧ ਵਿਅਸਤ ਦੇਸ਼ ਹੋਣ ਕਰਕੇ ਇਥੇ ਮਨੋਰੰਜਨ ਦੇ ਸਾਧਨ ਵੀ ਉਨੇ ਵਿਕਸਤ ਨਹੀਂ ਜਿੰਨੇ ਕਿ ਵਿਕਸਤ ਦੇਸ਼ਾਂ ਵਿੱਚ ਹਨ। ਇੱਥੇ ਕਾਮ ਵਾਸ਼ਨਾ ਦੀ ਸੰਤੁਸ਼ਟੀ ਮਨੋਰੰਜਨ ਦਾ ਸਭ ਤੋਂ ਵੱਡਾ ਸਾਧਨ ਹੈ। ਇਸ ਸੰਤੁਸ਼ਟੀ ਵਿੱਚ ਬੱਚੇ ਧੜਾਧੜ ਪੈਦਾ ਹੋ ਰਹੇ ਹਨ। ਭਾਰਤ ਜਿਹੇ ਦੇਸ਼ਾਂ ਵਿੱਚ ਬਹੁਤ ਸਾਰੇ ਲੋਕ ਇੰਨੇ ਜ਼ਿਆਦਾ ਪਛੜੇ ਹੋਏ ਹਨ ਕਿ ਉਹ ਐਸੇ ਕਲੀਨੀਕਲ ਸਾਧਨਾਂ ਦੀ ਵਰਤੋਂ ਵੀ ਨਹੀਂ ਕਰਨੀ ਜਾਣਦੇ ਜਿਹਨਾਂ ਨਾਲ ਗਰਭ ਰੋਕਿਆ ਜਾ ਸਕੇ। ਦੇਸ਼ ਦਾ ਜਲਵਾਯੂ ਕਾਫੀ ਗਰਮ ਰਹਿੰਦਾ ਹੈ। ਗਰਮ ਪੌਣ ਪਾਣੀ ਵਿੱਚ ਵਾਸ਼ਨਾ ਦੀ ਵੱਧ ਉਤੇਜਨਾ ਹੁੰਦੀ ਹੈ। ਇਸ ਪ੍ਰਕਾਰ ਦੇ ਕਾਰਨ ਉੱਥੇ ਵੱਧ ਆਬਾਦੀ ਦਾ ਕਾਰਣ ਬਣਦੇ ਹਨ।"

ਭਾਵੇਂ, ਮੈਂ ਆਖਰੀ ਗੱਲ ਡਰਾਈਵਰ ਨੂੰ ਬਹੁਤ ਹੌਲੀ ਦੇਣੀ ਦੱਸੀ ਫਿਰ ਵੀ ਮੇਰੀ ਘਰ ਵਾਲੀ ਮੇਰੇ ਕੰਨ ਕੋਲ ਨੂੰ ਮੂੰਹ ਕਰਕੇ ਬੋਲਣੋਂ ਨਾ ਰਹਿ ਸਕੀ, 'ਬੱਚਿਆਂ ਸਾਮ੍ਹਣੇ ਕਿਉਂ ਘਟੀਆ ਜਿਹੀਆਂ ਗੱਲਾਂ ਕਰੀ ਜਾਂਦੇ ਹੋ?"

"ਮੈਂ ਤਾਂ ਬੜੀ ਹੀ ਹੌਲੀ ਦੇਣੀ ਗੱਲ ਕੀਤੀ ਹੈ।"

"ਤੁਹਾਡੀ ਹੌਲੀ ਕੀਤੀ ਗੱਲ ਨੂੰ ਵੀ ਮੈਂ ਜਾਣਦੀ ਹਾਂ। 25 ਸਾਲ ਹੋ ਗਏ ਮੈਨੂੰ ਤੁਹਾਡੀਆਂ ਹੌਲੀ ਕੀਤੀਆਂ ਗੱਲਾਂ ਸੁਣਦੀ ਨੂੰ।"

ਫਿਰ ਡਰਾਈਵਰ ਬੋਲ ਪਿਆ, "ਤੁਹਾਡੀਆਂ ਬਾਕੀ ਸਾਰੀਆਂ ਗੱਲਾਂ ਨਾਲ ਤਾਂ ਮੈਂ ਸਹਿਮਤ ਹਾਂ ਪਰੰਤੂ ਮਨੋਰੰਜਨ ਦੇ ਸਾਧਨਾਂ ਦੀ ਘਾਟ ਮੈਨੂੰ ਬਹੁਤ ਪ੍ਰਭਾਵਿਤ ਨਹੀਂ ਕਰਦੀ। ਭਾਰਤ ਦੀ ਫਿਲਮ ਇੰਡਸਟਰੀ ਦੁਨੀਆਂ ਦੀ ਸਭ ਤੋਂ ਵੱਡੀ ਫਿਲਮ ਇੰਡਸਟਰੀ ਹੈ। ਇਸ ਤੋਂ ਇਲਾਵਾ ਟੀ.ਵੀ., ਰੇਡੀਓ, ਡੀ ਵੀ ਡੀ. ਪਲੇਅਰ ਆਦਿ ਹਰ ਇੱਕ ਦੀ ਪਹੁੰਚ ਵਿੱਚ ਹਨ।"

"ਤੁਸੀਂ ਭਾਰਤ ਦੇ ਅਜਿਹੇ ਗਰੀਬ ਇਲਾਕੇ ਸ਼ਾਇਦ ਨਹੀਂ ਸੁਣੇ ਜਾਂ ਪੜ੍ਹੇ ਜਿਹੜੇ ਸਿਨਮੇ ਦੀ ਟਿਕਟ ਲੈਣ ਦੇ ਵੀ ਸਮਰਥ ਨਹੀਂ। ਨਾ ਹੀ ਇਹਨਾਂ ਇਲਾਕਿਆਂ ਦੇ ਲੋਕ ਡੀ.ਵੀ.ਡੀ. ਪਲੇਅਰ ਖ੍ਰੀਦਣ ਦੀ ਸਮਰਥਾ ਰੱਖਦੇ ਹਨ। ਜਿਹੜਾ ਡੀ.ਵੀ.ਡੀ. ਪਲੇਅਰ ਸਿਡਨੀ ਵਿੱਚ 100 ਡਾਲਰ ਦਾ ਆਉਂਦਾ ਹੈ ਉਹ ਭਾਰਤ ਵਿੱਚ 10-15

ਹਜ਼ਾਰ ਰੁਪਏ ਦਾ ਆਉਂਦਾ ਹੈ। ਭਾਰਤ ਵਿੱਚ ਕਈ ਅਜਿਹੇ ਇਲਾਕੇ ਵੀ ਹਨ ਜਿੱਥੇ ਲੋਕ ਬਿਜਲੀ ਦਾ ਬਿੱਲ ਦੇਣ ਦੇ ਵੀ ਸਮਰਥ ਨਹੀਂ। ਬਹੁਤੇ ਲੋਕਾਂ ਨੂੰ ਤਾਂ ਇਹਨਾਂ ਇਲਾਕਿਆਂ ਵਿੱਚ ਦੋ ਡੰਗ ਦੀ ਰੋਟੀ ਵੀ ਨਹੀਂ ਮਿਲਦੀ। ਇੱਕ ਹੋਰ ਗੱਲ ਇਹ ਵੀ ਹੈ ਕਿ ਜ਼ਿਆਦਾ ਮਨੋਰੰਜਕ ਚੀਜ਼ਾਂ ਨਾਲ ਮਨੁੱਖ ਵਿੱਚ ਸੈਕਸ ਦੀ ਉਤੇਜਨਾ ਵਧਦੀ ਵੀ ਹੈ। ਇਸ ਉਤੇਜਨਾ ਦੀ ਪੂਰਤੀ ਦਾ ਇੱਕੋ ਇਕ ਸਾਧਨ ਵਿਆਹ ਹੈ। ਬਦਕਾਰੀ ਕਿੱਧਰੇ ਹੈ ਨਹੀਂ। ਜੇਕਰ ਹੈ ਵੀ ਤਾਂ ਉਹ ਬਿਮਾਰੀਆਂ ਦਾ ਘਰ ਹੈ। ਇਸੇ ਕਰਕੇ ਇਸ ਦੇਸ਼ ਵਿੱਚ ਏਡਜ਼ ਜਿਹੀਆਂ ਬਿਮਾਰੀਆਂ ਵਧਦੀਆਂ ਜਾ ਰਹੀਆਂ ਹਨ। ਭਾਰਤ ਜਿਹੇ ਦੇਸ਼ਾਂ ਵਿੱਚ ਛੜੇ ਬੰਦੇ ਨੂੰ ਬਹੁਤੀ ਵਧੀਆ ਨਜ਼ਰ ਨਾਲ ਵੀ ਨਹੀਂ ਦੇਖਿਆ ਜਾਂਦਾ। ਇਸ ਦੇ ਉਲਟ ਆਸਟਰੇਲੀਆ ਜਿਹੇ ਦੇਸ਼ਾਂ ਵਿੱਚ ਬਹੁਤ ਸਾਰੇ ਵਿਅਕਤੀ ਵਿਆਹ ਹੀ ਨਹੀਂ ਕਰਵਾਉਂਦੇ। ਉਹਨਾਂ ਦਾ ਸਮਾਜ ਵਿੱਚ ਆਦਰ ਮਾਣ ਵਿਆਹੇ ਹੋਏ ਬੰਦਿਆਂ ਨਾਲੋਂ ਜ਼ਰਾ ਵੀ ਘੱਟ ਨਹੀਂ। ਆਸਟਰੇਲੀਆ ਵਿੱਚ ਮੈਂ ਇੱਕ ਹੋਰ ਹੈਰਾਨ ਕਰਨ ਵਾਲਾ ਕਾਨੂੰਨ ਵੀ ਦੇਖਿਆ ਹੈ। ਇਥੇ ਡੀ ਫੈਕਟੋ (de facto) ਵਿਆਹ ਦੀ ਕਾਨੂੰਨੀ ਤੌਰ ਤੇ ਆਗਿਆ ਹੈ। ਇਸ ਪ੍ਰਕਾਰ ਦੇ ਵਿਆਹਾਂ ਨੇ ਭਾਵੇਂ ਇਥੇ ਵਧੀਆ ਸਭਿਆਚਾਰ ਦੀ ਸੰਘੀ ਘੁੱਟੀ ਹੋਈ ਹੈ ਫਿਰ ਵੀ ਇਹ ਆਬਾਦੀ ਨੂੰ ਤੇਜ਼ ਰਫਤਾਰ ਨਾਲ ਵਧਣ ਤੋਂ ਰੋਕਣ ਲਈ ਇੱਕ ਸੁਚਾਰੂ ਤੇ ਠੋਸ ਸਾਧਨ ਹਨ। ਇਸ ਪ੍ਰਕਾਰ ਦਾ ਵਿਆਹ ਕਰਵਾ ਕੇ ਇਥੇ ਲੋਕ ਸਰਕਾਰ ਤੋਂ ਪੈਸੇ ਵੀ ਲਈ ਜਾ ਰਹੇ ਹਨ ਅਤੇ ਆਪਣੀ ਕਾਮਵਾਸ਼ਨਾ ਦੀ ਪੂਰਤੀ ਵੀ ਕਰੀ ਜਾ ਰਹੇ ਹਨ...।"

ਡਰਾਈਵਰ ਵਿੱਚ ਹੀ ਬੋਲ ਪਿਆ, "ਸਭਿਆਚਾਰ ਦੀ ਸੰਘੀ ਘੁੱਟਣ ਤੋਂ ਤੁਹਾਡਾ ਕੀ ਭਾਵ ਹੈ?"

"ਮੈਂ ਸਮਝਦਾ ਹਾਂ ਕਿ ਸੱਭਿਆਚਾਰ ਸਮੇਂ ਅਤੇ ਦੂਰੀ ਨਾਲ ਬਦਲਦੇ ਵੀ ਰਹਿੰਦੇ ਹਨ। ਆਸਟਰੇਲੀਆ ਨੇ ਇਸ ਮਾਮਲੇ ਵਿੱਚ ਲੋਕਾਂ ਨੂੰ ਪੂਰੀ ਆਜ਼ਾਦੀ ਦਿੱਤੀ ਹੋਈ ਹੈ। ਸਭਿਆਚਾਰ ਸ਼ਬਦ ਕੋਈ ਗਣਿਤ ਦਾ ਸਵਾਲ ਨਹੀਂ ਕਿ ਇਸ ਦਾ ਮਤਲਬ ਹਰ ਜਗ੍ਹਾ ਇੱਕ ਜਿਹਾ ਹੀ ਨਿਕਲਦਾ ਰਹੇ। ਆਸਟਰੇਲੀਆ ਨੂੰ ਆਪਣੇ ਮਸਤ ਮਲੰਗ ਸਭਿਆਚਾਰ ਤੇ ਵੀ ਪੂਰਾ ਮਾਣ ਹੈ। ਇੱਥੇ ਤਾਂ ਛੜੀਆਂ ਮਾਵਾਂ (single mums) ਵੀ ਬੜੇ ਆਦਰ ਮਾਣ ਨਾਲ ਰਹਿ ਰਹੀਆਂ ਹਨ। ਕੀ ਭਾਰਤ ਵਿੱਚ ਕੋਈ ਇਸਤਰੀ ਆਪਣੇ ਆਪ ਨੂੰ ਛੜੀ ਮਾਂ (single mum) ਕਹਾ ਕੇ ਮਾਣ ਮਹਿਸੂਸ ਕਰ ਸਕਦੀ ਹੈ? ਭਾਰਤ ਜਿਹੇ ਦੇਸ਼ਾਂ ਵਿੱਚ ਵਿਆਹ ਤੋਂ ਬਗੈਰ ਬੱਚਾ ਪੈਦਾ ਹੋਣਾ ਘੋਰ ਪਾਪ ਹੈ। ਅਜਿਹਾ ਕੁਕਰਮ ਕਰਨ ਵਾਲੀਆਂ ਇਸਤਰੀਆਂ ਨੂੰ ਤਾਂ ਕਈ ਵਾਰ ਮਾਰ ਹੀ ਦਿੱਤਾ ਜਾਂਦਾ ਹੈ। ਉਹ ਧਰਤੀ ਤੇ ਨਿਰਾ ਵਾਧੂ ਭਾਰ ਹੀ ਨਹੀਂ, ਸਗੋਂ ਇੱਕ ਘੋਰ ਪਾਪ ਵੀ ਸਮਝੀਆਂ ਜਾਂਦੀਆਂ ਹਨ।"

"ਮਿਸਟਰ ਡਰਾਈਵਰ, ਯੂ ਸੀਮ ਟੂ ਵੀ ਏ ਵੈਲ ਐਜੂਕੇਟਡ ਮੈਨ। ਵਹੈੱਨ ਯੂ

ਇੰਡਲਜ਼ ਇਨ ਸਮ ਡਿਸਕਸ਼ਨ, ਯੂਅਰ ਸਪੀਡ ਸਲੋਅਜ ਡਾਊਨ ਐਂਡ ਯੂ ਡੂ ਨਾਟ ਸੀਮ ਟੂ ਫਾਲੋ ਦਾ ਸਪੀਡ ਸਾਈਨਜ਼, ਬੀ ਫਾਸਟ, ਅਦਰਵਾਈਜ਼ ਵੀ ਵਿੱਲ ਮਿਸ ਅਵਰ ਫਲਾਈਟ ("Mr. driver, you seem to be a well educated man. When you indulge in some discussion, your speed slows down and you do not seem to follow the speed signs.Please be fast, otherwise, we will miss our flight.)"

"ਮਾਈ ਫਰੈਂਡ, ਸੀ ਦਾ ਸਪੀਡੋਮੀਟਰ। ਇਟ ਇਜ 100 ਕੇ ਜ਼ੋਨ। ਦਾ ਸਕੇਲ ਇਜ ਟਚਿੰਗ ਹੰਡਰਡ। (My friend, see the speedometer. It is 100 k. zone. The scale is touching 100)"

ਇੰਨੇ ਨੂੰ ਅਚਾਨਕ ਸਾਰੇ ਹੀ ਵਾਹਨ ਹੌਲੀ ਹੋਣੇ ਸ਼ੁਰੂ ਹੋ ਗਏ। ਮਿੰਟ ਕੁ ਵਿੱਚ ਸਾਰੇ ਹੀ ਵਾਹਨਾਂ ਦੀ ਰਫਤਾਰਹ 30 ਤੇ ਆ ਗਈ। ਚੁੰਗੀ ਨੇੜੇ ਕੋਈ ਲਫੜਾ ਖੜ੍ਹਾ ਹੋ ਗਿਆ ਸੀ ਜਿਸ ਕਰਕੇ ਸਾਰਿਆਂ ਦੀ ਰਫਤਾਰ ਘੱਟ ਗਈ ਸੀ। ਸ਼ਾਇਦ ਕੋਈ ਛੋਟਾ ਮੋਟਾ ਐਕਸੀਡੈਂਟ ਹੋ ਗਿਆ ਸੀ। ਪੁਲੀਸ ਦੀਆਂ ਗੱਡੀਆਂ ਦੀ ਘੂੰ-ਘੂੰ ਦੀਆਂ ਆਵਾਜ਼ਾਂ ਖੌਰੂ ਪਾ ਰਹੀਆਂ ਸਨ। ਇਹ ਗੱਡੀਆਂ ਸਭ ਵਾਹਨਾਂ ਨੂੰ ਹੌਲੀ ਕਰ ਰਹੀਆਂ ਸਨ।

"ਡਰਾਈਵਰ ਕੋਈ ਮਸਲਾ ਖੜਾ ਹੋ ਗਿਆ ਲੱਗਦਾ ਏ। ਜੇਕਰ ਇੰਜ ਹੀ ਰਿਹਾ ਤਾਂ ਅਸੀਂ ਆਪਣੀ ਉਡਾਨ ਜ਼ਰੂਰ ਮਿਸ ਕਰ ਜਾਵਾਂਗੇ। ਖੱਬੇ ਪਾਸੇ ਵਾਲੀ ਲਾਈਨ ਕੁੱਝ ਤੇਜ਼ ਚੱਲ ਰਹੀ ਹੈ। ਤੇਜ਼ ਭਜਾ ਕੇ ਇਸ ਪਾਸਿਓਂ ਕੱਢ ਕੇ ਲੈ ਚੱਲ। ਈ-ਟੈਗ (E-tag) ਵਾਲੀ ਲਾਈਨ ਵਿੱਚੋਂ ਨਾ ਨਿਕਲ। ਚੁੰਗੀ ਨਕਦ ਦੇ ਦੇ ਜਾਂ ਫੇਰ ਚੁੰਗੀ ਦਿੱਤੇ ਬਗੈਰ ਹੀ ਨਿਕਲ ਚੱਲ। ਮੈਂ ਤੈਨੂੰ ਕੁੱਝ ਵੱਧ ਪੈਸੇ ਦੇ ਦੇਵਾਂਗਾ। ਮੈਂ ਵਾਧੂ ਭਾਰ ਸਹਿ ਲਵਾਂਗਾ। ਚੁੰਗੀ ਬਾਅਦ ਵਿੱਚ ਨੋਟਿਸ ਆਉਣ ਤੇ ਤਾਰ ਦੇਵੀਂ,"

ਮੈਂ ਡਰਾਈਵਰ ਨੂੰ ਹੱਲਾਸ਼ੇਰੀ ਦਿੱਤੀ। ਪਤਾ ਨਹੀਂ ਕਿਉਂ ਡਰਾਈਵਰ ਨੇ ਮੇਰੀ ਹੱਲਾਸ਼ੇਰੀ ਵੱਲ ਕੁੱਝ ਧਿਆਨ ਦੇ ਹੀ ਦਿੱਤਾ। ਉਸ ਨੇ ਗੱਡੀ ਖੱਬੀ ਲਾਈਨ ਵਿੱਚ ਪਾ ਕੇ ਤੇਜ਼ ਕਰ ਦਿੱਤੀ। ਉਹ ਤੇਜ਼ੀ ਨਾਲ ਚੁੰਗੀ ਵਾਲੀ ਥਾਂ ਪਾਰ ਹੀ ਕਰਨ ਲੱਗਾ ਸੀ ਕਿ ਪੁਲੀਸ ਨੇ ਗੱਡੀ ਖੜੀ ਕਰਵਾ ਲਈ। ਡਰਾਈਵਰ ਨੂੰ 250 ਡਾਲਰ ਦੇ ਜੁਰਮਾਨੇ ਦੀ ਪਰਚੀ ਫੜਾ ਦਿੱਤੀ। ਡਰਾਈਵਰ ਇਸ ਵਾਧੂ ਭਾਰ ਦਾ ਦੋਸ਼ ਮੇਰੇ ਤੇ ਲਗਾਈ ਜਾਵੇ। ਮੈਂ ਨਿਰੁੱਤਰ ਸਾਂ। ਜਦ ਮੈਂ ਦੇਖਿਆ ਕਿ ਡਰਾਈਵਰ ਅੰਤਾਂ ਦਾ ਦੁਖੀ ਸੀ ਤਾਂ ਮੈਂ ਮੰਨ ਲਿਆ ਕਿ ਇਹ ਜੁਰਮਾਨਾ ਮੈਂ ਦੇਵਾਂਗਾ। ਮੇਰੀ ਘਰਵਾਲੀ ਨੇ ਪਿਛਿਓਂ ਮੇਰੇ ਤੇ ਗਾਲਾਂ ਦੀ ਬੁਛਾੜ ਲਾ ਦਿੱਤੀ, "ਹਰ ਜਗ੍ਹਾ ਤੁਹਾਡੀਆਂ ਗੱਲਾਂ ਨਹੀਂ ਮੁਕਦੀਆਂ। ਲੋਕਾਂ ਦੇ ਦਿਮਾਗ ਵਿੱਚ ਇਵੇਂ ਤੁੰਨ ਤੁੰਨ ਕੇ ਫਿਲਾਸਫੀਆਂ ਪਾਉਂਦੇ ਰਹਿੰਦੇ ਹੋ ਜਿਵੇਂ ਕੌੜੀ ਮੱਝ ਨੂੰ ਨਾਲ ਰਾਹੀਂ ਹਾਲੋਂ ਖੁਆਈਦੀ ਏ। ਆਖੇ ਮੈਂ ਆਪ ਜੁਰਮਾਨਾ ਦੇ ਦਿਆਂਗਾ। ਕਸੂਰ ਸਾਰਾ ਡਰਾਈਵਰ ਦਾ ਤੇ ਲੈ ਲਿਆ ਆਪਣੇ ਸਿਰ। ਜਿਹੜਾ ਪਤੰਦਰ ਸਟੇਰਿੰਗ ਤੇ

ਬੈਠਾ ਏ ਆਪੇ ਜਾਣੇ ਕਿੰਨੀ ਰਫਤਾਰ ਰੱਖਣੀ ਏ। ਮੈਂ ਦਿਊਂ ਇਹਨੂੰ ਜੁਰਮਾਨਾ!"

ਸਮਾਂ ਇੰਨੀ ਤੇਜ਼ੀ ਨਾਲ ਦੌੜ ਰਿਹਾ ਸੀ ਕਿ ਹੁਣ ਪੈਸਿਆਂ ਨਾਲੋਂ ਸਮੇਂ ਸਿਰ ਹਵਾਈ ਅੱਡੇ ਤੇ ਪਹੁੰਚਣਾ ਕਿਤੇ ਜ਼ਿਆਦਾ ਮਹੱਤਵਪੂਰਣ ਗੱਲ ਸੀ। ਘਰਵਾਲੀ ਦੀਆਂ ਗਾਲਾਂ ਦਾ ਜਵਾਬ ਦੇਣਾ ਅਰਥਹੀਣ ਸੀ। ਉਡਾਨ ਮਿਸ ਹੋ ਜਾਣ ਤੇ ਜੋ ਖੱਜਲਖੁਆਰੀ ਹੋਣੀ ਸੀ ਉਹ ਕਿਤੇ ਜ਼ਿਆਦਾ ਵੱਡਾ ਮਸਲਾ ਸੀ। ਆਖਰਕਾਰ ਪੁਲੀਸ ਗੱਡੀਆਂ ਨੂੰ ਨਿਯਮਿਤ ਕਰਨ ਵਿੱਚ ਕਾਮਯਾਬ ਹੋ ਹੀ ਗਈ। ਟਰੈਫਿਕ ਫਿਰ ਚੱਲ ਪਈ। ਅਸੀਂ ਹਵਾਈ ਅੱਡੇ ਤੇ ਆਪਣੀ ਉਡਾਨ ਤੋਂ ਮਸਾਂ ਚਾਲੀ ਕੁ ਮਿੰਟ ਪਹਿਲਾਂ ਹੀ ਪਹੁੰਚੇ। ਕਾਊਂਟਰ ਤੇ ਅਸੀਂ ਉਸ ਸਮੇਂ ਪਹੁੰਚੇ ਜਦੋਂ ਉਡਾਨ ਵਿੱਚ ਮਸਾਂ 20-25 ਮਿੰਟ ਹੀ ਰਹਿੰਦੇ ਸਨ। ਸਮਾਨ ਦਾ ਵਜ਼ਨ ਕਰਵਾਇਆ ਤਾਂ ਪਤਾ ਲੱਗਾ ਕਿ ਮੇਰੇ ਅਟੈਚੀ ਕੇਸ ਵਿਚ ਤਿੰਨ ਕਿਲੋ ਭਾਰ ਵੱਧ ਸੀ।

"ਮੇਰਾ ਇਹ ਵਾਧੂ ਭਾਰ ਤੂੰ ਆਪਣੇ ਅਟੈਚੀ ਵਿੱਚ ਪਾ ਲੈ," ਮੈਂ ਆਪਣੀ ਘਰਵਾਲੀ ਨੂੰ ਤਰਲਾ ਕੀਤਾ।

"ਇਹ ਕਿਵੇਂ ਹੋ ਸਕਦਾ ਹੈ, ਮੇਰਾ ਅਟੈਚੀ ਤਾਂ ਪਹਿਲਾਂ ਹੀ ਪੂਰਾ ਪੂਰਾ ਏ। ਘਰ ਤੋਂ ਗੰਦਮੰਦ ਚੁੱਕਕੇ ਨਾ ਤੁਰਿਆ ਕਰੋ", ਉਹ ਮੈਨੂੰ ਟੁੱਟ ਕੇ ਪੈ ਗਈ।

"ਫਿਰ ਹੁਣ ਕਿੰਜ ਕਰੀਏ? ਤੂੰ ਆਪਣਾ ਅੰਤਾਂ ਦਾ ਹਾਰ ਸ਼ਿੰਗਾਰ ਦਾ ਸਮਾਨ ਆਪਣੇ ਨਾਲ ਸੂਟਕੇਸ ਵਿੱਚ ਘਸੌੜਿਆ ਹੋਇਆ ਹੈ। ਇਸ ਵਿੱਚੋਂ ਅੱਧਾ ਕੁ ਕੱਢ ਕੇ ਦੋਹਤੇ ਨੂੰ ਫੜਾ ਦੇ। ਥੋੜ੍ਹਾ ਜਿਹਾ ਮੇਰਾ ਸਾਮਾਨ ਆਪਣੇ ਅਚੈਟੀ ਕੇਸ ਵਿੱਚ ਅਡਜਸ਼ਟ ਕਰ ਲੈ।"

"ਮੇਰੀ ਇੱਕ ਵੀ ਆਈਟਮ ਵੱਧ ਨਹੀਂ। ਮੈਂ ਕੁੱਝ ਵੀ ਬਾਹਰ ਨਹੀਂ ਕੱਢ ਸਕਦੀ।"

"ਬਹਿਸ ਛੱਡ। ਬਹਿਸ ਦਾ ਸਮਾਂ ਨਹੀਂ। ਸ਼ੁਕਰ ਕਰ ਕਿ ਸਾਨੂੰ ਲੇਟ ਪਹੁੰਚਿਆਂ ਨੂੰ ਵੀ ਸਟਾਫ ਨੇ ਆਗਿਆ ਦੇ ਦਿੱਤੀ। ਆਪਣੇ ਤਿੰਨ ਪਰਸਾਂ ਦੀ ਬਜਾਏ ਇੱਕ ਨਾਲ ਖੜ। ਦੋ ਕੱਢ ਕੇ ਬਾਹਰ ਮਾਰ। ਇੱਕ ਸੂਟ ਵੀ ਬਾਹਰ ਕੱਢ ਦੇ। ਇਹ ਸਭ ਕੁਝ ਦੋਹਤੇ ਨੂੰ ਫੜਾ ਦੇ। ਵਾਪਸ ਲੈ ਜਾਵੇਗਾ।'

"ਮੈਂ ਇੱਕ ਵੀ ਆਈਟਮ ਬਾਹਰ ਨਹੀਂ ਕੱਢ ਸਕਦੀ",

"ਫਿਰ ਕਿਵੇਂ ਕਰੀਏ?"

"ਫੜਾਓ ਉਰੇ, ਤੁਹਾਡਾ ਅਟੈਚੀ ਕੇਸ ਦੇਖਾਂ।"

ਘਰ ਵਾਲੀ ਨੇ ਮੇਰਾ ਅਟੈਚੀ ਫੜਿਆ ਤੇ ਦੇਖਿਆ ਕਿ ਉੱਪਰ ਮੈਂ ਦੋ ਵੱਡੀਆਂ ਕਿਤਾਬਾਂ ਰੱਖੀਆਂ ਹੋਈਆਂ ਸਨ। ਉਹਨਾਂ ਦੇ ਹੇਠਾਂ ਮੇਰੇ ਲਿਖੇ ਸੱਜਰੇ ਨਾਵਲ ਦੇ ਖਰੜੇ ਦੀ ਫਾਈਲ ਪਈ ਸੀ। ਸਾਈਡ ਤੇ ਅਖਬਾਰਾਂ ਦੀਆਂ ਕਈ ਸਾਰੀਆਂ ਕਟਿੰਗਜ਼ ਪਈਆਂ ਸਨ।

ਮੇਰੀ ਘਰਵਾਲੀ ਨੇ ਇਹ ਸਾਰਾ ਕੁਝ ਧੂਹ ਕੇ ਬਾਹਰ ਕੱਢਿਆ ਤੇ ਪਰੇ ਬਿੰਨ

(bin) ਵੱਲ ਵਗਾਹ ਕੇ ਮਾਰਿਆ।

"ਤੂੰ ਮੇਰਾ ਅਸਲੀ ਖਜ਼ਾਨਾ ਕੱਢ ਮਾਰਿਆ ਏ। ਪਲੀਜ਼, ਮੇਰੀਆਂ ਦੋ ਪੈਂਟਾਂ ਤੇ ਦੋ ਸਟੈਵਰ ਬਾਹਰ ਕੱਢ ਮਾਰ। ਇਹ ਸਾਰੇ ਕਾਗਜ਼ ਤੇ ਕਿਤਾਬਾਂ ਵਾਪਸ ਅਟੈਚੀ ਵਿੱਚ ਪਾ ਦੇ," ਜਦ ਮੈਂ ਆਪਣੀ ਘਰ ਵਾਲੀ ਦੀਆਂ ਮਿੰਨਤਾਂ ਕਰ ਰਿਹਾ ਸਾਂ ਤਾਂ ਕਾਊਂਟਰ ਤੇ ਬੈਠੀ ਗੋਰੀ ਕੁੜੀ ਸਾਡੇ ਵੱਲ ਬਿਟਰ ਬਿਟਰ ਝਾਕ ਰਹੀ ਸੀ ਤੇ ਮੁਸਕਰਾ ਰਹੀ ਸੀ।

ਅੱਜ ਮੈਂ ਤੁਹਾਡੀ ਇੱਕੋ ਵੀ ਨਹੀਂ ਸੁਣਨੀ। ਘਰ ਵਿੱਚ ਮੈਂ ਇਹਨਾਂ ਕਾਗਜ਼ਾਂ ਦਾ ਗੰਦ ਝੱਲਦੀ ਰਹੀ ਹਾਂ। ਅੱਜ ਮੈਂ ਇਹ ਗੰਦ ਬਿਲਕੁਲ ਵੀ ਨਹੀਂ ਝੱਲਣਾ। ਜੇ ਵਾਪਸ ਅਟੈਚੀ ਵਿੱਚ ਇਹ ਗੰਦ ਤੁੰਨਿਆ ਤਾਂ ਮੇਰੇ ਨਾਲੋਂ ਬੁਰਾ ਹੋਰ ਕੋਈ ਨਹੀਂ ਹੋਵੇਗਾ। ਆਖੇ ਮੇਰੀਆਂ ਪੈਟਾਂ, ਕੋਟੀਆਂ ਬਾਹਰ ਕੱਢ ਦੇਹ। ਉਥੇ ਜਾ ਕੇ ਮੇਰੇ ਨਾਲ ਮੰਗਤਾ ਬਣ ਕੇ ਤੁਰੂ, ਇਹ ਨਾਢੂ ਖਾਂ ਦਾ ਪੁੱਤ।

ਆਖਰ ਮੈਂ ਹਾਰ ਗਿਆ। ਉਹ ਖਾਸੀ ਡਾਢੀ ਹੋ ਨਿਬੜੀ। ਮੈਂ ਮੁੰਡੇ ਨੂੰ ਕਿਹਾ "ਦੋਹਤੇ, ਚੁੱਕ ਲੈ ਔਹ ਸਾਰੇ ਕਾਗਜ਼ ਤੇ ਕਿਤਾਬਾਂ, ਲੈ ਜਾਹ ਵਾਪਸ। ਹੋਰ ਗੱਲਾਂ ਕਰਨ ਦਾ ਸਮਾਂ ਨਹੀਂ। ਹੁਣ ਇਹਦੇ ਨਾਲ ਉੱਧਰ ਪਹੁੰਚ ਕੇ ਹੀ ਸਿੱਝਾਂਗਾ।"

ਪਹਿਲਾਂ ਤਾਂ ਉਹ ਦੋਹਤੇ ਨੂੰ ਇਸ਼ਾਰਾ ਕਰੀ ਗਈ ਕਿ ਪਿਆ ਰਹਿਣ ਦੇਵੇ ਗੰਦ-ਮੰਦ ਨੂੰ ਜਿੱਥੇ ਪਿਆ ਸੀ। ਆਖਰ ਉਸ ਨੇ ਮੇਰੇ ਤੇ ਇੰਨਾ ਕੁ ਰਹਿਮ ਕਰ ਹੀ ਲਿਆ ਕਿ ਦੋਹਤੇ ਨੂੰ ਕਿਤਾਬਾਂ ਤੇ ਕਾਗਜ਼ ਚੁੱਕ ਲੈਣ ਦਿੱਤੇ। ਦੋਹਤਾ ਵੀ ਉਸ ਘੜੀ ਉਹਦੀ ਸੈਨਤ ਵੱਧ ਮੰਨੇ ਤੇ ਮੇਰੀ ਘੱਟ।

ਮੈਂ ਸੁੱਖ ਦਾ ਸਾਹ ਲਿਆ ਕਿ ਮੇਰੀ ਦੌਲਤ ਖੋਹਣ ਤੋਂ ਬਚ ਗਈ ਸੀ। ਦੋਹਤੇ ਨੇ ਆਖਿਰਕਾਰ ਉਹ ਸਾਡੇ ਘਰ ਪਹੁੰਚਾ ਹੀ ਦੇਣੀ ਸੀ।

ਕਾਊਂਟਰ ਤੋਂ ਕਲੀਅਰੈਂਸ ਲੈ ਕੇ ਹਵਾਈ ਜਹਾਜ਼ ਅੰਦਰ ਪਹੁੰਚਣ ਵਾਲੀਆਂ ਅਸੀਂ ਸਭ ਤੋਂ ਆਖਰੀ ਸਵਾਰੀਆਂ ਸਾਂ।

## ਧੀਏ, ਸੁਖੀ ਵੀ ਏਂ?

ਜੱਸੀ ਤੇ ਜਸਦੀਪ ਵਿਚ ਹੁਣ ਅਕਸਰ ਝਗੜਾ ਰਹਿਣ ਲੱਗ ਪਿਆ। ਦੋਹਾਂ ਦਾ ਇਕ ਦੂਜੇ ਤੇ ਯਕੀਨ ਉੱਡ ਗਿਆ ਸੀ। ਜਸਦੀਪ ਹੋਰ ਕੁੜੀਆਂ ਦੀ ਸੰਗਤ ਵਿਚ ਫਿਰਦਾ ਰਹਿੰਦਾ ਸੀ ਤੇ ਜੱਸੀ ਰੌਨਲਡ ਨਾਲ ਫਿਰਦੀ ਰਹਿੰਦੀ ਸੀ। ਹੁਣ ਜੱਸੀ ਨੇ ਪੰਜਾਬ ਜਾਣ ਦਾ ਪ੍ਰੋਗਰਾਮ ਵੀ ਬਣਾ ਲਿਆ ਸੀ। ਉਸ ਨੇ ਕੁਝ ਸਮਾਂ ਇਕ ਸਟੋਰ ਵਿਚ ਕੰਮ ਕੀਤਾ ਸੀ ਤੇ ਪੰਜਾਬ ਜਾਣ ਜੋਗੇ ਪੈਸੇ ਬਣਾ ਲਏ ਸਨ। ਉਸ ਨੇ ਜਸਦੀਪ ਨੂੰ ਦੱਸੇ ਬਗ਼ੈਰ ਪੰਜਾਬ ਜਾਣ ਲਈ ਟਿਕਟ ਵੀ ਲੈ ਲਈ ਸੀ।

– ਕੀ ਤੁਸੀਂ ਮੈਨੂੰ ਅੱਠ ਤਾਰੀਖ ਨੂੰ ਏਅਰਪੋਰਟ ਤੇ ਛੱਡ ਆਓਗੇ?

– ਕੀ ਤੂੰ ਮੈਨੂੰ ਪੁੱਛ ਕੇ ਸੀਟ ਬੁੱਕ ਕਰਾਈ ਸੀ?

– ਮੈਨੂੰ ਆਈ ਨੂੰ ਤਿੰਨ ਸਾਲ ਹੋ ਗਏ। ਹੁਣ ਮੈਂ ਇਕ ਵਾਰ ਤਾਂ ਜਾਣਾ ਹੀ ਏ।

– ਮੈਂ ਤੈਨੂੰ ਜਾਣ ਤੋਂ ਰੋਕਿਆ ਏ? ਫਿਰ ਵੀ ਸੀਟ ਮੈਨੂੰ ਪੁੱਛ ਕੇ ਬੁੱਕ ਕਰਵਾਉਣੀ ਚਾਹੀਦੀ ਸੀ।

– ਤੁਸੀਂ ਮੇਰੀ ਕਿੰਨੀ ਕੁ ਪ੍ਰਵਾਹ ਕਰਦੇ ਹੋ?

– ਹੋਰ ਮੈਂ ਤੇਰੀ ਕੀ ਪ੍ਰਵਾਹ ਕਰਾਂ? ਘਰ ਦੇ ਸਾਰੇ ਬਿੱਲ ਦੇਈ ਜਾਂਦਾ ਹਾਂ। ਘਰ ਦੀ ਮਾਰਟਗੇਜ਼ ਵੀ ਦੇਈ ਜਾ ਰਿਹਾ ਹਾਂ। ਤੈਨੂੰ ਪਤਾ ਏ ਯੂਨਿਟ ਹੈ ਵੀ ਦੋਹਾਂ ਦੇ ਨਾਮ। ਅਗਰ ਮੈਂ ਚਾਹੁੰਦਾ ਤਾਂ ਯੂਨਿਟ ਆਪਣੇ ਇਕੱਲੇ ਦੇ ਨਾਮ ਵੀ ਕਰਵਾ ਸਕਦਾ ਸੀ।

– ਕੀ ਪੈਸਾ ਸਭ ਕੁਝ ਹੁੰਦਾ ਏ? ਕੀ ਮੈਂ ਪੈਸੇ ਨਾਲ ਵਿਆਹ ਕਰਵਾਇਆ ਸੀ?

– ਮੈਨੂੰ ਤਾਂ ਲਗਦਾ ਏ ਕਿ ਤੂੰ ਪੈਸੇ ਨਾਲ ਹੀ ਵਿਆਹ ਕਰਵਾਇਆ ਸੀ। ਅਗਰ ਪੈਸੇ ਨਾਲ ਵਿਆਹ ਨਾ ਕਰਵਾਇਆ ਹੁੰਦਾ ਤਾਂ ਬਾਹਰ ਨੂੰ ਆਉਣ ਦੇ ਚੱਕਰਾਂ 'ਚ ਕਿਉਂ ਪੈਂਦੀ? ਉਧਰ ਹੀ ਕਿਸੇ ਨਾਲ ਲਾਵਾਂ ਲੈ ਲੈਂਦੀ। ਨਾਲੇ ਹਰਾਮਜ਼ਾਦੀਆਂ ਬਾਹਰ ਆਉਣ ਨੂੰ ਤਰਸਦੀਆਂ ਰਹਿੰਦੀਆਂ ਨੇ ਤੇ ਨਾਲੇ ਕਹਿਣਗੀਆਂ ਕਿ ਇਨ੍ਹਾਂ ਨੇ ਪੈਸੇ ਨਾਲ ਵਿਆਹ ਨਹੀਂ ਕਰਵਾਇਆ। ਜਾਹ ਦਫ਼ਾ ਹੋ ਜਾਹ। ਜਿੱਥੇ ਮਰਜ਼ੀ ਜਾਹ। ਮੈਂ ਨਹੀਂ ਛੱਡਣ ਜਾ ਸਕਦਾ ਏਅਰਪੋਰਟ ਨੂੰ।

ਘੜੀ ਦੀ ਘੜੀ ਜੱਸੀ ਗੁੱਸਾ ਪੀ ਗਈ ਪਰ ਉਸ ਨੇ ਹੁਣ ਪੱਕਾ ਠਾਣ ਲਿਆ ਸੀ ਕਿ ਉਹ ਬਦਲਾ ਲੈ ਕੇ ਹੀ ਰਹੇਗੀ। ਅੱਠ ਤਰੀਖ ਨੂੰ ਟੈਕਸੀ ਕਰਕੇ ਉਹ ਇਕੱਲੀ

ਏਅਰਪੋਰਟ ਤੇ ਪਹੁੰਚ ਗਈ। ਸਾਰੇ ਕਾਗਜ਼ ਪੱਤਰ ਉਸ ਪਹਿਲਾਂ ਹੀ ਸੰਭਾਲ ਲਏ ਸਨ। ਜਹਾਜ਼ ਵਿਚ ਬੈਠ ਕੇ ਉਸ ਦਾ ਮਨ ਉਬਾਲੇ ਖਾਣ ਲੱਗਾ:-

ਚੰਗੀ ਤਰ੍ਹਾਂ ਪੜ੍ਹਾਈ ਨਾ ਕਰਕੇ ਮੈਂ ਆਪਣੀ ਜ਼ਿੰਦਗੀ ਖ਼ਰਾਬ ਕੀਤੀ ਏ.... ਅਗਰ ਚੰਗਾ ਪੜ੍ਹ ਲਿਖ ਜਾਂਦੀ ਤਾਂ ਟੈਸਟ ਪਾਸ ਕਰਕੇ ਆਪਣੇ ਸਿਰ ਤੇ ਬਾਹਰ ਆਉਂਦੀ.... ਆਪਣੇ ਸਿਰ ਤੇ ਬਾਹਰ ਜਾਣ ਦਾ ਮਜ਼ਾ ਹੀ ਕੁਝ ਹੋਰ ਏ.... ਪੰਜਾਬ ਆਓ ਆਪਣੀ ਮਰਜ਼ੀ ਨਾਲ ਮੁੰਡਾ ਚੁਣੋ ਤੇ ਫਿਰ ਵਿਆਹ ਕਰਵਾ ਲਓ। ਪਹਿਲੀ ਉਮਰ 'ਚ ਕੀਤੀਆਂ ਗ਼ਲਤੀਆਂ ਵੀ ਸਭ ਛੁਪ ਜਾਂਦੀਆਂ ਹਨ.... ਮੁੰਡਾ ਵੀ ਹਾਣ ਦਾ ਮਿਲਦਾ ਏ.... ਹਾਣ ਦੇ ਮੁੰਡੇ ਦੀ ਗੱਲ ਈ ਹੋਰ ਹੁੰਦੀ ਏ.... ਨਾਲੇ ਆਪ ਚੁਣਿਆ ਮੁੰਡਾ ਆਪਣਾ ਗੁਲਾਮ ਬਣ ਕੇ ਵੀ ਰਹਿੰਦਾ ਏ.... ਮੁੰਡਾ ਅਹਿਸਾਨਮੰਦ ਵੀ ਰਹਿੰਦਾ ਏ... ਕਈ ਤਾਂ ਨਿਰੇ ਗੁਲਾਮ ਹੀ ਬਣ ਜਾਂਦੇ ਹਨ... ਕਿੰਨਾ ਮਜ਼ਾ ਏ ਜੇ ਕੋਈ ਗੁਲਾਮ ਹੀ ਬਣ ਜਾਵੇ.... ਪੰਜਾਬ 'ਚੋਂ ਤਾਂ ਮੈਨੂੰ ਹੁਣ ਵੀ ਹਾਣ ਦਾ ਮੁੰਡਾ ਮਿਲ ਸਕਦਾ ਏ.... ਉਥੋਂ ਤਾਂ ਹਰ ਜਣਾ ਖਣਾ ਬਾਹਰ ਜਾਣ ਨੂੰ ਝੂਰਦਾ ਏ.... ਭਾਵੇਂ ਕਿਸੇ ਤੋਂ ਪੈਸੇ ਵੀ ਲੈ ਲਵੋ... ਮਜ਼ੇ ਕਰੋ ਪੈਸਿਆਂ ਨਾਲ ਵੀ ਤੇ ਮੁੰਡੇ ਨਾਲ ਵੀ.... ਨਹੀਂ, ਪੈਸੇ ਨਹੀਂ ਲੈਣੇ ਚਾਹੀਦੇ!.... ਜ਼ਿਆਦਾ ਪੈਸੇ ਵਾਲੇ ਖ਼ਰਾਬ ਹੁੰਦੇ ਨੇ? ਕੋਈ ਸਾਧਾਰਨ ਪਰਿਵਾਰ ਦਾ ਆਪਣੇ ਹਾਣ ਦਾ ਮੁੰਡਾ! ਪਹਿਲਾਂ ਤਲਾਕ ਤਾਂ ਲੈਣਾ ਹੀ ਪਊ। ਕਿਤੇ ਜਸਦੀਪ ਕੋਈ ਹੰਗਾਮਾ ਖੜ੍ਹਾ ਤਾਂ ਨਹੀਂ ਕਰ ਦੇਊ।.... ਨਹੀਂ! ਨਹੀਂ! ਆਸਟਰੇਲੀਆ ਜਿਹੇ ਦੇਸ਼ 'ਚ ਕੀ ਹੰਗਾਮਾ ਕਰ ਦੇਊ? ਉਹਦੇ ਬੰਦੇ ਤਾਂ ਪੰਜਾਬ 'ਚ ਵੀ ਆ। ਮੈਨੂੰ ਪੰਜਾਬ ਜਾ ਕੇ ਬਹੁਤਾ ਰੌਲਾ ਨਹੀਂ ਪਾਉਣਾ ਚਾਹੀਦਾ। ਪਹਿਲਾਂ ਮਾਂ ਨਾਲ ਸਲਾਹ ਕਰਨੀ ਜ਼ਰੂਰੀ ਏ....।

ਜੱਸੀ ਸਿੰਗਾਪੁਰ ਏਅਰਲਾਈਨਜ਼ ਵਿਚ ਗਈ ਸੀ। ਸਿੰਗਾਪੁਰ ਤੱਕ ਉਸ ਨੂੰ ਅਜੀਬੋ ਗਰੀਬ ਸੋਚਾਂ ਨੇ ਘੇਰ ਰੱਖਿਆ। ਸਿੰਗਾਪੁਰ ਤਿੰਨ ਕੁ ਘੰਟਿਆਂ ਦੀ ਬਰੇਕ ਸੀ। ਜਦ ਉਹ ਆਪਣੀ ਅਗਲੀ ਦਿੱਲੀ ਲਈ ਉਡਾਨ ਭਰਨ ਲਈ ਲੋੜੀਂਦੇ ਗੇਟ ਨੇੜੇ ਪਹੁੰਚੀ ਤਾਂ ਦੇਖਿਆ ਉਥੇ ਕੈਨੇਡਾ ਤੋਂ ਆਏ ਹੋਏ ਪੰਜਾਬੀਆਂ ਦਾ ਮੇਲਾ ਲੱਗਾ ਹੋਇਆ ਸੀ। ਇਨ੍ਹਾਂ ਸਾਰੇ ਪੰਜਾਬੀਆਂ ਨੇ ਵੀ ਇਸੇ ਫਲਾਈਟ ਵਿਚ ਦਿੱਲੀ ਨੂੰ ਜਾਣਾ ਸੀ। ਕਿਤੇ ਕੋਈ ਬਾਬਾ ਬੈਠਾ ਸੀ, ਕਿਤੇ ਨਵ-ਵਿਆਹਿਆ ਜੋੜਾ, ਕਿਤੇ ਢਾਡੀ ਜਿਹੜੇ ਕੈਨੇਡਾ ਪ੍ਰੋਗਰਾਮ ਦੇ ਕੇ ਆਏ ਸਨ ਤੇ ਕਿਤੇ ਦਰਜੀ ਦੇ ਬਣਾਏ ਜੈਂਟਲਮੈਨ ਜਿਹੜੇ ਕਿਸੇ ਤਰੀਕੇ ਕੈਨੇਡਾ ਤਾਂ ਪਹੁੰਚ ਗਏ ਸਨ ਪ੍ਰੰਤੂ ਕਾਗਜ਼ ਪੱਤਰ ਕੋਈ ਵੀ ਨਹੀਂ ਸਨ ਭਰ ਸਕਦੇ। ਜੱਸੀ ਵੱਲ ਦੇਖ ਕੇ ਇਕ ਮਾਈ ਨੇ ਕਿਹਾ:-

"ਪੁੱਤ, ਮੇਰਾ ਫਾਰਮ ਈ ਭਰ ਦੇਹ?"

"ਮਾਂ ਜੀ, ਮੈਨੂੰ ਆਪਣਾ ਭਰ ਲੈਣ ਦਿਓ। ਇਸ ਤੋਂ ਬਾਅਦ ਤੁਹਾਡਾ ਵੀ ਭਰ ਦਿੰਨੀ ਆਂ। ਕਿੱਥੇ ਜਾ ਰਹੇ ਹੋ ਮਾਂ ਜੀ?"

"ਕੁੜੀਏ, ਮੈਂ ਮਰਿੰਡੇ ਜਾਣਾ ਏ। ਕੈਨੇਡਾ ਕੁੜੀ ਨੂੰ ਮਿਲਣ ਗਈ ਸੀ। ਅਨਪੜ੍ਹਾਂ

ਨੂੰ ਪਤਾ ਲੱਗਦਾ ਕਿੱਧਰੋਂ ਕਿੱਧਰ ਨੂੰ ਜਾਣਾ! ਮਸਾਂ ਪੁੱਛ ਪੁੱਛ ਕੇ ਦੂਜੇ ਪਾਸਿਓਂ ਇੱਧਰ ਨੂੰ ਆਈ ਆਂ, ਧੀਏ। ਪੁੱਤ, ਸਾਨੂੰ ਕਿਹੜਾ ਪਤਾ ਲਗਦਾ ਇਨ੍ਹਾਂ ਕਾਗਤਾਂ ਦਾ? ਅੱਖਾਂ ਅੱਗੇ ਨੀ ਕੰਮ ਕਰਦੀਆਂ। ਧੀਏ, ਤੂੰ ਕਿੱਥੇ ਜਾਣਾ ਏ?"

"ਮੈਂ ਵੀ ਤੁਹਾਡੀ ਗੁਆਂਢਣ ਹੀ ਆਂ। ਮੇਰਾ ਪਿੰਡ ਵੀ ਰੋਪੜ ਤੋਂ ਮੁਰਿੰਡੇ ਵਾਲੀ ਸੜਕ ਤੇ ਪੈਂਦਾ ਏ।"

"ਨੀ ਧੀਏ, ਫਿਰ ਤਾਂ ਤੂੰ ਸਾਡੇ ਗਰਾਂ ਦੀ ਹੀ ਨਿਕਲੀ। ਦਿੱਲੀਓਂ ਤੈਨੂੰ ਕੌਣ ਲੈਣ ਆਊ?"

"ਮੇਰੀ ਮੰਮੀ ਤੇ ਮਾਸੀ ਦਾ ਮੁੰਡਾ। ਮੇਰੇ ਮਾਸੀ ਦੇ ਮੁੰਡੇ ਕੋਲ ਸਕੋਰਪੀਓ ਗੱਡੀ ਏ। ਤੁਹਾਨੂੰ ਕੌਣ ਲੈਣ ਆ ਰਿਹਾ ਏ, ਬੇਬੇ ਜੀ?"

"ਮੇਰਾ ਮੁੰਡਾ ਰੋਪੜ ਥਰਮਲ ਪਲਾਂਟ 'ਚ ਲੱਗਾ ਹੋਇਆ। ਧੀਏ, ਸਾਨੂੰ ਤਾਂ ਉਹ ਲੈ ਜਾਵੇਗਾ। ਹੋਰ ਸਭ ਰਾਜ਼ੀ ਬਾਜੀ ਏ? ਕਿੱਥੋਂ ਆ ਰਹੀ ਏਂ?"

"ਹਾਂ, ਮਾਂ ਜੀ ਸਭ ਠੀਕ ਏ। ਮੈਂ ਤਾਂ ਆਸਟਰੇਲੀਆ ਤੋਂ ਆ ਰਹੀ ਹਾ।"

"ਪ੍ਰਾਹੁਣਾ ਨੀ ਆਇਆ?"

"ਨਹੀਂ, ਮਾਂ ਜੀ, ਇਕੱਲੀ ਹੀ ਆ ਰਹੀ ਆਂ।"

"ਧੀਏ, ਪ੍ਰਾਹੁਣੇ ਕਿਹੜੇ ਅੱਜ ਕੱਲ੍ਹ ਚੰਗੇ ਮਿਲਦੇ ਆ। ਕਈਆਂ ਨੂੰ ਤਾਂ ਨਰੜ ਹੀ ਕੱਟਣੇ ਪੈਂਦੇ ਆ। ਨਾਲੇ ਬਾਹਰਲੇ ਤਾਂ ਓਦਾਂ ਵੀ ਬੜੇ ਚੌੜੇ ਹੋਏ ਰਹਿੰਦੇ ਆ।"

"ਕੀ ਗੱਲ ਹੋਈ ਮਾਂ ਜੀ? ਧੀ ਸੁਖੀ ਨਹੀਂ ਲਗਦੀ?"

"ਹਾਂ, ਧੀਏ। ਸਾਡੀ ਕੁੜੀ ਔਖੀ ਏ ਪਰ ਫਿਰ ਵੀ ਕੱਟੀ ਜਾਂਦੀ ਏ। ਇਕ ਰਿਸ਼ਤਾ ਵਿਚਾਰੀ ਨੂੰ ਪੱਕੜ ਮਿਲਿਆ। ਉਹ 20 ਦੀ ਸੀ ਤੇ ਪ੍ਰਾਹੁਣਾ ਅਠੱਤੀਆਂ ਦਾ। ਦਾਜ ਵੀ ਅੰਤਾਂ ਦਾ ਮੰਗ ਕੇ ਲਿਆ। ਪੰਜ ਸੌ ਬੰਦਾ ਬਰਾਤ ਦਾ ਇਕੱਠਾ ਕਰ ਲਿਆਏ। ਸੂਮੋ ਗੱਡੀ ਦਿੱਤੀ ਸੀ। ਵਿਆਹ ਮੋਰਿੰਡੇ ਪੈਲੇਸ ਵਿਚ ਕੀਤਾ ਸੀ। ਮਸਾਂ-ਮਸਾਂ ਕੁੜੀ ਉੱਧਰ ਪਹੁੰਚੀ ਤਾਂ ਤੰਗ ਕਰਨ ਲੱਗ ਪਿਆ। ਕੁੜੀ ਦੀ ਬੁੱਕਤ ਹੀ ਕੋਈ ਨਾ, ਮਾਂ ਪਿਓ ਨੂੰ ਹੀ ਪੂਜੀ ਜਾਵੇ। ਅਸੀਂ ਫ਼ਿਕਰਮੰਦ ਹੋ ਗਏ। ਧੀਏ, ਆਖ਼ਰ ਰੱਬ ਨੇ ਸੁਣ ਲਈ। ਨਿਆਣਾ ਨਿੱਕਾ ਹੋ ਗਿਆ। ਉਹ ਵੀ ਸੁੱਖ ਨਾਲ ਮੁੰਡਾ। ਹੁਣ ਜਣੇਪੇ ਤੇ ਹੀ ਗਈ ਸਾਂ। ਲਗਦਾ ਏ ਹੁਣ ਕੁੜੀ ਵਸ ਜਾਊ। ਧੀਏ, ਕੁੜੀਆਂ ਦੇ ਸੱਲ ਬੁਰੇ। ਪਹਿਲਾਂ-ਪਹਿਲਾਂ ਕੁੜੀ ਨੂੰ ਕਹੀ ਜਾਵੇ, ਤੈਨੂੰ ਅੰਗਰੇਜ਼ੀ ਨੀ ਚੱਜ ਨਾਲ ਬੋਲਣੀ ਆਉਂਦੀ। ਆਪ ਫੱਫੇਕੁੱਟਣਾ ਬਾਰਾਂ ਕੁ ਜਮਾਤਾਂ ਇੱਧਰੋਂ ਪੜ੍ਹ ਕੇ ਉੱਧਰ ਨੂੰ ਗਿਆ ਸੀ। ਸਾਡੀ ਕੁੜੀ ਵੀ ਸੁੱਖ ਨਾਲ ਦਸ ਜਮਾਤਾਂ ਪੜ੍ਹੀ ਹੋਈ ਸੀ। ਫਿਰ ਕਹੀ ਜਾਵੇ-ਤੈਨੂੰ ਚੱਜ ਨਾਲ ਕੱਪੜੇ ਨੀ ਪਾਉਣੇ ਆਉਂਦੇ। ਕਿਸੇ ਪਾਰਟੀ ਤੇ ਹੀ ਨਾ ਲੈ ਕੇ ਜਾਇਆ ਕਰੇ। ਵਿਚਾਰੀ ਚੋਰੀ ਛਿਪੇ ਸਾਨੂੰ ਫੋਨ ਕਰਿਆ ਕਰੇ। ਕਈ ਵਾਰ ਤਾਂ ਵਿਚਾਰੀ ਫੋਨ ਤੇ ਰੋ ਹੀ ਪਿਆ ਕਰੇ। ਅਸੀਂ ਤਾਂ ਸੋਚਣ ਲੱਗ ਪਏ ਸੀ ਕਿ ਦੁਆਰਾ ਹੀ ਵਿਆਹੁਣੀ ਪਊ। ਧੀਏ, ਆਖਰ ਰੱਬ ਨੇ ਸੁਣ

ਲਈ। ਹੁਣ ਨਿਆਣਾ ਨਿੱਕਾ ਹੋ ਗਿਆ, ਹੁਣ ਕੁਝ ਸੁਧਰ ਵੀ ਗਿਆ। ਮੇਰੇ ਨਾਲ ਗਈਓ ਨਾਲ ਚੰਗੀਆਂ ਗੱਲਾਂ ਮਾਰਦਾ ਰਿਹਾ। ਮੈਨੂੰ ਗੁਰਦੁਆਰੇ ਵੀ ਲਿਜਾਂਦਾ ਰਿਹਾ। ਕਈਆਂ ਮਿੱਤਰਾਂ-ਦੋਸਤਾਂ ਦੇ ਘਰ ਵੀ ਮੈਨੂੰ ਲੈ ਗਿਆ ਸੀ। ਮੇਰੇ ਗਈ ਦੇ ਪੈਰੀਂ ਹੱਥ ਵੀ ਲਾਏ। ਹੁਣ ਜਦ ਮੈਂ ਆਈ ਆਂ ਤਾਂ ਮੈਨੂੰ ਏਅਰਪੋਰਟ ਤੇ ਛੱਡ ਕੇ ਚੜ੍ਹਾ ਗਿਆ। ਨਾਲੇ ਮੇਰੀ ਪੈਰੀਂ ਹੱਥ ਲਾਏ। ਧੀਏ, ਤੂੰ ਇਕੱਲੀ ਸੈਰਾਂ ਕਰਦੀ ਫਿਰਦੀ ਏਂ। ਪ੍ਰਾਹੁਣੇ ਨੂੰ ਨਾਲ ਲੈ ਕੇ ਕਿਉਂ ਨੀ ਆਈ?"

"ਮਾਂ ਜੀ, ਬਸ ਵੈਸੇ ਹੀ ਇਸ ਵਾਰ ਇਕੱਲੀ ਜਾ ਰਹੀ ਆਂ। ਨਾਲੇ ਮੈਂ ਤਾਂ ਵਿਆਹ ਤੋਂ ਬਾਅਦ ਪਹਿਲੀ ਵਾਰ ਜਾ ਰਹੀ ਹਾਂ।"

"ਧੀਏ ਵਿਆਹ ਨੂੰ ਕਿੰਨਾ ਚਿਰ ਹੋ ਗਿਆ?"

"ਤਿੰਨ ਸਾਲ।"

"ਤਿੰਨ ਸਾਲ! ਸਿਹਤ ਤਾਂ ਠੀਕ ਏ?" ਮਾਈ ਨੇ ਐਨਕਾਂ ਜ਼ਰਾ ਅੱਖਾਂ ਦੇ ਨੇੜੇ ਕਰਕੇ ਬਾਰੀਕੀ ਨਾਲ ਝਾਕਿਆ।

"ਮਾਂ ਜੀ, ਅੱਖਾਂ ਨੂੰ ਐਨਾ ਕਸ਼ਟ ਨਾ ਦਿਓ। ਅਜੇ ਕੁਛ ਨਹੀਂ ਏ।"

"ਧੀਏ, ਸੁਖੀ ਵੀ ਏਂ?"

ਜੱਸੀ ਦੀਆਂ ਅੱਖਾਂ ਵਿਚ ਅੱਥਰੂ ਟਪਕ ਪਏ।

ਮਾਈ ਨੂੰ ਕੁਝ ਸ਼ੱਕ ਹੋ ਗਿਆ ਕਿ ਕੁੜੀ ਸੁਖੀ ਨਹੀਂ।

"ਧੀਏ, ਤੂੰ ਕੁਝ ਲੁਕਾਂਦੀ ਲਗਦੀ ਏਂ?"

"ਹਾਂ, ਮਾਂ ਜੀ।"

"ਦੱਸ ਤਾਂ ਸਹੀ ਕਹਾਣੀ ਕੀ ਏ? ਬਾਹਰਲਿਆਂ ਦਾ ਤਾਂ ਬੇੜਾ ਹੀ ਬੈਠਾ ਲਗਦਾ ਏ। ਬਾਹਰ ਪਹੁੰਚ ਕੇ ਏਧਰਲਿਆਂ ਨੂੰ ਤਾਂ ਯਾਨੀ ਫਿਰ ਟਿੱਚ ਜਾਣਦੇ ਆ। ਇਨ੍ਹਾਂ ਹਰਾਮਜ਼ਾਦਿਆਂ ਨੂੰ ਕੋਈ ਪੁੱਛਣ ਵਾਲਾ ਹੋਵੇ, ਪਈ ਆਪ ਵੀ ਪਹਿਲਾਂ ਇੱਧਰੋਂ ਹੀ ਗਏ ਸੀ। ਜੇ ਉਧਰ ਚਲੇ ਗਏ ਤਾਂ ਕਿਤੇ ਚੰਦ ਤੇ ਤਾਂ ਨਹੀਂ ਪਹੁੰਚ ਗਏ। ਚਾਰ ਪੈਸੇ ਕੋਲ ਹੋ ਗਏ। ਪੈਸੇ ਤਾਂ ਕੰਜਰਾਂ ਕੋਲ ਵੀ ਬਥੇਰੇ ਹੁੰਦੇ ਆ। ਕੁੜੇ, ਉਧਰ ਦੇਖਿਆ, ਕੋਈ ਅੱਧੀ ਰਾਤ ਨੂੰ ਘਰ ਆ ਰਿਹਾ ਏ ਤੇ ਕੋਈ ਅੱਧੀ ਰਾਤ ਨੂੰ ਘਰੋਂ ਕੰਮ ਤੇ ਜਾ ਰਿਹਾ ਏ। ਜੇ ਐਥੇ ਪੰਜਾਬ 'ਚ ਕਹੋ ਖੇਤੀ ਕਰਨ ਨੂੰ ਤਾਂ ਇਨ੍ਹਾਂ ਨੂੰ ਗਸ਼ ਪੈਂਦੀ ਏ। ਉੱਥੇ ਕੋਈ ਆਲੂ ਪੁੱਟਦਾ ਏ, ਕੋਈ ਬੇਰੀ ਤੋੜਦਾ ਏ, ਕੋਈ ਸਫ਼ਾਈਆਂ ਕਰਦਾ ਏ, ਕੋਈ ਟੈਕਸੀ ਚਲਾਉਂਦਾ ਏ, ਕੋਈ ਟਰੱਕ ਚਲਾਉਂਦਾ ਏ ਤੇ ਕੋਈ ਕਾਰਾਂ ਨੂੰ ਕਤਾਰਾਂ ਵਿਚ ਖੜ੍ਹੀਆਂ ਕਰਵਾਉਣ ਤੇ ਲੱਗਾ ਹੋਇਆ ਏ। ਉਦਾਂ ਕਹਿਣ ਨੂੰ ਸਰਦਾਰਾਂ ਦੇ ਪੁੱਤ ਆ। ਆਪਣੇ ਪੰਜਾਬ 'ਚ ਸਰਦਾਰੀ ਨੀ ਕਰ ਹੁੰਦੀ, ਉੱਥੇ ਕੈਨੇਡਾ 'ਚ ਭਾਵੇਂ ਝਾੜੂ ਮਾਰਨਾ ਪਵੇ। ਆਹ ਸਾਡੇ ਪਿੰਡ ਦਾ ਵੱਢ ਖਾਣਿਆਂ ਦਾ ਘੁੱਗਾ ਇੱਧਰ ਬੀ.ਆ. ਕਰ ਗਿਆ ਸੀ ਤੇ ਰੋਪੜ ਨੌਕਰੀ ਵੀ ਠੀਕ ਤੇ ਲੱਗ ਗਿਆ ਸੀ। ਕਹਿੰਦੇ ਬੀ.ਆ. ਤੋਂ ਬਾਅਦ ਕੋਈ ਕੋਰਸ ਕਰਕੇ ਸ਼ੈਂਤ

ਮਾਸਟਰ ਲੱਗ ਗਿਆ ਸੀ। ਅਜੰਟਾਂ ਮਗਰ ਫਿਰੀ ਗਿਆ, ਫਿਰੀ ਗਿਆ। ਆਖ਼ਰ ਉੱਥੇ ਪਹੁੰਚ ਕੇ ਹੀ ਸਾਹ ਲਿਆ। ਪਹਿਲਾਂ ਇਟਲੀ ਗਿਆ ਸੀ, ਫਿਰ ਕੈਨੇਡਾ। ਹੁਣ ਉੱਥੇ ਮੈਨੂੰ ਮੇਰੇ ਜੁਆਈ ਨੇ ਮਿਲਾਇਆ.... ਅਜੇ ਗੋਰੀ ਨਾਲ ਰਹਿੰਦਾ ਏ.... ਕਹਿੰਦੇ ਗੋਰੀ ਤੋਂ ਤਲਾਕ ਲੈ ਕੇ ਫਿਰ ਪਿੱਛਿਓਂ ਵਿਚਾਰੀ ਆਪਣੀ ਨੂੰ ਲੈ ਕੇ ਜਾਊ। ਉਹ ਵਿਚਾਰੀ ਪਿੱਛੇ ਬੈਠੀ ਬੁੱਢੀ ਹੋ ਜਾਊ। ਪਿੱਛੇ ਇਕ ਕੁੜੀ ਏ.... ਉਧਰ ਗੋਰੀ ਦਾ ਮੁੰਡਾ ਏ।"

"ਕੰਮ ਕੀ ਕਰਦਾ ਮਾਂ ਜੀ?"

"ਘੁੱਗਾ ਕਿ ਮੇਰਾ ਜੁਆਈ?"

"ਘੁੱਗਾ?"

"ਕੰਧਾਂ ਤੇ ਰੰਗ ਕਰਦਾ ਏ।"

"ਯਾਨੀ ਕਿ ਪੇਂਟਰ?"

"ਆਹੋ, ਹੈਂਦਾਂ ਦਾ ਕੋਈ ਨਾਂ ਲੈਂਦੇ ਸੀ। ਤੂੰ ਦੱਸ ਧੀਏ, ਤੇਰਾ ਕੀ ਕਰਦਾ ਏ?"

"ਮਾਂ ਜੀ, ਮੇਰਾ ਤਾਂ ਟੈਕਸੀ ਡਰਾਈਵਰ ਏ।"

"ਤੈਨੂੰ ਚੱਜ ਨਾਲ ਬੁਲਾਉਂਦਾ ਏ ਕਿ ਨਹੀਂ?"

"ਮਾਂ ਜੀ, ਮੈਂ ਤਾਂ ਤਿੰਨ ਸਾਲ ਦੀ ਜੇਲ੍ਹ ਕੱਟ ਕੇ ਵਾਪਿਸ ਜਾ ਰਹੀ ਆਂ।"

"ਜੇਲ੍ਹ? ਨੀ ਉਹ ਕਿੱਦਾਂ? ਕਿਸੇ ਨਾਲ ਬਿਗਾਨੇ ਮੁਲਕ ਵਿਚ ਕੋਈ ਵਧੀਕੀ ਤਾਂ ਨਹੀਂ ਕਰਤੀ?"

"ਨਹੀਂ, ਮਾਂ ਜੀ ਨਹੀਂ। ਤੁਸੀਂ ਸਮਝਦੇ ਨਹੀਂ। ਮੇਰਾ ਵਿਆਹ ਉੱਧਰ ਹੋਇਆ ਸੀ। ਮੈਨੂੰ ਗਈ ਨੂੰ ਚੱਜ ਨਾਲ ਬੁਲਾਇਆ ਹੀ ਨੀ। ਹੋਰ ਈ ਸਹੇਲੀਆਂ ਬਣਾਈ ਫਿਰੀ ਜਾਂਦਾ ਸੀ। ਮੈਂ ਸੋਚਿਆ, ਸਬਰ ਦਾ ਘੁੱਟ ਭਰ ਕੇ ਪੱਕੇ ਹੋ ਜਾਈਏ, ਫਿਰ ਦੇਖਾਂਗੇ ਕਿਸ ਭਾਅ ਵਿਕਦੀ ਏ।"

"ਕੀ ਮਤਬਲ? ਹੁਣ ਤੂੰ ਵਾਪਿਸ ਨਹੀਂ ਜਾਵੇਂਗੀ।"

"ਘਰ ਜਾ ਕੇ ਸੋਚਾਂਗੀ। ਮਾਂ ਨਾਲ ਸਲਾਹ ਕਰਾਂਗੀ। ਪਹਿਲਾਂ ਗੱਲਬਾਤ ਕਰਾਂਗੇ ਉਹਦੇ ਨਾਲ। ਤਲਾਕ ਵੀ ਤਾਂ ਕਿਸੇ ਤਰੀਕੇ ਨਾਲ ਹੀ ਲੈ ਹੋਊ।"

"ਨੀ ਧੀਏ, ਹੁਣ ਗੱਲ ਗੁੱਲ ਨੂੰ ਛੱਡ। ਜੇ ਨਹੀਂ ਬਣੀ ਤਾਂ ਮੁੜ ਕੇ ਮੱਥੇ ਨਾ ਲੱਗੀਂ। ਹੋਰ ਨਾ ਕਿਤੇ ਤੈਨੂੰ ਮਾਰ ਮੁਕਾ ਕੇ ਖੂੰਜੇ ਲਾ ਦੇਵੇ। ਬਿਗੜਿਓ ਕਦੀ ਠੀਕ ਨਹੀਂ ਹੁੰਦੇ ਹੁੰਦੇ। ਧੀਏ, ਆਪਣਾ ਪੜ੍ਹਿਆ ਵਿਚਾਰੀਂ। ਤੂੰ ਵੱਧ ਸਿਆਣੀ ਏਂ। ਤੇਰੀ ਗੋਦ ਫਲ ਜਾਂਦੀ ਤਾਂ ਚੰਗਾ ਸੀ। ਫਿਰ ਸ਼ੈਂਤ ਕੰਮ ਸੂਤ ਆ ਹੀ ਜਾਂਦਾ।"

"ਮਾਂ ਜੀ ਛੱਡੋ ਪਰਾਂ ਇੱਦਾਂ ਦੀਆਂ ਗੱਲਾਂ ਨੂੰ। ਹੁਣ ਆਪਣੀ ਅਗਲੀ ਦਿੱਲੀ ਵਾਲੀ ਫਲਾਈਟ ਦਾ ਸਮਾਂ ਹੋ ਚੱਲਿਆ। ਆਓ, ਸਮਾਨ ਬਗੈਰਾ ਇਕੱਠਾ ਕਰੀਏ। ਹੁਣੇ ਐਂਟਰੀ ਸ਼ੁਰੂ ਹੋ ਜਾਊ।"

ਅਨਾਊਂਸਮੈਂਟ ਹੋਈ ਤੇ ਐਂਟਰੀ ਸ਼ੁਰੂ ਹੋ ਗਈ। ਬੁੱਢੀ ਦੀ ਸੀਟ ਕਿਧਰੇ ਹੋਰ ਸੀ ਤੇ

ਜੱਸੀ ਦੀ ਕਿਧਰੇ ਹੋਰ। ਹੁਣ ਉਨ੍ਹਾਂ ਨੂੰ ਆਪਸ ਵਿਚ ਵਿਛੜਨਾ ਹੀ ਪੈਣਾ ਸੀ। ਜਦ ਉਹ ਜਹਾਜ਼ ਅੰਦਰ ਬੈਠੀਆਂ ਤਾਂ ਜੱਸੀ ਨੇ ਆਪਣੀ ਸੀਟ ਦੇ ਨਾਲ ਦੀ ਸੀਟ ਤੇ ਬੈਠੀ ਸਵਾਰੀ ਨੂੰ ਬੇਨਤੀ ਕੀਤੀ ਕਿ ਉਹ ਉਸ ਬੁੱਢੜੀ ਨਾਲ ਅੱਗੇ ਹੋਰ ਗੱਲਾਂਬਾਤਾਂ ਕਰਦੀ ਜਾਣਾ ਚਾਹੁੰਦੀ ਏ, ਇਸ ਲਈ ਉਹ ਉਸ ਨਾਲ ਸੀਟ ਬਦਲ ਲਵੇ। ਨਾਲ ਵਾਲੀ ਸਵਾਰੀ ਮੰਨ ਗਈ। ਇਸ ਪ੍ਰਕਾਰ ਬੁੱਢੜੀ ਜੱਸੀ ਦੀ ਸੀਟ ਤੇ ਆ ਕੇ ਬੈਠ ਗਈ।

"ਸੁਣਿਆ ਧੀਏ, ਹੁਣ ਆਸਟਰੇਲੀਆ ਵਿਚ ਮਾਰ ਧਾੜ ਸ਼ੁਰੂ ਹੋ ਗਈ ਏ। ਤੂੰ ਤਾਂ ਉੱਥੋਂ ਆਈ ਏਂ। ਕੀ ਹਾਲ ਏ ਉੱਥੇ ਦਾ? ਕਹਿੰਦੇ ਆ ਗੋਰੇ ਆਪਣਿਆਂ ਨੂੰ ਲੁੱਟੀ ਜਾਂਦੇ ਆ ਤੇ ਮਾਰੀ ਵੀ ਜਾਂਦੇ ਆ। ਮੇਰੇ ਧੀ ਜੁਆਈ ਵੀ ਕੈਨੇਡਾ ਵਿਚ ਇਹੋ ਜਿਹੀਆਂ ਗੱਲਾਂ ਅਕਸਰ ਕਰਦੇ ਰਹਿੰਦੇ ਨੇ।"

"ਮਾਂ ਜੀ, ਲੋਕ ਗੱਲ ਦੀ ਲੱਲ ਬਣਾ ਲੈਂਦੇ ਆ। ਬਹੁਤੇ ਪੁਆੜੇ ਆਪਣਿਆਂ ਦੇ ਹੀ ਪਾਏ ਹੁੰਦੇ ਨੇ। ਗੋਰਿਆਂ ਨੂੰ ਵਿਚ ਐਵੇਂ ਹੀ ਘਸੋੜ ਲਿਆ ਜਾਂਦਾ ਏ। ਮਾੜੀਆਂ-ਮੋਟੀਆਂ ਲੁੱਟਾਂ ਖੋਹਾਂ ਹਰ ਦੇਸ਼ ਵਿਚ ਹੀ ਚਲਦੀਆਂ ਰਹਿੰਦੀਆਂ ਹਨ। ਪੜ੍ਹਨ ਲਈ ਆਏ ਨਵੇਂ ਮੁੰਡੇ ਕੁੜੀਆਂ ਪੈਸੇ ਖੁਣੋਂ ਹਰ ਵੇਲੇ ਟੁੱਟੇ ਰਹਿੰਦੇ ਨੇ। ਰਾਤ ਬਰਾਤੇ ਗੱਡੀਆਂ ਮੋਟਰਾਂ 'ਚੋਂ ਉਤਰ ਕੇ ਉਹ ਟੈਕਸੀਆਂ ਫੜ ਕੇ ਘਰਾਂ ਨੂੰ ਨਹੀਂ ਜਾ ਸਕਦੇ। ਜਦ ਕੋਈ ਅੱਧੀ ਰਾਤ ਨੂੰ ਉਜਾੜਾਂ ਵਿਚੋਂ ਤੁਰ ਕੇ ਜਾਊਗਾ ਤਾਂ ਉਹ ਲੁੱਟਿਆ ਵੀ ਜਾ ਸਕਦਾ ਏ। ਹਰ ਜਗ੍ਹਾ ਲੋਕ ਚੰਗੇ ਹੁੰਦੇ ਹਨ ਤੇ ਹਰ ਜਗ੍ਹਾ ਹੀ ਮਾੜੇ। ਬਿਹਲੜ ਬੰਦੇ ਆਸਟਰੇਲੀਆ ਵਿਚ ਵੀ ਬਥੇਰੇ ਨੇ। ਜਿਹੜਾ ਬੰਦਾ ਉੱਥੇ ਕੰਮ ਨਾ ਕਰਦਾ ਹੋਵੇ ਸਰਕਾਰ ਉਸਨੂੰ ਥੋੜ੍ਹੇ ਜਿਹੇ ਪੈਸੇ ਰੋਟੀ ਖਾਣ ਲਈ ਦਿੰਦੀ ਏ। ਉਨ੍ਹਾਂ ਨੂੰ ਸਸਤੇ ਰਿਹਾਇਸ਼ੀ ਮਕਾਨ ਵੀ ਦਿੱਤੇ ਹੋਏ ਹਨ। ਇਹ ਪੈਸੇ ਇੰਨੇ ਘੱਟ ਹਨ ਕਿ ਇਨ੍ਹਾਂ ਨਾਲ ਗੁਜ਼ਾਰਾ ਬੜੇ ਸੰਜਮ 'ਚ ਰਹਿ ਕੇ ਹੁੰਦਾ ਏ। ਇਹ ਵਿਹਲੇ ਬੰਦੇ ਕਈ ਪ੍ਰਕਾਰ ਦੇ ਨਸ਼ੇ ਕਰਦੇ ਹਨ। ਜਦ ਇਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ ਤਾਂ ਇਹ ਕਿਸੇ ਨੂੰ ਰਾਤ ਬਰਾਤੇ ਲੁੱਟ ਵੀ ਸਕਦੇ ਹਨ। ਦੂਜੇ ਪਾਸੇ ਕੰਮ ਕਰਨ ਵਾਲੇ ਲੋਕਾਂ ਤੇ ਸਰਕਾਰ ਨੇ ਅੰਤਾਂ ਦੇ ਟੈਕਸ ਲਾਏ ਹੋਏ ਹਨ। ਜਿਹੜਾ ਜਿੰਨਾ ਜ਼ਿਆਦਾ ਕੰਮ ਕਰੇਗਾ ਉਸਦਾ ਉਨਾ ਹੀ ਜ਼ਿਆਦਾ ਟੈਕਸ ਕੱਟ ਹੋ ਜਾਊਗਾ। ਕੱਟਿਆ ਹੋਇਆ ਇਹ ਟੈਕਸ ਸਰਕਾਰ ਵਿਹਲੇ ਬੰਦਿਆਂ ਨੂੰ ਦੇ ਕੇ ਖਾਨਾ ਪੂਰਤੀ ਕਰਦੀ ਰਹਿੰਦੀ ਏ। ਜੋ ਆਦਰ ਮਾਣ ਨਾਲ ਰਹਿਣਾ ਚਾਹੁੰਦਾ ਏ ਉਹ ਤਾਂ ਹਮੇਸ਼ਾ ਮਿਹਨਤ ਕਰੇਗਾ ਹੀ। ਅਸੀਂ ਪੰਜਾਬੀ ਮਿਹਨਤ ਤੋਂ ਕਦੇ ਵੀ ਪਿੱਛੇ ਨਹੀਂ ਰਹਿੰਦੇ। ਜਿਨ੍ਹਾਂ ਨੇ ਸ਼ਰਮ ਲਾਹ ਕੇ ਪਰ੍ਹੇ ਸੁੱਟ ਦਿੱਤੀ ਉਹ ਵਿਹਲੇ ਫਿਰਦੇ ਰਹਿੰਦੇ ਨੇ ਤੇ ਸਰਕਾਰ ਤੋਂ ਮਿਲਣ ਵਾਲੇ ਪੈਸਿਆਂ ਨਾਲ ਗੁਜ਼ਾਰਾ ਕਰਦੇ ਨੇ। ਸਰਕਾਰ ਨੂੰ ਤਾਂ ਹਰ ਤਰ੍ਹਾਂ ਦੇ ਬੰਦਿਆਂ ਦਾ ਖ਼ਿਆਲ ਰੱਖਣਾ ਹੀ ਪੈਂਦਾ ਏ।"

"ਧੀਏ, ਲੁੱਟਣਾ ਤਾਂ ਮੰਨਿਆਂ। ਕਈ ਤਾਂ ਜਾਨੋ ਹੀ ਮਾਰ ਜਾਂਦੇ ਨੇ। ਸੁਣਿਆ, ਪਿੱਛੇ ਜਿਹੇ ਕੋਈ ਗੋਰਾ ਛੋਟਾ ਜਿਹਾ ਬੱਚਾ ਚੁੱਕ ਕੇ ਹੀ ਦੌੜ ਗਿਆ। ਬਾਅਦ ਵਿਚ ਬੱਚੇ

ਦੀ ਲਾਸ਼ ਮਿਲੀ?"

"ਮਾਂ ਜੀ, ਉਹ ਬੱਚਾ ਕਿਸੇ ਗੋਰੇ ਨੇ ਨਹੀਂ ਚੁੱਕਿਆ ਸੀ। ਇਕ ਪੰਜਾਬੀ ਮੁੰਡੇ ਨੇ ਹੀ ਬੱਚੇ ਨਾਲ ਖਿੱਚ ਧੂਹ ਕੀਤੀ ਸੀ। ਇਸ ਖਿੱਚ ਧੂਹ ਤੇ ਹਫੜਾ ਦਫੜੀ ਵਿਚ ਬੱਚਾ ਮਰ ਗਿਆ। ਅਦਾਲਤ ਨੇ ਪਿੱਛੇ ਜਿਹੇ ਫੈਸਲਾ ਸੁਣਾ ਦਿੱਤਾ ਸੀ ਤੇ ਉਸ ਪੰਜਾਬੀ ਮੁੰਡੇ ਨੂੰ ਸਜ਼ਾ ਹੋ ਗਈ ਸੀ। ਲੋਕ ਐਵੇਂ ਅਫ਼ਵਾਹਾਂ ਉਡਾਉਂਦੇ ਰਹਿੰਦੇ ਨੇ। ਪੰਜਾਬੀ ਆਸਟਰੇਲੀਆ ਵਿਚ ਪਿਛਲੇ ਤਕਰੀਬਨ ਸੌ ਸਾਲ ਤੋਂ ਰਹਿ ਰਹੇ ਨੇ। ਕਦੀ ਕਿਸੇ ਨੇ ਕਿਸੇ ਨੂੰ ਕੁਝ ਨਹੀਂ ਕਿਹਾ। ਵਿਚਾਰੇ ਇੱਥੇ ਆ ਕੇ ਮਿਹਨਤਾਂ ਮੁਸ਼ੱਕਤਾਂ ਕਰਕੇ ਸੈੱਟ ਹੋਏ। ਗੋਰੇ ਵੀ ਥੋੜ੍ਹੇ ਕੀਤੇ ਕਿਸੇ ਨੂੰ ਕੁਝ ਨਹੀਂ ਕਹਿੰਦੇ। ਮੈਨੂੰ ਤਾਂ ਲਗਦਾ ਏ, ਗੋਰੇ ਆਮ ਰਹਿਣ ਸਹਿਣ ਤੇ ਆਮ ਨੌਕਰੀਆਂ ਕਰਨ ਵਿਚ ਕੋਈ ਖਾਸ ਭੇਦਭਾਵ ਨਹੀਂ ਕਰਦੇ। ਅਗਰ ਮਾੜਾ ਮੋਟਾ ਭੇਦਭਾਵ ਏ ਤਾਂ ਤਰੱਕੀਆਂ ਦੇਣ ਵਿਚ ਏ। ਦੇਸ਼ ਦਾ ਕਾਨੂੰਨ ਭੇਦਭਾਵ ਦੇ ਸਖ਼ਤ ਖਿਲਾਫ਼ ਏ। ਆਹ, ਜਦੋਂ ਦਾ ਪੰਜਾਬ ਤੋਂ ਹਰ ਜਣਾ ਖਣਾ ਵਿੰਗੇ ਸਿੱਧੇ ਤਰੀਕਿਆਂ ਨਾਲ ਆਸਟਰੇਲੀਆ ਵੱਲ ਨੂੰ ਤੁਰ ਪਿਆ ਉਦੋਂ ਤੋਂ ਮਾਰ ਧਾੜ ਤੇ ਲੁੱਟਾਂ ਖੋਹਾਂ ਵਧੀਆ ਹਨ। ਇਨ੍ਹਾਂ ਮੁੰਡੇ ਕੁੜੀਆਂ ਦੀਆਂ ਆਪਸੀ ਡਾਟਾਂ ਵੱਧ ਕੰਮ ਖ਼ਰਾਬ ਕਰ ਰਹੀਆਂ ਹਨ। ਕਈ ਮੁੰਡੇ ਆਉਂਦੇ ਕਿਸੇ ਨਾਲ ਨੇ ਤੇ ਬਾਅਦ 'ਚ ਕਿਸੇ ਹੋਰ ਨਾਲ ਦੋਸਤੀ ਪਾ ਲੈਂਦੇ ਨੇ। ਇਵੇਂ ਹੀ ਕਈ ਕੁੜੀਆਂ ਕਰਦੀਆਂ ਹਨ। ਕਈਆਂ ਨੇ ਇੱਧਰ ਆਉਣ ਲਈ ਕਿਸੇ ਕੁੜੀ ਦੇ ਮਾਪਿਆਂ ਨੂੰ ਪੈਸੇ ਦਿੱਤੇ ਹੁੰਦੇ ਨੇ ਤੇ ਕਾਗਜ਼ੀ ਵਿਆਹ ਕਰਵਾਇਆ ਹੁੰਦਾ ਏ। ਕੁੜੀ ਨੇ ਪਹਿਲਾਂ ਪੱਕਾ ਹੋਣਾ ਹੁੰਦਾ ਏ ਤੇ ਮੁੰਡਾ ਬਾਅਦ ਵਿਚ ਉਹਦੇ ਸਿਰ ਤੇ ਪੱਕਾ ਹੁੰਦਾ ਏ। ਅਗਰ ਕੁੜੀ ਐਵੇਂ ਕਿਸੇ ਮੁੰਡੇ ਨੂੰ ਛੱਡ ਕੇ ਕਿਸੇ ਹੋਰ ਨਾਲ ਤੁਰ ਜਾਵੇ ਤਾਂ ਫਿਰ ਪਹਿਲੇ ਮੁੰਡੇ ਨੇ ਤਾਂ ਗੁੱਸਾ ਕਰਨਾ ਹੀ ਏ।"

"ਧੀਏ, ਬਾਹਰ ਨੂੰ ਆਉਣ ਦੇ ਪੁਆੜਿਆਂ ਨੇ ਮਾਰ ਲਿਆ। ਲੋਕ ਹਟਦੇ ਫਿਰ ਵੀ ਨਹੀਂ। ਆਪਣਾ ਪੰਜਾਬ ਕਿਹੜਾ ਮਾੜਾ ਏ। ਬਹੁਤੀ ਦੌੜ ਸਾਡੇ ਜੱਟਾਂ ਵਿਚ ਲੱਗੀ ਹੋਈ ਏ। ਆਹ, ਹਿੰਦੂ ਦੇਖ ਲੈ, ਬੜੇ ਸੁਹਣੇ ਹੱਟੀਆਂ ਤੇ ਬੈਠੇ ਆ। ਬੜਾ ਸਬਰ ਸੰਤੋਖ ਏ, ਇਸ ਕੌਮ ਵਿਚ। ਬਾਪ ਤੋਂ ਬਾਅਦ ਮੁੰਡੇ ਕਾਰੋਬਾਰ ਸੰਭਾਲ ਲੈਂਦੇ ਆ। ਇਹ ਤਾਂ ਬਾਹਰ ਵੱਲ ਨੂੰ ਬਹੁਤ ਹੀ ਘੱਟ ਮੂੰਹ ਕਰਦੇ ਆ। ਆਹ ਦੂਜੇ ਪਾਸੇ ਸਾਡੇ ਮੁੰਡੇ ਦੇਖ ਲੈ। ਜ਼ਮੀਨ ਵੱਲ ਮੂੰਹ ਨੀ ਕਰਦੇ। ਨਾ ਕਿਸੇ ਕਿੱਤੇ ਵੱਲ ਮੂੰਹ ਕਰਦੇ ਆ। ਓਦਾਂ ਘੁੰਮਣ ਨੂੰ ਮੋਟਰ ਸਾਈਕਲ ਚਾਹੀਦਾ ਏ ਤੇ ਪੀਣ ਨੂੰ ਸ਼ਰਾਬਾਂ। ਬੱਸ ਅਜੰਟਾਂ ਮਗਰ ਹੀ ਫਿਰੀ ਜਾਂਦੇ ਆ। ਕੋਈ ਕਹੂ, ਹੁਣ ਰਾਹਦਾਰੀ ਆਈ ਕਿ ਆਈ, ਕੋਈ ਕਹੂ ਐਨ.ਸੀ. ਮਿਲਗੀ। ਕੀ ਕਹਿੰਦੇ ਆਂ ਇਹਨੂੰ? ਕੋਈ ਕਹੂ ਬਸ ਸੀਟ ਓ.ਕੇ. ਹੋ ਗਈ।"

"ਮਾਂ ਜੀ ਐਨ.ਸੀ. ਨਹੀਂ ਹੁੰਦੀ, ਐਨ.ਓ.ਸੀ (N.O.C.) ਹੁੰਦੀ ਏ।"

"ਹਾਂ ਪੁੱਤ, ਬੱਸ ਇੰਦਾਂ ਦਾ ਹੀ ਕੁਝ ਕਹਿੰਦਾ ਹੁੰਦਾ ਸਾਡੇ ਗੁਆਂਢੀਆਂ ਦਾ ਮੁੰਡਾ ਨੀਟਾ। ਉਹ ਵੀ ਹੁਣ ਇਟਲੀ ਨੂੰ ਦੌੜਨ ਵਾਲਾ ਹੀ ਏ।"

"ਮਾਂ ਜੀ, ਅਸਲ ਵਿਚ ਖੇਤੀ ਵਿਚੋਂ ਬਚਦਾ ਵੀ ਕੁਝ ਘੱਟ ਏ ਤੇ ਦੂਜੀ ਗੱਲ ਇਹ ਹੈ ਕਿ ਜੱਟਾਂ ਨੂੰ ਬਚਾਉਣਾ ਵੀ ਨਹੀਂ ਆਉਂਦਾ।"

"ਉਹ ਕਿਵੇਂ?"

"ਲਾਲਾ ਬਹੁਤ ਹੀ ਸਕੀਮ ਨਾਲ ਚਲਦਾ ਏ। ਕੁਝ ਕਮਾ ਕੇ ਵੀ ਖਾਮੋਸ਼ ਰਹਿੰਦਾ ਏ। ਜੱਟ ਨੂੰ ਜਦ ਕੁਝ ਬਚ ਜਾਂਦਾ ਏ ਤਾਂ ਬੱਕਰੇ ਬੁਲਾਉਣ ਲੱਗ ਜਾਂਦਾ ਏ। ਦਿਖਾਵੇ ਕਰਨ ਲੱਗ ਜਾਂਦਾ ਏ। ਇਕਦਮ ਸਾਰਾ ਕਮਾਇਆ ਉਡਾ ਦਿੰਦਾ ਏ। ਜੇ ਵਧੀਆ ਤਰੀਕੇ ਨਾਲ ਖੇਤੀ ਕੀਤੀ ਜਾਵੇ ਤਾਂ ਇਹ ਕੋਈ ਮਾੜਾ ਕੰਮ ਨਹੀਂ। ਕਈ ਕੌਮਾਂ ਸਬਜ਼ੀਆਂ ਉਗਾ ਉਗਾ ਕੇ ਹੀ ਸੁਹਣੀਆਂ ਅਮੀਰ ਬਣ ਜਾਂਦੀਆਂ ਹਨ। ਜੱਟ ਵੱਧ ਖਿਲਾਰੇ ਪਾ ਕੇ ਵੱਧ ਖ਼ੁਸ਼ ਰਹਿੰਦਾ ਏ। ਜੱਟ ਨੂੰ ਵੱਡੀ ਸਾਰੀ ਹਵੇਲੀ ਤੇ ਵੱਡਾ ਸਾਰਾ ਘਰ ਚਾਹੀਦਾ ਏ। ਕਿਸੇ ਪਾਸੇ ਟਰੈਕਟਰ ਖੜ੍ਹਾ ਹੋਵੇ, ਕਿਸੇ ਪਾਸੇ ਪੱਠੇ ਕੁਤਰਨ ਵਾਲੀ ਗੇੜੀ ਮਸ਼ੀਨ ਹੋਵੇ, ਕਿਸੇ ਪਾਸੇ ਮੱਝਾਂ ਬੱਝੀਆਂ ਹੋਣ, ਕਿਸੇ ਪਾਸੇ ਇਕ ਵੱਡੀ ਸਾਰੀ ਬੈਠਕ ਹੋਵੇ ਜਿਸ ਵਿਚ ਦਸ ਕੁ ਮੰਜੇ ਡੱਠੇ ਹੋਣ, ਕਿਸੇ ਪਾਸੇ ਪਰਾਲੀ ਦੇ ਕੁੰਨੂੰ ਲੱਗੇ ਹੋਣ, ਕਿਸੇ ਪਾਸੇ ਗੰਨੇ ਪੀੜਨ ਲਈ ਚੁੱਬ੍ਹਾ ਹੋਵੇ, ਕਿਸੇ ਪਾਸੇ ਪਾਣੀ ਦੀ ਮੋਟਰ ਲੱਗੀ ਹੋਵੇ, ਦੋ ਕੁ ਨੌਕਰ ਕੰਮ ਕਰਨ ਨੂੰ ਹੋਣ, ਇੱਕ ਅੱਧ ਭਈਆ ਵੀ ਹੋਵੇ। ਲਾਲਾ ਇੰਝ ਨਹੀਂ ਕਰਦਾ। ਉਹ ਆਪਣਾ ਸਮਾਨ ਸਮੇਟ ਕੇ ਰੱਖਦਾ ਏ। ਉਹ ਥੋੜ੍ਹੇ ਥਾਂ ਵਿਚ ਵੀ ਵੱਧ ਸਮਾਨ ਟਿਕਾ ਲੈਂਦਾ ਏ। ਉਹ ਫਜ਼ੂਲ ਚੀਜ਼ਾਂ ਨੂੰ ਦੁਕਾਨ 'ਚੋਂ ਕੱਢ ਕੇ ਬਾਹਰ ਮਾਰਦਾ ਏ। ਅਗਰ ਜੱਟ ਸ਼ਰਾਬ ਦੇ ਠੇਕੇ ਤੋਂ ਬੋਤਲ ਖਰੀਦਦਾ ਏ ਤਾਂ ਲਾਲਾ ਅਧੀਏ ਜਾਂ ਪਾਉਏ ਨਾਲ ਵੀ ਸਾਰ ਲੈਂਦਾ ਏ। ਜੱਟ ਇਕ ਦੋ ਨੂੰ ਨਾਲ ਬਿਠਾ ਕੇ ਬੋਤਲ ਪੀਂਦਾ ਏ, ਲਾਲਾ ਇਕੱਲਾ ਹੀ ਅੰਦਰ ਵੜ ਕੇ ਪਊਆ ਪੀ ਕੇ ਸੌਂ ਜਾਂਦਾ ਏ। ਜੱਟ ਪੀ ਕੇ ਬੁੱਕਦਾ ਏ, ਲਾਲਾ ਪੀ ਕੇ ਖਾਮੋਸ਼ ਰਹਿੰਦਾ ਏ। ਜੱਟ ਪੀ ਕੇ ਕਿਰਪਾਨ ਜਾਂ ਦਾਤ ਕੱਢ ਲਿਆਉਂਦਾ ਏ, ਲਾਲਾ ਪੀ ਕੇ ਆਰਾਮ ਨਾਲ ਅੰਦਰ ਵੜ ਜਾਂਦਾ ਏ। ਜੱਟ ਹਰ ਸਮੇਂ ਕਚਹਿਰੀ ਵਿਚ ਹੀ ਰਹਿੰਦਾ ਏ, ਲਾਲਾ ਕਚਹਿਰੀ ਵਿਚ ਜੱਟ ਤੋਂ ਪੈਸੇ ਬਟੋਰਨ ਲਈ ਬੈਠਾ ਏ। ਅਗਰ ਜੱਟ ਨਾ ਹੋਣ ਤਾਂ ਪੰਜਾਬ ਦੀਆਂ ਕਚਹਿਰੀਆਂ ਕਬਰਸਤਾਨ ਬਣ ਜਾਣ। ਹੁਣ ਇਨ੍ਹਾਂ ਕਚਹਿਰੀਆਂ ਵਿਚ ਜੱਟਾਂ ਦੇ ਸਿਰ ਤੇ ਮੇਲਾ ਲੱਗਾ ਰਹਿੰਦਾ ਏ। ਵਕੀਲਾਂ ਦੀ ਸਾਰੀ ਖ਼ੁਸ਼ਹਾਲੀ ਦਾ ਕਾਰਨ ਪੰਜਾਬ ਦੇ ਜੱਟ ਹਨ। ਇਨ੍ਹਾਂ ਵਕੀਲਾਂ ਨੂੰ ਜੱਟਾਂ ਦੇ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਏ। ਜੱਟ ਇਕ ਦਮ ਅਮੀਰ ਬਣਨਾ ਚਾਹੁੰਦਾ ਏ। ਲਾਲਾ ਹੌਲੀ-ਹੌਲੀ ਮਿਹਨਤ ਕਰਕੇ ਲਗਾਤਾਰ ਅਮੀਰ ਰਹਿਣ ਵਿਚ ਯਕੀਨ ਰੱਖਦਾ ਏ। ਜੱਟ ਦੀ ਅਮੀਰੀ ਦਾ ਇਕ ਦਮ ਪਤਾ ਲੱਗ ਜਾਂਦਾ ਏ, ਲਾਲੇ ਦੀ ਅਮੀਰੀ ਦਾ ਇਕ ਦਮ ਪਤਾ ਨਹੀਂ ਲਗਦਾ। ਜੱਟ ਮੂੰਹ ਫੁੱਟ ਏ, ਲਾਲਾ ਮੂੰਹ ਬੰਦ ਏ।

"ਧੀਏ, ਕਿਸੇ ਚੰਗੇ ਲਾਣੇ ਵਾਲੇ ਟੱਬਰ 'ਚੋਂ ਲਗਦੀ ਏਂ। ਬੜਾ ਕੁਛ ਪਤਾ ਏ ਤੈਨੂੰ। ਗੱਲਾਂ ਗੱਲਾਂ ਵਿਚ ਸਫ਼ਰ ਚੰਗਾ ਲੰਘ ਗਿਆ। ਐਡੀ ਦੂਰ ਪ੍ਰਦੇਸ਼ਾਂ 'ਚ ਕੌਣ

ਆਪਣਾ ਟੱਕਰਦਾ? ਇਹ ਤਾਂ ਰੱਬ ਨੇ ਕੁਦਰਤੀ ਮੇਲੇ ਕਰਾਤੇ। ਕੁੜੀਏ, ਆਹ ਕੁੜੀਆਂ ਦੇਖ ਲਾ ਹਮੇਸ਼ਾ ਅਸਮਾਨਾਂ 'ਚ ਹੀ ਉਡਦੀਆਂ ਰਹਿੰਦੀਆਂ ਨੇ। ਇਨ੍ਹਾਂ ਨੂੰ ਕਹਿ, ਚਾਹ ਦਾ ਕੱਪ ਹੀ ਪਿਲਾ ਦੇਣ। ਮੈਨੂੰ ਤਾਂ ਇਨ੍ਹਾਂ ਨਾਲ ਗੱਲ ਈ ਨਹੀਂ ਕਰਨੀ ਆਉਂਦੀ। ਮੈਨੂੰ ਜਹਾਜ਼ ਬਿਠਾਉਣ ਵੇਲੇ ਵੀ ਮੇਰਾ ਜਵਾਈ ਇਕ ਬੜੀ ਤੇਜ਼ ਤੀਵੀਂ ਦੇ ਹਵਾਲ ਕਰ ਗਿਆ ਸੀ। ਉਹੀ ਮੈਨੂੰ ਧੁਰ ਅੰਦਰ ਤੱਕ ਛੱਡ ਕੇ ਗਈ ਸੀ। ਵਿਚਾਰੀ ਬੜੀ ਚੰਗੀ ਸੀ। ਹੱਥੀਂ ਛਾਵਾਂ ਕਰਦੀ ਸੀ। ਮਾੜੀ ਮਾੜੀ ਪੰਜਾਬੀ ਵੀ ਬੋਲਦੀ ਸੀ। ਬੜੀ ਮੂੰਹ ਦੀ ਲਬਾਸੀ ਸੀ।"

ਜੱਸੀ ਇਕ ਏਅਰ ਹੋਸਟੈਸ ਨੂੰ ਬੋਲਾ ਕੇ ਚਾਹ ਦੇ ਕੱਪਾਂ ਲਈ ਕਹਿੰਦੀ ਏ।

"ਮਾਂ ਜੀ, ਹੁਣੇ ਚਾਹ ਆਜੂ। ਸ਼ਾਇਦ ਕੁੱਝ ਨਾਲ ਖਾਣ ਨੂੰ ਵੀ ਆ ਜਾਵੇ।"

"ਇਨ੍ਹਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਧੀਏ ਚੰਗੀਆਂ ਨਹੀਂ ਲਗਦੀਆਂ। ਇੱਥੇ ਜਹਾਜ਼ ਵਿਚ ਆਪਣੇ ਪੰਜਾਬ ਜਿਹੀਆਂ ਚੀਜ਼ਾਂ ਕਿੱਥੇ? ਇਕ ਡਬਲ ਰੋਟੀ ਜਿਹੀ ਰੱਖ ਲਿਆਉਂਦੀਆਂ। ਥੋੜ੍ਹੇ ਜਿਹੇ ਚੌਲ, ਮਾੜੀ ਜਿਹੀ ਸਬਜ਼ੀ, ਚਟਨੀ ਆਦਿ। ਕੱਚੀਆਂ ਜਿਹੀਆਂ ਚੀਜ਼ਾਂ ਨਾਲ ਕੱਚੀ ਜਿਹੀ ਚਾਹ ਬਣਦੀ ਏ। ਇਹ ਕੀ ਹੋਇਆ ਕਿ ਗਰਮ ਪਾਣੀ ਅਲੱਗ ਪਾਓ, ਉਸ ਵਿਚ ਪੱਤੀ ਅਲੱਗ ਪਾਓ ਤੇ ਫਿਰ ਅੱਧ ਗਰਮ ਜਿਹੇ ਪਾਣੀ ਵਿਚ ਦੁੱਧ ਪਾ ਦਿਉ। ਚਾਹ ਕੱਚੀ-ਕੱਚੀ। ਨਾ ਕੋਈ ਉਬਾਲਾ, ਨਾ ਕੋਈ ਫੈਂਟ।"

"ਮਾਂ ਜੀ, ਹਰ ਏਅਰਲਾਈਨਜ਼ ਦਾ ਖਾਣਾ ਲਗਭਗ ਉਸ ਦੇਸ਼ ਦੇ ਖਾਣੇ ਜਿਹਾ ਹੁੰਦਾ ਹੈ ਜਿਸ ਦੇਸ਼ ਦੀ ਇਹ ਏਅਰ ਲਾਈਨਜ਼ ਹੋਵੇ। ਹੁਣ ਅਸੀਂ ਸਿੰਗਾਪੁਰ ਏਅਰਲਾਈਨਜ਼ ਰਾਹੀਂ ਜਾ ਰਹੇ ਹਾਂ। ਇਸ ਦਾ ਭੋਜਨ ਸਿੰਗਾਪੁਰ ਦੇ ਲੋਕਾਂ ਦੇ ਭੋਜਨ ਜਿਹਾ ਜ਼ਿਆਦਾ ਹੋਵੇਗਾ। ਇਸੀ ਪ੍ਰਕਾਰ ਅਗਰ ਅਸੀਂ ਏਅਰ ਇੰਡੀਆ 'ਚ ਸਫ਼ਰ ਕਰੀਏ ਤਾਂ ਦੇਖਾਂਗੇ ਕਿ ਉਸਦਾ ਭੋਜਨ ਭਾਰਤ ਦੇ ਲੋਕਾਂ ਦੇ ਪਰੰਪਰਾਗਤ ਭੋਜਨ ਜਿਹਾ ਵੱਧ ਹੋਵੇਗਾ। ਨਾਲੇ ਅਸੀਂ ਕਿਹੜਾ ਇੱਥੇ ਜਹਾਜ਼ ਵਿਚ ਦਿਨ ਗੁਜ਼ਾਰਨੇ ਆਂ। ਚੰਦ ਘੰਟਿਆਂ ਦੀ ਤਾਂ ਗੱਲ ਏ। ਜੇ ਕੁਝ ਘੰਟੇ ਆਪਣੇ ਪਸੰਦ ਦਾ ਖਾਣਾ ਨਾ ਵੀ ਖਾਧਾ ਤਾਂ ਕੀ ਹੋ ਜਾਊ? ਮੈਂ ਪਿਛਲੀ ਵਾਲੀ ਚੀਨ ਦੀ ਏਅਰਲਾਈਨਜ਼ ਰਾਹੀਂ ਆਈ ਸੀ। ਸਭ ਕੁਝ ਫਿੱਕਾ ਫਿੱਕਾ ਸੀ। ਤੈਵਾਨ ਜਾ ਕੇ ਏਅਰਪੋਰਟ ਤੇ ਥੋੜ੍ਹਾ ਜਿਹਾ ਚਿਕਨ ਲਿਆ, ਉਹ ਵੀ ਜਮਾਂ ਈ ਫਿੱਕਾ। ਅਗਰ ਭੋਜਨ ਨਾ ਪਸੰਦ ਹੋਵੇ ਤਾਂ ਸਨੈਕਸ ਤੇ ਫਰੂਟ ਖਾ ਕੇ ਗੁਜਾਰਾ ਕਰ ਲਈਦਾ ਏ। ਹਰ ਏਅਰ ਲਾਈਨਜ਼ ਥੋੜ੍ਹੇ-ਥੋੜ੍ਹੇ ਸਨੈਕਸ ਤੇ ਫਲ ਤਾਂ ਦਿੰਦੀ ਹੀ ਏ ਜਾਂ ਫਿਰ ਚਾਵਲ ਖਾ ਲਵੋ। ਕੋਈ ਡਰਿੰਕ ਲੈ ਲਵੋ, ਇੰਝ ਤਾਂ ਕਰਨਾ ਹੀ ਪੈਂਦਾ ਏ। ਦਿੱਲੀ ਉੱਤਰਕੇ ਬਥੇਰੇ ਢਾਬੇ ਆਉਂਦੇ ਆ ਪੰਜਾਬ ਨੂੰ ਜਾਂਦਿਆਂ। ਉਥੇ ਜਿੰਨੀਆਂ ਮਰਜ਼ੀ ਡੰਜਾਂ ਲਾਹ ਲਵੀਂ। ਉੱਥੇ ਤਾਂ ਹੁਣ ਮੱਕੀ ਦੀ ਰੋਟੀ ਤੇ ਸਾਗ ਵੀ ਮਿਲ ਜਾਂਦਾ ਏ, ਮਾਂ ਜੀ।"

"ਕੁੜੀਏ, ਛੱਡ ਤੂੰ ਹੁਣ ਇਨ੍ਹਾਂ ਗੱਲਾਂ ਨੂੰ। ਹੁਣ ਤਾਂ ਸਫ਼ਰ ਘੰਟੇ ਕੁ ਦਾ ਈ ਰਹਿ ਗਿਆ ਏ। ਤੂੰ ਹੁਣ ਆਪਣੇ ਬਾਰੇ ਕੁਝ ਹੋਰ ਦੱਸ? ਕਿਵੇਂ, ਤੇਰੇ ਘਰਵਾਲੇ ਨਾਲ ਬਣੀ

ਬਣਾਈ ਰਹਿਜੂ ਜਾਂ ਕੁਝ ਹੋਰ ਸੋਚੀਏ? ਹੁਣ ਤਾਂ ਤੂੰ ਮੈਨੂੰ ਆਪਣੀਆਂ ਕੁੜੀਆਂ ਜਿਹੀ ਹੀ ਲੱਗਣ ਲੱਗ ਪਈ ਏਂ। ਰਹਿਣਾ ਏ ਉਹਦੇ ਨਾਲ ਕਿ ਨਹੀਂ? ਅਗਰ ਨਹੀਂ ਰਹਿਣਾ ਤਾਂ ਸਾਡਾ ਇਕ ਮੁੰਡਾ ਈ ਬਾਹਰ ਲੈ ਜਾਵੀਂ। ਨਾਲੇ ਤੇਰੇ ਹਾਣ ਦਾ ਏ। ਮੇਰੀ ਛੋਟੀ ਭੈਣ ਦਾ ਮੁੰਡਾ ਏ।"

"ਮਾਂ, ਮੈਂ ਵਸਣਾ ਤਾਂ ਉਸ ਨਾਲ ਹੈ ਨਹੀਂ, ਪਰ ਛੁਟਕਾਰਾ ਤਾਂ ਹੌਲੀ ਹੌਲੀ ਹੋਊ। ਪਹਿਲਾਂ ਕੋਈ ਛੱਡ ਛਡੱਈਆ ਹੋਊ ਤਾਂ ਹੀ ਅੱਗੇ ਕੁੱਝ ਹੋਊ। ਮੰਮੀ ਨਾਲ ਸਾਰੀ ਗੱਲ ਕਰਾਂਗੀ। ਕੋਈ ਢੰਗ ਤਰੀਕਾ ਸੋਚਾਂਗੇ ਤੇ ਫਿਰ ਤੁਹਾਨੂੰ ਦੱਸ ਦਿਆਂਗੇ। ਤੁਸੀਂ ਮੈਨੂੰ ਆਪਣਾ ਪਿੰਡ ਵੀ ਦੱਸ ਦਿੱਤਾ ਏ ਤੇ ਫੋਨ ਨੰਬਰ ਵੀ ਦੇ ਦਿੱਤਾ ਏ। ਮੈਂ ਪਹੁੰਚ ਕੇ ਤੁਹਾਨੂੰ ਫੋਨ ਕਰਦੀ ਰਹਾਂਗੀ। ਸ਼ਾਇਦ ਕਦੀ ਮਿਲਣ ਵੀ ਆ ਜਾਵਾਂ।"

"ਧੀਏ, ਜਦ ਮਰਜ਼ੀ ਆ। ਜ਼ਰੂਰ ਗੇੜਾ ਮਾਰੀਂ। ਸਾਡੇ ਮੁੰਡੇ ਨੂੰ ਤਾਂ ਤੂੰ ਸਿਡਨੀ ਲੈ ਕੇ ਜਾਣਾ ਹੀ ਜਾਣਾ ਏ। ਇਕ ਗੱਲ ਹੋਰ ਸੁਣ ਲੈ। ਮੁੰਡਾ ਕੱਚਾ ਕੰਵਾਰਾ ਏ। ਤੂੰ ਹੁਣ ਦੁਹਾਜੂ ਹੋਵੇਂਗੀ। ਅਸੀਂ ਤੈਨੂੰ ਪੈਸੇ ਦੇਵਾਂਗੇ। ਮੁੰਡਾ ਪੱਕਾ ਹੋ ਕੇ ਵਾਪਸ ਆ ਕੇ ਦੂਜਾ ਅਸਲੀ ਵਿਆਹ ਕਰਵਾਵੇਗਾ। ਅਗਰ ਮਨਜ਼ੂਰ ਏ ਤਾਂ ਆਪਣੀ ਮਾਂ ਨਾਲ ਗੱਲ ਕਰ ਲਵੀਂ। ਭਲਾ ਹੋਵੇ ਧੀਏ ਤੇਰਾ!"

ਏਅਰ ਕਰਾਫਟ ਆਪਣੀਆਂ ਬੁਲੰਦੀਆਂ ਤੇ ਪੂਰੀ ਰਫ਼ਤਾਰ ਨਾਲ ਉੱਡਦਾ ਜਾ ਰਿਹਾ ਸੀ। ਜੱਸੀ ਨੂੰ ਹੁਣ ਇਹ ਏਅਰ ਕਰਾਫ਼ਟ ਡੱਕੇ ਡੋਲੇ ਖਾਂਦਾ ਲੱਗ ਰਿਹਾ ਸੀ। ਉਹਨੂੰ ਲੱਗਦਾ ਸੀ ਮਤਾਂ ਜਹਾਜ਼ ਸਮੁੰਦਰ ਵਿਚ ਹੀ ਨਾ ਗਿਰ ਜਾਵੇ। ਦੂਸਰੇ ਹੀ ਪਲ ਉਸਨੂੰ ਲਗਦਾ ਸੀ- ਨਹੀਂ ਜਹਾਜ਼ ਬੜਾ ਖ਼ੂਬਸੂਰਤ ਉੱਡ ਰਿਹਾ ਸੀ ਤੇ ਹੋਰ ਵੀ ਵਧੀਆ ਉਡੇਗਾ। ਉਸ ਤੋਂ ਅਗਲੀ ਸੀਟ ਤੇ ਬੈਠਾ ਵਿਆਹੁਤਾ ਜੋੜਾ ਉਸ ਨੂੰ ਪਲ ਪਲ ਵਿਚ ਰੂਪ ਬਦਲਦਾ ਮਹਿਸੂਸ ਹੋ ਰਿਹਾ ਸੀ। ਪਲ ਵਿਚ ਉਸ ਨੂੰ ਲਗਦਾ ਸੀ ਕਿ ਇਸ ਜੋੜੇ ਦੀ ਇਕ ਦੂਜੇ ਪ੍ਰਤੀ ਖਿੱਚ ਬੜੀ ਸੱਚੀ ਸੁੱਚੀ ਏ ਤੇ ਦੂਜੇ ਪਲ ਵਿਚ ਹੀ ਉਸਨੂੰ ਲੱਗਣ ਲੱਗ ਪੈਂਦਾ ਸੀ ਕਿ ਇਹ ਖਿੱਚ ਨਿਰਾ ਵਿਖਾਵਾ ਏ। ਜਹਾਜ਼ ਦੀ ਨਿੱਕੀ ਜਿਹੀ ਖਿੜਕੀ ਦੇ ਸ਼ੀਸ਼ੇ ਉਪਰੋਂ ਪਰਦਾ ਚੁੱਕ ਕੇ ਉਸ ਨੇ ਬਾਹਰ ਨੂੰ ਦੇਖਿਆ-ਅਸਮਾਨ ਧੁੰਦਲਾ-ਧੁੰਦਲਾ ਲੱਗ ਰਿਹਾ ਸੀ, ਪਹਾੜ ਬਰਫ਼ੀਲੇ ਲੱਗ ਰਹੇ ਸਨ। ਜ਼ਮੀਨ ਤੇ ਪਾਣੀ ਵਿਚ ਪਗਡੰਡੀਆਂ ਜਿਹੀਆਂ ਨਜ਼ਰ ਆ ਰਹੀਆਂ ਸਨ, ਪਾਣੀ ਵਿਚ ਉਸ ਨੂੰ ਮਗਰਮੱਛ ਜਿਹੇ ਕੋਈ ਜੀਵ ਚਲਦੇ ਨਜ਼ਰ ਆ ਰਹੇ ਸਨ, ਬੱਦਲ ਨਿਰੇ ਰਾਕਸ਼ਸ਼ ਲੱਗ ਰਹੇ ਸਨ ਤੇ ਇਨ੍ਹਾਂ ਦੇ ਬੇਤਹਾਸ਼ੇ ਫੈਲਾਅ ਨੇ ਅਸਮਾਨ ਨੂੰ ਤਾਂ ਇਨ੍ਹਾਂ ਸਾਹਮਣੇ ਵਿਚਾਰਾ ਅਤੇ ਗ਼ਰੀਬੜਾ ਜਿਹਾ ਬਣਾ ਛੱਡਿਆ ਸੀ। ਥੋੜ੍ਹੇ ਸਮੇਂ ਲਈ ਉਹ ਖ਼ਿਆਲਾਂ ਵਿਚ ਗੁਆਚ ਗਈ:-

ਧੰਦਾ ਤਾਂ ਮਾੜਾ ਨਹੀਂ.... ਮਾਂ ਨਾਲ ਸਲਾਹ ਕਰਕੇ ਕਿਉਂ ਨਾ ਇਸ ਮਾਈ ਵਾਲੇ ਕੇਸ ਨੂੰ ਸਿਰੇ ਲਾ ਕੇ ਪੈਸੇ ਹੀ ਵੱਟ ਲਏ ਜਾਣ... ਅੱਜ ਕੱਲ੍ਹ ਤਾਂ ਲੋਕ 15-15

ਲੱਖ ਦੇਣ ਨੂੰ ਤਿਆਰ ਬੈਠੇ ਨੇ.... ਮੇਰੀ ਜਸਦੀਪ ਨਾਲ ਹੁਣ ਬਣਨੀ ਤਾਂ ਹੈ ਨਹੀਂ... ਸਾਰੀ ਜ਼ਿੰਦਗੀ ਗੁਲਾਮਾਂ ਵਾਂਗ ਥੋੜ੍ਹਾ ਕੱਟਣੀ ਏਂ.... ਮਾਂ ਕੀ ਕਹੂਗੀ?.... ਮਾਂ ਨੂੰ ਮਿਲਣ ਨੂੰ ਤਾਂ ਹੁਣ ਘੰਟਾ ਕੁ ਹੀ ਰਹਿ ਗਿਆ.... ਦਿੱਲੀ ਆਈ ਕਿ ਆਈ.... ਉਹ ਤਾਂ ਹੁਣ ਤੱਕ ਕਈ ਦੇਰ ਦੇ ਦਿੱਲੀ ਪਹੁੰਚ ਗਏ ਹੋਣਗੇ... ਮਿਲਦੇ ਸਾਰ ਮਾਂ ਨੂੰ ਇਸ ਮਾਈ ਨੂੰ ਵੀ ਮਿਲਾ ਦਿੱਤਾ ਜਾਵੇ ਤਾਂ ਠੀਕ ਹੀ ਹੋਵੇਗਾ.... ਹੋਰ ਮਿਲਣੀਆਂ ਬਾਅਦ ਵਿਚ ਪਿੰਡ ਜਾ ਕੇ ਹੋ ਜਾਣਗੀਆਂ.... ਜ਼ਿੰਦਗੀ ਮਜ਼ੇ ਕਰਨ ਲਈ ਏ, ਗੁਲਾਮ ਬਣ ਕੇ ਇੱਕ ਨਾਲ ਬੱਝੇ ਰਹਿਣ ਲਈ ਨਹੀਂ.... ਮਰਦ ਵੀ ਤਾਂ ਐਸ਼ਾਂ ਕਰਦੇ ਹੀ ਨੇ.... ਅਗਰ ਤੀਵੀਂ ਕਰੇ ਤਾਂ ਕਹਿਣਗੇ ਸਾਲੀ ਬਦਮਾਸ਼ ਏ.... ਆਪ ਭਾਵੇਂ ਨਿੱਤ ਨਵੀਂ ਬਦਲਦੇ ਰਹਿਣ... ਇਨ੍ਹਾਂ ਨੂੰ ਸਬਕ ਸਿਖਾਉਣਾ ਹੀ ਚਾਹੀਦਾ ਏ।"

"ਧੀਏ, ਤੂੰ ਚੁੱਪ ਹੀ ਕਰ ਗਈ। ਕੀ ਹੋ ਗਿਆ ਸੀ ਤੈਨੂੰ? ਹੁਣ ਤਾਂ ਦਿੱਲੀ ਨੇੜੇ ਈ ਹੋਊ? ਕੁੜੇ ਕਿੰਨਾ ਕੁ ਸਮਾਂ ਹੋਰ ਲੱਗੂ? ਉਹ ਸਾਨੂੰ ਉਡੀਕ ਉਡੀਕ ਕੇ ਥੱਕ ਗਏ ਹੋਣਗੇ। ਨਾਲੇ ਤੇਰੀ ਮਾਂ ਨੂੰ ਮਿਲੂੰਗੀ। ਜੀਂਦਾ ਰਹੇ ਵਿਚਾਰਾ ਜਹਾਜ਼ ਜੀਹਨੇ ਮੇਲ ਕਰਾਤੇ। ਜਹਾਜ਼ ਨੇ ਤਾਂ ਸਾਨੂੰ ਰਿਸ਼ਤੇਦਾਰ ਹੀ ਬਣਾਤਾ। ਇਹ ਤਾਂ ਇਕ ਤਰ੍ਹਾਂ ਨਾਲ ਸਾਡਾ ਵਿਚੋਲਾ ਈ ਹੋਇਆ। ਕਈਆਂ ਦੇ ਵਿਚੋਲੇ ਬੰਦੇ ਹੁੰਦੇ ਆ.... ਕਈਆਂ ਦੇ ਵਿਚੋਲੇ ਖਬਾਰਾਂ ਬਣ ਜਾਂਦੀਆਂ.... ਸਾਡਾ ਵਿਚੋਲਾ ਜਹਾਜ਼ ਈ ਬਣ ਗਿਆ..... ਨਾ ਹਵਾਈ ਅੱਡੇ ਤੇ ਕੱਠੀਆਂ ਹੁੰਦੀਆਂ, ਨਾ ਵਾਕਫ਼ੀ ਹੁੰਦੀ, ਨਾ ਰਿਸ਼ਤੇਦਾਰੀਆਂ ਬਣਨ ਵੱਲ ਨੂੰ ਤੁਰਦੀਆਂ। ਵਾਹਿਗੁਰੂ! ਵਾਹਿਗੁਰੂ!!"

"ਮਾਂ ਜੀ, ਅਨਾਊਂਸਮੈਂਟ ਹੋ ਗਈ ਏ ਕਿ ਹੁਣ ਜਹਾਜ਼ ਉਤਰਨ ਵਾਲਾ ਹੀ ਏ।"

"ਵਾਹਿਗੁਰੂ! ਵਾਹਿਗੁਰੂ!! ਧੀਏ, ਵਾਹਿਗੁਰੂ, ਵਾਹਿਗੁਰੂ ਕਰ। ਉਤਰਨ ਤੇ ਚੜ੍ਹਨ ਵੇਲੇ ਮੈਨੂੰ ਤਾਂ ਡਰ ਲੱਗਣ ਲੱਗ ਪੈਂਦਾ।"

ਚੰਦ ਮਿੰਟਾਂ ਵਿਚ ਜਹਾਜ਼ ਜ਼ਮੀਨ ਤੇ ਲੱਗ ਗਿਆ ਸੀ। ਟਰੈਕ ਤੇ ਦੌੜਦਾ ਦੌੜਦਾ ਆਖ਼ਰ ਨਿਕਾਸ ਦੇ ਨਾਲ ਜਾ ਲੱਗਾ। ਹਰ ਕੋਈ ਬਾਹਰ ਨਿਕਲਣ ਲਈ ਕਾਹਲਾ ਸੀ। ਮਾਈ ਦੀ ਮਦਦ ਜੱਸੀ ਕਰਦੀ ਗਈ। ਆਖ਼ਰ ਦੋਨੋਂ ਬਾਹਰ ਨਿਕਲ ਹੀ ਗਈਆਂ। ਕਈ ਬੰਦਸ਼ਾਂ ਪਾਰ ਕਰਕੇ ਆਖ਼ਰ ਉਹ ਸਮਾਨ ਲੈਣ ਲਈ ਕੁਝ ਦੇਰ ਖੜ੍ਹੀਆਂ ਰਹੀਆਂ। ਆਖ਼ਰ, ਅਟੈਚੀ ਮਿਲੇ ਤਾਂ ਬੁੱਢੀ ਤੋਂ ਅਟੈਚੀ ਟਰਾਲੀ ਉਪਰ ਰੱਖ ਕੇ ਟਰਾਲੀ ਨਾ ਖਿੱਚੀ ਜਾਵੇ। ਇਸ ਵਿਚ ਜੱਸੀ ਨੇ ਉਸ ਦੀ ਸਹਾਇਤਾ ਕੀਤੀ। ਜਿਉਂ ਹੀ ਉਹ ਬਾਹਰ ਨਿਕਲੀਆਂ ਜੱਸੀ ਤਾਂ ਮਾਂ ਨੂੰ ਮਿਲ ਕੇ ਫੁੱਟ ਫੁੱਟ ਕੇ ਰੋਣ ਲੱਗ ਪਈ। ਕਿੰਨੀ ਦੇਰ ਇਕ ਦੂਜੀ ਨੂੰ ਜੱਫੀ 'ਚ ਹੀ ਲਈ ਖੜ੍ਹੀਆਂ ਰਹੀਆਂ। ਮਾਈ ਆਪਣਿਆਂ ਨੂੰ ਘੁੱਟ ਘੁੱਟ ਕੇ ਜੱਫੀਆਂ ਪਾਵੇ। ਇਕ ਦੂਜੇ ਨੂੰ ਮਿਲਣ ਲਈ ਦਸ ਕੁ ਮਿੰਟ ਦਾ ਸਮਾਂ ਲੱਗ ਹੀ ਗਿਆ।

"ਬੀਜੀ ਇਹ ਮਾਈ ਸਾਡੇ ਗਰਾਂ ਦੀ ਹੀ ਏ। ਕੈਨੇਡਾ ਤੋਂ ਆਪਣੀ ਧੀ ਨੂੰ ਮਿਲ

ਕੇ ਆਈ ਏ।" ਜੱਸੀ ਨੇ ਵਾਕਫ਼ੀਅਤ ਕਰਾਈ।

"ਸਤਿ ਸ੍ਰੀ ਅਕਾਲ, ਭੈਣ ਜੀ," ਜੱਸੀ ਦੀ ਮਾਂ ਨੇ ਉਸ ਵੱਲ ਹੱਥ ਜੋੜੇ।

"ਭੈਣੇ, ਤੇਰੀ ਧੀ ਬੜੀ ਚੰਗੀ ਏ। ਸਾਰਾ ਸਫ਼ਰ ਮੈਨੂੰ ਬੜੀ ਵਧੀਆ ਸਾਥ ਮਿਲਿਆ। ਬੜੀਆਂ ਗੱਲਾਂ ਕੀਤੀਆਂ ਅਸੀਂ। ਹੁਣ ਅਸੀਂ ਚਲਦੇ ਆਂ। ਉੱਥੇ ਮੋੜਿੰਡੇ ਮਿਲਾਂਗੇ।"

"ਭੈਣ ਜੀ, ਬੜੀ ਖ਼ੁਸ਼ੀ ਹੋਈ ਤੁਹਾਨੂੰ ਮਿਲ ਕੇ। ਅਗਾਂਹ ਵੀ ਮਿਲਦੇ ਰਿਹੋ। ਚੰਗਾ ਭੈਣ ਜੀ, ਸਤਿ ਸ੍ਰੀ ਅਕਾਲ।"

ਦੋਨੋਂ ਪਾਰਟੀਆਂ ਇਕ ਦੂਜੇ ਤੋਂ ਵਿੱਛੜ ਗਈਆਂ। ਚਾਹੁੰਦੀਆਂ ਤਾਂ ਦੋਨੋਂ ਇਕੱਠੀਆਂ ਵੀ ਪੰਜਾਬ ਜਾ ਸਕਦੀਆਂ ਸਨ। ਕੈਨੇਡਾ ਤੋਂ ਆਈ ਮਾਈ ਨੇ ਪਹਿਲਾਂ ਆਪਣੇ ਕਿਸੇ ਰਿਸ਼ਤੇਦਾਰਾਂ ਦੇ ਪੰਜਾਬੀ ਬਾਗ਼ ਦਿੱਲੀ ਜਾਣਾ ਸੀ। ਕੁਝ ਘੰਟੇ ਉਥੇ ਠਹਿਰ ਕੇ ਉਸ ਨੇ ਪੰਜਾਬ ਜਾਣਾ ਸੀ। ਜੱਸੀ, ਉਸਦੀ ਮਾਂ ਤੇ ਉਸ ਦੀ ਮਾਸੀ ਦਾ ਮੁੰਡਾ ਹਵਾਈ ਅੱਡੇ ਤੋਂ ਪੰਜਾਬ ਵੱਲ ਨੂੰ ਚੱਲ ਪਏ।

"ਧੀਏ, ਸਾਨੂੰ ਤੇਰਾ ਬੜਾ ਫ਼ਿਕਰ ਰਿਹਾ। ਕਈ ਵਾਰ ਤਾਂ ਅਸੀਂ ਇੰਨੇ ਡਰ ਗਏ ਸੀ ਕਿ ਤੂੰ ਸਹੀ ਸਲਾਮਤ ਵਾਪਸ ਆ ਵੀ ਜਾਵੇਂਗੀ ਜਾਂ ਨਹੀਂ। ਕਈ ਕਈ ਦਿਨ ਤੇਰਾ ਟੈਲੀਫੋਨ ਹੀ ਨਹੀਂ ਸੀ ਆਉਂਦਾ। ਅਸੀਂ ਬਹੁਤ ਫ਼ਿਕਰਮੰਦ ਹੋ ਜਾਇਆ ਕਰਦੇ ਸਾਂ। ਕਿਵੇਂ ਰਹੀ ਧੀਏ?"

"ਮਾਂ, ਤੁਹਾਨੂੰ ਪਤਾ ਈ ਏ, ਜਸਦੀਪ ਨੇ ਠੀਕ ਨਹੀਂ ਹੋਣਾ। ਉਹ ਪੂਰਾ ਵਿਗੜਿਆ ਹੋਇਆ ਏ। ਉਥੇ ਨਹੀਂ ਸਾਡੀ ਨਿਭਣੀ। ਮੈਂ ਮੁੜ ਕੇ ਉਸ ਪਾਸ ਨਹੀਂ ਜਾਣਾ ਚਾਹੁੰਦੀ। ਬਿਹਤਰ ਏ, ਉਸ ਨਾਲ ਸੁਲਾਹ ਸਫ਼ਾਈ ਨਾਲ ਤਲਾਕ ਲੈ ਲਿਆ ਜਾਵੇ, ਭਾਵੇਂ ਸਾਨੂੰ ਕੁੱਝ ਘਾਟਾ ਹੀ ਪੈ ਜਾਵੇ। ਉਹ ਖ਼ੁਦ ਵੀ ਤਲਾਕ ਲੈਣ ਦੇ ਰੌਅ ਵਿਚ ਏ। ਕਾਨੂੰਨੀ ਕਾਰਵਾਈ 'ਚ ਪੈਣ ਨਾਲ ਕੇਸ ਲੰਬਾ ਵੀ ਪੈ ਸਕਦਾ ਏ। ਉਸ ਨੂੰ ਡਰ ਏ, ਅਗਰ ਮੈਂ ਤਲਾਕ ਲੈਂਦੀ ਆਂ ਤਾਂ ਉਸ ਨੂੰ ਮੈਨੂੰ ਕਾਨੂੰਨ ਅਨੁਸਾਰ ਘਰ ਵੀ ਦੋ ਹਿੱਸੇ ਦੇਣਾ ਪਵੇਗਾ ਤੇ ਕੁਝ ਪੈਸੇ ਵੀ ਦੇਣੇ ਪੈ ਸਕਦੇ ਹਨ। ਅਗਰ ਸਾਡੇ ਬੱਚਾ ਹੋ ਜਾਂਦਾ ਫਿਰ ਤੇ ਉਸ ਨੂੰ ਖਾਸਾ ਖਰਚ ਦੇਣਾ ਹੀ ਪਿਆ ਕਰਨਾ ਸੀ। ਆਸਟਰੇਲੀਆ ਜਿਹੇ ਦੇਸ਼ ਵਿਚ ਵਿਆਹ ਵਿਊਹ ਕਰਾਉਣ ਦਾ ਬਹੁਤਾ ਲਾਭ ਨਹੀਂ। ਉੱਥੇ ਵਿਆਹ ਤੋਂ ਬਗ਼ੈਰ ਹੀ ਬਥੇਰੇ ਇਕੱਠੇ ਰਹੀ ਜਾਂਦੇ ਨੇ। ਉਹ ਇਕੱਠੇ ਵੀ ਰਹੀ ਜਾਂਦੇ ਨੇ ਤੇ ਸਰਕਾਰ ਤੋਂ ਪੈਸੇ ਵੀ ਲਈ ਜਾਂਦੇ ਨੇ। ਇਨ੍ਹਾਂ ਰਿਸ਼ਤਿਆਂ ਨੂੰ ਡੀ ਫੈਕਟੋ (de facto) ਵਿਆਹ ਕਿਹਾ ਜਾਂਦਾ ਏ। ਛੱਡੀਏ ਵਿਆਹਾਂ ਨੂੰ। ਇਨ੍ਹਾਂ ਵਿਚ ਕੁਝ ਨੀ ਰੱਖਿਆ। ਪੈਸੇ ਇਕੱਠੇ ਕਰੋ ਤੇ ਐਸ਼ ਕਰੋ। ਤੁਸੀਂ ਵੀ ਸੌਖੇ ਤੇ ਮੈਂ ਵੀ ਸੌਖੀ।"

"ਧੀਏ, ਮੈਨੂੰ ਤੇਰੀ ਗੱਲ ਜਚਦੀ ਨਹੀਂ। ਵਿਆਹ ਬਗ਼ੈਰ ਵੀ ਕੋਈ ਜ਼ਿੰਦਗੀ ਏ? ਵਿਆਹ ਨਾਲ ਮਨੁੱਖ ਦੀ ਅੱਗੇ ਜੱਦ ਚਲਦੀ ਏ, ਵਿਆਹ ਨਾਲ ਹੀ ਮਨੁੱਖ ਵਿਚ

ਮਰਿਆਦਾ ਤੇ ਅਨੁਸ਼ਾਸਨ ਆਉਂਦਾ ਏ, ਜੀਵਨ ਦਾ ਚੈਨ ਵੀ ਵਿਆਹ ਦੇ ਬੰਧਨ ਵਿਚ ਹੀ ਏ। ਜੋ ਵਿਆਹ ਨਹੀਂ ਕਰਾਉਂਦੇ ਉਨ੍ਹਾਂ ਦੇ ਜੀਵਨ ਦਾ ਅੰਤ ਬੜਾ ਮਾੜਾ ਹੁੰਦਾ ਏ। ਸਾਰੀ ਜ਼ਿੰਦਗੀ ਹੀ ਭਟਕਦੇ ਫਿਰਦੇ ਰਹਿੰਦੇ ਹਨ। ਅਸੀਂ ਤੇਰੇ ਵਾਸਤੇ ਹੋਰ ਮੁੰਡਾ ਲੱਭ ਲੈਂਦੇ ਹਾਂ। ਹੁਣ ਤਾਂ ਤੂੰ ਉਥੇ ਪੱਕੀ ਹੋ ਗਈ ਏਂ। ਹੁਣ ਬਥੇਰੇ ਇੱਥੇ ਮਿਲ ਜਾਣਗੇ।"

"ਬੀਬੀ, ਭਾਵੇਂ ਮਿਲ ਵੀ ਜਾਣ, ਸਭ ਸੁਆਰਥੀ ਨੇ। ਦੁਹਾਜੂ ਨਾਲ ਘੱਟ ਹੀ ਕੋਈ ਟਿਕਦਾ ਹੁੰਦਾ। ਬਿਹਤਰ ਇਹ ਹੈ ਕਿ ਅਜੇ ਇੰਤਜ਼ਾਰ ਕੀਤੀ ਜਾਵੇ। ਪਹਿਲਾ ਜਸਦੀਪ ਨਾਲ ਫ਼ੈਸਲਾ ਕਰਕੇ ਉਸ ਤੋਂ ਪੈਸੇ ਲਈਏ, ਫਿਰ ਮੈਂ ਤੈਨੂੰ ਦੱਸੂੰਗੀ ਕੀ ਕਰਨਾ ਏ।"

"ਆ ਪਹਿਲਾਂ ਕਿਸੇ ਦੁਕਾਨ ਤੇ ਬੈਠ ਕੇ ਕੁਝ ਖਾ ਪੀ ਲਈਏ। ਤੈਨੂੰ ਭੁੱਖ ਵੀ ਲੱਗੀ ਹੋਣੀ ਏ। ਸੁਣਿਆ ਜਹਾਜ਼ ਵਿਚ ਖਾਣ ਨੂੰ ਚੱਜਦਾ ਕੁਛ ਵੀ ਨਹੀਂ ਦਿੰਦੇ।"

"ਹਾਂ, ਬੀਬੀ, ਭੁੱਖ ਤਾਂ ਹੈ।"

ਡਰਾਈਵਰ ਮੁੰਡੇ ਦਾ ਨਾਂ ਸੇਮੀ ਸੀ। ਉਹਨਾਂ ਸੇਮੀ ਨੂੰ ਮੁਰਥਲ ਨੇੜੇ ਗੱਡੀ ਰੋਕਣ ਨੂੰ ਕਿਹਾ। ਇਕ ਢਾਬੇ ਤੇ ਬੈਠ ਗਈਆਂ। ਆਪ ਮੁੰਡੇ ਤੋਂ ਪਰ੍ਹੇ ਟਾਇਟਲ ਵੱਲ ਚਲੀਆਂ ਗਈਆਂ।

"ਕੁੜੇ, ਮੈਨੂੰ ਲਗਦਾ ਸੀ ਜਿਵੇਂ ਤੂੰ ਮੁੰਡੇ ਸਾਹਮਣੇ ਕੁਝ ਕਹਿਣੋਂ ਝਿਜਕਦੀ ਸੀ। ਹੁਣ ਦੱਸ ਤੂੰ ਕੀ ਕਹਿਣਾ ਚਾਹੁੰਦੀ ਸੀ?"

"ਮਾਂ, ਆਹ ਜਿਹੜੀ ਮਾਈ ਮੈਂ ਤੈਨੂੰ ਹਵਾਈ ਅੱਡੇ ਤੇ ਟਕਰਾਈ ਸੀ ਉਸ ਦੀ ਭੈਣ ਦਾ ਮੁੰਡਾ ਆਸਟਰੇਲੀਆ ਜਾਣਾ ਚਾਹੁੰਦਾ ਏ। ਇਹ ਮੂੰਹ ਮੰਗੇ ਪੈਸੇ ਦੇਣ ਨੂੰ ਵੀ ਤਿਆਰ ਨੇ। ਬੱਸ ਮੁੰਡੇ ਨਾਲ ਬਨਾਉਟੀ ਵਿਆਹ ਕਰਵਾ ਕੇ ਉਸ ਨੂੰ ਉਧਰ ਸੈੱਟ ਕਰਾਂਗੇ। ਬਾਕੀ ਉਸ ਤੋਂ ਬਾਅਦ ਦੇਖਿਆ ਜਾਊ। ਜਿੰਨੀ ਜਲਦੀ ਹੋ ਸਕਦਾ ਏ ਜਸਦੀਪ ਤੋਂ ਤਲਾਕ ਲੈ ਲਈਏ। ਜੋ ਉਹ ਦੇਣਾ ਚਾਹੁੰਦਾ ਏ ਉਸ ਤੋਂ ਲੈ ਲਵੋ। ਅਗਰ ਕੁੱਝ ਘੱਟ ਲਈ ਵੀ ਮੰਨਦਾ ਏ ਤਾਂ ਵੀ ਕੋਈ ਨਹੀਂ। ਇੱਧਰੋਂ ਇਸ ਮਾਈ ਤੋਂ ਅਸੀਂ 15 ਕੁ ਲੱਖ ਤਾਂ ਲੈ ਹੀ ਲੈਣਾ ਏ। ਇੰਨੇ ਪੈਸੇ ਇਹ ਦੇਣ ਨੂੰ ਇਕਦਮ ਤਿਆਰ ਹਨ।"

"ਪੰਦਰਾਂ ਲੱਖ। ਸੱਚੀਂ?"

"ਹਾਂ, ਪੂਰੇ ਪੰਦਰਾਂ ਲੱਖ।"

"ਧੀਏ, ਤੇਰੀ ਜ਼ਿੰਦਗੀ ਰੁਲ ਜਾਣੀ ਏਂ। ਤੂੰ ਇਕ ਦਿਨ ਬਦਨਾਮ ਹੋ ਜਾਣਾ ਏ। ਤੇਰੀ ਪਿਛਲੀ ਉਮਰ 'ਚ ਤੈਨੂੰ ਕਿਸੇ ਨਹੀਂ ਪੁੱਛਣਾ।"

"ਬੀਬੀ, ਛੱਡ ਪਿਛਲੀ ਉਮਰ ਨੂੰ। ਉਹ ਕੀਹਨੇ ਦੇਖੀ ਏ। ਆ ਹੁਣ ਚਲੀਏ। ਮੁੰਡੇ ਸਾਹਮਣੇ ਬਹੁਤੀਆਂ ਏਦਾਂ ਦੀਆਂ ਗੱਲਾਂ ਨਾ ਕਰੀਂ। ਘਰ ਜਾ ਕੇ ਸਾਰੀ ਗੱਲਬਾਤ ਆਰਾਮ ਨਾਲ ਕਰਾਂਗੇ।"

ਢਾਬੇ ਤੇ ਉਹਨਾਂ ਖਾਣਾ ਖਾਧਾ। ਫਿਰ ਉਨ੍ਹਾਂ ਪੰਜਾਬ ਵੱਲ ਚਾਲੇ ਪਾ ਦਿੱਤੇ।

# ਸ਼ੁਭ ਆਨੰਦ ਕਾਰਜ

ਆਖਰ ਬਰਾਤ ਆ ਹੀ ਢੁੱਕੀ। ਇੰਤਜ਼ਾਰ ਦੀਆਂ ਘੜੀਆਂ ਖਤਮ ਹੋ ਗਈਆਂ। ਪੈਲੇਸ ਦਾ ਖੂਬਸੂਰਤੀ ਨਾਲ ਸਜਿਆ ਗੇਟ ਟੱਪ ਕੇ ਬੈਂਡ ਵਾਜੇ ਨੇ ਬਾਰਾਤ ਨੂੰ ਪੈਲੇਸ ਦੇ ਮੁੱਖ ਦੁਆਰ ਤੇ ਆਣ ਖੜ੍ਹਾ ਕਰ ਦਿੱਤਾ। ਅੱਗੇ ਲੜਕੀ ਵਾਲੇ ਆਪਣੇ ਪੂਰੇ ਜਾਹੋ ਜਲਾਲ ਨਾਲ ਬਰਾਤ ਨੂੰ ਜੀ ਆਇਆ ਕਹਿਣ ਲਈ ਤੇ ਮਿਲਣੀ ਕਰਨ ਲਈ ਖੜੇ ਸਨ। ਭਾਈ ਜੀ ਨੇ ਅਰਦਾਸ ਕੀਤੀ ਅਤੇ ਲਾਗੀ ਨੇ ਮਿਲਣੀਆਂ ਕਰਵਾਈਆਂ। ਬੈਂਡ ਵਾਜੇ ਵਾਲਿਆਂ ਵੀ ਆਪਣੀ ਡਿਊਟੀ ਜੰਮ ਕੇ ਦਿੱਤੀ। ਸਾਲੀਆਂ ਨੇ ਆਪਣਾ ਨਾਕਾ ਲਾਇਆ ਤੇ ਜੋ ਕੁੱਝ ਵੱਟ ਹੋਇਆ ਵੱਟਿਆ। ਕੁੱਝ ਮਿੰਟਾਂ ਵਿੱਚ ਹੀ ਪੈਲੇਸ ਦਾ ਸਾਰਾ ਅੰਦਰ ਬਾਹਰ ਲੋਕਾਂ ਨਾਲ ਭਰ ਗਿਆ। ਕੈਮਰੇ ਵਾਲਿਆਂ ਪੈਲੇਸ ਦੇ ਬਾਹਰ ਤੇ ਅੰਦਰ ਵੱਖਰੇ-ਵੱਖਰੇ ਪਾਸਿਓਂ ਅਨੇਕਾਂ ਫੋਟੋਆਂ ਖਿੱਚੀਆਂ। ਚਾਹ ਪੀਣ ਵਾਲੇ ਅੰਦਰ ਚਾਹ ਪੀ ਰਹੇ ਸਨ ਤੇ ਸਨੈਕਸ ਖਾ ਰਹੇ ਸਨ। ਬਹੁਤ ਸਾਰੇ ਲੋਕ ਪੈਲੇਸ ਦੇ ਬਾਹਰ ਲੱਗੇ ਸਟਾਲਾਂ ਤੇ ਆਪਣੇ ਮਨ ਪਸੰਦ ਦੀਆਂ ਚੀਜ਼ਾਂ ਖਾ ਪੀ ਰਹੇ ਸਨ। ਡੀ.ਜੇ. ਵਾਲਿਆਂ ਨੇ ਵੀ ਅੰਦਰ ਸਟੇਜ ਤੇ ਪੂਰਾ ਖੋਰੂ ਪਾ ਦਿੱਤਾ ਸੀ। ਬੈਹਰੇ ਵੀ ਪੂਰੀ ਚੁਸਤੀ ਫੁਰਤੀ ਨਾਲ ਆਪਣੀ ਡਿਊਟੀ ਨਿਭਾਅ ਰਹੇ ਸਨ। ਕਈ ਸਾਰੀਆਂ ਇਸਤਰੀਆਂ ਪੈਲੇਸ ਦੇ ਉਪਰਲੇ ਕਮਰੇ ਵਿੱਚ ਬੈਠੀ ਦੁਲਹਨ ਨੂੰ ਸੱਜਦੇ ਹੋਏ ਦੇਖ ਰਹੀਆਂ ਸਨ। ਸਜਾਵਟ ਦਾ ਕੰਮ ਬਿਊਟੀ ਪਾਰਲਰ ਵਾਲਿਆਂ ਪਹਿਲਾਂ ਵੀ ਬਥੇਰਾ ਕਰ ਦਿੱਤਾ ਸੀ।

ਪੈਲੇਸ ਇੱਕ ਵੱਡੀ ਸੜਕ ਤੇ ਸਥਿਤ ਸੀ। ਮੈਂ ਦੇਖ ਰਿਹਾ ਸਾਂ ਕਿ ਸੜਕ ਤੇ ਆਮ ਸਫਰ ਕਰਨ ਵਾਲੇ ਕਈ ਬੰਦੇ ਵੀ ਪੈਲੇਸ ਵਿੱਚ ਦਾਖਿਲ ਹੋਈ ਜਾ ਰਹੇ ਸਨ। ਦੋ ਸਾਧਾਰਨ ਜਿਹੇ ਰਾਹਗੀਰਾਂ ਨੇ ਆਪਣਾ ਮੋਟਰ ਸਾਈਕਲ ਪਰੇ ਦਰੱਖਤ ਥੱਲੇ ਖੜ੍ਹਾ ਕੀਤਾ ਤੇ ਅੰਦਰ ਆ ਗਏ। ਫਿਰ 2 ਵਿਅਕਤੀਆਂ ਨੇ ਵੀ ਆਪਣੇ ਬਾਈ ਸਾਈਕਲ ਪਰਾਂ ਖੜ੍ਹੇ ਕੀਤੇ ਤੇ ਪੈਲੇਸ ਵਿੱਚ ਆ ਗਏ ਤੇ ਬਾਕੀਆਂ ਸਾਰਿਆਂ ਵਿੱਚ ਇੱਕ-ਮਿੱਕ ਹੋ ਗਏ। ਇਸ ਪ੍ਰਕਾਰ ਤਕਰੀਬਨ ਸੱਤ ਅੱਠ ਰਾਹਗੀਰ ਬਾਹਰੋਂ ਅੰਦਰ ਆ ਗਏ ਤੇ ਭੀੜ ਵਿੱਚ ਹੀ ਗੁਆਚ ਗਏ। ਮੈਂ ਇਹਨਾਂ ਰਾਹਗੀਰਾਂ ਤੇ ਉਚੇਚੀ ਨਜ਼ਰ ਰੱਖੀ ਹੋਈ ਸੀ ਤੇ ਇਹਨਾਂ ਦੇ ਨੇੜੇ ਤੇੜੇ ਹੀ ਘੁੰਮ ਰਿਹਾ ਸੀ।

"ਯਾਰ, ਮੈਰਿਜ ਪੈਲੇਸਾਂ ਤੇ ਰਿਜਾਰਟਾਂ ਨੇ ਤਾਂ ਮਜੇ ਹੀ ਲਗਾ ਦਿੱਤੇ," ਇੱਕ

ਰਾਹਗੀਰ ਬੋਲਿਆ।

"ਵਿਆਹ ਤਾਂ ਯਾਰ ਆਏ ਦਿਨ ਹੋਈ ਹੀ ਜਾ ਰਹੇ ਹਨ। ਨਿੱਤ ਨਵੇਂ ਨਵੇਂ ਪਕਵਾਨ ਖਾਣ ਨੂੰ ਤੇ ਨਵੀਆਂ ਨਵੀਆਂ ਚੀਜ਼ਾਂ ਪੀਣ ਨੂੰ," ਦੂਜਾ ਬੋਲਿਆ।

"ਜੇਕਰ ਫੜ ਹੋ ਗਏ?"

"ਜੇਕਰ ਕੋਈ ਸਾਡੇ ਵਾਂਗ ਹੁਸ਼ਿਆਰ ਹੋਵੇ ਤੇ ਐਕਟਿੰਗ ਕਰਨੀ ਜਾਣਦਾ ਹੋਵੇ ਤਾਂ ਕਦੇ ਵੀ ਨਹੀਂ ਫੜ ਹੋ ਸਕਦਾ। ਵਿਆਹ ਸਮੇਂ ਕੁੜੀ ਤੇ ਮੁੰਡੇ ਵਾਲੇ ਮਾੜੀਆਂ ਮੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ। ਉਹਨਾਂ ਕੋਲ ਇਸ ਪ੍ਰਕਾਰ ਦੀਆਂ ਮਾੜੀਆਂ ਮੋਟੀਆਂ ਗੱਲਾਂ ਸੋਚਣ ਲਈ ਸਮਾਂ ਹੀ ਨਹੀਂ ਹੁੰਦਾ। ਨਾਲੇ ਉਹਨਾਂ ਵਿੱਚੋਂ ਅੱਧੇ ਕੁ ਤਾਂ ਸ਼ਰਾਬ ਨਾਲ ਰੱਜੇ ਹੁੰਦੇ ਨੇ। ਨਾਲੇ ਸਾਡੇ ਬਾਰੇ ਕੌਣ ਜਾਣਦਾ? ਕੁੜੀ ਵਾਲੇ ਸਮਝਦੇ ਆ ਅਸੀਂ ਮੁੰਡੇ ਵਾਲਿਆਂ ਵੱਲੋਂ ਹਾਂ ਤੇ ਮੁੰਡੇ ਵਾਲੇ ਸੋਚਦੇ ਹੋਣਗੇ ਅਸੀਂ ਕੁੜੀ ਵਾਲਿਆਂ ਵੱਲੋਂ ਹਾਂ। ਸੁੰਨਸਾਨ ਥਾਵਾਂ ਤੇ ਬਣੇ ਪੈਲਸਾਂ ਨੇ ਤਾਂ ਮਜ਼ਾ ਹੀ ਲਗਾ ਦਿੱਤਾ। ਜਦ ਰੱਬ ਦਿੰਦਾ ਹੈ ਤਾਂ ਗਰੀਬਾਂ ਨੂੰ ਵੀ ਛੱਪਰ ਫਾੜ ਕੇ ਦਿੰਦਾ ਹੈ।"

"ਹੁਣ ਸਾਨੂੰ ਇਥੇ ਬਹੁਤਾ ਸਮਾਂ ਨਹੀਂ ਠਹਿਰਣਾ ਚਾਹੀਦਾ। ਨਾਸ਼ਤਾ ਬਹੁਤ ਵਧੀਆ ਹੋ ਗਿਆ। ਇੰਦਾਂ ਦੇ ਮੌਕਿਆਂ ਤੇ ਪਕਵਾਨ ਵੀ ਕਹਿੰਦੇ ਕਹਾਉਂਦੇ ਹਲਵਾਈਆਂ ਦੇ ਬਣੇ ਹੁੰਦੇ ਹਨ। ਬਾਹਰ ਤਾਂ ਅਸੀਂ ਐਵੇਂ ਮਿਲਾਵਟ ਹੀ ਫੱਕਦੇ ਰਹੀਦਾ ਹੈ। ਨਾਲੇ ਪੈਸੇ ਉਲਟੇ ਅੰਤਾਂ ਦੇ ਖਰਚ ਕਰੀਦੇ ਨੇ। ਵਿਆਹਾਂ ਤੇ ਬਣਦੀਆਂ ਚੀਜ਼ਾਂ ਟੌਪ ਦੀਆਂ। ਜ਼ਰਾ ਕੁ ਨੂੰ ਸਾਰਿਆਂ ਨੇ ਸ਼ਰਾਬ ਨਾਲ ਰੱਜ ਜਾਣਾ ਏ। ਫਿਰ ਆਵਾਂਗੇ ਲੰਚ ਕਰਨ। ਆ ਹੁਣ ਚੱਲੀਏ," ਦੋ ਕੁ ਰਾਹਗੀਰ ਇਸ ਪ੍ਰਕਾਰ ਦੀਆਂ ਗੱਲਾਂ ਕਰਦੇ ਬਾਹਰ ਨਿਕਲ ਗਏ।

ਦੋ ਮੋਟਰ ਸਾਈਕਲ ਵਾਲੇ ਆਦਮੀ ਤੇ ਤੀਵੀਂ ਅਜੇ ਅੰਦਰ ਹੀ ਘੁੰਮ ਰਹੇ ਸਨ। ਦੋਹਾਂ ਨੇ ਬੜੇ ਮਾਡਰਨ ਕੱਪੜੇ ਪਾਏ ਹੋਏ ਸਨ। ਖਾਣ ਪੀਣ ਦੇ ਪੂਰੇ ਮਜ਼ੇ ਕਰਨ ਤੋਂ ਬਾਅਦ ਉਹਨਾਂ ਵਿੱਚੋਂ ਤੀਵੀਂ ਉੱਪਰ ਲੜਕੀ ਦੇ ਸਜਣ ਵਾਲੇ ਕਮਰੇ ਵੱਲ ਜਾ ਕੇ ਬਾਕੀ ਤੀਵੀਆਂ ਵਿੱਚ ਖੜੀ ਹੋ ਗਈ ਤੇ ਆਦਮੀ ਹੇਠਾਂ ਹੀ ਘੁੰਮਦਾ ਫਿਰਦਾ ਰਿਹਾ। ਲੜਕੀ ਦੇ ਕਮਰੇ ਵਿੱਚ ਕੈਮਰੇ ਵਾਲਿਆਂ ਪੂਰਾ ਸਟੂਡੀਓ ਬਣਾਇਆ ਹੋਇਆ ਸੀ। ਲੜਕੀ ਦੀਆਂ ਰਿਸ਼ਤੇਦਾਰਨੀਆਂ ਲੜਕੀ ਨਾਲ ਬਣ ਬਣ ਕੇ ਬੈਠ ਰਹੀਆਂ ਸਨ। ਕੈਮਰੇ ਵਾਲੇ ਉਹਨਾਂ ਦੇ ਪੋਜ਼ ਚੋਖਾ ਸਮਾਂ ਲਗਾ ਕੇ ਸੁਆਰ ਰਹੇ ਸਨ। ਇੰਜ ਲੱਗਦਾ ਸੀ ਜਿਵੇਂ ਤੀਵੀਆਂ ਦਾ ਇਹ ਸਾਰਾ ਹਜ਼ੂਮ ਬਾਕੀ ਸਾਰੀ ਦੁਨੀਆਦਾਰੀ ਭੁੱਲ ਕੇ ਕੈਮਰੇ ਦੀ ਦੁਨੀਆ ਵਿੱਚ ਹੀ ਗੁਆਚ ਗਿਆ ਹੋਵੇ। ਲੜਕੀ ਦੀ ਇੱਕ ਅਧਖੜ ਜਿਹੀ ਉਮਰ ਦੀ ਭੂਆ ਕੈਨੇਡਾ ਤੋਂ ਆਈ ਹੋਈ ਸੀ। ਉਹ ਉੱਠ ਕੇ ਲੜਕੀ ਨਾਲ ਫੋਟੋ ਖਿਚਵਾਉਣ ਲਈ ਬੈਠ ਗਈ। ਵਿਚਾਰੀ ਬਹੁਤੀ ਪੜ੍ਹੀ-ਲਿਖੀ ਨਹੀਂ ਸੀ। ਕੈਮਰੇ ਵਾਲਾ ਤਿੰਨ ਚਾਰ ਵਾਰੀ ਉਸ ਦਾ ਪੋਜ਼ ਠੀਕ ਕਰਵਾਉਣ ਲਈ ਉਸ ਕੋਲ ਗਿਆ ਤਾਂ ਕਿਤੇ ਜਾ ਕੇ ਠੀਕ ਫੋਟੋ ਖਿੱਚ ਹੋਈ। ਜਦ ਭੂਆ ਅੰਤਾਂ ਦੀ ਖੁਸ਼ੀ ਵਿੱਚ ਵਾਪਸ ਆਪਣੀ ਸੀਟ ਤੇ ਪਹੁੰਚੀ

ਤਾਂ ਉਸ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਫੋਟੋ ਖਿਚਵਾਉਣ ਗਈ ਉਹ ਆਪਣਾ ਪਰਸ ਪਿਛੇ ਆਪਣੇ ਸ਼ਾਲ ਉਪਰ ਪਿਆ ਛੱਡ ਗਈ ਸੀ। ਜਦ ਦੇਖਿਆ ਤਾਂ ਪਰਸ ਉੱਥੇ ਹੈ ਹੀ ਨਹੀਂ ਸੀ। ਚੀਖ ਚਿਹਾੜਾ ਪੈ ਗਿਆ। ਪਰਸ ਵਿੱਚ 500 ਡਾਲਰ ਤੇ 2000 ਰੁਪਏ ਸਨ। ਮੋਟਰ ਸਾਈਕਲ ਵਾਲੇ ਆਦਮੀ ਤੀਵੀਂ ਇੰਨੇ ਸਮੇਂ ਵਿੱਚ ਪੈਲੇਸ ਵਿੱਚੋਂ ਗਾਇਬ ਸਨ। ਭੂਆ ਦੇ ਮਨ ਦੀ ਖੁਸ਼ੀ ਅੰਤਾਂ ਦੇ ਦੁੱਖ ਵਿੱਚ ਬਦਲ ਗਈ। ਪੁਲੀਸ ਬੁਲਾਈ ਗਈ। ਲੱਖ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਮੋਟਰ ਸਾਈਕਲ ਵਾਲੇ ਜੋੜੇ ਦਾ ਪਤਾ ਨਾ ਲੱਗਾ।

ਇੰਨੇ ਸਮੇਂ ਵਿੱਚ ਆਨੰਦ ਕਾਰਜ ਤੇ ਜਾਣ ਦਾ ਵੇਲਾ ਹੋ ਗਿਆ ਸੀ। ਬੈਂਡ ਵਾਲਿਆਂ ਫਿਰ ਬੈਂਡ ਤੇ ਡਗਾ ਲਾਇਆ। ਵਾਜੇ ਵਾਲਿਆਂ ਵਾਜੇ ਵਿੱਚ ਫੂਕਾਂ ਮਾਰੀਆਂ। ਦੋ ਤਿੰਨ ਕਾਰਾਂ ਹਿੱਲੀਆਂ ਤੇ ਪੈਲੇਸ ਦੇ ਨੇੜੇ ਪੈਂਦੇ ਗੁਰਦੁਆਰੇ ਵੱਲ ਚੱਲ ਪਈਆਂ। ਬਾਕੀ ਸਾਰੀ ਭੀੜ ਖਾਣ ਪੀਣ ਵਿੱਚ ਹੀ ਗੁਆਚੀ ਹੋਈ ਸੀ। ਜਦ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਦੇਖਿਆ ਕਿ ਹਾਲ ਵਿੱਚ ਮਸਾਂ ਵੀਹ ਕੁ ਬੰਦੇ ਹੀ ਬੈਠੇ ਸਨ। ਭਾਈ ਜੀ ਨੇ ਲੜਕੀ ਦੇ ਬਾਪ ਨੂੰ ਪੱਲਾ ਫੜਾਉਣ ਦੀ ਦੋ ਸ਼ਬਦੀ ਅਨਾਊਸਮੈਂਟ ਕੀਤੀ। ਬਾਪ ਨੇ ਪੱਲਾ ਫੜਾ ਦਿੱਤਾ। ਲੜਕੇ ਅਤੇ ਲੜਕੀ ਦੇ ਬਾਪ ਨੂੰ ਅਰਦਾਸ ਕਰਨ ਲਈ ਖੜ੍ਹਾ ਕੀਤਾ ਗਿਆ। ਅਰਦਾਸ ਕੀਤੀ। ਲਾਵਾਂ ਦਾ ਪਾਠ ਸ਼ੁਰੂ ਹੋ ਗਿਆ। ਕੀਰਤਨੀਆਂ ਨੇ ਆਪਣੇ ਸਾਜ ਖੜਕਾ ਕੇ ਇੱਕ ਇੱਕ ਲਾਂਅ ਨੂੰ ਗਾ ਕੇ ਕੀਰਤਨ ਕੀਤਾ। ਦੂਲਹੇ ਦੁਲਹਨ ਨੇ ਬੀੜ ਦੁਆਲੇ ਪ੍ਰੀਕਰਮਾ ਕੀਤੀ। ਛੇਤੀਂ ਛੇਤੀਂ ਆਖਰੀ ਸ਼ਬਦ ਵੀ ਗਾ ਦਿੱਤਾ, 'ਵਿਆਹ ਹੋਇਆ ਮੇਰੇ ਬਾਬਲਾ।' ਵਿਆਹ ਕਰਵਾਉਣ ਦਾ ਮਿਹਨਤਾਨਾ ਜਮ੍ਹਾਂ ਕਰਵਾਉਣ ਦੀ ਅਨਾਊਸਮੈਂਟ ਹੋ ਗਈ। ਵਿਆਹ ਦੇ ਸਰਟੀਫਿਕੇਟ ਤੇ ਦੋਹਾਂ ਪਾਰਟੀਆਂ ਦੇ ਦਸਤਖਤ ਕਰਵਾਏ। ਹਾਜ਼ਰ ਢਾਈ ਕੁ ਬੰਦਿਆਂ ਨੇ ਸ਼ਗਨ ਪਾਇਆ ਤੇ ਪ੍ਰਸ਼ਾਦ ਵਰਤ ਗਿਆ। ਇਹ ਸਾਰਾ ਕੁੱਝ ਇਵੇਂ ਹੋਇਆ ਜਿਵੇਂ ਰੈਡੀਮੇਡ ਹੋਵੇ।

ਰਸਮ ਹੁੰਦੇ ਸਮੇਂ ਮੇਰੀਆਂ ਅੱਖਾਂ ਮੂਹਰੇ ਇੱਕ ਐਸੇ ਵਿਆਹ ਦਾ ਦ੍ਰਿਸ਼ ਘੁੰਮ ਗਿਆ ਜਿਹੜਾ ਮੈਂ ਮਹੀਨਾ ਕੁ ਪਹਿਲਾਂ ਦੇਖਿਆ ਸੀ :-

ਪਿੰਡ ਦੇ ਇੱਕ ਘਰ ਦੇ ਵਿਹੜੇ ਵਿੱਚ ਰੌਣਕਾਂ ਦਾ ਹੜ੍ਹ ਆਇਆ ਹੋਇਆ ਸੀ....ਜਦ ਬਰਾਤ ਪਿੰਡ ਦੀ ਹੱਦ ਤੇ ਢੁੱਕੀ ਤਾਂ ਸਾਫਟ ਡਰਿੰਕਾਂ ਨਾਲ ਉਸ ਨੂੰ ਰਿਫਰੈਸ਼ਮੈਂਟ ਦਿੱਤੀ ਗਈ ਸੀ....ਵਾਜਾ ਵੱਜਦੇ ਵੱਜਦੇ ਬਾਰਾਤ ਪਿੰਡ ਦੇ ਚੌਂਤੇ ਤੱਕ ਪੁੱਜੀ ਸੀ। ਉਥੇ ਲੜਕੀ ਵਾਲਿਆਂ ਵੱਲੋਂ ਸਾਰਾ ਪਿੰਡ ਜੁੜ ਕੇ ਖੜਾ ਸੀ। ਭੀੜ ਇੰਨੀ ਸੀ ਕਿ ਤਿਲ ਧਾਰਨ ਨੂੰ ਵੀ ਥਾਂ ਨਹੀਂ ਸੀ। ਕੋਠਿਆਂ ਤੇ ਚੜ੍ਹਕੇ ਬੈਠੀਆਂ ਇਸਤਰੀਆਂ ਦਾ ਜਲੌਅ ਸਾਰੀ ਰੌਣਕ ਨੂੰ ਹੋਰ ਵੀ ਚਾਰ ਚੰਨ ਲਗਾ ਰਿਹਾ ਸੀ। ਵਿਆਹ ਦੇ ਪਰੰਪਰਾਗਤ ਗੀਤਾਂ ਦੀ ਸਾਰੇ ਪਾਸਿਓਂ ਬੁਛਾੜ ਹੋ ਰਹੀ ਸੀ....ਮਿਲਣੀ ਸਮੇਂ ਤੀਵੀਆਂ ਨੇ ਇੱਕ ਤੋਂ ਇੱਕ ਮਿਲਣੀ ਤੇ ਵਧੀਆ ਗੀਤ ਗਾ ਕੇ ਰੰਗ ਬੰਨ੍ਹ ਦਿੱਤੇ....ਮਿਲਣੀ ਤੋਂ

ਬਾਅਦ ਬਾਰਾਤ ਡੇਰੇ ਚਲੀ ਗਈ ਸੀ। ਥੋੜ੍ਹਾ ਚਿਰ ਆਰਾਮ ਕਰਨ ਤੋਂ ਬਾਅਦ ਵਾਜਾ ਵੱਜਿਆ ਤੇ ਕਈ ਮਿੰਟ ਵੱਜਦਾ ਹੀ ਰਿਹਾ ਸੀ....ਹੁਣ ਬਾਰਾਤ ਨੇ ਚਾਹ ਪੀਣ ਜਾਣਾ ਸੀ...ਫਿਰ ਵਾਜਾ ਜੰਮ ਕੇ ਵੱਜਿਆ ਸੀ ਤੇ ਬਾਰਾਤ ਵਾਪਸ ਡੇਰੇ ਆ ਗਈ ਸੀ। ਫਿਰ ਵਾਜਾ ਜੰਮ ਕੇ ਵੱਜਿਆਂ ਸੀ ਤੇ ਸਾਰੀ ਦੀ ਸਾਰੀ ਬਾਰਾਤ ਆਨੰਦਾਂ ਤੇ ਆ ਕੇ ਬੈਠ ਗਈ ਸੀ...

ਵਿਹੜਾ ਦੋਹਾਂ ਪਾਸਿਆਂ ਦੇ ਇਕੱਠ ਨਾਲ ਠਾਠਾਂ ਮਾਰ ਰਿਹਾ ਸੀ....ਸਾਰਾ ਪਿੰਡ ਤੇ ਸਾਰੀ ਬਾਰਾਤ ਆਨੰਦ ਕਾਰਜ ਵਿੱਚ ਸ਼ਾਮਲ ਸਨ....ਜਾਹੋ ਜਲਾਲ ਦੇਖਣ ਵਾਲਾ ਸੀ। ਭਾਈ ਜੀ ਦੀ ਆਵਾਜ਼ ਵਿੱਚ ਕੋਈ ਵੀ ਕਾਹਲਾਪਨ ਨਹੀਂ ਸੀ....ਰਾਗੀਆਂ ਢਾਡੀਆਂ ਆਪਣਾ ਖੁੱਲ੍ਹ ਕੇ ਸਮਾਂ ਲਿਆ ਸੀ....ਸਿੱਖਿਆ ਪੜ੍ਹਨ ਵਾਲੇ ਨੇ ਬਾਕੀਆਂ ਨਾਲੋਂ ਘੱਟ ਨਹੀਂ ਕੀਤੀ ਸੀ। ਲੜਕੀ ਦੇ ਭਰਾਵਾਂ ਬੀੜ ਦੇ ਚੁਫੇਰੇ ਖੜ ਕੇ ਬੜੇ ਖਲੂਸ ਨਾਲ ਲੜਕੀ ਦੇ ਫੇਰੇ ਕਰਾਵੇ ਸਨ....ਸਭ ਨੇ ਲਾਈਨਾਂ ਵਿੱਚ ਖੜੇ ਹੋ ਕੇ ਜੋੜੇ ਦੀ ਝੋਲੀ ਵਿੱਚ ਪਿਆਰ ਪਾਇਆ ਸੀ....ਫਿਜ਼ਾ ਵਿਆਹ ਦੀ ਰੌਣਕ ਨਾਲ ਪੂਰੀ ਤਰ੍ਹਾਂ ਲਬਰੇਜ਼ ਸੀ....ਬਾਰਾਤ ਆਰਾਮ ਨਾਲ ਡੇਰੇ ਵਾਪਸ ਗਈ ਸੀ....ਡੇਰੇ ਵਿੱਚ ਮਹਿਫਲਾਂ ਜੰਮੀਆਂ ਸਨ....ਸ਼ੀਸ਼ੀਆਂ ਖੜਕੀਆਂ ਸਨ....ਵਾਜੇ ਨੇ ਫਿਰ ਹੇਕ ਲਾਈ ਸੀ....ਬਰਾਤ ਰੋਟੀ ਖਾਣ ਚੱਲ ਪਈ ਸੀ....ਰਾਹ ਵਿਚੱ ਅੰਤਾਂ ਦਾ ਭੰਗੜਾ ਪਿਆ ਸੀ....ਅੰਤਾਂ ਦੇ ਪੈਸੇ ਵਾਰੇ ਗਏ ਸਨ....ਬਾਰਾਤ ਦੇ ਰੋਟੀ ਖਾਣ ਸਮੇਂ ਉਸ ਤੇ ਸਿਠਣੀਆਂ ਦੀ ਬੁਛਾੜ ਹੋਈ ਸੀ....

ਲੜਕੀ ਨੂੰ ਠੀਕ ਚਾਰ ਵਜੇ ਡੋਲੀ ਵਿੱਚ ਬਿਠਾ ਦਿੱਤਾ ਸੀ....ਡੋਲੀ ਸਮੇਂ ਵਿਛੋੜੇ ਦੇ ਗੀਤ ਗੂੰਜੇ ਸਨ....

ਮੈਂ ਦੋਹਾਂ ਵਿਆਹਾਂ ਦੇ ਫਰਕ ਬਾਰੇ ਸੋਚੀ ਜਾ ਰਿਹਾ ਸੀ। ਪੈਲੇਸ ਵਿਚਲਾ ਵਿਆਹ ਤੇ ਘਰ ਵਿਚਲਾ ਵਿਆਹ। ਜਦ ਮੈਂ ਹੋਸ਼ ਵਿੱਚ ਆਇਆ ਤਾਂ ਮੈਂ ਦੇਖਿਆ ਕਿ ਮੈਂ ਤਾਂ ਪੈਲੇਸ ਵਿੱਚ ਹੀ ਖੜਾ ਸਾਂ।

ਪੈਲੇਸ ਵਿੱਚ ਤਾਂ ਹੁਣ ਕੋਈ ਵੀ ਕੁਰਸੀ ਖਾਲੀ ਨਹੀਂ ਸੀ। ਸਾਰਾ ਵਿਹੜਾ ਵੀ ਮੋਟਰਾਂ ਗੱਡੀਆਂ ਨਾਲ ਭਰਿਆ ਪਿਆ ਸੀ। ਮੈਨੂੰ ਅੰਦਰਲੇ ਕੰਟਰੋਲ ਤੇ ਹੈਰਾਨੀ ਹੋਈ ਜਦੋਂ ਮੈਂ ਦੇਖਿਆ ਕਿ ਕੁੱਝ ਲੋਕ ਆਪਣੀਆਂ ਗੱਡੀਆਂ ਵਿੱਚ ਬੈਠੇ ਵੀ ਬੋਤਲਾਂ ਦੇ ਡੱਟ ਖੋਲ੍ਹ ਰਹੇ ਸਨ। ਪਹਿਲਾਂ ਵਾਲੇ ਓਹੀ ਦੋਵੇਂ ਰਾਹਗੀਰ ਵੀ ਭੀੜ ਵਿੱਚ ਲੁਟਕਦੇ ਘੁੰਮ ਰਹੇ ਸਨ। ਥੋੜ੍ਹੀ ਦੇਰ ਵਿੱਚ ਉਹ ਦੋਵੇਂ ਪੈਲੇਸ ਦੇ ਗੇਟ ਵੱਲ ਆਏ। ਮੈਂ ਉਸ ਸਮੇਂ ਗੇਟ ਕੋਲ ਹੀ ਖੜਾ ਸੀ। ਉਹਨਾਂ ਵਿੱਚੋਂ ਇੱਕ ਨੇ ਆਪਣੀ ਜੈਕਟ ਥੱਲਿਓਂ ਬੋਤਲ ਕੱਢੀ ਤੇ ਮੂੰਹ ਨੂੰ ਲਾ ਲਈ। ਉਹ ਡੱਕ ਡੱਕ ਕਰਕੇ ਕਈ ਘੁੱਟ ਪੀ ਗਿਆ।

"ਭਾਈ ਸਾਹਿਬ, ਸੁੱਕੀ ਹੀ ਪੀਂਦੇ ਜਾ ਰਹੇ ਹੋ?" ਮੈਥੋਂ ਬੋਲ ਹੋ ਗਿਆ।

"ਨਹੀਂ, ਵੀਰੇ, ਅਸੀਂ ਬੋਤਲ ਵਿੱਚੋਂ ਦੋ ਤਿੰਨ ਘੁੱਟ ਪੀ ਕੇ ਇਸ ਵਿੱਚ ਹੀ ਪਾਣੀ ਪਾ ਲਿਆ ਸੀ।"

“ਪੀਓਗੇ?”

“ਨਹੀਂ ਭਾਈ ਸਾਹਿਬ। ਮੈਂ ਪੀਦਾਂ ਨਹੀਂ।”

“ਅਸੀਂ ਕਿਹੜੀ ਬਹੁਤੀ ਪੀਂਦੇ ਹਾਂ। ਨਾਲੇ ਮੁਫਤ ਦੀ ਤਾਂ ਕਾਜ਼ੀ ਵੀ ਨਹੀਂ ਛੱਡਦਾ। ਵਿਆਹ ਦੀ ਪਾਰਟੀ ਕਾਫੀ ਅਮੀਰ ਲੱਗਦੀ ਹੈ। ਸੁਣਿਐ ਕੁੜੀ ਵਾਲੇ ਕਨੈਡਾ ਤੋਂ ਆਏ ਹੋਏ ਨੇ। ਤਾਂ ਹੀ ਤਾਂ ਐਨਾ ਵਧੀਆ ਬਰਾਂਡ ਵਰਤਾਇਆ ਜਾ ਰਿਹਾ ਹੈ,” ਇੱਕ ਬੋਲਿਆ।

“ਆਹ, ਮੇਰੇ ਕੋਲ ਖਾਣ ਲਈ ਮੱਛੀ ਵੀ ਹੈ ਤੇ ਲੈੱਗ ਪੀਸ ਵੀ ਨੇ। ਥੋੜ੍ਹੀ ਜਿਹੀ ਲਾ ਲਓ ਤੇ ਨਾਲ ਇਹ ਖਾ ਲਓ,” ਦੂਜਾ ਜ਼ੋਰ ਦੇ ਕੇ ਬੋਲਿਆ।

“ਨਹੀਂ, ਭਾਈ ਸਾਹਿਬ, ਮੈਂ ਸੱਚਮੁੱਚ ਨੀਂ ਪੀਂਦਾ। ਸੇਵਾ ਦੱਸੋ ਮੈਂ ਤੁਹਾਡੀ ਕੀ ਖਿਦਮਤ ਕਰ ਸਕਦਾ ਹਾਂ?” ਮੈਂ ਕਿਹਾ।

“ਬਹੁਤ ਮਿਹਰਬਾਨੀ ਵੀਰੇ। ਖਿਦਮਤ ਦੀ ਤਾਂ ਵੈਸੇ ਵੀ ਕੋਈ ਕਮੀ ਨਹੀਂ।”

“ਬਰਾਤੀ ਲਗਦੇ ਹੋ?”

“ਨਾ ਵੀਰੇ, ਸਾਡੀ ਤਾਂ ਰੋਜ਼ ਬਰਾਤ ਹੁੰਦੀ ਹੈ। ਹਰ ਰੋਜ਼ ਸ਼ਹਿਰੋਂ ਚੱਲ ਪਈਦਾ ਏ। ਜਿਹੜੀ ਮਰਜ਼ੀ ਸੜਕ ਤੇ ਨਿਕਲ ਪਵੋ ਹਰ ਪਾਸੇ ਪੈਲੇਸ ਹੀ ਪੈਲੇਸ ਨੇ। ਵਿਆਹ ਤਾਂ ਰੋਜ਼ ਹੋਈ ਜਾ ਰਹੇ ਹਨ। ਪਰ ਭਰਾਵਾ ਦੇਖੀਂ....ਕਿਤੇ....” ਨਸ਼ੇ ਵਿੱਚ ਉਹ ਸੱਚ ਤਾਂ ਬੋਲ ਗਿਆ ਪਰ ਦੂਜੇ ਦੇ ਇਸ਼ਾਰੇ ਤੇ ਉਹ ਇੱਕ ਦਮ ਉਥੋਂ ਖਿਸਕ ਗਏ। ਦੂਜੇ ਨੇ ਸ਼ਾਇਦ ਅਜੇ ਘੱਟ ਪੀਤੀ ਸੀ।

ਉਹਨਾਂ ਨੂੰ ਮੇਰੇ ਤੋਂ ਵੀ ਕੁੱਝ ਖਤਰਾ ਜਿਹਾ ਪੈ ਗਿਆ ਸੀ।

ਆਨੰਦ ਕਾਰਜ ਹੋ ਹਟਿਆ ਸੀ। ਪੈਲੇਸ ਦੀਆਂ ਅਸ਼ਲੀਲ ਜਿਹੀਆਂ ਤੇ ਲੜਖੜਾਂਦੀਆਂ ਜਿਹੀਆਂ ਹਰਕਤਾਂ ਤੇ ਰੌਣਕਾਂ ਅਜੇ ਪੂਰੇ ਜੋਬਨ ਤੇ ਸਨ। ਸ਼ਗਨ ਪੈ ਰਹੇ ਸਨ, ਕਿਤੇ ਮੁੰਡੇ ਦਾ ਪਿਓ ਆਪਣੀ ਨਵੀਂ ਬਣੀ ਨੂੰਹ ਦਾ ਹੱਥ ਫੜ ਕੇ ਨੱਚਣ ਦੀ ਕੋਸ਼ਿਸ਼ ਕਰ ਰਿਹਾ ਸੀ, ਕਿਤੇ ਮੁੰਡੇ ਦੀ ਮਾਂ ਆਪਣੀ ਨਵੀਂ ਬਣੀ ਕੁੜਮਣੀ ਵੱਲ ਨੂੰ ਦੰਦੀਆਂ ਝਗਾ ਕੇ ਇਵੇਂ ਇਸ਼ਾਰੇ ਕਰ ਰਹੀ ਸੀ ਜਿਵੇਂ ਕੋਈ ਵੱਡਾ ਰਣ ਜਿੱਤ ਲਿਆ ਹੋਵੇ, ਕਿਤੇ ਮੁੰਡੇ ਦੀ ਭੈਣ ਇਵੇਂ ਹੁੱਬ ਰਹੀ ਸੀ ਜਿਵੇਂ ਉਸ ਨੇ ਆਪਣੀ ਨਵੀਂ ਬਣੀ ਭਰਜਾਈ ਤੇ ਆਉਂਦੇ ਸਾਰ ਹੀ ਗਲਬਾ ਪਾ ਲੈਣਾ ਹੋਵੇ....ਕਿਤੇ..ਕਿਤੇ..ਕਿਤੇ...।

# ਬਿਲੌਰੀ ਅੱਖਾਂ

ਕਾਲਜ ਵਿੱਚ ਬਸੰਤ ਪੰਚਮੀ ਦੇ ਆਗਮਨ ਤੇ ਇੱਕ ਸਭਿਅਚਾਰਕ ਪ੍ਰੋਗਰਾਮ ਰੱਖਿਆ ਜਾ ਰਿਹਾ ਸੀ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਵਾਉਣ ਦੀ ਚਰਚਾ ਚੱਲ ਰਹੀ ਸੀ। ਸਟਾਫ ਮੀਟਿੰਗ ਰੱਖੀ ਗਈ। ਕੋਈ ਕਹਿ ਰਿਹਾ ਸੀ ਪ੍ਰਧਾਨਗੀ ਹਲਕੇ ਦੇ ਐਮ.ਐਲ.ਏ. ਤੋਂ ਕਰਵਾ ਲਈ ਜਾਵੇ। ਕੋਈ ਪ੍ਰਧਾਨਗੀ ਲਈ ਕਿਸੇ ਡੇਰੇ ਦੇ ਸਾਧ ਦਾ ਜ਼ਿਕਰ ਕਰ ਰਿਹਾ ਸੀ। ਵੱਡੀ ਚਰਚਾ ਇਹ ਸੀ ਕਿ ਇਹ ਦੋਵੇਂ ਬੰਦੇ ਕਾਲਜ ਨੂੰ ਖਾਸੇ ਪੈਸੇ ਦੇ ਜਾਣਗੇ। ਮੈਂ ਸਲਾਹ ਦਿੱਤੀ ਕਿ ਕਿਸੇ ਸਾਹਿਤਕਾਰ ਨੂੰ ਬੁਲਾ ਲੈਂਦੇ ਹਾਂ। ਮੇਰੇ ਨੇੜੇ ਬੈਠੇ ਮੇਰੇ ਵਿਰੋਧੀ ਨੇ ਸੰਘ ਪਾੜ ਕੇ ਕਿਹਾ, "ਸਾਹਿਤਕਾਰ ਨੰਗ ਤੁਹਾਨੂੰ ਕੀ ਦੇ ਕੇ ਜਾਵੇਗਾ? ਉਸਨੂੰ ਤਾਂ ਉਲਟਾ ਸਾਨੂੰ ਆਪਣੇ ਕੋਲੋਂ ਕੁੱਝ ਦੇਣਾ ਪਵੇਗਾ।" ਪ੍ਰਿੰਸੀਪਲ ਕੁੱਝ ਸਾਹਿਤਕ ਰੁਚੀਆਂ ਰੱਖਦਾ ਸੀ। ਉਸਦੀਆਂ ਪੰਜਾਬੀ ਵਿੱਚ ਦੋ ਕੁ ਪੁਸਤਕਾਂ ਵੀ ਛਪੀਆਂ ਹੋਈਆਂ ਸਨ। ਉਹ ਬੋਲਿਆ, "ਅਧਿਆਪਕ ਦੋਸਤੋ, ਅਸੀਂ ਜਦ ਵੀ ਕੋਈ ਪ੍ਰੋਗਰਾਮ ਕਰਦੇ ਹਾਂ ਤਾਂ ਹਮੇਸ਼ਾ ਭੁੱਖ ਹੀ ਖਿਲਾਰਦੇ ਹਾਂ। ਸਾਡੇ ਮਨ ਦੀ ਹਾਲਤ ਹਮੇਸ਼ਾ ਇਹੀ ਹੁੰਦੀ ਏ ਕਿ ਆਉਣ ਵਾਲਾ ਮੁੱਖ ਮਹਿਮਾਨ ਕਿੰਨੇ ਕੁ ਪੈਸੇ ਦੇ ਜਾਓ। ਕਈ ਕਾਲਜਾਂ ਵਿੱਚ ਤਾਂ ਬੁਲਾਏ ਜਾਣ ਵਾਲੇ ਮੁੱਖ ਮਹਿਮਾਨਾਂ ਦੀ ਸੋਚ ਵੀ ਨਹੀਂ ਦੇਖੀ ਜਾਂਦੀ। ਕਿਸੇ ਖਾਲਸਾ ਕਾਲਜ ਵਾਲੇ ਐਸੇ ਸਾਧ ਨੂੰ ਵੀ ਬੁਲਾ ਸਕਦੇ ਹਨ ਜਿਹੜਾ ਸਿੱਖ ਮੱਤ ਦੇ ਸਿਧਾਂਤਾਂ ਤੇ ਪੂਰਾ ਨਹੀਂ ਉੱਤਰਦਾ। ਮਤਲਬ ਨਿਰਾ ਇਹ ਹੁੰਦੇ, ਸਾਧ ਦੌੜ ਕੇ ਬਸ ਪੈਸੇ ਦੇ ਜਾਵੇ, ਫਿਰ ਤੂੰ ਕੌਣ ਤੇ ਮੈਂ ਕੌਣ। ਇੱਕ ਹਿੰਦੂ ਕਾਲਜ ਨੇ ਸ਼ਹਿਰ ਦੇ ਇੱਕ ਖਾਂਦੇ-ਪੀਂਦੇ ਜੱਟ ਸਿੱਖ ਪਰਿਵਾਰ ਦੇ ਮਿਉਂਸੀਪਲ ਕਮਿਸ਼ਨਰ ਤੋਂ ਪ੍ਰੋਗਰਾਮ ਦੀ ਪ੍ਰਧਾਨਗੀ ਇਸ ਲਈ ਕਰਵਾਈ ਕਿ ਉਹਨੇ ਕਾਲਜ ਨੂੰ ਇੱਕ ਲੱਖ ਰੁਪਏ ਦੇ ਜਾਣੇ ਸਨ। ਉਹਨੂੰ ਆਮ ਤੁਰੇ ਫਿਰਦੇ ਨੂੰ ਸ਼ਾਇਦ ਉਸ ਹਿੰਦੂ ਕਾਲਜ ਦੇ ਮੁਹਤਬਰ ਚੰਗੀ ਤਰ੍ਹਾਂ ਪਛਾਨਣ ਤੋਂ ਵੀ ਗੁਰੇਜ਼ ਕਰ ਦੇਣ। ਆਪਣੇ ਇਸ ਕਾਲਜ ਵਿੱਚ ਸਾਨੂੰ ਕੁਝ ਨਵੀਆਂ ਤੇ ਸੋਹਣੀਆਂ ਪਿਰਤਾਂ ਪਾਉਣੀਆਂ ਚਾਹੀਦੀਆਂ ਹਨ। ਕਦੀ ਕਦੀ ਕਿਸੇ ਸਾਹਿਤਕਾਰ ਨੂੰ ਵੀ ਸੱਦਣਾ ਹੀ ਚਾਹੀਦਾ ਏ। ਮੈਂ ਸਲਾਹ ਦੇਵਾਂਗਾ ਕਿ ਇਸ ਵਾਰ ਕਿਸੇ ਸਾਹਿਤਕਾਰ ਨੂੰ ਸੱਦਿਆ ਜਾਵੇ। ਉਸਨੂੰ ਅਸੀਂ ਆਉਣ ਜਾਣ ਦਾ ਟੈਕਸੀ ਦਾ ਖਰਚਾ ਤੇ ਨਾਲ 5100 ਰੁਪਏ ਭੇਟ ਕਰ ਦੇਵਾਂਗੇ। ਕੀ ਖਿਆਲ ਏ ਤੁਹਾਡਾ?"

ਸਟਾਫ਼ ਮੈਂਬਰਾਂ ਨੇ ਪ੍ਰਿੰਸੀਪਲ ਦੇ ਵਿਚਾਰ ਦੀ ਹਿਮਾਇਤ ਕਰ ਦਿੱਤੀ।

"ਕਿਹੜਾ ਸਾਹਿਤਕਾਰ ਸੱਦੀਏ ਫਿਰ?" ਪ੍ਰਿੰਸੀਪਲ ਨੇ ਸਭ ਦੀ ਰਾਇ ਜਾਨਣੀ ਚਾਹੀ।

ਇੱਕ ਬੋਲਿਆ, "ਮੇਰਾ ਖਿਆਲ ਏ, ਆਤਿਸ਼ ਮਖਦੂਮਪੁਰੀ ਠੀਕ ਰਹੇਗਾ।"

"ਉਹ ਤਾਂ ਹੁਣ ਬਹੁਤ ਮਹਿੰਗਾ ਹੋ ਗਿਆ ਹੋਵੇਗਾ, ਖਾਸ ਕਰਕੇ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰਨ ਤੋਂ ਬਾਦ," ਦੂਜੇ ਨੇ ਸਲਾਹ ਦਿੱਤੀ, "ਸ਼ਾਇਦ ਉਸ ਪਾਸ ਸਾਡੇ ਇਸ ਛੋਟੇ ਜਿਹੇ ਪ੍ਰੋਗਰਾਮ ਲਈ ਸਮਾਂ ਵੀ ਘੱਟ ਹੋਵੇ। ਉਸਦੀ ਤਾਂ ਹੁਣ ਬਾਹਰਲੇ ਦੇਸ਼ਾਂ ਵਿੱਚ ਵੀ ਕਾਫੀ ਮੰਗ ਵਧ ਗਈ ਏ। ਪਿੱਛੇ ਜਿਹੇ ਉਸਨੂੰ ਕੈਨੇਡਾ ਤੇ ਆਸਟਰੇਲੀਆ ਵਾਲਿਆਂ ਨੇ ਵੀ ਸੱਦਿਆ ਸੀ। ਜਿਸਦੇ ਮੂੰਹ ਨੂੰ ਡਾਲਰ ਲੱਗ ਗਏ ਹੋਣ ਉਹ ਹੁਣ ਸਾਡੇ ਇਸ ਇਕਵੰਜਾ ਸੌ ਛਿਲੜਾਂ ਦੇ ਪ੍ਰੋਗਰਾਮ ਵਿੱਚ ਆਉਣਾ ਕਿਵੇਂ ਮੰਨੂੰ?"

"ਤਾਂ ਫਿਰ ਮੋਗੇ ਵਾਲੇ ਬਲਵੰਤ ਸਿੰਘ ਚੰਦਨ ਨੂੰ ਬੁਲਾ ਲੈਂਦੇ ਹਾਂ। ਉਹ ਹੁਣ ਨਾਵਲਕਾਰ ਦੇ ਤੌਰ ਤੇ ਕੁਝ ਮਸ਼ਹੂਰ ਹੋ ਹੀ ਚੁੱਕਾ ਏ। ਤੁਸੀਂ ਸ਼ਾਇਦ ਜਾਣਦੇ ਹੋ, ਪਿੱਛੇ ਜਿਹੇ ਉਸਦਾ ਨਵਾਂ ਨਾਵਲ ਆਇਆ ਏ 'ਬੇਗਮ ਦੀਆਂ ਬਿਲੌਰੀ ਅੱਖਾਂ'। ਨਾਲੇ ਉਹ ਥੋੜ੍ਹਾ ਸ਼ੁਗਲੀ ਵੀ ਏ। ਉਸਨੇ ਗੰਭੀਰ ਅਤੇ ਹਲਕੇ ਫੁਲਕੇ ਦੋਹਾਂ ਤਰ੍ਹਾਂ ਦੇ ਹੀ ਨਾਵਲ ਲਿਖੇ ਹਨ। ਅਗਰ ਆਉਣ ਲਈ ਮੰਨ ਗਿਆ ਤਾਂ ਸੋਹਣਾ ਰੰਗ ਬਣੂੰ। ਲਗਦਾ ਏ, ਕਾਲਜ ਦੇ ਵਿਦਿਆਰਥੀ ਉਸਨੂੰ ਕਾਫੀ ਪਸੰਦ ਕਰਨਗੇ। ਉਹ ਕੁਝ ਘੱਟ ਪੈਸਿਆਂ ਵਿੱਚ ਵੀ ਮੰਨ ਜਾਵੇਗਾ। ਸ਼ਾਇਦ ਉਹ ਪੈਸਿਆਂ ਦੀ ਕੋਈ ਗੱਲ ਕਰੇ ਹੀ ਨਾ, ਜੋ ਦੇ ਦਿੱਤਾ ਸੋ ਸਵੀਕਾਰ ਕਰ ਲਿਆ। ਇਸ ਪ੍ਰਕਾਰ ਵਿਦਿਆਰਥੀਆਂ ਦੀ ਇੱਕ ਸਾਹਿਤਕਾਰ ਨਾਲ ਵਾਕਫ਼ੀਅਤ ਵੀ ਹੋ ਜਾਵੇਗੀ। ਕਾਲਜ ਵਿੱਚ ਅਕਾਦਮਿਕ ਸ਼ਖਸੀਅਤਾਂ ਨੂੰ ਨਿਉਤਾ ਦੇਣ ਦੀ ਨਵੀਂ ਪਿਰਤ ਵੀ ਸ਼ੁਰੂ ਹੋ ਜਾਵੇਗੀ," ਇੱਕ ਹੋਰ ਪ੍ਰੋਫੈਸਰ ਨੇ ਸਲਾਹ ਦਿੱਤੀ।

ਇੱਕ ਹੋਰ ਸਟਾਫ਼ ਮੈਂਬਰ ਪ੍ਰੋ. ਪਿਆਰਾ ਸਿੰਘ ਮਹਿਰਮਪੁਰੀ ਬੋਲਣ ਲਈ ਕਾਹਲ ਕਰਦਾ ਬੋਲਿਆ, "ਬਲਵੰਤ ਸਿੰਘ ਨਾਲ ਤਾਂ ਮੇਰੇ ਇੱਕ ਦੋਸਤ ਦੀ ਥੋੜ੍ਹੀ ਜਿਹੀ ਵਾਕਫ਼ੀਅਤ ਵੀ ਏ। ਅਗਰ ਮੈਂ ਉਸ ਨਾਲ ਆਪਣੇ ਇਸ ਦੋਸਤ ਰਾਹੀਂ ਗੱਲ ਕਰਾਂ ਤਾਂ ਸ਼ਾਇਦ ਉਹ ਹੋਰ ਵੀ ਘੱਟ ਪੈਸਿਆਂ ਵਿੱਚ ਆਉਣ ਲਈ ਮੰਨ ਜਾਵੇ।"

ਆਖਰ ਪ੍ਰਿੰਸੀਪਲ ਸਾਹਿਬ ਨੇ ਫੈਸਲਾ ਸੁਣਾ ਦਿੱਤਾ, "ਮਹਿਰਮਪੁਰੀ ਸਾਹਿਬ, ਤੁਸੀਂ ਦੋ ਚਾਰ ਦਿਨਾਂ ਵਿੱਚ ਮੋਗੇ ਚੰਦਨ ਸਾਹਿਬ ਦੇ ਘਰ ਜਾ ਆਓ ਤੇ ਉਸ ਨਾਲ ਆਉਣ ਦਾ ਪ੍ਰੋਗਰਾਮ ਪੱਕਾ ਕਰ ਲਵੋ। ਪਹਿਲਾਂ ਫੋਨ ਕਰਕੇ ਜਾਂ ਕਰਵਾਗੇ ਪਤਾ ਕਰ ਲਓ ਕਿ ਚੰਦਨ ਤੁਹਾਡੇ ਉੱਥੇ ਜਾਣ ਸਮੇਂ ਘਰ ਵੀ ਹੋਵੇ। ਨਾਲ ਲਗਦਾ ਤੁਸੀਂ ਲੁਧਿਆਣੇ ਲਾਇਲ ਬੁੱਕ ਡਿਪੋ ਤੋਂ ਕਾਲਜ ਦੀ ਲਾਇਬਰੇਰੀ ਵਾਸਤੇ ਦੋ ਲੱਖ ਰੁਪਏ

ਦੀਆਂ ਕਿਤਾਬਾਂ ਵੀ ਲੈ ਆਓ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਕਿਤਾਬਾਂ ਵਾਸਤੇ ਇਹ ਦੋ ਲੱਖ ਦੀ ਗਰਾਂਟ ਆ ਚੁੱਕੀ ਏ। ਇਸ ਪ੍ਰਕਾਰ ਇੱਕ ਪੰਥ ਦੋ ਕਾਜ ਹੋ ਜਾਣਗੇ।"

"ਸਰ, ਬਲਵੰਤ ਸਿੰਘ ਮੋਗੇ ਨਹੀਂ ਰਹਿੰਦਾ। ਮੋਗਾ ਨੇੜੇ ਉਸ ਦਾ ਪਿੰਡ ਏ ਕੋਟਕਪੂਰਾ ਰੋਡ ਤੋਂ ਥੋੜ੍ਹਾ ਹਟਵਾਂ। ਇਸ ਲਈ ਟੈਕਸੀ ਕਰਨੀ ਪਵੇਗੀ। ਅਸੀਂ ਦੋ ਜਣੇ ਜਾਈਏ ਤਾਂ ਜ਼ਿਆਦਾ ਠੀਕ ਏ। ਮੇਰੇ ਨਾਲ ਪ੍ਰੋਫੈਸਰ ਸੁਰਿਦੰਰ ਸੱਦੀ ਨੂੰ ਭੇਜ ਦਿਓ।"

"ਚੰਗਾ, ਤੁਸੀਂ ਦੋਨੋਂ ਚਲੇ ਜਾਇਓ। ਅੱਜ ਕੱਲ੍ਹ ਜਮਾਤਾਂ ਤਾਂ ਘੱਟ ਹੀ ਲਗਦੀਆਂ ਹਨ। ਬੱਚੇ ਇਮਤਿਹਾਨ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਹਨ। ਬਸੰਤ ਪੰਚਮੀ ਪਹਿਲਾਂ ਹੀ ਲੰਘ ਗਈ ਏ। ਮੌਸਮ ਬਹੁਤ ਹੀ ਵਧੀਆ ਏ।"

ਦੋਹਾਂ ਪ੍ਰੋਫੈਸਰਾਂ ਨੇ ਮੋਗੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਆਖਰ ਇਹ ਪ੍ਰੋਗਰਾਮ ਬਣਿਆ ਕਿ ਕਾਲਜ ਤੋਂ ਸਾਲਮ ਇੱਕ ਵੈਨ ਲੈ ਕੇ ਹੀ ਜਾਇਆ ਜਾਵੇ ਤਾਂ ਕਿ ਕਿਤਾਬਾਂ ਵੀ ਲੱਗਦੇ ਹੱਥ ਹੀ ਲਿਆਦੀਆਂ ਜਾ ਸਕਣ। ਇੰਜ ਕਰਨ ਨਾਲ ਮੋਗੇ ਜਾ ਕੇ ਅਲੱਗ ਟੈਕਸੀ ਕਰਨ ਦਾ ਝੰਜਟ ਵੀ ਖਤਮ ਹੋ ਜਾਂਦਾ ਸੀ।

ਜਦ ਦੋਨੋਂ ਪ੍ਰੋਫੈਸਰ ਸਾਹਿਬਾਨ ਚੰਦਨ ਦੇ ਪਿੰਡ ਪਹੁੰਚੇ ਤਾਂ ਉਹਨਾ ਨੇ ਪਿੰਡ ਦੇ ਬਾਹਰਵਾਰ ਇੱਕ ਜ਼ਿਮੀਦਾਰ ਤੋਂ ਉਹਨਾਂ ਦਾ ਘਰ ਦਾ ਪਤਾ ਕਰਕੇ ਉਹਨਾਂ ਦਾ ਜਾ ਦਰਵਾਜ਼ਾ ਖ਼ੜਕਾਇਆ। ਇੱਕ ਜਵਾਨ ਮੁੰਡੇ ਨੇ ਦਰਵਾਜ਼ਾ ਖੋਲ੍ਹਿਆ। ਦੇਖਣ ਤੋਂ ਇਹ ਮੁੰਡਾ ਪਿੰਡ ਖੇਤੀਬਾੜੀ ਕਰਦਾ ਲਗਦਾ ਸੀ। ਸ਼ਾਇਦ ਥੋੜ੍ਹਾ ਬਹੁਤ ਪੜ੍ਹਿਆ ਲਿਖਿਆ ਵੀ ਹੋਵੇ। ਉਸਨੇ ਦੋਹਾਂ ਮਹਿਮਾਨਾਂ ਨੂੰ ਆਪਣੇ ਸਾਧਾਰਨ ਜਿਹੇ ਡਰਾਇੰਗ ਰੂਮ ਵਿੱਚ ਬਿਠਾ ਲਿਆ। ਉਹ ਮੁੰਡਾ ਤੇ ਇੱਕ ਅਧਖੜ ਜਿਹੀ ਇਸਤਰੀ ਆ ਕੇ ਮਹਿਮਾਨਾਂ ਦੇ ਸਾਹਮਣੇ ਬੈਠ ਗਏ।

"ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ ਜੀ। ਅਸੀਂ ਤੁਹਾਨੂੰ ਪਛਾਣਿਆ ਨਹੀਂ। ਕਿਵੇਂ ਆਉਣਾ ਹੋਇਆ ਜੀ? ਤੁਸੀਂ ਕਿੱਥੋਂ ਆਏ ਹੋ?" ਜਵਾਨ ਲੜਕਾ ਦੋਹਾਂ ਮਹਿਮਾਨਾਂ ਨੂੰ ਮੁਖਾਤਿਬ ਹੋਇਆ। ਇਸਤਰੀ ਬੈਠੀ ਦੋਹਾਂ ਵੱਲ ਝਾਕਦੀ ਰਹੀ।

"ਜੀ ਅਸੀਂ ਬਲਵੰਤ ਸਿੰਘ ਚੰਦਨ ਹੋਰਾਂ ਨੂੰ ਮਿਲਣ ਆਏ ਹਾਂ। ਅਸੀਂ ਦੁਆਬੇ ਦੇ ਇੱਕ ਕਾਲਜ ਵਿੱਚ ਲੈਕਚਰਾਰ ਹਾਂ।"

"ਦੱਸੋ, ਕੀ ਕੰਮ ਏ?"

"ਜੀ, ਅਸੀਂ ਆਪਣੇ ਕਾਲਜ ਵਿੱਚ ਇੱਕ ਸੱਭਿਆਚਾਰਕ ਪ੍ਰੋਗਰਾਮ ਦੀ ਉਹਨਾਂ ਪਾਸੋਂ ਪ੍ਰਧਾਨਗੀ ਕਰਵਾਉਣੀ ਚਾਹੁੰਦੇ ਹਾਂ। ਉਹ ਹੁਣ ਪੰਜਾਬੀ ਦੇ ਮਸ਼ਹੂਰ ਨਾਵਲਕਾਰ ਹਨ।"

"ਤੁਹਾਨੂੰ ਕੋਈ ਚੱਜਦਾ ਬੰਦਾ ਨਹੀਂ ਲੱਭਾ? ਏਸ ਲੁੱਚੇ ਤੋਂ ਤੁਸੀਂ ਪ੍ਰਧਾਨਗੀ ਕਰਵਾਉਣੀ ਚਾਹੁੰਦੇ ਹੋ?" ਤੀਵੀਂ ਦੋਹਾਂ ਪ੍ਰੋਫੈਸਰਾਂ ਨੂੰ ਟੁੱਟ ਕੇ ਪੈ ਗਈ।

"ਇਹ ਕੋਈ ਬੰਦਾ ਏ? ਇਹਨੂੰ ਤਾਂ ਇਥੇ ਸਾਡੇ ਪਿੰਡ ਕੋਈ ਟਕੇ ਜਿੰਨਾ ਵੀ ਨਹੀਂ ਜਾਣਦਾ। ਤੁਸੀਂ ਐਡੀ ਦੂਰੋਂ ਇਸ ਚੌਰੇ ਨੂੰ ਮਿਲਣ ਆਏ ਹੋ। ਸਦਕੇ ਜਾਈਦੇ ਤੁਹਾਡੀ ਪੜ੍ਹਾਈ ਦੇ। ਇਹ ਤਾਂ ਉਹ ਗੱਲ ਹੋਈ, ਅਖੇ ਲੰਡੇ ਨੂੰ ਮੀਣਾ ਸੌ ਕੋਹ ਦਾ ਵਲ ਪਾ ਕੇ ਵੀ ਮਿਲ ਹੀ ਲੈਂਦੇ ਏ, " ਮੁੰਡੇ ਨੇ ਵੀ ਬਲਵੰਤ ਸਿੰਘ ਦੀ ਝੰਡ ਲਾਹੁਣ ਵਿੱਚ ਕੋਈ ਕਸਰ ਨਾ ਛੱਡੀ।

ਦੋਹਾਂ ਪ੍ਰੋਫੈਸਰਾਂ ਨੂੰ ਜ਼ਮੀਨ ਥਾਂ ਨਾ ਦਾਵੇ। ਉਹਨਾਂ ਭਾਣੇ ਖੀਰ ਵਿੱਚ ਪੂਰੀ ਸੁਆਹ ਪੈ ਗਈ ਸੀ। ਉਹ ਸੋਚੀ ਜਾਣ ਇਹ ਹੋ ਕੀ ਰਿਹਾ ਏ। ਦੋਹਾਂ ਨੇ ਆਪਸ ਵਿੱਚ ਅੱਖਾਂ ਮਿਲਾਈਆਂ। ਦੋਹਾਂ ਦੀ ਇੱਕ ਦੂਜੇ ਵੱਲ ਝਾਕਣੀ ਤੋਂ ਇੰਜ ਲਗਦਾ ਸੀ ਜਿਵੇਂ ਉਹ ਕਿਸੇ ਗਲਤ ਥਾਂ ਆ ਗਏ ਹੋਣ। ਇਹ ਗਲਤ ਥਾਂ ਵੀ ਤਾਂ ਹੁੰਦੀ ਜੇ ਉਹ ਮੁੰਡਾ ਤੇ ਇਸਤਰੀ ਉਹਨਾਂ ਨੂੰ ਮਿਲਦੇ ਸਾਰੇ ਹੀ ਇੱਕ ਦਮ ਕਹਿ ਦਿੰਦੇ ਕਿ ਉਹ ਬਲਵੰਤ ਸਿੰਘ ਦਾ ਘਰ ਹੀ ਨਹੀਂ ਸੀ। ਜੇ ਉਹ ਠੀਕ ਥਾਂ ਤੇ ਸਨ ਤਾਂ ਗਲਤ ਕੀ ਸੀ? ਇੱਕ ਸਾਹਿਕਤਕਾਰ ਦੇ ਘਰ ਵਾਲੇ ਐਨੇ ਰੁੱਖੇ ਬੰਦੇ ਕਿਉਂ ਸਨ? ਉਹ ਤਾਂ ਬਲਵੰਤ ਸਿੰਘ ਦੇ ਨਾਂ ਤੋਂ ਹੀ ਜ਼ਹਿਰ ਉਗਲ ਰਹੇ ਸਨ। ਉਹਨਾਂ ਦੇ ਮਨ ਵਿੱਚ ਇੱਕ ਵਾਰ ਤਾਂ ਇਹ ਵੀ ਆਇਆ ਕਿ ਬਹੁਤੇ ਸਾਹਿਤਕਾਰਾਂ ਨੂੰ ਉਹਨਾਂ ਦੀਆਂ ਤੀਵੀਆਂ ਤੇ ਔਲਾਦ ਘੱਟ ਹੀ ਚੰਗਾ ਸਮਝਦੇ ਹਨ। ਸੱਦੀ ਸਾਹਿਬ ਸੋਚਣ ਲੱਗ ਪਏ ਕਿ ਟਾਲਸਟਾਏ ਦੀ ਘਰਵਾਲੀ, ਸੋਫੀਆ ਨੇ ਉਸ ਦਾ ਵੱਡ ਅਕਾਰੀ ਨਾਵਲ 'ਜੰਗ ਤੇ ਸ਼ਾਂਤੀ' (War And Peace) ਟਾਈਪ ਰਾਈਟਰ ਤੇ ਬੈਠ ਕੇ ਕਈ ਵਾਰ ਟਾਈਪ ਕੀਤਾ ਸੀ। ਫਿਰ ਵੀ ਟਾਲਸਟਾਏ ਨੇ ਆਖਰ ਵਿੱਚ ਉਸਨੂੰ ਬੁਰਾ ਹੀ ਕਿਹਾ ਸੀ। ਉਸਦੀ ਸਿਫ਼ਤ ਨਹੀਂ ਕੀਤੀ ਸੀ।

"ਭੈਣ ਜੀ, ਮੈਂ ਤੁਹਾਡੀ ਗੱਲ ਸਮਝਿਆ ਨਹੀਂ? ਤੁਸੀਂ ਬਲਵੰਤ ਸਿੰਘ ਨੂੰ.... ਲੁੱ....ਚਾ ਕਹਿ ਰਹੇ ਹੋ। ਕੀ ਇਹ ਉਹਨਾ....ਦਾ ਘਰ....ਰ ਨਹੀਂ ਏ? ਜੀ, ਅ....ਸੀਂ ਤਾਂ....ਬੜੇ ਮਾ....ਣ ਨਾਲ ਆਏ ਹਾਂ।"

"ਤੁਸੀਂ ਉਹਦੇ ਘਰ ਹੀ ਬੈਠੇ ਹੋ। ਤੁਸੀਂ ਗਲਤ ਥਾਂ ਤੇ ਨਹੀਂ ਹੋ। ਹੈਰਾਨੀ ਤਾਂ ਮੈਨੂੰ ਤੁਹਾਡੀ ਸੋਚ ਤੇ ਹੋ ਰਹੀ ਏ। ਤੁਹਾਡੇ ਜਿਹੀ ਸੋਚ ਵਾਲੇ ਬੰਦਿਆਂ ਨੂੰ ਤਾਂ ਡਾਂਗਾ ਮਾਰ ਕੇ ਘਰੋਂ ਕੱਢ ਦੇਣਾ ਚਾਹੀਦਾ ਏ", ਜਨਾਨੀ ਕੜਕ ਕੇ ਬੋਲੀ।

"ਜੀ....ਜੀ....ਭੈਣ....ਜੀ, ਸਾਨੂੰ ਮੁ...ਆ...ਫ਼ ਕਰ ਦਿਓ।ਅਸੀਂ ਚ....ਲ....ਦੇ ਹਾਂ", ਦੋਨੋਂ ਪ੍ਰੋਫੈਸਰਾਂ ਨੇ ਇਕੱਠੇ ਹੀ ਮਿਣ ਮਿਣ ਕਰਦਿਆਂ ਨੇ ਬਾਹਰ ਟ੍ਰਿਭਣ ਦੀ ਕੀਤੀ। ਪਹਿਲਾਂ ਉਹਨਾਂ ਸੋਚਿਆ ਕਿ ਘਰ ਤੋਂ ਥੋੜ੍ਹਾ ਦੂਰ ਜਾਇਆ ਜਾਵੇ। ਕਦੀ ਉਹਨਾਂ ਦਾ ਦਿਲ ਉਸ ਪਿੰਡ ਤੋਂ ਹੀ ਦੂਰ ਭੱਜਣ ਨੂੰ ਕਰੇ। ਪਰ ਗੱਲ ਦਾ ਤਾਂ ਪੂਰਾ ਪੂਰਾ ਪਤਾ ਲੱਗਣਾ ਚਾਹੀਦਾ ਹੀ ਸੀ। ਉਹ ਬਲਵੰਤ ਸਿੰਘ ਬਾਰੇ ਸੁਣਦੇ ਰਹੇ ਸਨ ਕਿ ਬੜਾ ਮਿਲਣਸਾਰ ਏ, ਪੁਸਤਕਾਂ ਵੀ ਕਈ ਛਪਵਾ ਚੁੱਕਿਆ ਏ। ਘਰ ਦਾ ਮਾਹੌਲ ਅਜੀਬੋ ਗਰੀਬ ਏ। ਨਾ ਚਾਹ ਨਾ ਪਾਣੀ। ਬੈਠਦੇ ਸਾਰ ਹੀ ਡੰਡਾ ਸੋਟਾ।

ਦੋਨੋਂ ਜਣੇ ਬਾਹਰ ਆ ਕੇ ਵੈਨ 'ਚ ਬੈਠ ਗਏ। ਡਰਾਈਵਰ ਨੂੰ ਕਿਹਾ ਕਿ ਵੈਨ ਨੂੰ ਪਿੰਡ ਦੇ ਦੂਸਰੇ ਪਾਸੇ ਲੈ ਚਲੇ। ਉਹ ਪਿੰਡ ਦੇ ਦੂਸਰੇ ਕੋਨੇ ਇੱਕ ਕੋਆਪਰੇਟਿਵ ਸੁਸਾਇਟੀ ਦੀ ਇਮਾਰਤ ਪਾਸ ਜਾ ਰੁਕੇ ਕਿਉਂਕਿ ਉਥੇ ਉਹਨਾਂ ਨੇ ਕੁਝ ਬੰਦੇ ਤੁਰੇ ਫਿਰਦੇ ਦੇਖੇ ਸਨ। ਉਹ ਉਹਨਾਂ ਤੋਂ ਬਲਵੰਤ ਸਿੰਘ ਚੰਦਨ ਬਾਰੇ ਚੰਗੀ ਤਰ੍ਹਾਂ ਦਰਿਆਫਤ ਕਰਨਾ ਚਾਹੁੰਦੇ ਸਨ।

"ਭਾਈ ਸਾਹਿਬ, ਕੀ ਤੁਸੀਂ ਬਲਵੰਤ ਸਿੰਘ ਚੰਦਨ ਨੂੰ ਜਾਣਦੇ ਹੋ?" ਮਹਿਰਮਪੁਰੀ ਸਾਹਿਬ ਨੇ ਸੁਸਾਇਟੀ ਮੂਹਰੇ ਖੜ੍ਹੇ ਇੱਕ ਬੰਦੇ ਨੂੰ ਪੁੱਛਣ ਦਾ ਹੀਆ ਕੀਤਾ।

"ਹਾਂ ਜੀ, ਮੈਂ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ ਚੰਦਨ ਨੂੰ। ਦੱਸੋ ਕੀ ਕੰਮ ਏ?"

"ਜੀ, ਕੀ ਤੁਸੀਂ ਸਾਨੂੰ ਉਹਨਾਂ ਨੂੰ ਮਿਲਵਾ ਦਿਓਗੇ? ਅਸੀਂ ਉਹਨਾਂ ਦੇ ਘਰ ਗਏ ਤਾਂ ਉਹਨਾਂ ਦੇ ਘਰਦਿਆਂ ਨੇ ਤਾਂ ਸਾਡੀ ਲਾਹ ਪਾਹ ਕਰਨ ਵਿੱਚ ਕੋਈ ਵੀ ਕਸਰ ਨਹੀਂ ਛੱਡੀ। ਅਸੀਂ ਸਮਝ ਹੀ ਨਾ ਸਕੇ ਕਿ ਹੋ ਕੀ ਰਿਹਾ ਏ।"

"ਜਨਾਬ, ਤੁਸੀਂ ਕਿਹੜੇ ਘਰ ਗਏ ਸੀ?"

"ਜਿਹੜਾ ਪਿੰਡ ਦੇ ਪੱਛਮ ਵੱਲ ਪੈਂਦਾ ਏ ਛੱਪੜ ਦੇ ਕੰਢੇ।"

"ਉੱਥੇ ਤਾਂ ਤੁਹਾਡੇ ਡਾਂਗਾਂ ਵੀ ਪੈ ਸਕਦੀਆਂ ਸਨ।"

"ਉਹ ਕਿਓਂ?"

"ਤੁਹਾਨੂੰ ਪਤਾ ਹੀ ਨਹੀਂ?"

"ਜੀ, ਬਿਲਕੁਲ ਵੀ ਨਹੀਂ।"

"ਤੁਸੀਂ ਆਏ ਕੀ ਕਰਨ ਹੋ?"

"ਅਸੀਂ ਦੁਆਬੇ ਦੇ ਵੀ ਪਰਲੇ ਪਾਸੇ ਪੈਂਦੇ ਕੰਢੀ ਦੇ ਇਲਾਕੇ 'ਚੋਂ ਆਏ ਹਾਂ। ਚੰਦਨ ਸਾਹਿਬ ਨੂੰ ਅਸੀਂ ਆਪਣੇ ਕਾਲਜ ਵਿੱਚ ਇੱਕ ਸੱਭਿਆਚਾਰਕ ਪ੍ਰੋਗਰਾਮ ਦੀ ਪ੍ਰਧਾਨਗੀ ਕਰਵਾਉਣ ਲਈ ਸੱਦਾ ਦੇਣਾ ਏ।"

"ਬੱਲੇ ਓਏ ਸਰਦਾਰੋ। ਤੁਹਾਡੇ ਵਾਂਗ ਪਹਿਲਾਂ ਵੀ ਇੱਕ ਪ੍ਰਾਹਣਿਆਂ ਨਾਲ ਧੋਖਾ ਹੋਇਆ ਸੀ। ਇਸ ਦਾ ਮਤਲਬ ਇਹ ਕਿ ਤੁਹਾਨੂੰ ਅਸਲੀ ਘਾਣੀ ਦਾ ਪਤਾ ਹੀ ਨਹੀਂ। ਕਿਤੇ ਨਮਾਜਾਂ ਬਖਸ਼ਾਉਂਦੇ ਬਖਸ਼ਾਉਂਦੇ ਰੋਜ਼ੇ ਹੀ ਗਲ ਨੀ ਪਾ ਲਏ। ਤੁਸੀਂ ਤਾਂ ਭਰਿੰਡਾਂ ਦੇ ਛੱਤੇ 'ਚੋਂ ਬਚ ਕੇ ਆਏ ਹੋ। ਪਤਾ ਨਹੀਂ ਲੋਕੀਂ ਪਹਿਲਾਂ ਬਲਵੰਤ ਸਿੰਘ ਨਾਲ ਗੱਲ ਕਰਕੇ ਉਸ ਤੋਂ ਉਸਦੇ ਅਸਲੀ ਘਰ ਦਾ ਪਤਾ ਕਿਉਂ ਨਹੀਂ ਮੰਗਵਾਉਂਦੇ। ਉਸਨੂੰ ਖੁਦ ਵੀ ਚਾਹੀਦਾ ਏ ਕਿ ਆਉਣ ਵਾਲੇ ਲੋਕਾਂ ਨੂੰ ਪਹਿਲਾਂ ਚੁਕੰਨਾ ਕਰ ਦਿਆ ਕਰੇ।"

"ਦੱਸੋ ਤਾਂ ਸਹੀ ਅਸਲੀ ਕੀ ਗੱਲ ਏ?"

"ਤੁਸੀਂ ਬਲਵੰਤ ਸਿੰਘ ਦੀ ਪਹਿਲੀ ਤੀਵੀਂ ਦੇ ਘਰ ਜਾ ਵੜੇ।"

"ਕੀ ਬਲਵੰਤ ਦੇ ਦੋ ਵਿਆਹ ਹਨ?"

"ਵਿਆਹ ਤਾਂ ਉਸਦਾ ਇੱਕ ਹੀ ਏ ਜਿੱਥੇ ਤੁਸੀਂ ਗਏ ਸੀ। ਦੂਜੀ ਤਾਂ ਉਸਦੀ

ਰਖੇਲ ਏ। ਪਹਿਲਾਂ ਲੁਕਛਿਪ ਕੇ ਉਸਦੀ ਪ੍ਰੇਮਕਾ ਹੁੰਦੀ ਸੀ। ਹੁਣ ਅਧਖੜ ਉਮਰੇ ਪਿੰਡ ਹੀ ਉਹਦੇ ਨਾਲ ਆ ਕੇ ਰਹਿਣ ਲੱਗ ਪਈ ਏ। ਪਹਿਲੀ ਤੀਵੀਂ ਤਾਂ ਅਨਪੜ੍ਹ ਜਿਹੀ ਸੀ। ਜਦ ਬਲਵੰਤ ਸਿੰਘ ਨੂੰ ਸਾਹਿਤਕ ਹਲਕਿਆਂ ਵਿੱਚ ਕੁਝ ਮਸ਼ਹੂਰੀ ਅਤੇ ਮਾਨਤਾ ਮਿਲਣ ਲੱਗੀ ਤਾਂ ਆਹ ਹੁਣ ਵਾਲੀ ਫਸਾ ਲਈ ਜਾਂ ਫਸ ਗਈ। ਹੁਣ ਉਹ ਔਹ ਸਾਡੀ ਇਸ ਸੁਸਾਇਟੀ ਦੀ ਇਮਾਰਤ ਦੇ ਨੇੜੇ ਹੀ ਨਵੇਂ ਬਣਾਏ ਘਰ ਵਿੱਚ ਰਹਿੰਦੇ ਨੇ। ਬਲਵੰਤ ਸਿੰਘ ਨੇ ਅਸਲ ਵਿੱਚ ਇਹ ਨਵਾਂ ਘਰ ਬਣਵਾਇਆ ਹੀ ਆਪਣੀ ਇਸ ਨਵੀਂ ਬੇਗਮ ਵਾਸਤੇ ਏ। ਤੁਸੀਂ ਉੱਥੇ ਜਾਕੇ ਉਸਨੂੰ ਤੇ ਉਸਦੀ ਬੇਗਮ ਨੂੰ ਮਿਲ ਸਕਦੇ ਹੋ। ਉਹ ਵੀ ਥੋੜ੍ਹਾ ਜਿਹਾ ਲਿਖਣ ਤੇ ਛਪਣ ਦਾ ਸ਼ੌਕ ਰੱਖਦੀ ਏ। ਤੁਹਾਡੀ ਸੋਹਣੀ ਆਓ ਭਗਤ ਕਰਨਗੇ। ਮੈਨੂੰ ਇੱਕ ਗਲ ਸਮਝ ਨਹੀਂ ਆਈ।"

"ਉਹ ਕੀ?"

"ਮੇਰੇ ਵੀਰਨੋ, ਮੈਂ ਇਸ ਕੁਆਪਰੇਟਿਵ ਸੁਸਾਇਟੀ 'ਚ ਸੈਕਟਰੀ ਦੇ ਤੌਰ 'ਤੇ ਕੰਮ ਕਰ ਰਿਹਾ ਹਾਂ। ਮੈਂ ਥੋੜ੍ਹਾ ਬਹੁਤਾ ਲਿਖਣ ਦਾ ਵੀ ਸ਼ੌਕ ਰੱਖਦਾ ਹਾਂ। ਪਿੱਛੇ ਜਿਹੇ ਮੈਂ ਮਿੰਨੀ ਕਹਾਣੀਆਂ ਦੀ ਏਥੋਂ ਮੋਗੇ ਤੋਂ ਹੀ ਇੱਕ ਪੁਸਤਕ ਵੀ ਛਪਵਾਈ ਸੀ। ਮੈਨੂੰ ਕਈ ਸਾਹਿਤਕਾਰਾਂ ਦੇ ਦੂਹਰੇ ਇਖਲਾਕੀ ਮਿਆਰ (double standards of morality) ਸਮਝ ਨਹੀਂ ਆਏ। ਸਿਖਿਆਵਾਂ ਦੇਈ ਜਾਣਗੇ ਕਿ ਬੰਦੇ ਨੂੰ ਬੇਵਫਾ ਨਹੀਂ ਹੋਣਾ ਚਾਹੀਦਾ ਪਰੰਤੂ ਆਪਣੇ ਸਿਰ ਤੇ ਬੇਵਫਾਈਆਂ ਦੀ ਪੰਡ ਚੁੱਕੀ ਫਿਰਨਗੇ। ਜਦ ਬਲਵੰਤ ਸਿੰਘ ਦੀ ਪਹਿਲੀ ਪਤਨੀ ਠੀਕ ਠਾਕ ਏ ਤੇ ਉਸ ਦੇ ਦੋ ਬੱਚੇ ਵੀ ਹਨ ਤਾਂ ਉਸ ਨੂੰ ਇਹ ਦੂਜੀ ਰੱਖਣ ਦਾ ਕੀ ਸ਼ੌਕ ਜਾਗ ਪਿਐ? ਤੁਸੀਂ ਖੁਦ ਪੜ੍ਹੇ-ਲਿਖੇ ਹੋ, ਕਾਲਜ ਵਿੱਚ ਪੜ੍ਹਾਉਂਦੇ ਹੋ ਤੇ ਆ ਗਏ ਹੋ ਉਸ ਵਿਅਕਤੀ ਨੂੰ ਖੜਨ ਜਿਹੜਾ ਆਪਣੀ ਜ਼ਿੰਦਗੀ ਵਿੱਚ ਸਦਾਚਾਰਕ ਪੱਖੋਂ ਵਧੀਆ ਬੰਦ ਨਹੀਂ ਏ। ਮੈਂ ਮੰਨਦਾ ਹਾਂ, ਕਈ ਲਿਖਾਰੀ ਸ਼ਬਦ ਜੋੜ ਵਧੀਆ ਕਰ ਲੈਂਦੇ ਹਨ, ਲਿਖਤਾਂ ਵਿੱਚ ਸਿੱਖਿਆ ਅਤੇ ਸੇਧ ਵੀ ਬਥੇਰੀ ਭਰ ਦਿੰਦੇ ਹਨ ਪਰੰਤੂ ਜਦ ਤੱਕ ਕੋਈ ਸਾਹਿਤਕਾਰ ਲੋਕਾਂ ਮੂਹਰੇ ਖੁਦ ਇੱਕ ਲਾਚੀਜ਼ ਨਾਮੂਨਾ ਬਣ ਕੇ ਪੇਸ਼ ਨਹੀਂ ਹੁੰਦਾ ਉਦੋਂ ਤੱਕ ਤੁਸੀਂ ਉਸ ਨੂੰ ਵਧੀਆ ਕਿਵੇਂ ਕਹਿ ਸਕਦੇ ਹੋ? ਮੈਂ ਤੁਹਾਨੂੰ ਆਪਣੀ ਭਾਸ਼ਾ ਦੇ ਹੀ ਕਈ ਐਸੇ ਸਾਹਿਤਕਾਰਾਂ ਗਿਣਵਾ ਦਿੰਦਾ ਹਾਂ ਜਿਹਨਾਂ ਦਾਂ ਆਪਣੀ ਜ਼ਿੰਦਗੀ ਵਿੱਚ ਕਿਰਦਾਰ ਵਧੀਆ ਨਹੀਂ ਏ। ਮੈਂ ਉਹਨਾਂ ਦੇ ਨਾਮ ਨਾ ਲਵਾਂ ਤਾਂ ਠੀਕ ਏ। ਤੁਸੀਂ ਖੁਦ ਪੜ੍ਹੇ-ਲਿਖੇ ਹੁੰਦੇ ਹੋਏ ਉਹਨਾਂ ਬਾਰੇ ਜਾਣਦੇ ਹੀ ਹੋਵੋਗੇ। ਸ਼ਾਇਦ ਤੁਹਾਨੂੰ ਚੰਦਨ ਬਾਰੇ ਇੱਕ ਹੋਰ ਗੱਲ ਦਾ ਵੀ ਪਤਾ ਨਹੀਂ?"

"ਕੁੱਝ ਹੋਰ ਵੀ ਏ ਉਸ ਬਾਰੇ?" ਸੱਦੀ ਸਾਹਿਬ ਨੇ ਉਤਸੁਕਤਾ ਨਾਲ ਪੁੱਛਿਆ।

"ਇਸ ਹੋਰ ਬਾਰੇ ਸਾਡੇ ਪਿੰਡਾਂ ਦੇ ਆਮ ਲੋਕ ਤਾਂ ਜਾਣਦੇ ਹੀ ਹਨ। ਤੁਸੀਂ ਥੋੜ੍ਹੇ ਦੂਰੋਂ ਆਏ ਹੋ। ਸ਼ਾਇਦ ਤੁਹਾਨੂੰ ਪਤਾ ਨਹੀਂ। ਇਸ ਨੇ ਆਪਣੀ ਜਵਾਨੀ ਵੱਲ ਵਧਦੀ ਇੱਕ ਲੜਕੀ ਆਪ ਹੀ ਮਰਵਾ ਦਿੱਤੀ ਸੀ। ਲੜਕੀ ਦਾ ਕਿੱਧਰੇ ਪਿਆਰ ਚਲ ਰਿਹਾ

ਸੀ। ਇਸ ਤੋਂ ਜਰਿਆ ਨਾ ਗਿਆ। ਰਾਤ ਦੀ ਰੋਟੀ ਵਿੱਚ ਹੀ ਕੁੱਝ ਖੁਆ ਦਿੱਤਾ। ਜਦ ਸਵੇਰੇ ਦੇਖਿਆ ਤਾਂ ਲਾਸ਼ ਨੂੰ ਕਾਹਲੀ ਕਾਹਲੀ ਸ਼ਮਸ਼ਾਨਘਾਟ ਵੱਲ ਲਈ ਜਾ ਰਹੇ ਸਨ। ਮਿਲ ਮਿਲਾ ਕੇ ਕੇਸ ਪੁਲਿਸ ਤੱਕ ਜਾਣ ਹੀ ਨਹੀਂ ਦਿੱਤਾ। ਜਿਸ ਵਿਅਕਤੀ ਨੇ ਇਸ ਪ੍ਰਕਾਰ ਦੇ ਘਟੀਆ ਕਾਰਨਾਮੇ ਅੰਜ਼ਾਮ ਦਿੱਤੇ ਹੋਣ ਤੁਸੀਂ ਉਸਨੂੰ ਆਪਣੇ ਕਾਲਜ ਵਿੱਚ ਲਿਜਾ ਕੇ ਬੱਚਿਆਂ ਦੇ ਆਦਰਸ਼ (role model) ਦੇ ਤੌਰ ਤੇ ਪੇਸ਼ ਕਰਨਾ ਚਾਹੁੰਦੇ ਹੋ। ਗੁਸਤਾਖੀ ਮੁਆਫ਼, ਮੈਂ ਤੁਸਾਂ ਅੰਤਾਂ ਦੇ ਪੜ੍ਹਿਆਂ ਲਿਖਿਆਂ ਮੂਹਰੇ ਕਿਸੇ ਦੀਆਂ ਨਿੱਜੀ ਗੱਲਾਂ ਕਰਨ ਦਾ ਹੌਸਲਾ ਕੀਤਾ ਏ। ਮੈਂ ਵੀ ਇੱਕ ਛੋਟਾ ਜਿਹਾ ਸਾਹਿਤਕਾਰ ਹਾਂ। ਤੁਹਾਡੇ ਵਾਂਗ ਪਹਿਲਾਂ ਵੀ ਇੱਕ ਬੰਦਿਆਂ ਨਾਲ ਇੰਜ ਹੋ ਚੁੱਕਾ ਏ। ਉਹਨਾਂ ਦੀ ਵੀ ਕਿਸੇ ਨੇ ਇਥੇ ਲਾਹ ਪਾਹ ਕੀਤੀ ਸੀ। ਫਿਰ ਉਹ ਸੱਖਣੇ ਹੀ ਵਾਪਿਸ ਚਲੇ ਗਏ ਸਨ। ਬਾਕੀ ਤੁਹਾਡੀ ਮਰਜ਼ੀ। ਜੇਕਰ ਤੁਸੀਂ ਸੱਚਮੁੱਚ ਹੀ ਬਲੌਰੀ ਅੱਖਾਂ ਦੇਖਣੀਆਂ ਚਾਹੁੰਦੇ ਹੋ ਤਾਂ ਔਹ ਸਿੱਧੇ ਜਾ ਕੇ ਬੀਹੀ ਦੇ ਖੱਬੇ ਪਾਸੇ ਮੁੜ ਜਾਇਓ। ਮੂਹਰੇ ਇੱਕ ਪੱਕਾ ਮਕਾਨ ਏ। ਸ਼ਕਲ ਕੋਠੀ ਜਿਹੀ ਏ। ਇਹ ਕੋਠੀ ਨੁਮਾ ਮਕਾਨ ਚੰਦਨ ਨੇ ਸਪੈਸ਼ਲ ਬਲੌਰੀ ਅੱਖਾਂ ਵਾਲੀ ਆਪਣੀ ਪ੍ਰੇਮਕਾ ਲਈ ਹੀ ਬਣਵਾਇਆ ਸੀ। ਮੂਹਰੇ 'ਮੋਹਿਨੀ ਚੰਦਨ' ਨਾਂ ਦੀ ਨੇਮ ਪਲੇਟ ਲੱਗੀ ਹੋਈ ਏ। ਆਹ ਜਿਹੜੀ ਹੁਣ ਚੰਦਨ ਨਾਲ ਰਹਿੰਦੀ ਏ ਇਸਦੀਆਂ ਬਲੌਰੀ ਅੱਖਾਂ ਹਨ। ਹੁਣ ਤਾਂ ਕੁਝ ਸਿਆਣੀ ਜਿਹੀ ਹੋ ਗਈ ਏ। ਪਹਿਲਾਂ ਤਾਂ ਬਥੇਰਾ ਭਾਂਬੜ ਬਲਦਾ ਹੁੰਦਾ ਸੀ। ਇਹ ਚੰਦਨ ਨੂੰ ਸਾਹਿਤਕ ਸਭਾਵਾਂ ਵਿੱਚ ਹੀ ਮਿਲਦੀ ਹੁੰਦੀ ਸੀ। ਮਾੜੀ ਮੋਟੀ ਕਵਿਤਾ ਤੇ ਕਹਾਣੀ ਲਿਖਦੀ ਹੁੰਦੀ ਸੀ। ਪਤਾ ਨਹੀਂ ਹੁਣ ਆਪਣੀਆਂ ਲਿਖਤਾਂ ਵਿੱਚ ਸੱਚਮੁੱਚ ਹੀ ਕੁੱਝ ਸੁਧਾਰ ਕਰ ਗਈ ਜਾਂ ਚੰਦਨ ਦੀ ਕਰਾਮਾਤ ਏ ਕਿ ਕਈ ਆਪਣੀਆਂ ਲਿਖੀਆਂ ਕ੍ਰਿਤਾਂ ਉਹਦੇ ਨਾਮ ਤੇ ਰਸਾਲਿਆਂ ਵਿੱਚ ਛਪਵਾਂਦਾ ਰਹਿੰਦਾ ਏ। ਹੁਣ ਤਾਂ ਮੈਂ ਉਸ ਨੂੰ ਸਾਹਿਤਕ ਸਭਾਵਾਂ, ਕਵੀ ਦਰਬਾਰਾਂ ਅਤੇ ਗੋਸ਼ਟੀਆਂ ਵਿੱਚ ਕਦੀ ਕਦੀ ਚੰਗੀ ਕਵਿਤਾ ਜਾਂ ਕ੍ਰਿਤ ਪੜ੍ਹਦੇ ਵੀ ਦੇਖਿਆ ਤੇ ਸੁਣਿਆ ਏ। ਚੰਦਨ ਨੇ ਹੁਣੇ ਹੁਣੇ ਇੱਕ ਨਾਵਲ ਵੀ ਛਪਵਾਇਆ ਏ–'ਬੇਗਮ ਦੀਆਂ ਬਿਲੌਰੀ ਅੱਖਾਂ'। ਇਹੀ ਰਖੇਲ ਇਸ ਨਾਵਲ ਦੀ ਨਾਇਕਾ ਲਗਦੀ ਰਹਿੰਦੀ ਏ। ਤੁਸੀਂ ਇਹਨਾਂ ਦੋਹਾਂ ਨੂੰ ਪ੍ਰਧਾਨਗੀ ਕਰਨ ਲਈ ਕਿਉਂ ਨਹੀਂ ਲੈ ਜਾਂਦੇ? ਨਾਲੇ ਤੁਹਾਡੇ ਪ੍ਰੋਗਰਾਮ ਦਾ ਵਾਤਾਵਰਣ ਰੌਮਾਂਚਿਕ ਹੋ ਜਾਵੇਗਾ?" ਬੰਦੇ ਨੇ ਸ਼ਰਾਰਤੀ ਅੰਦਾਜ਼ ਵਿੱਚ ਕਿਹਾ।

"ਭਾਈ ਸਾਹਿਬ, ਕਿਉਂ ਮਜ਼ਾਕ ਕਰਦੇ ਹੋ? ਉਸ ਨਾਵਲ ਬਾਰੇ ਤਾਂ ਅਸੀਂ ਜਾਣਦੇ ਹਾਂ। ਬੜੀ ਸੋਹਣੀ ਤਸਵੀਰ ਖਿੱਚੀ ਏ ਇੱਕ ਇਸਤਰੀ ਦੀ ਤੇ ਉਸਦੇ ਇਸ਼ਕ ਦੀ," ਮਹਿਰਮਪੁਰੀ ਸਾਹਿਬ ਵੀ ਮੁਸਕਰਾਉਂਦੇ ਹੋਏ ਬੋਲੇ।

"ਭਾਈ ਸਾਹਿਬ, ਤਸਵੀਰ ਖਿੱਚਣਾ ਹੀ ਸਭ ਕੁੱਝ ਨਹੀਂ। ਬੰਦੇ ਦਾ ਕਿਰਦਾਰ ਵੀ ਸਹੀ ਹੋਣਾ ਚਾਹੀਦਾ ਏ। ਬਥੇਰੇ ਬਦਨਾਮ ਸਾਹਿਤਕਾਰ ਤੁਰੇ ਫਿਰਦੇ ਨੇ ਇਥੇ। ਕਈ ਤਾਂ ਸਾਹਿਤ ਸਭਾਵਾਂ ਵਿੱਚ ਨਿਰੀਆਂ ਅੱਖਾਂ ਗਰਮ ਕਰਨ ਹੀ ਜਾਂਦੇ ਨੇ। ਫੇਸਬੁੱਕਾਂ ਤੇ

ਆਪਣੀ ਮਾੜੀ ਜਿਹੀ ਪ੍ਰਸ਼ੰਸਾ ਦੇਖ ਕੇ ਇਹੀ ਅੰਦਾਜ਼ਾ ਲਾਉਂਦੇ ਰਹਿੰਦੇ ਨੇ ਕਿ ਪ੍ਰਸ਼ੰਸ਼ਾ ਲਿਖਣ ਵਾਲੀ ਕਿਸੇ ਤਰ੍ਹਾਂ ਹੱਥ ਆ ਜਾਵੇ। ਤੁਸੀਂ ਆਪਣਾ ਪੜ੍ਹਿਆ ਵਿਚਾਰੋ। ਮੇਰਾ ਤਾਂ ਹੁਣ ਕੰਮ ਸ਼ੁਰੂ ਕਰਨ ਦਾ ਸਮਾਂ ਹੋ ਗਿਐ। ਗੁਸਤਾਖੀ ਮੁਆਫ਼!!"

ਬੰਦੇ ਦੀਆਂ ਸਿੱਧੀਆਂ ਪਧਰੀਆਂ ਪਰ ਸੱਚੀਆਂ ਤੇ ਸਪੱਸ਼ਟ ਗੱਲਾਂ ਸੁਣ ਕੇ ਦੋਨੋਂ ਪ੍ਰੋਫੈਸਰ ਸੋਚਾਂ ਵਿੱਚ ਪੈ ਗਏ।

"ਕੀ ਕੀਤਾ ਜਾਵੇ?" ਇੱਕ ਬੋਲਿਆ।

"ਸਮਝ ਨਹੀਂ ਆਉਂਦਾ," ਦੂਜੇ ਨੇ ਹੁੰਗਾਰਾ ਭਰਿਆ।

"ਛੱਡ ਯਾਰ, ਇਸ ਪ੍ਰਕਾਰ ਦੀ ਪ੍ਰਧਾਨਗੀ ਨੂੰ! ਬਦਨਾਮ ਬੰਦੇ ਤੋਂ ਪ੍ਰਧਾਨਗੀ ਕਰਵਾਉਣੀ ਠੀਕ ਨਹੀਂ। ਪ੍ਰਧਾਨਗੀ ਕਰਨ ਵਾਲੇ ਬੰਦੇ ਦਾ ਸਮਾਜ ਵਿੱਚ ਕੁੱਝ ਬਿੰਬ (image) ਤਾਂ ਹੋਣਾ ਹੀ ਚਾਹੀਦਾ ਏ। ਨਹੀਂ ਤਾਂ ਲੋਕੀਂ ਮਸ਼ਕੜੀਆਂ ਹੱਸਦੇ ਰਹਿੰਦੇ ਨੇ। ਪਿਛਲੇ ਸਾਲ ਤੈਨੂੰ ਪਤਾ ਹੀ ਏ ਨਾਲ ਦੇ ਕਾਲਜ ਵਾਲਿਆਂ ਨੇ ਨਿਰੇ ਪੈਸੇ ਵਟੋਰਨ ਲਈ ਇੱਕ ਸਾਧ ਪ੍ਰਧਾਨਗੀ ਕਰਨ ਲਈ ਸੱਦਿਆ ਸੀ। ਲੋਕਾਂ ਨੇ ਕਾਲਜ ਵਾਲਿਆਂ ਦੇ ਫਿੱਟਲਾਹਣਤਾਂ ਪਾਈਆਂ ਸੀ। ਤੁਹਾਨੂੰ ਪਤਾ ਹੀ ਏ ਉਸ ਸਾਧ ਦਾ ਡੇਰਾ ਕਿੰਨਾ ਬਦਨਾਮ ਏ।"

"ਗੱਲ ਤਾਂ ਤੁਹਾਡੀ ਠੀਕ ਏ।"

"ਫਿਰ ਹੋਰ ਕਿਹਨੂੰ ਮਿਲੀਏ?"

ਸੱਦੀ ਸਾਹਿਬ ਨੇ ਕਿਸੇ ਹੋਰ ਨੂੰ ਮਿਲਣ ਬਾਰੇ ਸੋਚਣ ਤੋਂ ਪਹਿਲਾਂ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ, "ਬਿਰਹੋ ਦਾ ਸੁਲਤਾਨ' ਅੰਤਾਂ ਦੀ ਸ਼ਰਾਬ ਪੀਂਦਾ ਸੀ। ਦੁਨੀਆਂ ਉਸ ਉਤੇ ਉਸਦੇ ਜਿਉਂਦੇ ਜੀਅ ਵੀ ਮਰੀ ਪਈ ਸੀ ਤੇ ਮਰਨ ਤੋਂ ਬਾਅਦ ਵੀ ਮਰੀ ਪਈ ਏ। 'ਰਸੀਦੀ ਟਿਕਟ' ਦੀ ਲਿਖਾਰਨ ਸਾਹਿਰ ਲੁਧਿਆਣਵੀ ਦੀਆਂ ਸਿਗਰਟਾਂ ਦੇ ਟੋਟੇ ਪੀਂਦੀ ਰਹਿੰਦੀ ਸੀ ਤੇ ਇੱਕ ਨੂੰ ਛੱਡ ਕੇ ਦੂਜੇ ਨਾਲ ਰਹਿੰਦੀ ਰਹੀ। ਕੀ ਉਸਦੇ ਇੰਜ ਕਰਨ ਨਾਲ ਤੇ ਆਪਣੇ ਬਾਰੇ ਸੱਚ ਲਿਖਣ ਨਾਲ ਉਸਦਾ ਸਾਹਿਤਕ ਖੇਤਰ ਵਿੱਚ ਅਤੇ ਸਾਹਿਤ ਦੇ ਗੁਲਿਆਇਰਆਂ ਵਿੱਚ ਰੁਤਬਾ ਨੀਵਾਂ ਹੋਇਆ ਏ? 'ਗੱਲਾਂ ਦਾ ਜਾਦੂਗਰ' ਆਪਣੇ ਜੀਵਨ ਨਾਲ ਸੰਬੰਧਤ ਨਾਵਲ 'ਨੰਗੀ ਧੁੱਪ' (The Naked Triangle) ਵਿੱਚ ਰਾਜੀ ਨਾਲ ਆਪਣੇ ਕਾਮੁਕ ਸੰਬੰਧਾਂ (sexual relations) ਬਾਰੇ ਜਿਹੜੀਆਂ ਖੁੱਲ੍ਹੀਆਂ ਅਤੇ ਨੰਗੀਆਂ ਗੱਲਾਂ ਕਰਦਾ ਏ ਕੀ ਉਹਨਾਂ ਨਾਲ ਉਸਦੇ ਸਾਹਿਤਕ ਖੇਤਰ ਵਿੱਚ ਵਡੱਪਣ ਨੂੰ ਕੋਈ ਆਂਚ ਆਈ ਏ? ਕੀ 'ਡਰਟੀ ਓਲਡਮੈਨ' (dirty old man) ਦੇ 'ਸੈਕਸ, ਸਕਾਚ ਤੇ ਸਕਾਲਰਸ਼ਿਪ' ਨੇ ਉਸ ਦੀ ਪ੍ਰਤੀਭਾ ਨੂੰ ਵਿਗਾੜਿਆ ਏ? ਕੀ ਕਮਲਾ ਦਾਸ ਦੁਆਰਾ ਆਪਣੀ ਸਵੈਜੀਵਨੀ 'ਮਾਈ ਸਟੋਰੀ' (My Story) ਵਿੱਚ ਸੈਕਸ ਬਾਰੇ ਕੀਤੀਆਂ ਖੁੱਲ੍ਹਮ ਖੁੱਲ੍ਹੀਆਂ ਗੱਲਾਂ ਨੇ ਉਸਦੇ ਸਾਹਿਤਕ ਕੱਦ ਨੂੰ ਨੀਵਾਂ ਕੀਤਾ ਏ? ਸਾਹਿਤ ਇੱਕ ਵਿਸ਼ਾਲ ਖੇਤਰ ਏ। ਹੋ ਸਕਦਾ ਏ ਕਈ ਲੇਖਕ

ਆਪਣੇ ਰਾਹੀਂ ਇਸ ਪ੍ਰਕਾਰ ਦੀਆਂ ਗੱਲਾਂ ਕਰਕੇ ਸਮਾਜ ਦੇ ਕਿਸੇ ਪੱਖ ਨੂੰ ਹੀ ਉਜਾਗਰ ਕਰ ਰਹੇ ਹੋਣ। ਹੋ ਸਕਦਾ ਏ ਕਈ ਆਪਣੀ ਦਲੇਰੀ ਦਰਸਾ ਰਹੇ ਹੋਣ। ਹੋ ਸਕਦਾ ਕਈ ਕਾਨੂੰਨ ਤੋਂ ਬਚਣ ਲਈ ਕਿਸੇ ਨਾਲ ਵਾਪਰੀ ਕਹਾਣੀ ਆਪਣੀ ਕਹਾਣੀ ਬਣਾ ਕੇ ਪੇਸ਼ ਕਰ ਰਹੇ ਹੋਣ। ਖੁਸ਼ਵੰਤ ਸਿੰਘ ਦੀ ਅਸਲੀ ਜ਼ਿੰਦਗੀ ਓਵੇਂ ਦੀ ਨਹੀਂ ਜਿਵੇਂ ਉਹ ਲਿਖਤਾਂ ਤੋਂ ਲਗਦਾ ਰਹਿੰਦਾ ਏ। ਅਸਲ ਜੀਵਨ ਵਿੱਚ ਉਹ ਬੜਾ ਹੀ ਅਨੁਸਾਸ਼ਤ ਏ। ਫਿਲਮੀ ਨ੍ਰਿਤਕ (dancer) ਹੈਲਨ ਸਕਰੀਨ ਤੇ ਨੱਚਦੀ ਪੂਰੀ ਬਦਚਲਨ ਲਗਦੀ ਏ ਪਰੰਤੂ ਅਸਲੀ ਜੀਵਨ ਵਿੱਚ ਉਹ ਸਿਗਰਟ ਤੱਕ ਵੀ ਨਹੀਂ ਪੀਂਦੀ। ਅਗਰ ਇਹਨਾਂ ਸਾਰਿਆਂ ਦੇ ਅਣਹੋਣੇ ਅਤੇ ਅਜ਼ੀਬ ਕਾਰਨਾਮਿਆਂ ਨੇ ਸਾਹਿਤਕ ਖੇਤਰਾਂ ਅਤੇ ਸਮਾਜ ਵਿੱਚ ਇਹਨਾਂ ਦੇ ਬਿੰਬ ਅਤੇ ਰੁਤਬੇ ਤੇ ਕੋਈ ਅਸਰ ਨਹੀਂ ਪਾਇਆ ਤਾਂ ਅਸੀਂ ਚੰਦਨ ਨੂੰ ਕਿਉਂ ਮਾੜਾ ਸਮਝਣ ਲੱਗ ਪਏ ਹਾਂ? ਅਗਰ ਉਸ ਨਾਲ ਕੋਈ ਤੀਵੀਂ ਬਿਨ ਵਿਆਹ ਰਹਿ ਰਹੀ ਏ ਤਾਂ ਇਹ ਉਸਦੀ ਨਿੱਜੀ ਜ਼ਿੰਦਗੀ ਏ। ਕਿਸੇ ਦਾ ਦਿਲ ਕੀਤਾ ਰਹਿਣ ਲੱਗ ਪਈ। ਅਸੀਂ ਐਵੇਂ ਉਸਦੇ ਖਿਲਾਫ਼ ਹੋਈ ਜਾ ਰਹੇ ਹਾਂ। ਮੈਨੂੰ ਲਗਦਾ ਏ ਸਾਡੀ ਸੋਚ ਬਹੁਤੀ ਠੀਕ ਨਹੀਂ।"

ਮਹਿਰਮਪੁਰੀ ਸਾਹਿਬ ਨੂੰ ਵੀ ਜੋਸ਼ ਆ ਗਿਆ, "ਵੀਰ ਜੀ, ਅਸੀਂ ਵਿਸ਼ੇ ਨੂੰ ਆਵੇਂ ਉਲਝਾ ਲਿਆ ਏ। ਤੁਸੀਂ ਕਈ ਸਾਹਿਤਕਾਰਾਂ ਦੀ ਜ਼ਿਆਦਾ ਹੀ ਵਕਾਲਤ ਕਰ ਦਿੱਤੀ। ਖਾਣ ਪੀਣ ਦੀਆਂ ਆਦਤਾਂ ਦੀ ਗੱਲ ਹੋਰ ਏ। ਕੁੱਝ ਗੱਲਾਂ ਨੂੰ ਸਾਡਾ ਸਮਾਜ ਤੇ ਕਾਨੂੰਨ ਇਜ਼ਾਜਤ ਨਹੀਂ ਦਿੰਦਾ। ਅਗਰ ਚੰਦਨ ਸ਼ਰਾਬ ਹੀ ਪੀਂਦਾ ਹੁੰਦਾ ਤਾਂ ਮੈਂ ਉਸਦੇ ਖਿਲਾਫ਼ ਨਹੀਂ ਸੀ ਬੋਲਣਾ। ਉਸਦਾ ਰਖੇਲ ਰੱਖਣਾ ਤੇ ਆਪਣੀ ਲੜਕੀ ਦੀ ਮੌਤ ਲਈ ਜ਼ਿੰਮੇਵਾਰ ਹੋਣਾ ਸੱਚਮੁੱਚ ਹੀ ਬਹੁਤ ਘਿਨਾਉਣੀਆਂ, ਘਟੀਆਂ ਤੇ ਗੈਰਕਾਨੂੰਨੀ ਕਰਤੂਤਾਂ ਹਨ। ਇਥੋਂ ਤੱਕ ਕਿ ਇਹ ਤਾਂ ਉਸਦੀਆਂ ਆਪਣੀਆਂ ਹੀ ਲਿਖਤਾਂ ਅਤੇ ਕ੍ਰਿਤਾਂ ਦੇ ਖਿਲਾਫ਼ ਵੀ ਜਾਂਦੀਆਂ ਹਨ। ਆਪਣੀਆਂ ਸਿਰਜਨਾਤਮਕ ਕ੍ਰਿਤਾਂ ਵਿੱਚ ਉਹ ਪਿਆਰ ਨੂੰ ਸੱਚਾ ਸੁੱਚਾ ਤੇ ਆਜ਼ਾਦ ਜਜ਼ਬਾ ਪ੍ਰਚਾਰਦਾ ਏ ਪਰ ਜਦ ਪਿਆਰ ਮੁਹੱਬਤ ਵਿੱਚ ਉਸਨੂੰ ਆਪਣੀ ਧੀ ਵੱਲੋਂ ਬਗਾਵਤ ਦਾ ਸਾਹਮਣਾ ਕਰਨਾ ਪੈਂਦਾ ਏ ਤਾਂ ਉਹ ਉਸ ਨੂੰ ਜ਼ਰਾ ਵੀ ਨਹੀਂ ਜ਼ਰਦਾ ਤੇ ਉਸ ਨੂੰ ਜਾਨੋਂ ਹੀ ਮਰਵਾ ਦਿੰਦਾ ਏ। ਉਹ ਆਪਣੇ ਅਸਲੀ ਜੀਵਨ ਵਿੱਚ ਨੈਤਿਕਤਾ ਦੇ ਦੂਹਰੇ ਤੀਹਰੇ ਮਿਆਰਾਂ ਦਾ ਸ਼ਿਕਾਰ ਏ। ਇਸ ਪ੍ਰਕਾਰ ਦੇ ਫੋਕੇ ਆਦਰਸ਼ਵਾਦੀ ਲੇਖਕ ਹੋਰ ਵੀ ਕਈ ਦੇਖਣ ਵਿੱਚ ਮਿਲ ਜਾਂਦੇ ਹਨ। ਜਦ ਚੰਦਨ ਦੇ ਸੱਜਰੇ ਨਾਵਲ 'ਬੇਗਮ ਦੀਆਂ ਬਿਲੌਰੀ ਅੱਖਾਂ' ਦੇ ਨਾਇਕ ਅਤੇ ਨਾਇਕਾ ਸਮਾਜ ਵਿਰੁੱਧ ਬਗਾਵਤ ਕਰਕੇ ਆਪਣੇ ਪਿਆਰ ਨੂੰ ਅੰਜ਼ਾਮ ਚਾੜ੍ਹਦੇ ਹਨ ਤਾਂ ਉਸਨੇ ਆਪਣੀ ਧੀ ਨੂੰ ਇੰਜ ਕਰਦੀ ਨੂੰ ਕਿਉਂ ਨਹੀਂ ਝੱਲਿਆ? ਮੈਂ ਤਾਂ ਉਸਦੀਆਂ ਕ੍ਰਿਤਾਂ ਤੋਂ ਹੀ ਪ੍ਰਭਾਵਤ ਸਾਂ। ਜਦ ਹੁਣ ਅਸਲੀ ਗੱਲ ਦਾ ਪਤਾ ਲੱਗਾ ਏ ਤਾਂ ਮੈਂ ਸੱਚਮੁੱਚ ਹੀ ਹੈਰਾਨ ਰਹਿ ਗਿਆ ਹਾਂ। ਮੈਂ ਨਹੀਂ ਚਾਹੁੰਦਾ ਕਿ ਇਸ ਪ੍ਰਕਾਰ ਦੇ ਫੋਕੇ

ਆਦਰਸ਼ਵਾਦੀ ਸਾਹਿਤਕਾਰਾਂ ਨੂੰ ਕਾਲਜ ਦੇ ਨਾਦਾਨ ਬੱਚਿਆਂ ਦਾ ਆਦਰਸ਼ (role model) ਬਣਾ ਕੇ ਪੇਸ਼ ਕੀਤਾ ਜਾਵੇ। ਆਪਣੇ ਪ੍ਰੋਗਰਾਮ ਦੀ ਪ੍ਰਧਾਨਗੀ ਸਾਨੂੰ ਉਸ ਤੋਂ ਨਹੀਂ ਕਰਵਾਉਣੀ ਚੀਹੀਦੀ। ਕੋਈ ਹੋਰ ਦਾਨਾ ਅਤੇ ਸੱਚਾ ਸੁੱਚਾ ਲਿਖਾਰੀ ਇਸ ਕੰਮ ਲਈ ਲੱਭ ਲੈਣਾ ਚਾਹੀਦਾ ਏ।"

ਸੱਦੀ ਸਾਹਿਬ ਨੇ ਫਿਰ ਇੱਕ ਵਾਰ ਉਸਦੀ ਗੱਲ ਕੱਟਣੀ ਚਾਹੀ, "ਤੁਸੀਂ ਕੀ ਸੋਚਦੇ ਹੋ ਕਿ ਸਾਡੇ ਜਾਂ ਕਿਸੇ ਹੋਰ ਦੇ ਇੰਜ ਕਰਨ ਨਾਲ ਬਲਵੰਤ ਸਿੰਘ ਦਾ ਇੱਕ ਸਾਹਿਤਕਾਰ ਦੇ ਤੌਰ 'ਤੇ ਰੁਤਬਾ ਨੀਵਾਂ ਹੋ ਜਾਵੇਗਾ?"

"ਇਹ ਗੱਲ ਮੈਂ ਬਿਲਕੁਲ ਨਹੀਂ ਕਹਿੰਦਾ। ਮੈਂ ਮੰਨਦਾ ਹਾਂ ਕਿ ਬਲਵੰਤ ਸਿੰਘ ਦੀ ਲਿਖਤ ਵਿੱਚ ਬਹੁਤ ਜਾਨ ਏ। ਉਸਦੀਆਂ ਲਿਖਤਾਂ ਮਨੁੱਖੀ ਮਨ ਦੀਆਂ ਗਹਿਰਾਈਆਂ ਤੱਕ ਉਤਰ ਜਾਂਦੀਆਂ ਹਨ। ਇਹ ਦਿਲ ਤੇ ਵੀ ਇਕਦਮ ਅਸਰ ਕਰਦੀਆਂ ਹਨ। ਉਸਨੂੰ ਉਚੇਰੇ ਸਾਹਿਤਕ ਹਲਕਿਆਂ ਵਿੱਚ ਵਿਚਰਨ ਦਿਓ। ਉਸ ਉਤੇ ਸਾਹਿਤਕ ਗੋਸ਼ਟੀਆਂ ਹੋਣ ਦਿਓ। ਕਿਸੇ ਦਿਨ ਆਲੋਚਕਾਂ ਨੇ ਸਾਹਿਤਕਾਰਾਂ ਦੇ ਇਸ ਪੱਖ ਨੂੰ ਵੀ ਉਜਾਗਰ ਕਰਨਾ ਹੀ ਕਰਨਾ ਏ। ਇਸ ਪ੍ਰਕਾਰ ਦੇ ਨੈਤਿਕਤਾ ਦੇ ਦੂਹਰੇ ਤੀਹਰੇ ਮਿਆਰ ਆਲੋਚਕਾਂ ਦੇ ਕਬਾਬ ਦੀ ਹੱਡੀ ਬਣਨੇ ਹੀ ਹਨ। ਅਗਰ ਨਾ ਵੀ ਬਣਨ ਤਾਂ ਵੀ ਸਾਨੂੰ ਕੀ? ਅਸੀਂ ਤਾਂ ਇਹ ਦੇਖਣਾ ਏ ਕਿ ਅਸੀਂ ਉਸਨੂੰ ਕਿਸ ਸੰਧਰਵ ਵਿੱਚ ਮਿਲਣ ਆਏ ਹਾਂ। ਅਸੀਂ ਉਸਦੀ ਨਿੱਜੀ ਜ਼ਿੰਦਗੀ ਬਾਰੇ ਘੱਟ ਜਾਣਦੇ ਸਾਂ। ਨਾਲੇ ਸੁਣਿਐ, ਉਹਨੇ ਰਖੇਲ ਰੱਖਣੀ ਵੀ ਥੋੜ੍ਹੀ ਦੇਰ ਤੋਂ ਹੀ ਸ਼ੁਰੂ ਕੀਤੀ ਏ। ਹੋ ਸਕਦਾ ਏ ਪਹਿਲਾਂ ਕੁੱਝ ਸਮੇਂ ਤੋਂ ਚੋਰੀ ਛੁਪੇ ਉਸਨੂੰ ਮਿਲਦਾ ਰਹਿੰਦਾ ਹੋਵੇ। ਉਸਦੀ ਆਪਣੀ ਧੀ ਨੂੰ ਮਾਰਨ ਬਾਰੇ ਆਪਾਂ ਨੂੰ ਪਤਾ ਹੀ ਨਹੀਂ ਸੀ। ਪਿੰਡ ਵਾਲਿਆਂ ਸਭ ਚਾਨਣਾ ਪਾ ਦਿੱਤਾ। ਵੀਰ, ਮੈਂ ਇਹੀ ਸਲਾਹ ਦਿੰਦਾ ਹਾਂ ਕਿ ਕਾਲਜ ਦੇ ਚੰਚਲ ਬੱਚੇ ਬੱਚੀਆਂ ਮੂਹਰੇ ਇਸ ਪ੍ਰਕਾਰ ਦੇ ਬੰਦੇ ਨੂੰ ਪੇਸ਼ ਨਾ ਕੀਤਾ ਜਾਵੇ। ਕੋਈ ਹੋਰ ਸਾਹਿਤਕਾਰ ਲੱਭ ਲੈਂਦੇ ਹਾਂ।"

"ਵੈਸੇ ਸਲਾਹ ਤੁਹਾਡੀ ਠੀਕ ਵੀ ਲਗਦੀ ਏ। ਇਹ ਤਾਂ ਉਹ ਗੱਲ ਹੋਈ, ਕੋਈ ਸਾਹਿਤਕਾਰ ਸਿਰਫ ਬਾਲਗਾਂ ਵਾਸਤੇ ਹੁੰਦਾ ਤੇ ਕੋਈ ਹਰ ਕਿਸੇ ਵਾਸਤੇ। ਇਸ ਹਿਸਾਬ ਨਾਲ ਚੰਦਨ ਤਾਂ ਫਿਰ 'ਫਾਰ ਅਡੱਲਟਸ' (For Adults) ਹੀ ਹੋਇਆ। ਚੱਲੋ ਛੱਡੋ ਉਹਨੂੰ। ਫਿਰ ਹੋਰ ਕਿਹਨੂੰ ਮਿਲੀਏ?"

"ਚਲੋ ਵੀਰ ਜੀ, ਆਤਿਸ਼ ਮਦਖੂਮਪੁਰੀ ਨਾਲ ਸੰਪਰਕ ਕਰਦੇ ਦੇਖਦੇ ਹਾਂ। ਅਗਰ ਉਸਨੂੰ ਕੁੱਝ ਵੱਧ ਪੈਸੇ ਵੀ ਦੇਣੇ ਪੈ ਜਾਣ ਤਾਂ ਵੀ ਪ੍ਰਿੰਸੀਪਲ ਤੋਂ ਦੁਆ ਦਿਆਂਗੇ। ਕਹਾਂਗੇ, ਅਗਰ ਬਲਾਉਣਾ ਹੀ ਏ ਤਾਂ ਮੌਕੇ ਮੁਤਾਬਕ ਢੁੱਕਵਾਂ ਬੰਦਾ ਬੁਲਾਈਏ। ਸ਼ਾਇਦ ਆਤਿਸ਼ ਸਾਹਿਬ ਘੱਟ ਤੇ ਹੀ ਮਨ ਜਾਣ। ਕਈ ਸਿਆਣੇ ਸਾਹਿਤਕਾਰ ਪਿਆਰ ਤੇ ਸਤਿਕਾਰ ਦੇ ਹੀ ਭੁੱਖੇ ਹੁੰਦੇ ਹਨ। ਆਤਿਸ਼ ਬਾਰੇ ਵੀ ਕੁਝ ਇਵੇਂ ਹੀ ਸੁਣਦੇ ਰਹੇ ਹਾਂ। ਬੰਦਾ ਬੜਾ ਕਮਾਲ ਦਾ ਏ ਤੇ ਉਸ ਦਾ ਕਿਰਦਾਰ ਤੇ ਆਚਰਣ ਵੀ

ਬਹੁਤ ਵਧੀਆ ਏ। ਆਓ ਲੁਧਿਆਣੇ ਚੱਲ ਕੇ ਉਹਨਾ ਨਾਲ ਗੱਲ ਕਰਕੇ ਦੇਖਦੇ ਹਾਂ।"

"ਚਲੋ ਠੀਕ ਏ।"

ਦੋਵੇਂ ਪ੍ਰੋਫੈਸਰ ਮੋਗੇ ਤੋਂ ਵਾਪਸ ਲੁਧਿਆਣੇ ਵੱਲ ਨੂੰ ਚੱਲ ਪਏ।

## ਜਦ ਚੰਦ ਕੁਰ ਨੇ ਚੰਮਦੀਆਂ ਚਲਾਉਣੀਆਂ ਚਾਹੀਆਂ

ਚਰਨਜੀਤ ਸਿਡਨੀ ਵਿੱਚ ਮੇਰੇ ਗੁਆਢ ਵਿੱਚ ਤਕਰੀਬਨ ਦਸ ਕੁ ਸਾਲ ਤੋਂ ਰਹਿ ਰਿਹਾ ਸੀ। ਪੰਜਾਬ ਵਿੱਚ ਬਾਰਰਵੀਂ ਜਮਾਤ ਪਾਸ ਕਰਕੇ ਉਹ ਸਿਡਨੀ ਵਿੱਚ ਪੜ੍ਹਨ ਵਾਸਤੇ ਆ ਗਿਆ ਸੀ। ਇੱਥੇ ਰਹਿ ਕੇ ਉਸ ਨੇ ਆਈ.ਟੀ. ਵਿੱਚ ਡਿਗਰੀ ਹਾਸਲ ਕੀਤੀ ਸੀ ਤੇ ਇੱਕ ਫਰਮ ਵਿੱਚ ਠੀਕ ਜਿਹੀ ਨੌਕਰੀ ਤੇ ਵੀ ਲੱਗ ਗਿਆ ਸੀ। ਉਸਦੇ ਮਾਪੇ ਪੰਜਾਬ ਵਿੱਚ ਹੀ ਰਹਿੰਦੇ ਸਨ। ਪਿਓ ਪਟਵਾਰੀ ਸੀ ਤੇ ਮਾਂ ਘਰ ਦਾ ਕੰਮਕਾਜ ਹੀ ਕਰਦੀ ਸੀ। ਪਟਵਾਰੀ ਦੀ ਆਮਦਨ ਚੰਗੀ ਸੀ। ਇਸ ਆਮਦਨ ਅਤੇ ਘਰ ਦੀ ਹੋਰ ਜਾਇਦਾਦ ਦੀ ਆਮਦਨ ਦੇ ਸਿਰ ਤੇ ਪਿਓ ਨੇ ਚਰਨਜੀਤ ਨੂੰ ਸਿਡਨੀ ਵਲ ਭੇਜਣ ਲਈ ਪੈਸੇ ਖਰਚ ਕਰ ਦਿੱਤੇ ਸਨ। ਮਾਪੇ ਹੁਣ ਪੰਜਾਬ ਵਿੱਚ ਫੂਲੇ ਨਹੀਂ ਸਨ ਸਮਾਂਦੇ ਕਿ ਉਹਨਾਂ ਦਾ ਲੜਕਾ ਸਿਡਨੀ ਵਿੱਚ ਸੈੱਟ ਹੋ ਗਿਆ ਸੀ। ਪਿਓ ਇੱਕ ਅੱਧ ਵਾਰ ਆ ਕੇ ਉਸਨੂੰ ਮਿਲ ਵੀ ਗਿਆ ਸੀ। ਕੁਦਰਤੀ ਹੈ ਕਿ ਮਾਪਿਆਂ ਦੀ ਇੱਛਾ ਸੀ ਕਿ ਕਿਸੇ ਸਮੇਂ ਪੱਕੇ ਤੌਰ ਤੇ ਸਿਡਨੀ ਆ ਕੇ ਆਪਣੇ ਲੜਕੇ ਪਾਸ ਹੀ ਸੈੱਟ ਹੋਣ।

ਮੇਰੇ ਨਾਲ ਚਰਨਜੀਤ ਦੇ ਕਾਫੀ ਚੰਗੇ ਸੰਬੰਧ ਸਨ। ਹੌਲੀ ਹੌਲੀ ਸੰਬੰਧ ਇਸ ਕਦਰ ਵਧ ਗਏ ਕਿ ਮੇਰੇ ਮਨ ਵਿਚ ਆਇਆ ਕਿਓਂ ਨਾ ਇਸ ਹੋਣਹਾਰ ਲੜਕੇ ਦਾ ਰਿਸ਼ਤਾ ਇੱਥੇ ਸਿਡਨੀ ਵਿੱਚ ਹੀ ਕੋਈ ਚੰਗੀ ਲੜਕੀ ਲੱਭ ਕੇ ਕਰਵਾ ਦਿੱਤਾ ਜਾਵੇ।

"ਬੇਟੇ, ਮੇਰੇ ਸੰਪਰਕ ਵਿੱਚ ਇੱਕ ਪਰਿਵਾਰ ਏ। ਉਹਨਾਂ ਦੀ ਲੜਕੀ ਨੇ ਹੁਣੇ ਹੁਣੇ ਸਿਡਨੀ ਦੀ ਕਿਸੇ ਯੂਨੀਵਰਸਿਟੀ ਤੋਂ ਐਮ.ਬੀ.ਏ. ਦੀ ਡਿਗਰੀ ਪਾਸ ਕੀਤੀ ਏ। ਲੜਕੀ ਦੇ ਮਾਪੇ ਵੀ ਪੜ੍ਹੇ-ਲਿਖੇ ਹਨ। ਲੜਕੀ ਸੁੰਦਰ ਵੀ ਏ। ਅਗਰ ਤੇਰੀ ਇੱਛਾ ਹੋਵੇ ਤਾਂ ਕੀ ਤੇਰਾ ਰਿਸ਼ਤਾ ਕਰਵਾ ਦੇਈਏ?"

"ਅੰਕਲ, ਤੁਸੀਂ ਬੜੇ ਸਿਆਣੇ ਹੋ। ਅਗਰ ਤੁਹਾਨੂੰ ਪਰਿਵਾਰ ਅਤੇ ਲੜਕੀ ਪਸੰਦ ਏ ਤਾਂ ਮੈਨੂੰ ਹੋਰ ਕੀ ਚਾਹੀਦਾ ਏ?"

ਮੈਂ ਲੜਕੀ ਵਾਲਿਆਂ ਨਾਲ ਗੱਲ ਕਰਨ ਦਾ ਆਧਾਰ ਤਿਆਰ ਕੀਤਾ। ਸੋਚਿਆ ਕਿ ਲੜਕੀ ਵਾਲਿਆਂ ਨੂੰ ਕਿਸੇ ਦਿਨ ਘਰ ਖਾਣੇ ਤੇ ਬੁਲਾ ਲਈਏ। ਪਤਨੀ ਨਾਲ ਸਲਾਹ ਮਸ਼ਵਰਾ ਕੀਤਾ। ਇੱਕ ਵੀਕ ਐਂਡ ਤੇ ਇਹ ਮਿਲਣੀ ਤੈਅ ਕਰ ਲਈ ਗਈ। ਲੜਕੀ ਦਾ ਪਿਓ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਵਿੱਚ ਦਫਤਰ ਸੁਪਰਡੈਂਟ ਸੀ ਤੇ

ਮਾਂ ਸਕੂਲ ਅਧਿਆਪਕ ਸੀ। ਸੰਨ 96 ਵਿੱਚ ਉਹ ਆਪਣੀਆਂ ਦੋਨੋਂ ਧੀਆਂ ਲੈ ਕੇ ਸਿਡਨੀ ਆ ਗਏ ਸਨ। ਪਹਿਲਾਂ ਪਹਿਲਾਂ ਉਹ ਆਪਣੇ ਪੈਰ ਸਿਡਨੀ ਵਿੱਚ ਨਾ ਲਗਦੇ ਦੇਖ ਗਿਰਫਤ ਵਿੱਚ ਫਲ ਤੋੜਦੇ ਰਹੇ। ਪੰਜ ਛੇ ਮਹੀਨੇ ਫਲ ਤੋੜਨ ਤੋਂ ਬਾਅਦ ਉਹਨਾਂ ਕੁਝ ਪੈਸੇ ਜੋੜ ਕੇ ਵਾਪਸ ਜਾਣ ਦਾ ਮਨ ਬਣਾ ਲਿਆ। ਉਹਨਾਂ ਨੂੰ ਇੱਥੇ ਅਡਜਸਟ ਹੋਣਾ ਕਾਫੀ ਔਖਾ ਮਹਿਸੂਸ ਹੋਇਆ। ਉਹਨਾਂ ਨੂੰ ਵਾਪਸ ਜਾਣ ਦਾ ਮਨ ਬਣਾਉਣ ਲੱਗਿਆਂ ਨੂੰ ਕਿਸੇ ਨੇ ਸਲਾਹ ਦਿੱਤੀ ਕਿ ਸਿਡਨੀ ਰੇਲਵੇ ਵਿੱਚ ਜਾਬ ਦੀ ਕੋਸ਼ਿਸ਼ ਕਰ ਕੇ ਦੇਖਣ। ਲੜਕੀ ਦੇ ਬਾਪ ਦਲਜੀਤ ਸਿੰਘ ਨੇ ਰੇਲਵੇ ਵਾਸਤੇ ਅਰਜ਼ੀ ਪਾ ਦਿੱਤੀ ਤੇ ਉਹ ਸਟੇਸ਼ਨ ਅਟੈਂਡੈਂਟ ਦੀ ਜਾਬ ਲੈਣ 'ਚ ਕਾਮਯਾਬ ਹੋ ਗਿਆ। ਇਸ ਨੌਕਰੀ ਮਿਲਣ ਤੋਂ ਬਾਅਦ ਉਹਨਾਂ ਇੱਥੇ ਹੀ ਟਿਕਣ ਦਾ ਮਨ ਬਣਾ ਲਿਆ। ਲੜਕੀ ਦੀ ਮਾਂ ਨੂੰ ਵੀ ਸਕਿਊਰਿਟੀ ਇੰਡਸਟਰੀ ਵਿੱਚ ਜਾਬ ਮਿਲ ਗਈ। ਦੋਹਾਂ ਧੀਆਂ ਨੂੰ ਇੱਥੇ ਪੜ੍ਹਨ ਪਾ ਦਿੱਤਾ ਗਿਆ। ਜਿਸ ਲੜਕੀ ਵਾਸਤੇ ਮੈਂ ਗੱਲ ਤੋਰਨੀ ਸੀ ਉਹ ਹੁਣ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਕਰ ਗਈ ਸੀ ਤੇ ਨੌਕਰੀ ਵੀ ਕਰਨ ਲੱਗ ਪਈ ਸੀ। ਲੜਕੀ ਪੜ੍ਹਨ ਵਿੱਚ ਬੜੀ ਲਾਇਕ ਸੀ। ਘਰ ਦਾ ਮਾਹੌਲ ਵੀ ਬੜਾ ਸੁਖਾਵਾਂ ਸੀ। ਮਾਪਿਆਂ ਨੇ ਦੋਹਾਂ ਧੀਆਂ ਨੂੰ ਬੜੀ ਰੀਝ ਨਾਲ ਪਾਲਿਆ ਤੇ ਪੜ੍ਹਾਇਆ ਸੀ।

ਰਾਤ ਦੀ ਰੋਟੀ ਸਮੇਂ ਮੇਰੇ ਘਰ ਲੜਕੇ ਤੇ ਲੜਕੀ ਦਾ ਪਰਿਵਾਰ ਆਏ ਹੋਏ ਸਨ। ਦੋਹਾਂ ਧਿਰਾਂ ਦੀਆਂ ਆਪਸ ਵਿੱਚ ਗੱਲਾਂ ਹੋਣੀਆਂ ਹੀ ਸਨ।

"ਬੇਟੇ, ਤੁਸੀਂ ਕਦੋਂ ਸਿਡਨੀ ਆਏ ਸੀ?" ਦਲਜੀਤ ਸਿੰਘ ਨੇ ਗੱਲ ਤੋਰੀ। "ਅੰਕਲ, ਮੈਂ ਪੰਜਾਬ ਵਿੱਚੋਂ ਬਾਹਰਵੀਂ ਜਮਾਤ ਪਾਸ ਕਰਕੇ 96 ਵਿੱਚ ਇੱਥੇ ਆਇਆ ਸਾਂ।"

"ਪਹਿਲਾ ਪਹਿਲਾਂ ਤਾਂ ਇੱਥੇ ਆ ਕੇ ਕਾਫੀ ਔਖਾ ਹੋਣਾ ਪਿਆ ਹੋਵੇਗਾ? ਸੁਣਿਐ, ਵਿਦਿਆਰਥੀਆਂ ਨੂੰ ਤਾਂ ਕਾਫੀ ਪ੍ਰੇਸ਼ਾਨੀਆਂ ਪੇਸ਼ ਆਉਂਦੀਆਂ ਨੇ। ਖਰਚੇ ਕਾਫੀ ਹੁੰਦੇ ਹਨ। ਜਾਬਾਂ ਬੜੀਆਂ ਔਖੀਆਂ ਮਿਲਦੀਆਂ ਹਨ। ਕਈ ਵਾਰ ਮਾੜੀਆਂ ਜਾਬਾਂ ਵੀ ਕਰਨੀਆਂ ਪੈਂਦੀਆਂ ਹਨ। ਕਈ ਵਾਰ ਕਈ ਮਾਲਕ ਕੰਮ ਕਰਵਾ ਕੇ ਚੱਜ ਨਾਲ ਪੈਸੇ ਵੀ ਨਹੀਂ ਦਿੰਦੇ। ਸੁਣਿਐ, ਕਈ ਮਾਲਕ ਤਾਂ ਪਹਿਲਾ ਪਹਿਲ ਕਈ ਦਿਨ ਕੰਮ ਕਰਵਾਉਂਦੇ ਰਹਿੰਦੇ ਨੇ ਤੇ ਫਿਰ ਇਹ ਕਹਿ ਕੇ ਪੈਸੇ ਨਹੀਂ ਦਿੰਦੇ ਕਿ ਕੁੱਝ ਦਿਨ ਤਾਂ ਕੰਮ ਸਿੱਖਣ ਨੂੰ ਹੀ ਲੱਗ ਗਏ। ਇਹਨਾਂ ਦਿਨਾਂ ਦੇ ਪੈਸੇ ਕਾਹਦੇ? ਬਾਅਦ ਵਿੱਚ ਵੀ ਬੜੀ ਘੱਟ ਉਜਰਤ ਦਿੰਦੇ ਨੇ। ਵਿਦਿਆਰਥੀਆਂ ਦੀ ਇਸ ਪ੍ਰਕਾਰ ਦੀ ਲੁੱਟ ਘਸੁੱਟ ਦੀਆਂ ਖਬਰਾਂ ਆਮ ਸੁਣਨ ਵਿੱਚ ਆਉਂਦੀਆਂ ਹੀ ਰਹਿੰਦੀਆਂ ਨੇ। ਦੂਜੀ ਗੱਲ ਇਹ ਕਿ ਵਿਦਿਆਰਥੀਆਂ ਨੂੰ ਸਰਕਾਰੀ ਸਹੂਲਤਾਂ ਵੀ ਨਹੀਂ ਮਿਲਦੀਆਂ। ਮੈਡੀਕਲ ਸਹੂਲਤ, ਹੈਕਸ (HECS) ਦੀ ਸਹੂਲਤ, ਸੈਂਟਰਲਿੰਕ (Centrelink) ਦੀ ਮਦਦ ਆਦਿ, ਸਭ ਤੋਂ ਵਿਦਿਆਰਥੀ ਵਾਂਝੇ ਰਹਿ ਜਾਂਦੇ ਹਨ। ਫਿਰ ਕਈ ਵਾਰ ਸਰਕਾਰ ਕਾਨੂੰਨ ਬਦਲ

ਦਿੰਦੀ ਏ। ਕਈ ਮਜਮੂਨਾਂ ਦੇ ਨੰਬਰ ਘਟਾ ਦਿੰਦੀ ਏ। ਇੰਜ ਕਰਨ ਨਾਲ ਵਿਦਿਆਰਥੀਆਂ ਦੇ ਪੱਕੇ ਹੋਣ ਲਈ ਪੁਆਇੰਟ ਘਟ ਜਾਂਦੇ ਨੇ। ਸੁਣਿਐ, ਇਸ ਪ੍ਰਕਾਰ ਦੀ ਸਥਿਤੀ ਵਿੱਚ ਵਿਦਿਆਰਥੀਆਂ ਨੂੰ ਕਈ ਵਾਰ ਮਜਮੂਨ ਬਦਲਨੇ ਪੈਂਦੇ ਨੇ। ਇੱਕ ਹੋਰ ਗੱਲ ਇਹ ਕਿ ਵਿਦਿਆਰਥੀਆਂ ਨੂੰ ਅੰਗਰੇਜ਼ੀ ਟੈਸਟ ਵੀ ਦੁਬਾਰਾ ਪਾਸ ਕਰਨਾ ਪੈਂਦਾ ਏ। ਟੈਸਟ ਦੇ ਬੈਂਡ ਵੀ ਵਧਦੇ ਘਟਦੇ ਰਹਿੰਦੇ ਨੇ। ਤੁਹਾਨੂੰ ਵੀ ਇਸ ਪ੍ਰਕਾਰ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ?"

"ਅੰਕਲ, ਜਦੋਂ ਕੁ ਅਸੀਂ ਆਏ ਸੀ ਉਦੋਂ ਇਸ ਪ੍ਰਕਾਰ ਦੀਆਂ ਦੁਸ਼ਵਾਰੀਆਂ ਕੁੱਝ ਘੱਟ ਸਨ। ਅੱਜ ਕੱਲ੍ਹ ਤਾਂ ਇੱਦਾਂ ਦਾ ਬਹੁਤ ਕੁੱਝ ਵਧ ਗਿਆ ਏ। ਜਿਨ੍ਹਾਂ ਵਿਦਿਆਰਥੀਆਂ ਨੇ ਅੱਜ ਕੱਲ੍ਹ ਪੀ.ਆਰ. ਪਾਈ ਹੋਈ ਏ ਉਹਨਾਂ ਦਾ ਤਾਂ ਹਰ ਸਮੇਂ ਸਾਹ ਹੀ ਸੁੱਕਿਆ ਰਹਿੰਦਾ ਏ। ਅੱਧਾ ਦਿਲ ਇੱਧਰ ਧੜਕਦਾ ਹੈ ਤੇ ਅੱਧਾ ਉੱਧਰ। ਅਸੀਂ ਤਾਂ ਆਸਾਨੀ ਨਾਲ ਟੈਸਟ ਪਾਸ ਕਰਕੇ ਪੱਕੇ ਹੋ ਗਏ ਸਾਂ। ਹਾਂ, ਕੰਮ ਤਾਂ ਸਾਧਾਰਨ ਵੀ ਕਰਨੇ ਹੀ ਪੈਂਦੇ ਹਨ। ਪਹਿਲਾਂ ਪਹਿਲ ਮੈਨੂੰ ਵੀ ਇੱਕ ਕਾਰਵਾਸ਼ ਅਤੇ ਪੈਟਰੋਲ ਸਟੇਸ਼ਨ ਤੇ ਕੰਮ ਕਰਨਾ ਪਿਆ ਸੀ। ਫਿਰ ਮੈਂ ਟੈਕਸੀ ਵੀ ਚਲਾਈ। ਇੱਕ ਵਾਰ ਦਿਹਾਤ ਵਿੱਚ ਜਾ ਕੇ ਸੰਤਰੇ ਵੀ ਤੋੜੇ। ਡਿਗਰੀ ਕਰਕੇ ਆਖਰਕਾਰ ਸੈੱਟ ਹੋ ਗਿਆ ਹਾਂ।"

"ਬੇਟੇ, ਸਾਡੀ ਲੜਕੀ ਪਹਿਲਾਂ ਤੋਂ ਹੀ ਕਾਫੀ ਅੱਛੇ ਮਾਹੌਲ ਵਿੱਚ ਰਹੀ ਏ। ਉੱਧਰ ਪੰਜਾਬ ਵਿੱਚ ਵੀ ਤੇ ਇੱਧਰ ਸਿਡਨੀ ਵਿੱਚ ਵੀ। ਤੁਹਾਡੇ ਮਾਪਿਆਂ ਨੇ ਵੀ ਤੁਹਾਨੂੰ ਬੜੀ ਰੀਝ ਨਾਲ ਪਾਲਿਆ ਤੇ ਪੜ੍ਹਾਇਆ ਹੋਵੇਗਾ। ਉਸ ਤੋਂ ਬਾਅਦ ਉਹਨਾਂ ਨੇ ਤੁਹਾਨੂੰ ਇੱਧਰ ਵੀ ਭੇਜਿਆ। ਤੁਸੀਂ ਇੱਧਰ ਆ ਕੇ ਚੰਗੇ ਸੈੱਟ ਵੀ ਹੋ ਗਏ। ਕੀ ਤੁਹਾਨੂੰ ਲਗਦਾ ਏ ਕਿ ਤੁਸੀਂ ਦੋਨੋਂ ਚੰਗੀ ਵਿਆਹੁਤਾ ਜ਼ਿੰਦਗੀ ਬਸਰ ਕਰ ਸਕਦੇ ਹੋ? ਕੀ ਤੁਸੀਂ ਇੱਕ ਦੂਜੇ ਨਾਲ ਕੁਝ ਵਿਚਾਰ ਸਾਂਝੇ ਵੀ ਕਰਨੇ ਚਾਹੁੰਦੇ ਹੋ? ਅਗਰ ਤੁਸੀਂ ਗੱਲ ਬਾਤ ਕਰਨੀ ਚਾਹੁੰਦੇ ਹੋ ਤਾਂ ਅਸੀਂ ਤੁਹਾਨੂੰ ਕੁੱਝ ਸਮੇਂ ਲਈ ਇਕੱਲੇ ਛੱਡ ਦਿੰਦੇ ਹਾਂ।"

"ਅੰਕਲ, ਜਿਵੇਂ ਤੁਹਾਡੀ ਇੱਛਾ।"

ਅਸੀਂ ਲੜਕੇ ਅਤੇ ਲੜਕੀ ਨੂੰ ਇਕੱਲੇ ਛੱਡ ਦਿੱਤਾ।

"ਕੀ ਮੈਂ ਤੁਹਾਡਾ ਨਾਮ ਜਾਣ ਸਕਦਾ ਹਾਂ?" ਲੜਕੇ ਨੇ ਚੁੱਪ ਤੋੜੀ।

"ਮੇਰਾ ਨਾਲ ਜਸਵਿੰਦਰ ਏ, ਘਰ ਵਿਚ ਵੈਸੇ ਮੈਨੂੰ ਜੱਸੀ ਹੀ ਕਿਹਾ ਜਾਂਦਾ ਏ। ਤੁਹਾਡਾ ਨਾਮ ਚਰਨਜੀਤ ਏ, ਮੈਨੂੰ ਡੈਡ ਨੇ ਦੱਸਿਆ ਸੀ।"

"ਹਾਂ, ਮੇਰਾ ਨਾਮ ਚਰਨਜੀਤ ਏ। ਵੈਸੇ ਘਰ ਵਿੱਚ ਮੈਨੂੰ ਚੰਨਾ ਕਹਿ ਕੇ ਹੀ ਬੁਲਾਇਆ ਜਾਂਦਾ ਏ।"

"ਹੁਣ ਤਾਂ ਫਿਰ ਤੁਸੀਂ ਸੱਚਮੁੱਚ ਹੀ ਚੰਨਾ ਬਣਨ ਜਾ ਰਹੇ ਹੋ?" ਜੱਸੀ ਬੱਸ ਮੁਸਕਰਾਈ ਹੀ।

ਉਹ ਫਿਰ ਬੋਲਿਆ, "ਤੁਹਾਡੇ ਮੁੱਖ ਸ਼ੌਂਕ ਕੀ ਹਨ?"

"ਪੰਜਾਬੀ ਸਿੱਖਣੀ ਤੇ ਪੜ੍ਹਨੀ, ਮਾਪਿਆਂ ਨਾਲ ਘੁੰਮਣਾ ਫਿਰਨਾ, ਦੋਸਤੀ ਪਾਉਣੀ ਤੇ ਨਿਭਾਉਣੀ।"

"ਕਿੰਨੇ ਕੁ ਦੋਸਤ ਹਨ ਤੁਹਾਡੇ?"

"ਤਿੰਨ ਸਹੇਲੀਆਂ ਹਨ ਮੇਰੀਆਂ। ਉਹਨਾਂ ਵਿੱਚ ਦੋ ਮੇਰੇ ਨਾਲ ਯੂਨੀ ਵਿੱਚ ਪੜ੍ਹਦੀਆਂ ਹਨ। ਇੱਕ ਮੇਰੀ ਸਕੂਲ ਦੇ ਸਮੇਂ ਤੋਂ ਸਹੇਲੀ ਸੀ। ਅੱਜ ਕੱਲ੍ਹ ਉਹ ਸ਼ਾਦੀ ਸ਼ੁਦਾ ਏ।"

"ਅੱਛਾ, ਤੁਸੀਂ ਪੰਜਾਬੀ ਪੜ੍ਹਨੀ ਵੀ ਪਸੰਦ ਕਰਦੇ ਹੋ?"

"ਹਾਂ, ਮੈਂ ਪੰਜਾਬੀ ਸਿੱਖ ਲਈ ਏ। ਮੈਨੂੰ ਬੜੀ ਚੰਗੀ ਲੱਗਦੀ ਏ।"

"ਵੈਰੀ ਗੁੱਡ।"

"ਤੁਹਾਨੂੰ ਕਿਵੇਂ ਲਗਦਾ ਏ ਅਗਰ ਅਸੀਂ ਹਸਬੈਂਡ (husband) ਵਾਈਫ (wife) ਹੋਈਏ?"

ਜੱਸੀ ਸ਼ਰਮਾ ਦੇ ਸਿਮਟ ਜਿਹੀ ਗਈ।

"ਤੁਹਾਡਾ ਕੋਈ ਸਵਾਲ?"

"ਸ਼ਾਦੀ ਤੋਂ ਬਾਦ ਤੁਹਾਡੇ ਮਾਪੇ ਪੰਜਾਬ ਰਹਿਣਗੇ ਜਾਂ ਇੱਥੇ ਸਿਡਨੀ?"

"ਉਹਨਾਂ ਦੀ ਕੋਸ਼ਿਸ਼ ਤਾਂ ਇੱਥੇ ਸਿਡਨੀ ਆਉਣ ਦੀ ਹੀ ਏ। ਕੋਈ ਓਬਜੈਕਸ਼ਨ (objection)?"

"ਨਹੀਂ, ਮੈਂ ਤਾਂ ਵੈਸੇ ਹੀ ਪੁੱਛਿਆ ਏ।"

"ਵੈਸੇ ਤਾਂ ਨਹੀਂ ਲਗਦਾ। ਕੋਈ ਗੱਲ ਤਾਂ ਤੁਹਾਡੇ ਦਿਲ ਵਿੱਚ ਜ਼ਰੂਰ ਲਗਦੀ ਏ। ਖੁੱਲ ਕੇ ਦੱਸ ਲਓ ਤਾਂ ਚੰਗਾ ਹੋਵੇਗਾ। ਕੀ ਤੁਸੀਂ ਮਾਪਿਆਂ ਨਾਲ ਰਹਿਣਾ ਪਸੰਦ ਨਹੀਂ ਕਰਦੇ?"

"ਨਹੀਂ, ਐਸੀ ਤਾਂ ਕੋਈ ਗੱਲ ਨਹੀਂ। ਬਾਕੀ ਉਹਨਾਂ ਦੇ ਸੁਭਾਅ ਤੇ ਨਿਰਭਰ ਕਰਦਾ ਏ। ਤੁਹਾਡੇ ਮਾਤਾ ਜੀ ਦਾ ਸੁਭਾਅ ਕੈਸਾ ਏ?"

"ਬੱਚਿਆਂ ਨੂੰ ਤਾਂ ਆਪਣੇ ਮਾਪਿਆਂ ਦਾ ਸੁਭਾਅ ਹਮੇਸ਼ਾ ਹੀ ਚੰਗਾ ਲਗਦਾ ਹੁੰਦਾ ਏ। ਜਦ ਕੋਈ ਦੂਸਰਾ ਜੀਅ ਪਰਿਵਾਰ ਵਿੱਚ ਸ਼ਾਮਲ ਹੁੰਦਾ ਏ ਤਾਂ ਕੁੱਝ ਨਾ ਕੁੱਝ ਅਡਜਸਟਮੈਂਟਾਂ ਤਾਂ ਕਰਨੀਆਂ ਹੀ ਹੁੰਦੀਆਂ ਹਨ। ਸਭ ਪਰਿਵਾਰਾਂ ਦੇ ਸੁਭਾਅ ਅਤੇ ਸੰਸਕਾਰ ਇੱਕੋ ਜਿਹੇ ਨਹੀਂ ਹੁੰਦੇ। ਨਾਲੇ ਵੱਡੀ ਗੱਲ ਤਾਂ ਤੁਹਾਡੇ ਤੇ ਮੇਰੇ ਸੁਭਾਅ ਦੇ ਮਿਲਣ ਦੀ ਏ। ਅਗਰ ਪਤੀ ਪਤਨੀ ਦੀ ਰਮਜ਼ ਆਪਸ ਵਿੱਚ ਰਲ ਗਈ ਤਾਂ ਬਾਕੀ ਸਭ ਕੁਝ ਆਪਣੇ ਆਪ ਹੀ ਠੀਕ ਹੋ ਜਾਂਦਾ ਏ। ਹੋਰ ਕੁੱਝ?"

"ਮੇਰਾ ਭਾਵ ਇਹ ਹੈ ਕਿ ਕਈ ਲੜਕੇ ਜ਼ਿਆਦਾ ਹੀ ਮਾਂ ਦੇ ਲਾਡਲੇ (mum's boy) ਹੁੰਦੇ ਹਨ। ਇਸ ਹਾਲਤ ਵਿੱਚ ਪਤਨੀ ਕੋਝੀ ਸਥਿਤੀ ਵਿੱਚ ਵੀ ਫਸ ਸਕਦੀ

ਏ।"

"ਨਹੀਂ ਐਸੀ ਕੋਈ ਗੱਲ ਨਹੀਂ। ਮੈਨੂੰ ਪਤਨੀ ਅਤੇ ਮਾਂ ਵਿਚਕਾਰ ਸੰਤੁਲਨ ਬਣਾਉਣਾ ਆਉਂਦਾ ਏ।"

"ਕਈ ਵਾਰ ਘੱਟ ਪੜ੍ਹਾਈ ਵੀ ਪਰੇਸ਼ਾਨੀਆਂ ਖੜ੍ਹੀਆਂ ਕਰ ਸਕਦੀ ਏ। ਘੱਟ ਪੜ੍ਹੇ-ਲਿਖੇ ਤੇ ਪੇਂਡੂ ਲੋਕਾਂ ਦੇ ਸੰਸਕਾਰ ਤੇ ਤੌਰ ਤਰੀਕੇ ਅਲੱਗ ਹੀ ਕਿਸਮ ਦੇ ਹੁੰਦੇ ਹਨ। ਉਹਨਾਂ ਵਿੱਚ ਐਂਪਥੀ (empathy) ਦੀ ਭਾਵਨਾ ਬੜੀ ਹੀ ਘੱਟ ਹੁੰਦੀ ਏ। ਉਹ ਇੱਕ ਪਾਸੜ ਤੇ ਇੱਕ ਖਿਆਲੀਏ ਹੋ ਕੇ ਹੀ ਰੋਜ਼ ਮਰਾ ਦੀ ਜ਼ਿੰਦਗੀ ਵਿੱਚ ਵਿਚਰ ਸਕਦੇ ਹਨ। ਉਹਨਾਂ ਨੂੰ ਕਿਸੇ ਦੂਜੇ ਅਭਿਨੈ (role) ਵਿੱਚ ਗਹਿਗੱਚ (involve) ਹੋ ਕੇ ਕਈ ਗੱਲਾਂ ਮਹਿਸੂਸਣੀਆਂ ਨਹੀਂ ਆਉਂਦੀਆਂ ਹੁੰਦੀਆਂ। ਮੇਰੀ ਇੱਕ ਸ਼ਾਦੀ ਸ਼ੁਦਾ ਸਹੇਲੀ ਨਾਲ ਇੰਜ ਹੀ ਹੋਇਆ ਸੀ। ਉਸਦੇ ਸੱਸ ਸਹੁਰਾ ਬਹੁਤ ਘੱਟ ਪੜ੍ਹੇ-ਲਿਖੇ ਸਨ ਤੇ ਬਹੁਤਾ ਸਮਾਂ ਪੰਜਾਬ ਦੇ ਇੱਕ ਪਿੰਡ ਵਿੱਚ ਹੀ ਰਹੇ ਸਨ। ਜਦ ਉਹਨਾਂ ਨੂੰ ਇੱਕ ਪੜ੍ਹੀ-ਲਿਖੀ ਸ਼ਹਿਰੀ ਨੂੰਹ ਮਿਲ ਗਈ ਤਾਂ ਉਹਨਾਂ ਦੀ ਹਾਲਤ ਛੋਟੀ ਤੌੜੀ ਦੇ ਜਲਦੀ ਉਬਲਣ ਵਾਂਗ ਹੋ ਗਈ। ਵਿਆਹ ਤੋਂ ਬਾਅਦ ਉਹ ਨੂੰਹ ਮੂਹਰੇ ਕਈ ਕੁੱਝ ਅਵਾ ਤਵਾ ਬੋਲਦੇ ਰਹੇ। ਵਿਚਾਰੀ ਨੂੰ ਕਈ ਕੋਝੀਆਂ ਪ੍ਰਸਥਿਤੀਆਂ ਵਿੱਚੋਂ ਲੰਘਣਾ ਪਿਆ। ਹੁਣ ਵਿਚਾਰੀ ਠੀਕ ਠਾਕ ਏ।"

"ਨਹੀਂ, ਜੱਸੀ, ਸਾਡੇ ਘਰ ਐਸੀ ਕੋਈ ਗੱਲ ਨਹੀਂ। ਗੱਲਾਂ ਕਰਦਿਆਂ ਕਰਦਿਆਂ ਤੁਸੀਂ ਚਾਹ ਤਾਂ ਠੰਢੀ ਹੀ ਕਰ ਲਈ। ਪਹਿਲਾਂ ਚਾਹ ਪੀ ਲਵੋ।"

ਚਰਨਜੀਤ ਚਾਹ ਪੀਣ ਲੱਗ ਪਿਆ। ਇੰਨੇ ਸਮੇਂ ਵਿੱਚ ਜੱਸੀ ਦੇ ਮਾਂ ਪਿਓ ਫਿਰ ਆ ਕੇ ਕਮਰੇ ਵਿੱਚ ਬੈਠ ਗਏ। ਮੈਂ ਵੀ ਉਹਨਾਂ ਦੇ ਨਾਲ ਹੀ ਅੰਦਰ ਆ ਗਿਆ। ਜੱਸੀ ਉੱਠ ਕੇ ਆਪਣੇ ਕਮਰੇ ਵਿੱਚ ਚਲੀ ਗਈ।

"ਬੇਟੇ, ਕੀ ਖਿਆਲ ਏ ਤੁਹਾਡਾ? ਤੁਹਾਡੀ ਜੱਸੀ ਨਾਲ ਗੱਲਬਾਤ ਕਿਵੇਂ ਰਹੀ? ਲੜਕੀ ਤਾਂ ਬੜੀ ਚੰਗੀ ਹੈ ਨਾਹ?" ਮੈਂ ਚਰਨਜੀਤ ਨੂੰ ਭਾਪਣ ਦੀ ਕੋਸ਼ਿਸ਼ ਕੀਤੀ।

"ਮੈਨੂੰ ਤਾਂ ਸਭ ਠੀਕ ਲਗਦਾ ਏ, ਅੰਕਲ। ਬਾਕੀ ਤੁਸੀਂ ਦੇਖ ਲਵੋ।"

"ਜੇ ਕੋਈ ਨਿੱਜੀ ਗੱਲ ਕਰਨੀ ਏ ਤਾਂ ਮੇਰੇ ਨਾਲ ਬਾਦ 'ਚ ਕਰ ਲਿਓ। ਮੇਰਾ ਖਿਆਲ ਏ ਕਿ ਅਸੀਂ ਕਾਹਲੀ ਨਾ ਕਰੀਏ।"

'ਨਹੀਂ, ਅੰਕਲ ਮੇਰੀ ਕੋਈ ਨਿੱਜੀ ਗੱਲਬਾਤ ਨਹੀਂ,'

'ਵਿਆਹ ਕਿੰਨੇ ਕੁ ਸਮੇਂ ਵਿੱਚ ਕਰ ਲਓਗੇ? ਕੀ ਤੁਸੀਂ ਆਪਣੇ ਮਾਪਿਆਂ ਨਾਲ ਗਲਬਾਤ ਕੀਤੀ ਏ? ਕੀ ਉਹਨਾਂ ਦੀ ਰਾਇ ਲੈਣੀ ਵੀ ਜ਼ਰੂਰੀ ਏ ਜਾਂ ਤੁਹਾਡਾ ਆਪਣਾ ਫੈਸਲਾ ਹੀ ਸਭ ਕੁੱਝ ਏ?'

'ਅੰਕਲ ਮੇਰਾ ਆਪਣਾ ਫੈਸਲਾ ਹੀ ਸਭ ਕੁੱਝ ਏ। ਮੇਰੇ ਮਾਪੇ ਮੇਰੇ ਫੈਸਲੇ ਵਿੱਚ ਬਹੁਤਾ ਦਖਲ ਨਹੀਂ ਦਿੰਦੇ। ਹਾਂ, ਮੈਂ ਇਹ ਪੁੱਛ ਲਵਾਂਗਾ ਕਿ ਸ਼ਾਦੀ ਕਦੋਂ ਕੀਤੀ ਜਾਵੇ।

ਮੈਂ ਇਹ ਵੀ ਦੇਖਾਂਗਾ ਕਿ ਮੈਂ ਕਦੋਂ ਪੰਜਾਬ ਜਾਣ ਦਾ ਸਮਾਂ ਕੱਢ ਸਕਦਾ ਹਾਂ। ਸ਼ਾਦੀ ਤਾਂ ਪੰਜਾਬ ਵਿਚ ਜਾ ਕੇ ਹੀ ਹੋਵੇਗੀ। ਜੱਸੀ ਦੇ ਪਰਿਵਾਰ ਨੂੰ ਵੀ ਸ਼ਾਦੀ ਕਰਨ ਲਈ ਪੰਜਾਬ ਹੀ ਜਾਣਾ ਹੋਵੇਗਾ। ਮੇਰੇ ਸਾਰੇ ਰਿਸ਼ਤੇਦਾਰ ਵੀ ਇਹੀ ਚਾਹੁੰਦੇ ਹਨ ਕਿ ਸ਼ਾਦੀ ਪੰਜਾਬ ਵਿੱਚ ਹੀ ਹੋਵੇ। ਬਾਕੀ ਜੱਸੀ ਦੇ ਪਰਿਵਾਰ ਵਾਲੇ ਵੀ ਦੇਖ ਲੈਣ। ਉਹਨਾਂ ਨੇ ਸ਼ਾਦੀ ਦੀ ਰਸਮ ਆਪਣੇ ਘਰ ਕਰਨੀ ਏ ਜਾ ਕਿਸੇ ਪੈਲੇਸ ਵਿੱਚ ਰੀਸੈਪਸ਼ਨ ਦੇਣੀ ਏ। ਅਗਰ ਰੀਸੈਪਸ਼ਨ ਕਿਸੇ ਪੈਲੇਸ ਵਿੱਚ ਕਰਨੀ ਹੈ ਤਾਂ ਉਹਨਾਂ ਨੂੰ ਪੈਲੇਸ ਬੁੱਕ ਵੀ ਕਰਵਾਉਣਾ ਹੋਵੇਗਾ। ਕਈ ਵਾਰ ਵਿਆਹ ਸ਼ਾਦੀਆਂ ਦੇ ਸਮੇਂ ਪੈਲੇਸ ਮਿਲਦੇ ਵੀ ਔਖੇ ਹਨ। ਤੁਸੀਂ ਇਹਨਾਂ ਨਾਲ ਅਰਾਮ ਨਾਲ ਗੱਲ ਕਰ ਲਿਓ। ਮੈਂ ਆਪਣੇ ਮਾਪਿਆਂ ਨਾਲ ਗੱਲ ਕਰ ਲਵਾਂਗਾ।'

ਵਿਆਹ ਭਲੀ ਪ੍ਰਕਾਰ ਹੋ ਗਿਆ। ਚਰਨਜੀਤ ਦੇ ਮਾਪਿਆਂ ਨੇ ਚਰਨਜੀਤ ਪਾਸ ਪਹਿਲਾ ਚੱਕਰ ਛੇ ਮਹੀਨੇ ਲਈ ਮਾਰਿਆ। ਸਿਡਨੀ ਵਿੱਚ ਪੱਕੇ ਤੌਰ ਤੇ ਸੈੱਟ ਹੋਣ ਲਈ ਉਹਨਾਂ ਨੂੰ ਦੋ ਤਿੰਨ ਸਾਲ ਲੱਗ ਜਾਣੇ ਸਨ।

ਚਰਨਜੀਤ ਤੇ ਜੱਸੀ ਇੱਕ ਸਾਧਾਰਨ ਤਿੰਨ ਕਮਰਿਆਂ ਵਾਲੇ ਘਰ ਵਿੱਚ ਰਹਿ ਰਹੇ ਸਨ। ਮਾਂ ਪਿਓ ਦੇ ਪਹੁੰਚਣ ਨਾਲ ਘਰ ਦਾ ਮਾਹੌਲ ਘੁੱਟਵਾਂ ਘੁੱਟਵਾਂ ਹੋਣ ਲੱਗ ਪਿਆ।

"ਤੁਸੀਂ ਨੂੰਹ ਤੋਂ ਡਰਦੇ ਕਿਉਂ ਹੋ? ਤੁਹਾਡੀ ਜ਼ਬਾਨ ਹਰ ਸਮੇਂ ਤਲੂਏ ਕਿਉਂ ਲੱਗੀ ਰਹਿੰਦੀ ਏ? ਕੀ ਤੁਸੀਂ ਇਹਨੂੰ ਕਹਿ ਨਹੀਂ ਸਕਦੇ ਕਿ ਬਾਹਰ ਅਵਾ ਤਵਾ ਨਾ ਖਾਇਆ ਕਰੇ? ਐਵੇਂ ਬਾਹਰ ਪੈਸੇ ਪੱਟਦੀ ਰਹਿੰਦੀ ਏ। ਜਦ ਘਰ ਵਿੱਚ ਸਭ ਕੁਝ ਹੈ ਤਾਂ ਬਾਹਰ ਮੂੰਹ ਮਾਰਨ ਦੀ ਕੀ ਜ਼ਰੂਰਤ ਹੈ? ਪੈਸੇ ਜੋੜਿਆ ਕਰਨ ਦੇ ਘਰ ਵੱਡਾ ਲੈਣ ਦੀ ਕੋਸ਼ਿਸ਼ ਕਰਨ। ਹੁਣ ਤੱਕ ਤਾਂ ਇਹਨਾਂ ਨੇ ਦੋ ਮੰਜ਼ਲਾ ਲਿਆ ਹੁੰਦਾ। ਕੱਲ੍ਹ ਮੈਂ ਇਹਨੂੰ ਘਰ ਮੂਹਰੇ ਟੈਕਸੀ ਤੋਂ ਉਤਰਦੀ ਦੇਖਿਆ। ਕੀ ਲੋੜ ਏ ਟੈਕਸੀ ਤੇ ਪੈਸੇ ਖਰਾਬ ਕਰਨ ਦੀ? ਰੇਲ ਅੱਡੇ ਤੋਂ ਘਰ ਤੱਕ ਮਸਾਂ ਓਨਾ ਰਸਤਾ ਏ ਜਿੰਨਾ ਪਿੰਡ ਆਪਣੇ ਘਰ ਤੋਂ ਪੈਲੀ ਵਾਲੀ ਮੋਟਰ। ਕੀ ਇਹ ਤੁਰਕੇ ਨਹੀਂ ਆ ਸਕਦੀ ਸੀ? ਨਾਲੇ ਪਰਾਏ ਮਰਦ ਨਾਲ ਬੈਠ ਕੇ ਆਈ ਏ। ਮੁੰਡੇ ਨੂੰ ਇਹ ਵੀ ਸਮਝਾਓ, ਐਵੇਂ ਪਾਰਟੀਆਂ ਤੇ ਨਾ ਤੁਰੇ ਰਿਹਾ ਕਰਨ। ਨੂੰਹ ਲਫੰਡਰਾਂ ਵਿੱਚ ਜਾਂਦੀ ਚੰਗੀ ਲਗਦੀ ਏ? ਬੰਦੇ ਨੂੰ ਕੁਝ ਸ਼ਰਮ ਹਿਆ ਵੀ ਹੋਣੀ ਚਾਹੀਦੀ ਏ। ਇਸ ਦੇਸ਼ ਵਿੱਚ ਸ਼ਰਮ ਹਿਆ ਤਾਂ ਲੋਕਾਂ ਛਿੱਕੇ ਟੰਗ ਰੱਖੀ ਏ। ਉੱਧਰੋ ਚੰਗੀਆਂ ਭਲੀਆਂ ਆ ਕੇ ਵੀ ਕਈ ਇੱਧਰ ਜ਼ਿਆਦਾ ਹੀ ਭੂਹੇ ਚੜ੍ਹ ਜਾਂਦੀਆਂ ਨੇ। ਇਹ ਤਾਂ ਛੋਟੀ ਹੁੰਦੀ ਤੋਂ ਹੀ ਇੱਧਰ ਹੀ ਰਹਿੰਦੀ ਏ। ਸੁਣਿਐ, ਕਈ ਤਾਂ ਸ਼ਰਾਬ ਤੇ ਬੱਤੀ ਵੀ ਪੀਣ ਲੱਗ ਜਾਂਦੀਆਂ ਨੇ। ਉੱਧਰ ਬੈਠੀ ਨੂੰ ਮੈਨੂੰ ਕੀ ਪਤਾ ਸੀ ਇਹਨਾਂ ਦੀਆਂ ਫੈਲਸੂਫੀਆਂ ਬਾਰੇ?" ਚਰਨਜੀਤ ਦੀ ਮਾਂ ਨੇ ਸਿਡਨੀ ਪਹੁੰਚਦੇ ਸਾਰ ਹੀ ਘਰ ਵਿੱਚ ਤਾਨਾਸ਼ਾਹੀ ਮਾਹੌਲ ਖੜ੍ਹਾ ਕਰ ਦਿੱਤਾ।

ਜਦ ਚਰਨਜੀਤ ਨੌਕਰੀ ਤੋਂ ਘਰ ਪਰਤਿਆ ਤਾਂ ਉਸਨੂੰ ਘਰ ਉੱਖੜਿਆ-ਉੱਖੜਿਆ ਮਹਿਸੂਸ ਹੋਇਆ। ਘਰ ਵਿੱਚ ਕੋਈ ਸਿੱਧੇ ਮੂੰਹ ਗੱਲ ਹੀ ਨਹੀਂ ਕਰ ਰਿਹਾ ਸੀ। ਜੱਸੀ ਸਿਡਨੀ ਵਿੱਚ ਆਪਣੇ ਮਾਪਿਆਂ ਦੇ ਘਰੋਂ ਐਸੇ ਮਾਹੌਲ ਵਿੱਚੋਂ ਆਈ ਸੀ ਜਿੱਥੇ ਕੋਈ ਕਿਸੇ ਦੀ ਜ਼ਿੰਦਗੀ ਵਿੱਚ ਉੱਕਾ ਹੀ ਦਖਲ ਨਹੀਂ ਦਿੰਦਾ ਸੀ। ਉਸਦੇ ਮਾਪਿਆਂ ਨੇ ਉਸਨੂੰ ਯੂਨੀ ਦੀ ਪੜ੍ਹਾਈ ਤੱਕ ਬਹੁਤ ਹੀ ਸੁਖਾਵਾਂ ਮਾਹੌਲ ਦਿੱਤਾ ਸੀ। ਜੇਕਰ ਉਹ ਪੰਜਾਬ ਵਿੱਚ ਇੱਕ ਦੋ ਵਾਰ ਆਪਣੇ ਮਾਪਿਆਂ ਨਾਲ ਗਈ ਵੀ ਸੀ ਤਾਂ ਚੰਦ ਦਿਨਾਂ ਬਾਅਦ ਵਾਪਸ ਆ ਗਈ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਪੰਜਾਬ ਦੇ ਮਾਹੌਲ ਤੋਂ ਵਾਕਫ ਸੀ ਪਰੰਤੂ ਦੂਜੇ ਪਰਿਵਾਰਾਂ ਵਿੱਚ ਵਿਚਰਣ ਦਾ ਉਸਨੂੰ ਕੋਈ ਵੀ ਤਜ਼ਰਬਾ ਨਹੀਂ ਸੀ। ਸਿਡਨੀ ਵਿੱਚ ਆਪਣੇ ਮਾਪਿਆਂ ਦੇ ਘਰ ਰਹਿੰਦੀ ਹੋਈ ਨੇ ਵੀ ਉਸ ਨੇ ਕਦੀ ਕੋਈ ਮਾੜਾ ਦਿਨ ਨਹੀਂ ਸੀ ਦੇਖਿਆ। ਘਰ ਵਿੱਚ ਖਰਚੇ ਪੱਖੋਂ ਵੀ ਉਸਨੂੰ ਕਦੀ ਕੋਈ ਦਿੱਕਤ ਨਹੀਂ ਆਈ ਸੀ। ਭਾਵੇਂ ਉਹ ਯੂਨੀ ਵਿੱਚ ਪੜ੍ਹਦੀ ਪੜ੍ਹਦੀ ਹਫਤੇ ਵਿੱਚ ਇੱਕ ਅੱਧ ਦਿਨ ਕੰਮ ਵੀ ਕਰਦੀ ਸੀ ਫਿਰ ਵੀ ਉਸਨੂੰ ਆਪਣੇ ਨਿੱਜੀ ਜੀਵਨ ਅਤੇ ਨਿੱਜੀ ਆਜ਼ਾਦੀ ਵਿੱਚ ਕਿਸੇ ਕਿਸਮ ਦਾ ਖਲਲ ਮਹਿਸੂਸ ਨਹੀਂ ਸੀ ਹੋਇਆ। ਮਾਂ ਨੇ ਉਸਨੂੰ ਰਸੋਈ ਦੇ ਕੰਮਾਂ ਕਾਰਾਂ ਵਿੱਚ ਵੀ ਘੱਟ ਹੀ ਪਾਇਆ ਸੀ। ਦਿਲ ਕਰੇ ਤਾਂ ਮਾਂ ਨਾਲ ਰਸੋਈ ਦਾ ਮਾੜਾ ਮੋਟਾ ਕੰਮ ਕਰਵਾ ਲਵੇ, ਨਾ ਕਰੇ ਤਾਂ ਨਾ ਸਹੀ। ਇਸ ਪ੍ਰਕਾਰ ਉਹ ਰਸੋਈ ਦੇ ਕੰਮਾਂ ਕਾਰਾਂ ਵਿੱਚ ਬਹੁਤੀ ਸੰਪੂਰਨ ਨਹੀਂ ਸੀ।

"ਮੰਮੀ, ਮੈਂ ਇਹ ਕੀ ਦੇਖ ਰਿਹਾ ਹਾਂ? ਕੀ ਜੱਸੀ ਨਾਲ ਤੁਹਾਡੀ ਕੋਈ ਝੜਪ ਹੋਈ ਏ? ਉਹ ਤਾਂ ਬੱਸ ਰੋਈ ਹੀ ਜਾ ਰਹੀ ਏ, ਬੋਲਦੀ ਕੁਝ ਵੀ ਨਹੀਂ," ਚਰਨਜੀਤ ਨੇ ਮਾਂ ਵੱਲ ਕੌੜ ਮੱਝ ਵਾਂਗ ਝਾਕਦੇ ਨੇ ਪੁੱਛਿਆ।

'ਤੂੰ ਮੈਨੂੰ ਜੰਮਿਆ ਏ ਕਿ ਮੈਂ ਤੈਨੂੰ? ਇੱਦਾਂ ਦੇ ਸਵਾਲ ਕਰਦੇ ਨੂੰ ਤੈਨੂੰ ਸ਼ਰਮ ਨਹੀਂ ਆਉਂਦੀ? ਆ ਕੀ ਸਕਰਟਾਂ ਜਿਹੀਆਂ ਪੁਆ ਕੇ ਇਹਨੂੰ ਬਾਹਰ ਭੇਜ ਦਿੰਨੈ? ਬੰਦਾ ਕੋਈ ਚੱਜ ਦੇ ਕਪੜੇ ਪਾਵੇ। ਤੁਸੀਂ ਅੱਧੀ ਅੱਧੀ ਰਾਤ ਨੂੰ ਘਰ ਵੜਦੇ ਹੋ। ਪਤਾ ਨਹੀਂ ਕਿ ਕਿੱਥੇ ਤੁਰੇ ਫਿਰਦੇ ਰਹਿੰਦੇ ਹੋ। ਮੇਰੀ ਦੂਜੀ ਨੂੰਹ ਉੱਧਰ ਜੀ ਜੀ ਕਰਦੀ ਫਿਰਦੀ ਏ। ਇਹ ਚੂੜੈਲ ਤੈਨੂੰ ਵੀ ਤੇਰਾ ਨਾਮ ਲੈ ਕੇ ਬਲਾਉਂਦੀ ਏ। ਤੈਨੂੰ ਪਤਾ ਏ, ਅਸੀਂ ਚੀਮੇ ਜੱਟ ਹੁੰਦੇ ਆਂ। ਤੈਨੂੰ ਚੀਮਾਂ ਸਾਹਿਬ ਕੇ ਬੁਲਾਇਆ ਕਰੇ। ਕੱਲ੍ਹ ਅਸੀਂ ਘਰ ਵਿੱਚ ਗੁਰਬਾਣੀ ਦੀ ਰੀਲ ਲਗਾ ਦਿੱਤੀ ਤਾਂ ਕਹਿੰਦੀ ਬੰਦ ਕਰੋ, ਇਹ ਘਰ ਵਿੱਚ ਕੀ ਮੱਛੀ ਮਾਰਕੀਟ ਬਣਾ ਦਿੱਤੀ। ਆਪ ਭਾਵੇਂ ਰੋਜ਼ ਨੰਗੀਆਂ ਫਿਲਮਾਂ ਦੇਖੀ ਜਾਵੇ। ਗੁਰਬਾਣੀ ਤਾਂ ਖੱਬੀ ਖਾਨਾ ਨੂੰ ਵੀ ਤੀਰ ਵਾਂਗ ਸਿੱਧੇ ਕਰ ਦਿੰਦੀ ਏ। ਇਹ ਗੁਰਬਾਣੀ ਨੂੰ ਬਕਵਾਸ ਕਹਿੰਦੀ ਏ। ਕੱਲ੍ਹ ਟੈਕਸੀ ਕਰ ਕੇ ਆਈ। ਕੀ ਜ਼ਰੂਰਤ ਸੀ ਇਹਨੂੰ ਟੈਕਸੀ ਦੀ? ਔਹ ਨਾਲ ਤਾਂ ਰੇਲ ਅੱਡਾ ਪੈਂਦਾ ਏ, ਆਪਣੇ ਚਮਰੋੜੀ ਦੇ ਟਿਊਵੈਲ ਜਿੰਨਾ ਦੂਰ। ਐਥੋਂ ਢੀਮ ਮਾਰੋ ਉੱਥੇ ਜਾ ਵੱਜਦੀ ਏ। ਸਾਨੂੰ ਫੋਨ ਕਰਦੀ। ਤੇਰਾ ਭਾਪਾ ਜਾ ਕੇ ਇਹਨੂੰ ਉਥੋਂ ਲੈ ਆਂਦਾ। ਹੁਣ

ਬਿਗਾਨੇ ਬੰਦੇ ਨਾਲ ਬੈਠ ਕੇ ਵੀ ਤਾਂ ਆਈ ਏ। ਇਹਨੂੰ ਕੁਝ ਸਮਝਾਇਆ ਵੀ ਕਰ। ਤੇਰਾ ਵੀ ਖਾਨਾ ਖਰਾਬ ਹੋ ਗਿਆ ਲਗਦੈ।'

ਚਰਨਜੀਤ ਦੀ ਮਾਂ ਨੇ ਘਰ ਵਿਚ ਭਕਾਟ ਪਾ ਦਿੱਤਾ। ਉਹ ਨੂੰਹ ਉੱਤੇ ਨੂੰ ਖਿਝੀ ਬਾਂਦਰੀ ਵਾਂਗ ਝਈਆਂ ਲੈ ਲੈ ਕੇ ਪੈ ਰਹੀ ਸੀ।

ਚਰਨਜੀਤ ਚੱਕਰ ਵਿੱਚ ਪੈ ਗਿਆ। ਕਿਸੇ ਪ੍ਰਕਾਰ ਦਾ ਗੁੱਸਾ ਜ਼ਾਹਰ ਕੀਤੇ ਬਗੈਰ ਉਸਨੇ ਪਹਿਲਾਂ ਆਪਣੀ ਮਾਂ ਨੂੰ ਸਮਝਾਣਾ ਹੀ ਠੀਕ ਸਮਝਿਆ, "ਮਾਂ ਕੁੱਝ ਧਿਆਨ ਕਰ। ਮੈਂ ਤੈਨੂੰ ਕੁਝ ਕਹਿੰਦਾ ਚੰਗਾ ਨਹੀਂ ਲਗਦਾ। ਤੁਹਾਨੂੰ ਪਤਾ ਹੋਣਾ ਚਾਹੀਦੈ, ਹੱਥਾਂ ਨਾਲ ਦਿੱਤੀਆਂ ਗੰਢਾਂ ਦੰਦਾਂ ਨਾਲ ਖੋਲਣੀਆਂ ਪੈਂਦੀਐ। ਤੁਸੀ ਹੋਰ ਮਾਹੌਲ ਵਿੱਚੋਂ ਆਏ ਹੋ, ਇੱਥੇ ਹੋਰ ਮਾਹੌਲ ਏ। ਚੰਗਾ ਮਾਹੌਲ ਕਿਹੜਾ ਏ, ਇਹ ਮੈਨੂੰ ਨਹੀਂ ਪਤਾ ਪਰ ਮੈਂ ਇੰਨੀ ਗੱਲ ਜ਼ਰੂਰ ਕਹਾਂਗਾ, ਜਿਸ ਮਾਹੌਲ ਵੱਲ ਨੂੰ ਭੱਜ ਭੱਜ ਕੇ ਦੋੜੋ ਉਸ ਨੂੰ ਹੀ ਚੰਗਾ ਕਹਿਣਾ ਚਾਹੀਦੈ। ਮਾਂ, ਤੂੰ ਸ਼ਰਮ ਦੇ ਸੋਹਲੇ ਗਾਈ ਜਾਨੀ ਏਂ। ਸ਼ਰਮ ਤਾਂ ਅੱਖਾਂ ਦੀ ਹੁੰਦੀ ਏ। ਸ਼ਰਮ ਦਾ ਕੱਪੜੇ ਪਹਿਨਣ ਨਾਲ ਬਹੁਤਾ ਸੰਬੰਧ ਨਹੀਂ। ਜਿਹੜੇ ਲੋਕ ਕੱਪੜੇ ਪਹਿਨਣ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ ਉਹਨਾਂ ਦੀਆਂ ਆਪਣੀਆਂ ਨਜ਼ਰਾਂ ਮੈਲੀਆਂ ਹੁੰਦੀਆਂ ਹਨ। ਸਕਰਟ ਅਤੇ ਪੈਂਟ ਇਹਨਾਂ ਦੇਸ਼ਾਂ ਦਾ ਕੌਮੀ ਪਹਿਰਾਵਾ ਏ। ਇੱਥੇ ਪੰਜਾਬੀ ਕੱਪੜੇ ਪਹਿਨ ਕੇ ਕੰਮਾਂ ਕਾਰਾਂ ਤੇ ਨਹੀਂ ਜਾਇਆ ਜਾਂਦਾ। ਜੱਦ ਤੂੰ ਇੱਥੇ ਦੋ ਤਿੰਨ ਸਾਲ ਬਿਤਾ ਲੈਣੇ ਹਨ ਤਾਂ ਤੈਨੂੰ ਇਹੀ ਇੱਥੋਂ ਦੇ ਪਹਿਰਾਵੇ ਵਧੀਆ ਲੱਗਣ ਲੱਗ ਜਾਣੇ ਹਨ। ਕੱਲ੍ਹ ਤੂੰ ਕਹਿੰਦੀ ਸੀ, ਇੱਥੋਂ ਦੀ ਗੋਭੀ ਕਸੈਲੀ ਬਣਦੀ ਏ, ਇਹ ਪੰਜਾਬ ਜਿਹੀ ਸੁਆਦ ਨਹੀਂ ਬਣਦੀ। ਤੂੰ ਦੇਖੀਂ, ਜਦ ਤੂੰ ਤਿੰਨ ਚਾਰ ਸਾਲ ਬਾਅਦ ਇੱਥੋਂ ਪੰਜਾਬ ਨੂੰ ਜਾਣਾ ਏ ਤਾਂ ਤੈਨੂੰ ਉੱਥੇ ਦੀਆਂ ਸਭ ਚੀਜ਼ਾਂ ਮਾੜੀਆਂ ਲੱਗਣ ਲੱਗ ਜਾਣੀਆਂ ਨੇ ਤੇ ਇਥੋਂ ਦੀਆਂ ਵਧੀਆਂ। ਜੱਦ ਮੈਂ ਹੁਣ ਪੰਜਾਬ ਗਿਆ ਸੀ ਤਾਂ ਮੈਨੂੰ ਉੱਥੇ ਕਸ਼ਮੀਰੀ ਸੇਬਾਂ ਤੋਂ ਇਲਾਵਾ ਹੋਰ ਕੁਝ ਵੀ ਚੰਗਾ ਨਹੀਂ ਲੱਗਿਆ। ਹਾਂ, ਕਸ਼ਮੀਰ ਦੇ ਭੁਰਭੁਰੇ ਸੇਬਾਂ ਦਾ ਦੁਨੀਆਂ ਵਿੱਚ ਕਿੱਧਰੇ ਵੀ ਕੋਈ ਮੁਕਾਬਲਾ ਨਹੀਂ। ਜੱਸੀ ਹਮੇਸ਼ਾ ਏਥੋਂ ਦੇ ਮਾਹੌਲ ਵਿੱਚ ਰਹੀ ਏ। ਮੈਨੂੰ ਲਗਦਾ ਏ, ਇੱਥੋਂ ਦਾ ਮਾਹੌਲ ਭਾਰਤ ਦੇ ਮਾਹੌਲ ਨਾਲੋਂ ਕਾਫੀ ਜ਼ਿਆਦਾ ਚੰਗਾ ਏ। ਐਵੇਂ ਨਘੋਚਾਂ ਨਾ ਕਰਿਆ ਕਰ। ਮੈਨੂੰ ਲਗਦਾ ਏ, ਤੁਹਾਨੂੰ ਏਥੇ ਰਹਿਣ ਦੇ ਯੋਗ ਬਣਨ ਲਈ ਆਪਣੇ ਆਪ ਨੂੰ ਕੁੱਝ ਬਦਲਣਾ ਪੈਣਾ ਏ। ਐਵੇਂ ਦੂਜੀਆਂ ਨੂੰਹਾਂ ਦੇ ਗੁਣ ਕਿਸੇ ਮੂਹਰੇ ਨਹੀਂ ਗਾਈਦੇ ਹੁੰਦੇ।"

"ਆਪਣੀਆਂ ਨਸੀਹਤਾਂ ਆਪਣੇ ਕੋਲ ਹੀ ਰੱਖ। ਫਿਰ ਕਿਤੇ ਤੇਰੇ ਨਾਲ ਚੰਗੀ ਤਰ੍ਹਾਂ ਸਿੱਝੂੰਗੀ।"

ਚਰਨਜੀਤ ਅੰਦਰ ਜੱਸੀ ਪਾਸ ਚਲਾ ਗਿਆ। ਉਸ ਨੇ ਜੱਸੀ ਨੂੰ ਸਮਝਾ ਬੁਝਾ ਕੇ ਚੁੱਪ ਕਰਵਾਇਆ। ਸ਼ਾਮ ਦਾ ਮੂੰਹ ਹਨੇਰੇ ਦਾ ਵਕਤ ਹੋ ਹੀ ਗਿਆ ਸੀ।

"ਜੱਸੀ..., ਤੂੰ ਮਾਂ ਦੀਆਂ ਗੱਲਾਂ ਦਾ ਗੁੱਸਾ ਨਾਂ ਕਰੀਂ। ਉਹ ਅਨਪੜ੍ਹ ਏ, ਉੱਥੇ ਪੰਜਾਬ ਵਿਚ ਬਹੁਤਾ ਸਮਾਂ ਪਿੰਡਾਂ ਵਿੱਚ ਹੀ ਰਹੀ ਏ। ਡੈਡੀ ਦੀ ਨੌਕਰੀ ਵੀ ਪਿੰਡਾਂ ਜਾ ਕਸਬਿਆਂ ਵਿੱਚ ਹੀ ਹੋਇਆ ਕਰਦੀ ਸੀ। ਜੱਟਾਂ ਜ਼ਿਮੀਂਦਾਰਾਂ ਨਾਲ ਵਾਹ ਪੈਂਦਾ ਸੀ। ਧਾਰਮਿਕ ਸੁਭਾਅ ਹੋਣ ਕਰਕੇ ਡੈਡੀ ਸ਼ਰਾਬ ਪੀਣ ਤੋਂ ਬਚੇ ਰਹੇ। ਕੋਈ ਟਾਵਾਂ ਹੀ ਪਟਵਾਰੀ ਹੋਵੇਗਾ ਜਿਹੜਾ ਸ਼ਰਾਬ ਤੋਂ ਬਚ ਸਕੇ। ਜ਼ਿਮੀਦਾਰ ਤਾਂ ਪਟਵਾਰੀਆਂ ਮੂਹਰੇ ਸ਼ਰਾਬ ਦੀਆਂ ਕੈਨੀਆਂ ਰੋੜ੍ਹ ਦਿੰਦੇ ਸੀ। ਪਟਵਾਰੀ ਤਾਂ ਰੂੜੀ ਮਾਰਕਾ ਸ਼ਰਾਬ ਨਾਲ ਵੀ ਰੱਜੇ ਰਹਿੰਦੇ ਸੀ। ਸ਼ੁਕਰ ਕਰ ਕਿ ਮੇਰਾ ਡੈਡੀ ਇਸ ਪ੍ਰਕਾਰ ਦਾ ਨਹੀਂ। ਮਾਂ ਨੇ ਹੌਲੀ ਹੌਲੀ ਆਪ ਹੀ ਇੱਥੇ ਦੇ ਮਾਹੌਲ ਵਿੱਚ ਢੱਲ ਜਾਣਾ ਏ।"

"ਮੈਨੂੰ ਤੇਰੀ ਮਾਂ ਦੀ ਕੋਈ ਪਰਵਾਹ ਨਹੀਂ। ਢਲੇ ਜਾਂ ਨਾ ਢਲੇ। ਇਹ ਤਾਂ ਉਦੋਂ ਹਾਲਾਤ ਮੁਤਾਬਿਕ ਮੋਲਡ ਹੋਵੇਗੀ ਜਦ ਅਸੀਂ ਬੁੱਢੇ ਹੋ ਜਾਵਾਂਗੇ। ਮੈਂ ਇਸ ਪ੍ਰਕਾਰ ਦੇ ਮਾਹੌਲ ਵਿੱਚ ਨਹੀਂ ਰਹਿ ਸਕਦੀ। ਜਿੰਨੀ ਜਲਦੀ ਹੋ ਸਕੇ ਇਹਨਾਂ ਲਾਲ ਭਬੱਕੜਾਂ ਨੂੰ ਇੱਥੋਂ ਪੰਜਾਬ ਨੂੰ ਦਫਾ ਕਰ ਦਿਓ। ਅਗਰ ਇੰਜ ਨਹੀਂ ਕਰਨਾ ਤਾਂ ਮੈਂ ਤਾਂ ਨੌਕਰੀ ਕਰ ਕੇ ਉੱਧਰ ਆਪਣੇ ਮਾਪਿਆਂ ਪਾਸ ਚੈਸਟਰ ਹਿੱਲ (Chester Hill) ਚਲੇ ਜਾਇਆ ਕਰਾਂਗੀ। ਤੂੰ ਇੱਥੇ ਇਕਲਾ ਬੁੜ੍ਹੀ ਦੀ ਗੋਦੀ ਵਿੱਚ ਬੈਠਾ ਰਿਹਾ ਕਰੀਂ।"

"ਜੱਸੀ...ਤੂੰ ਸਮਝਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੀ? ਤੈਨੂੰ ਪਤਾ ਏ ਕਿ ਮੈਂ ਤੇਰੇ ਬਗੈਰ ਨਹੀਂ ਰਹਿ ਸਕਦਾ। ਮੈਂ ਤੈਨੂੰ ਵਿਆਹ ਤੋਂ ਪਹਿਲਾਂ ਵੀ ਦੱਸਿਆ ਸੀ ਕਿ ਮੇਰੇ ਮਾਪੇ ਖਾਸ ਪੜ੍ਹੇ-ਲਿਖੇ ਨਹੀਂ।"

"ਮੈਂ...ਤੁਹਾਨੂੰ ਤੁਹਾਡੇ ਮਾਪਿਆਂ ਦੇ ਸੁਭਾਅ ਬਾਰੇ ਪਹਿਲਾਂ ਵੀ ਪੁੱਛਿਆ ਸੀ। ਤੁਸੀਂ ਉਸ ਸਮੇਂ ਚੁੱਪ ਕਿਉਂ ਰਹੇ ਸੀ?"

"ਜੱਸੀ, ਮਨੁੱਖੀ ਸੁਭਾਅ ਕਦੇ ਵੀ ਹਿਸਾਬ ਦੇ ਸਵਾਲ ਵਾਂਗ ਨਹੀਂ ਹੁੰਦੇ। ਕਿਸੇ ਦੀਆਂ ਕਿਸੇ ਪ੍ਰਤੀ ਭਾਵਨਾਵਾਂ ਦਾ ਮਨੁੱਖ ਅਗਾਊ ਕਿਵੇਂ ਪਤਾ ਲਗਾ ਸਕਦਾ ਏ। ਇਸ ਤੋਂ ਵੀ ਅਗਲੀ ਗਲ ਇਹ ਹੈ ਕਿ ਸੱਸ ਨੂੰਹ ਦਾ ਤਾਂ ਰਿਸ਼ਤਾ ਹੀ ਅਜੀਬ ਕਿਸਮ ਦਾ ਏ। ਇਹ ਰਿਸ਼ਤਾ ਮੈਂ ਕਦੀ ਘੱਟ ਹੀ ਸੁਖਾਵਾ ਦੇਖਿਆ ਏ। ਥੋੜ੍ਹਾ ਬਹੁਤ ਵੱਟ ਤਾਂ ਦੋਹਾਂ ਨੂੰ ਚੜ੍ਹਿਆ ਹੀ ਰਹਿੰਦਾ ਏ। ਅਗਰ ਤੂੰ ਦੋ ਪੜ੍ਹੀਆਂ ਲਿਖੀਆਂ ਤੇ ਚੰਗੇ ਮਾਹੌਲ ਵਿੱਚ ਰਹੀਆਂ ਸੱਸਾਂ ਵੀ ਦੇਖੇਂ ਉਹ ਵੀ ਨੂੰਹ ਨਾਲ ਨਘੋਚਾਂ ਕਰਦੀਆਂ ਹੀ ਰਹਿੰਦੀਆਂ ਹਨ। ਮੇਰੀ ਮਾਂ ਤਾਂ ਹੈ ਵੀ ਅਨਪੜ੍ਹ ਤੇ ਰੂੜ੍ਹਵਾਦੀ। ਉਹ ਰਹੀ ਵੀ ਪੰਜਾਬ ਦੇ ਪੇਂਡੂ ਮਾਹੌਲ ਵਿੱਚ ਏ। ਉਹ ਪਤੀ ਕੀ ਕਰਨ ਜਿਨ੍ਹਾਂ ਦੀਆਂ ਮਾਵਾਂ ਰੂੜ੍ਹਵਾਦੀ ਹਨ ਤੇ ਆਪ ਉਹ ਅਗਾਂਹਵਧੂ ਹਨ? ਇਸ ਪ੍ਰਕਾਰ ਦੇ ਪਤੀਆਂ ਨੂੰ ਤਾਂ ਅਜੀਬ ਕਿਸਮ ਦੇ ਹਾਲਾਤਾਂ ਚੋਂ ਗੁਜ਼ਰਨਾ ਪੈਂਦਾ ਏ। ਮਾਵਾਂ ਅਨਪੜ੍ਹ ਹੋਣ ਕਰਕੇ ਉਹਨਾਂ ਦੀ ਗੱਲ ਨੂੰ ਚੰਗੀ ਤਰ੍ਹਾਂ ਸੁਣਦੀਆਂ ਹੀ ਨਹੀਂ। ਪੜ੍ਹੀਆਂ ਲਿਖੀਆਂ ਪਤਨੀਆਂ ਤਾਂ ਆਪਣੇ ਆਪ ਨੂੰ ਜਲਦੀ ਮੋਲਡ ਕਰ ਸਕਦੀਆਂ ਹਨ। ਅਗਰ ਉਹ ਵੀ ਇੰਜ ਨਾ ਕਰਨ ਤਾਂ ਪਤੀ ਕਿੱਧਰ ਨੂੰ

ਜਾਵੇ? ਤੂੰ ਤਾਂ ਮੇਰੇ ਮਾਪਿਆਂ ਦੀਆਂ ਗੁਰਬਾਣੀ ਦੀਆਂ ਡੀ ਵੀ ਡੀਆਂ ਨੂੰ ਵੀ ਨਹੀਂ ਬਖਸ਼ਿਆ। ਮਾਂ ਕਹਿੰਦੀ ਫਿਰਦੀ ਏ ਕਿ ਉਹਨਾਂ ਦੀ ਨੂੰਹ ਨਾਸਤਿਕ ਏ, ਕਾਮਰੇਡਣੀ ਏ। ਕੀ ਤੂੰ ਗੁਰਬਾਣੀ ਨੂੰ ਵੀ ਘਰ ਤੋਂ ਬਾਹਰ ਕੱਢ ਦੇਵੇਂਗੀ?"

"ਚਰਨਜੀਤ, ਤੁਸੀਂ ਵੀ ਨਿਰੇ ਲਾਈਲੱਗ ਹੋ। ਕਿਸੇ ਵੀ ਕੰਮ ਦਾ ਕੋਈ ਵਕਤ ਹੁੰਦਾ ਏ, ਕੋਈ ਸਲੀਕਾ ਹੁੰਦਾ ਏ। ਅਗਰ ਉਹ ਸਵੇਰੇ ਸ਼ਾਮ ਧੀਮੀ ਆਵਾਜ਼ ਵਿੱਚ ਘੰਟਾ ਘੰਟਾ ਗੁਰਬਾਣੀ ਸੁਣ ਜਾਂ ਦੇਖ ਲੈਣ ਤਾਂ ਮੈਂ ਕੱਦ ਗੁੱਸਾ ਕਰਦੀ ਆਂ? ਉਹ ਤਾਂ ਸਾਰਾ ਦਿਨ ਹੀ ਘਰ ਵਿੱਚ ਉੱਚੀ ਉੱਚੀ ਗੁਰਬਾਣੀ ਲਗਾਈ ਰੱਖਦੇ ਹਨ। ਜਿਹਨੂੰ ਹੋਰ ਕਿਸੇ ਕਿਸਮ ਦੀ ਪੜ੍ਹਾਈ ਦਾ ਸ਼ੌਂਕ ਨਾ ਹੋਵੇ ਉਹ ਗੁਰਬਾਣੀ ਸੁਣ ਕੇ ਜਾਂ ਫਿਰ ਗੁਰਬਾਣੀ 'ਚੋਂ ਹਵਾਲੇ ਦੇ ਕੇ ਆਪਣਾ ਰੋਅਬ ਝਾੜਨ ਲੱਗ ਜਾਂਦਾ ਏ। ਜ਼ਿਆਦਾ ਪੜ੍ਹੇ ਲਿਖੇ ਅਤੇ ਵਿਦਵਾਨ ਲੋਕ ਗੁਰਬਾਣੀ ਦੇ ਨਾਲ ਹੋਰ ਲਿਖਤਾਂ ਦੀ ਵੀ ਕਦਰ ਕਰਦੇ ਹਨ। ਮੈਂ ਗੁਰਬਾਣੀ ਦੀ ਪੂਰੀ ਕਦਰ ਕਰਦੀ ਹਾਂ ਪਰੰਤੂ ਮੈਂ ਜੋ ਕੁਝ ਹੋਰ ਅੰਤਾਂ ਦਾ ਪੜ੍ਹਿਆ ਏ ਮੈਂ ਉਸ ਵੱਲ ਵੀ ਪੂਰਾ ਧਿਆਨ ਦਿੰਦੀ ਹਾਂ। (ਅਗਰ ਮੈਂ ਉਹਨਾਂ ਪਾਸ ਬੈਠ ਕੇ ਗੁਰਬਾਣੀ ਨਾ ਸੁਣਾਂ ਤਾਂ ਉਹ ਕਹਿਣ ਲੱਗ ਪੈਂਦੇ ਹਨ 'ਬੜੀ ਆ ਗਈ ਅੰਗਰੇਜ਼ਣੀ, ਆਪਣੇ ਗੁਰੂਆਂ ਨੂੰ ਵੀ ਭੁੱਲੀ ਫਿਰਦੀ ਏ।' ਮੈਥੋਂ ਇਨ੍ਹਾਂ ਕੋਲ ਘੰਟਾ ਘੰਟਾ ਬੈਠ ਕੇ ਚੌਂਕੀਆਂ ਨਹੀਂ ਭਰ ਹੁੰਦੀਆਂ। ਨਾਲੇ ਇਹਨਾਂ ਦੇਸਾਂ ਨੂੰ ਦੌੜੇ ਆਉਂਦੇ ਆ ਤੇ ਨਾਲੇ ਪੈਂਟਾਂ ਸਕਰਟਾਂ ਦੀ ਮਿੱਟੀ ਪਲੀਤ ਕਰਦੇ ਆ। ਇਹ ਸੁੱਥਣ ਪਜਾਮੀ ਪਾ ਕੇ ਉਥੇ ਪੰਜਾਬ ਵਿੱਚ ਹੀ ਰਹਿਣ ਤਾਂ ਠੀਕ ਏ। ਇਹ ਇੱਥੇ ਆ ਕੇ ਰਹਿਣਾ ਡੀਜ਼ਰਵ ਹੀ ਨਹੀਂ ਕਰਦੇ। ਸਹੂਲਤਾਂ ਮਾਨਣੀਆਂ ਏਥੇ ਦੀਆਂ ਤੇ ਗੁਣ ਗਾਉਣੇ ਉਥੋਂ ਦੇ," ਜੱਸੀ ਦਾ ਜਵਾਬ ਚਾਂਦੀ ਦੇ ਰੁਪਏ ਵਾਂਗ ਟੁਣਕਵਾਂ ਸੀ।

ਸਵੇਰੇ ਜੱਸੀ ਅਤੇ ਚਰਨਜੀਤ ਦੇ ਕੰਮ ਤੇ ਜਾਣ ਤੋਂ ਬਾਅਦ ਚਰਨਜੀਤ ਦੇ ਮਾਂ ਪਿਓ ਵਿਚਕਾਰ ਵੀ ਚੰਗਾ ਔਖਾ ਲੱਗਾ। ਮਾਂ ਨੇ ਪਾਣੀ ਵਿਚ ਮਧਾਣੀ ਪਾ ਰੱਖੀ, 'ਮੈਨੂੰ ਨਹੀਂ ਜਚੀ ਤੁਹਾਡੇ ਸਾਹਿਬਜ਼ਾਦੇ ਦੀ ਪਸੰਦ। ਦੇਖੀ, ਕਿਵੇਂ ਟੱਪ ਟੱਪ ਕੇ ਮੇਰੇ ਮੂਹਰੇ ਬੋਲਦੀ ਏ! ਦੇਖੀ, ਕਿਵੇਂ ਮੇਰੀ ਹਿੱਕ ਤੇ ਮੂੰਗ ਦਲਦੀ ਏ! ਕੰਜਰੀ ਨਾ ਹੋਵੇ ਕਿਸੇ ਥਾਂ ਦੀ। ਇਹਦੀ ਤਾਂ ਉਹ ਗੱਲ ਐ, ਲੰਡੇ ਘੁਮਾਈ ਪੂਛੜੀ ਗਿਆ ਸਤਾਈ ਕੋਹ! ਜਿਦਾਂ ਦੀ ਹਰਾਮਜਾਦੀ ਦੀ ਮਾਂ, ਓਦਾਂ ਦੀ ਇਹ। ਅਖੇ, ਜਿੱਦਾ ਦੀ ਕੋਕੋ, ਓਦਾਂ ਦੇ ਕੋਕੇ ਦੇ ਬੱਚੇ। ਆਖੇ, ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ। ਹੁਣ ਤਾਂ ਇਹ ਤੁਹਾਨੂੰ ਤੇ ਮੈਨੂੰ ਤੂੰ ਕਹਿ ਕੇ ਵੀ ਬੁਲਾਉਣ ਲੱਗ ਪਈ ਏ। ਜ਼ਰਾ ਸੋਚੋ, ਕੱਲ੍ਹ ਨੂੰ ਕੀ ਹੋਵੇਗਾ? ਜਦ ਪੰਜਾਬ ਜਾਊਗੀ ਤਾਂ ਸਾਡੇ ਭਾਈਚਾਰੇ ਵਿੱਚ ਸਾਡਾ ਨੱਕ ਵਢਾ ਕੇ ਰੱਖ ਦਊਗੀ। ਇਹ ਬੜੀ ਆਈ ਐ ਕੁਮੇਦਾਰਨੀ। ਸ਼ਰੀਕ ਤਾਂ ਮਾੜੀ ਮੋਟੀ ਗੱਲ ਨੂੰ ਹੀ ਪੜਛੱਤੀਂ ਚਾੜ੍ਹ ਦਿੰਦੇ ਨੇ। ਇਹ ਕੰਜਰੀ ਤਾਂ ਉਥੇ ਬਣ ਬਣ ਕੇ ਮੇਹਲਦੀ ਫਿਰੂਗੀ ਤੇ ਸਾਡੇ ਤੇ ਸਿੱਧੇ ਹਮਲੇ ਕਰੂਗੀ। ਮੈਨੂੰ ਸਮਝ ਨਹੀਂ ਆਉਂਦੀ, ਤੁਸੀਂ ਚੁੱਪ ਹੀ ਕਿਉਂ ਬੈਠੇ ਰਹਿੰਦੇ ਹੋ? ਜੇ ਮੈਂ ਇੱਥੇ ਬਿਗਾਨੇ

ਦੇਸ਼ ਵਿੱਚ ਨਾ ਹੁੰਦੀ ਤਾਂ ਮੈਂ ਤਾਂ ਹੁਣ ਤੱਕ ਇਸ ਹਰਾਮਜ਼ਾਦੀ ਨੂੰ ਧੌਣੋਂ ਫੜ ਲੈਣਾ ਸੀ। ਗੁੱਤ ਤਾਂ ਚੂੜੈਲ ਦੀ ਹੈ ਹੀ ਨਹੀਂ। ਵਾਲ ਜਿਹੇ ਕਟਾ ਕੇ ਇਵੇਂ ਟਪੂਸੀਆਂ ਲਾਉਂਦੀ ਫਿਰਦੀ ਏ ਜਿਵੇਂ ਕਾਟੋ ਫੁੱਲਾਂ ਤੇ ਮੇਹਲਦੀ ਫਿਰਦੀ ਹੋਵੇ। ਇਸ ਦੇਸ਼ ਵਿੱਚ ਤਾਂ ਵੈਸੇ ਵੀ ਨਿਰਾ ਗੰਦ ਪਿਆ ਹੋਇਐ! ਕੱਲ ਸਵੇਰੇ ਦੇਖਿਆ ਸੀ ਟੈਲੀਵੀਜ਼ਨ ਤੇ ਕੀ ਗੰਦ ਆ ਰਿਹਾ ਸੀ? ਮੈਂ ਤਾਂ ਉੱਠ ਕੇ ਟੀ. ਵੀ. ਤੋਂ ਪਰੇ ਚਲੀ ਗਈ ਸੀ।" (ਬੁੱਢੀ ਦਾ ਟੀ.ਵੀ. ਤੇ 'ਹੌਲੀਵੁਡ ਗੌਸਿਪ ਵਿੱਚ ਐਟ ਹੋਮ' ਵਿੱਚ 'ਜੂਲੀਆ ਪ੍ਰੋਗਰਾਮ' ਵਲ ਇਸ਼ਾਰਾ ਸੀ।)

ਪ੍ਰੋਗਰਾਮ ਵਿੱਚ ਸੈਕਸ ਦਾ ਦ੍ਰਿਸ਼ ਦੇਖ ਕੇ ਬੁੱਡੀ ਭਬੱਤਰ ਗਈ ਸੀ।

ਚਰਨਜੀਤ ਦੇ ਪਿਓ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਚਰਨਜੀਤ ਦੀ ਮਾਂ, ਠਰੰਮੇ ਤੋਂ ਕੰਮ ਲਈਦਾ। ਇੱਕ ਵਾਰ ਕੰਮ ਵਿਗੜ ਜਾਵੇ ਤਾਂ ਫਿਰ ਥੋੜ੍ਹੇ ਕੀਤੇ ਬਣਦਾ ਨਹੀਂ ਹੁੰਦਾ। ਤੈਨੂੰ ਸਾਰਾ ਕਸੂਰ ਉਹਦੇ ਵਿੱਚ ਹੀ ਲੱਗੀ ਜਾਂਦਾ ਏ। ਹੋ ਸਕਦਾ ਏ ਕੁੱਝ ਕਸੂਰ ਸਾਡਾ ਵੀ ਹੋਵੇ। ਅਸੀਂ ਵੀ ਇਹਨਾਂ ਦੇਸ਼ਾਂ ਵਿੱਚ ਆ ਕੇ ਕਈ ਵਾਰ ਜ਼ਿਆਦਾ ਹੀ ਹਵਾ ਵਿੱਚ ਆ ਜਾਂਦੇ ਹਾਂ, ਚੰਦ ਕੁਰੇ। ਗੋਰਿਆਂ ਦੇ ਦੇਸ਼ਾਂ ਦੇ ਤੌਰ ਤਰੀਕੇ ਹੋਰ ਹਨ। ਤੈਨੂੰ ਪਤਾ ਏ, ਇੱਥੇ ਤਾਂ ਅਣਵਿਆਹੀਆਂ ਮਾਵਾਂ ਵੀ ਨੇ?"

"ਫੋਟ! ਫੁੱਟ ਗਏ ਮੇਰੇ ਭਾਗ!! ਕੁਆਰੀਆਂ ਮਾਵਾਂ? ਇੱਥੇ ਬੰਦੇ ਰਹਿੰਦੇ ਐ ਕਿ ਜਨੌਰ? ਵਾਹਿਗੁਰੂ! ਵਾਹਿਗੁਰੂ! ਹੇ ਸੱਚਿਆ ਪਾਤਸ਼ਾਹ!!! ਜਗਤ ਜਲੰਦਾ ਰੱਖ ਲੈ, ਆਪਣੀ ਕ੍ਰਿਪਾ ਧਾਰ! ਫਿਰ ਤਾਂ ਕੁਝ ਕਰਨਾ ਹੀ ਪਵੇਗਾ। ਮੈਨੂੰ ਸਮਝ ਨਹੀਂ ਆਉਂਦਾ ਕਿ ਤੁਹਾਨੂੰ ਡਰ ਕਾਹਦਾ ਏ। ਐਵੇਂ ਮਿਣ ਮਿਣ ਕਰਦੇ ਰਹਿੰਦੇ ਹੋ। ਮੁੰਡਾ ਸਾਡਾ ਇਸ ਦੇਸ਼ ਵਿੱਚ ਪੱਕਾ ਏ। ਇਸ ਦੇਸ਼ ਵਿੱਚ ਪੱਕਾ ਬੰਦਾ ਜਦ ਮਰਜ਼ੀ ਪੰਜਾਬ ਜਾ ਕੇ ਜਿਹਦੇ ਨਾਲ ਮਰਜ਼ੀ ਵਿਆਹ ਕਰਵਾ ਲਵੇ। ਇੱਥੇ ਦੇ ਤਾਂ ਅਨਪੜ੍ਹ ਪੱਕੇ ਬੰਦੇ ਮਾਣ ਨਹੀਂ, ਆਪਣਾ ਚਰਨਜੀਤ ਦਾ ਪੜ੍ਹਿਆ ਵੀ ਇਥੋਂ ਦਾ ਏ। ਸਾਰੀ ਉਮਰ ਏਦਾਂ ਦੀ ਗੁਸਤਾਖ ਨੂੰਹ ਨਾਲ ਕੱਟਣਾ ਮੇਰੇ ਤਾਂ ਵੱਸ ਤੋਂ ਬਾਹਰ ਏ। ਮੈਂ ਤਾਂ ਮੁੰਡੇ ਨੂੰ ਲਿਜਾ ਕੇ ਪੰਜਾਬ ਵਿੱਚ ਦੁਬਾਰਾ ਵਿਆਹਾਂਗੀ। ਨਾਲੇ ਅਗਲਿਆਂ ਤੇ ਰੋਅਬ ਰਹੂ ਸਾਡਾ। ਜੁੱਤੀ ਥੱਲੇ ਰਖਾਂਗੇ! ਹੁਣ ਆਪ ਜੁੱਤੀ ਥੱਲੇ ਆ ਗਏ ਆਂ! ਚੰਨੇ ਨਾਲ ਇਕੱਲੇ ਨਾਲ ਗੱਲ ਕਰਿਓ। ਕੋਈ ਨਾ ਕੋਈ ਤਰਕੀਬ ਪੱਲੇ ਪੈ ਹੀ ਜਾਓ। ਜੇ ਮੇਰੀ ਨਹੀਂ ਮੰਨਣੀ ਤਾਂ ਮੈਂ ਤਾਂ ਚਲੀ ਪੰਜਾਬ ਨੂੰ, ਤੁਸੀਂ ਇੱਥੇ ਇਸ ਕੰਜਰੀ ਤੋਂ ਗਾਲਾਂ ਖਾਈ ਜਾਇਉ। ਜੇ ਤੁਸੀਂ ਚੰਨੇ ਨਾਲ ਗੱਲ ਨਹੀਂ ਕਰਨੀ ਤਾਂ ਮੈਂ ਕਰ ਲਵਾਂਗੀ। ਮੇਰਾ ਪੁੱਤ ਏ, ਮੈਂ ਆਪੇ ਮਨਾ ਲਉ। ਦੋ ਚਾਰ ਮਹੀਨੇ ਵਿਚ ਤਲਾਕ ਲੈਣ ਦਾ ਕੋਈ ਤਰੀਕਾ ਲੱਭ ਲਵੇ ਤੇ ਲਾਂਭੇ ਕਰੇ ਇਸ ਕਮਜ਼ਾਤ ਨੂੰ। ਪੰਜਾਬ ਦੇ ਕਿਸੇ ਕਹਿੰਦੇ ਕਹਾਉਂਦੇ ਖਾਨਦਾਨ ਵਿੱਚ ਵਿਆਹ ਕਰਾਂਗੇ। ਨਾਲੇ ਦਾਜ ਵੀ ਮੰਗ ਕੇ ਲਵਾਂਗੇ। ਸਾਰੇ ਰਹਿੰਦੇ ਖੂੰਹਦੇ ਚਾਅ ਪੂਰੇ ਕਰਾਂਗੇ।"

ਪਿਉ ਚੁੱਪ ਸੀ। ਉਹ ਸੋਚਾਂ ਵਿੱਚ ਪਿਆ ਹੋਇਆ ਸੀ।

ਸ਼ਾਮ ਨੂੰ ਜਦ ਚਰਨਜੀਤ ਨੌਕਰੀ ਤੋਂ ਘਰ ਪਰਤਿਆ ਤਾਂ ਮਾਂ ਨੇ ਫਿਰ ਦੁੱਖਦੀ

ਰਗ ਛੇੜ ਲਈ, 'ਪੁੱਤਾ, ਅੱਜ ਸ਼ਨੀਵਾਰ ਏ। ਤੂੰ ਤਾਂ ਅੱਜ ਵੀ ਛੁੱਟੀ ਨਹੀਂ ਕੀਤੀ। ਅੱਜ ਤੂੰ ਸਾਨੂੰ ਗੁਰਦੁਆਰੇ ਹੀ ਛੱਡ ਆ। ਵਾਪਸ ਆਉਣ ਵੇਲੇ ਅਸੀਂ ਤੁਰਦੇ ਤੁਰਦੇ ਸੈਰ ਕਰਦੇ ਆ ਜਾਵਾਂਗੇ।"

ਮਾਂ ਚਾਹੁੰਦੀ ਸੀ ਕਿ ਪੁੱਤ ਨਾਲ ਗੁਰਦੁਆਰੇ ਜਾਂਦੇ ਸਮੇਂ ਇਕੱਲਿਆ ਗੱਲ ਕੀਤੀ ਜਾਵੇ। ਉਸਨੂੰ ਆਪਣੇ ਪੁੱਤ ਤੇ ਸੋਲਾਂ ਆਨੇ ਯਕੀਨ ਸੀ ਕਿ ਉਹ ਉਹਨਾਂ ਦੇ ਫੈਸਲੇ ਤੇ ਫੁੱਲ ਚੜ੍ਹਾ ਦੇਵੇਗਾ। ਪੁੱਤ ਜਾਣ ਲਈ ਮੰਨ ਗਿਆ। ਰਸਤੇ ਵਿੱਚ ਉਸਨੇ ਪੁੱਤ ਨਾਲ ਪੱਕੇ ਪੈਰੀਂ ਗੱਲ ਤੋਰੀ, "ਕਾਕਾ, ਬਹੂ ਅੱਜ ਫਿਰ ਮੈਨੂੰ ਟੁੱਟ ਟੁੱਟ ਕੇ ਪੈਂਦੀ ਰਹੀ। ਸਿੱਧੀਆਂ ਗਾਲਾਂ ਕੱਢਦੀ ਰਹੀ। ਛੱਡ ਇਸ ਕਲਹਿਣੀ ਨੂੰ। ਤੈਨੂੰ ਅਸੀਂ ਪੰਜਾਬ ਵਿੱਚ ਦੁਬਾਰਾ ਵਿਆਹ ਲੈਂਦੇ ਆਂ। ਇਹਨਾਂ ਦੇਸਾਂ ਦੀਆਂ ਕੁੜੀਆਂ ਤਾਂ ਪੂਰੀਆਂ ਵਿਗੜਦੀਆਂ ਹੋਈਆਂ ਨੇ। ਨਾ ਘਰ ਵਿੱਚ ਕਦੇ ਸਾਡੇ ਪਾਸ ਬਹਿੰਦੀ ਏ ਤੇ ਨਾ ਹੀ ਕੋਈ ਚੱਜ ਦੀ ਗੱਲ ਕਰਦੀ ਏ। ਕੱਲ ਸਬਜ਼ੀ ਬਣਾਈ, ਨਿਰੀ ਲਿੱਦ ਵਰਗੀ। ਨਾ ਕਦੇ ਕਪੜੇ ਧੋਂਦੀ ਏ। ਮੇਰੇ ਮੂਹਰੇ ਢੇਰ ਲਾ ਕੇ ਚਲੀ ਜਾਂਦੀ ਏ। ਮੈਨੂੰ ਤਾਂ ਇਹ ਮਸ਼ੀਨ ਵੀ ਚੱਜ ਨਾਲ ਨਹੀਂ ਚਲਾਉਣੀ ਆਉਂਦੀ। ਕੱਲ੍ਹ ਮਸ਼ੀਨ ਚਲਦੀ ਚਲਦੀ ਰੁਕ ਗਈ। ਮੈਂ ਬੁਲਾਇਆ, ਕਹਿੰਦੀ ਕਿੱਥੋਂ ਆ ਗਏ ਅਨਪੜ੍ਹ ਗਵਾਰ। ਨਾ ਸਾਨੂੰ ਟੀ. ਵੀ. ਮੂਹਰੇ ਬੈਠਿਆਂ ਨੂੰ ਝਲਦੀ ਏ, ਨਾ ਸਾਨੂੰ ਗੁਰਬਾਣੀ ਸੁਣਦਿਆਂ ਨੂੰ ਝਲਦੀ ਏ। ਹਮੇਸ਼ਾ ਇਹੀ ਚਾਹੁੰਦੀ ਏ ਕਿ ਅਸੀਂ ਆਪਣੇ ਕਮਰੇ ਅੰਦਰ ਹੀ ਬੰਦ ਰਹੀਏ। ਪਤਾ ਨਹੀਂ ਕਿੰਦਾਂ ਦੇ ਸੰਸਕਾਰ ਦਿੱਤੇ ਨੇ ਇਹਨੂੰ ਇਹਦੇ ਮਾਂ ਪਿਓ ਨੇ। ਘਰ ਵਿੱਚ ਜਿੰਦਾਂ ਦਾ ਮਾਹੌਲ ਹੋਵੇ ਬੱਚਾ ਉਹੋ ਜਿਹਾ ਹੀ ਬਣਦਾ ਹੁੰਦੈ। ਤੂੰ ਆਪਣੀ ਭਰਜਾਈ ਨੂੰ ਉੱਥੇ ਪੰਜਾਬ ਵਿੱਚ ਮਿਲਿਆ ਹੀ ਸੀ। ਵਿਚਾਰੀ ਰੋਜ਼ ਸਵੇਰੇ ਉੱਠ ਕੇ ਮੇਰੇ ਪੈਰੀ ਹੱਥ ਲਗਾਉਂਦੀ ਸੀ। ਹਰ ਸਮੇਂ ਬੀਬੀ ਜੀ ਭਾਪਾ ਜੀ ਹੀ ਕਰਦੀ ਰਹਿੰਦੀ ਏ। ਘਰ ਦਾ ਸਾਰਾ ਕੰਮ ਮਿੰਟਾਂ ਵਿੱਚ ਹੀ ਨਬੇੜ ਦਿੰਦੀ ਏ। ਬੈਠ ਕੇ ਬੱਚਿਆਂ ਨੂੰ ਪੜ੍ਹਾਉਂਦੀ ਵੀ ਖੁਦ ਹੀ ਏ। ਕੱਪੜੇ ਵੀ ਆਪ ਹੀ ਸਿਉਂ ਲੈਂਦੀ ਏ ਆਪਣੇ ਵੀ ਤੇ ਬੱਚਿਆਂ ਦੇ ਵੀ। ਹਰ ਸਮੇਂ ਸਿਰ ਢੱਕ ਕੇ ਬਾਹਰ ਨਿਕਲਦੀ ਏ। ਸਵੈਟਰ ਕੋਟੀਆਂ ਖੁਦ ਬੁਣਦੀ ਏ। ਆਹ ਜਿਹੜਾ ਸਵੈਟਰ ਤੇਰੇ ਭਾਪਾ ਜੀ ਨੇ ਪਾਇਆ ਹੋਇਐ ਇਹ ਉਸਨੇ ਖੁਦ ਹੀ ਬੁਣਿਆ ਸੀ। ਤੂੰ ਸਾਡਾ ਪਹਿਲਾਂ ਤੋਂ ਹੀ ਬੜਾ ਕਹਿਣੇਕਾਰ ਪੁੱਤ ਏ। ਤੇਰੇ ਤੇ ਸਾਡਾ ਪੂਰਾ ਹੱਕ ਏ," ਮਾਂ ਨੂੰ ਸੌ ਫੀਸਦੀ ਯਕੀਨ ਸੀ ਕਿ ਉਸਦੇ ਭਕਾਟ ਪਾਉਣ ਨਾਲ ਪੁੱਤ ਉਸ ਦੀ ਈਨ ਮੰਨ ਲਵੇਗਾ।

ਉੱਧਰੋਂ ਚੈਸਟਰ ਹਿੱਲ (Chester Hill) ਤੋਂ ਸ਼ਾਮ ਨੂੰ ਜੱਸੀ ਦੀ ਮਾਂ ਦਾ ਫੋਨ ਆ ਗਿਆ, "ਬੇਟੀ, ਕੀ ਹਾਲ ਏ? ਕੱਲ੍ਹ ਤੂੰ ਦੱਸਿਆ ਸੀ ਕਿ ਤੇਰੀ ਸੱਸ ਨੱਕ ਤੇ ਮੱਖੀ ਨਹੀਂ ਬਹਿਣ ਦਿੰਦੀ। ਤੇਰੇ ਚੰਗੀ ਪੇਸ਼ ਪਈ ਹੋਈ ਏ। ਤੂੰ ਚੰਗਾ ਕੀਤਾ ਉਹ ਨੂੰ ਖਰੀਆਂ ਖਰੀਆਂ ਸੁਣਾ ਦਿੱਤੀਆਂ। ਅਨਪੜ੍ਹਾ ਮੂਹਰੇ ਜਿੰਨਾ ਪੂਚ ਪੂਚ ਕਰੋ ਓਨੇ ਹੀ ਉਹ ਜ਼ਿਆਦਾ ਸਿਰ ਚੜ੍ਹਦੇ ਐ। ਇਹਨਾਂ ਨੂੰ ਪਹਿਲੀ ਸੱਟੇ ਐਸੇ ਬੰਦੇ ਬਣਾ ਕੇ ਰੱਖੋ ਕਿ ਬੋਲਣ

ਲੱਗੇ ਕੁੱਝ ਸੋਚਣ। ਇਹ ਲੋਕ ਜੋ ਮਰਜ਼ੀ ਬਕਦੇ ਰਹਿੰਦੇ ਹੁੰਦੇ। ਪਰ ਇੱਕ ਗੱਲ ਦਾ ਖਿਆਲ ਰੱਖੀਂ।"

"ਮੰਮੀ, ਉਹ ਕੀ?"

"ਚਰਨਜੀਤ ਕਿੱਥੇ ਖੜ੍ਹਦਾ ਏ?"

"ਚਰਨਜੀਤ ਤਾਂ ਹਮੇਸ਼ਾ ਮੇਰੇ ਨਾਲ ਖੜ੍ਹਾ ਏ।"

"ਇਹ ਤੈਨੂੰ ਕਿਵੇਂ ਪਤਾ?"

"ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਉਹ ਤਾਂ ਮੇਰੇ ਤੇ ਮਰਦਾ ਏ। ਬਾਕੀ ਤੁਸੀਂ ਆਪ ਸਿਆਣੇ ਹੋ।"

"ਤੇਰੀ ਸੱਸ ਕਹਿੰਦੀ ਹੋਵੇਗੀ ਕਿ ਉਹ ਤਾਂ ਉਹਨਾਂ ਦਾ ਸਰਵਣ ਪੁੱਤ ਏ। ਉਹਨਾਂ ਤੋਂ ਕਦੇ ਵੀ ਪਰੇ ਨਹੀਂ ਹੋ ਸਕਦਾ।"

"ਇਵੇਂ ਬਥੇਰੀਆਂ ਬੇਸਮਝ ਮਾਵਾਂ ਸਮਝਣ ਲੱਗ ਪੈਂਦੀਆਂ ਨੇ। ਇੱਦਾਂ ਦੀਆਂ ਕਈ ਵਾਰ ਇਵੇਂ ਮੂਧੇ ਮੂੰਹ ਡਿਗਦੀਆਂ ਹੁੰਦੀਆਂ ਕਿ ਬਾਅਦ ਵਿੱਚ ਨਾ ਉਹਨਾਂ ਨੂੰ ਪੁੱਤ ਪੁੱਛਦਾ ਏ ਤੇ ਨਾ ਨੂੰਹ। ਇਹ ਪੂਰੀਆਂ ਕੁੱਤੇ ਦੀਆਂ ਵੱਢੀਆਂ ਹੁੰਦੀਆਂ ਨੇ, ਮੰਮੀ ਜੀ। ਮੈਨੂੰ ਪਤਾ ਏ, ਇਸ ਨਾਲ ਵੀ ਇਹੀ ਕੁੱਛ ਹੋਣਾ ਏ।"

ਇੰਨੇ ਨੂੰ ਚਰਨਜੀਤ ਵੀ ਆ ਗਿਆ।

"ਛੱਡ ਆਏ ਪਿਆਰਿਆਂ ਨੂੰ ਗੁਰਦਆਰੇ?" ਜੱਸੀ ਨੇ ਚਰਨਜੀਤ ਨੂੰ ਟਿਚਕਰ ਕਰਨ ਦੇ ਅੰਦਾਜ਼ ਵਿੱਚ ਪੁੱਛਿਆ।

"ਹਾਂ, ਬੜੇ ਖੁਸ਼ ਸਨ।"

"ਤੁਸੀਂ ਕਿਤੇ ਜ਼ਿਆਦਾ ਹੀ ਖੁਸ਼ ਨਾ ਕਰ ਦਿਓ।"

"ਸੁਣਿਐ, ਤੁਹਾਡੀ ਚੰਦ ਕੌਰ ਹੋਰ ਈ ਨਵਾਂ ਚੰਦ ਚੜ੍ਹਾਉਣ ਨੂੰ ਫਿਰਦੀ ਏ, ਹੋਰ ਬਹੂ ਲਿਆਉਣ ਨੂੰ ਫਿਰਦੀ ਏ, ਤੁਹਾਨੂੰ ਪੰਜਾਬ ਲਿਜਾ ਕੇ ਦੁਆਰਾ ਸਿਹਰੇ ਬੰਨਣਾ ਚਾਹੁੰਦੀ ਏ।"

"ਜੱਸੀ, ਤੂੰ ਇਹ ਕਿਵੇਂ ਕਿਆਸ ਕਰ ਲਿਆ? ਇਹ ਕਦੀ ਹੋ ਸਕਦਾ ਏ? ਕੀ ਤੂੰ ਸੋਚਦੀ ਏ ਕਿ ਮੈਂ ਤੇਰੇ ਬਗੈਰ ਰਹਿ ਸਕਦਾ ਹਾਂ? ਮੇਰੀ ਮਾਂ ਤਾਂ ਬੇਸਮਝ ਤੇ ਹੋਛੀ ਏ।"

"ਕੀ ਪਤਾ ਹੁੰਦਾ ਮਰਦਾਂ ਦਾ। ਪ੍ਰੋਫੈਸਰ ਮੋਹਣ ਸਿੰਘ ਐਵੇਂ ਤਾਂ ਨਹੀਂ ਕਹਿੰਦਾ:-

ਦੇਂਦੇ ਆਏ ਚਿਰੋਕਣੇ ਮਰਦ ਧੋਖਾ
ਮਕਰ ਇਹਨਾਂ ਦੇ ਕੋਈ ਕੋਈ ਨਾ ਅੱਜ ਦੇ ਨੇ,
ਫੁੱਲ ਫੁੱਲ ਤੇ ਭੌਰਾ ਦੇ ਵਾਂਗ ਫਿਰਨਾ
ਇੱਕ ਫੁੱਲ ਦੇ ਨਾਲ ਨਾ ਬੱਝਦੇ ਨੇ।

ਇੱਕ ਅੰਗਰੇਜ਼ ਫਿਲਾਸਫਰ ਵੀ ਕਹਿੰਦਾ ਏ-

"ਮੈਨ ਬਿਗਿੰਨਜ ਲਵਿੰਗ ਅ ਲਵ ਐਂਡ ਐਂਡਜ ਲਵਿੰਗ ਅ ਵੋਮੈਨ ਵਹੱਟ ਅ

ਵੋਮੈਨ ਬਿਗਿੰਨਜ਼ ਲਵਿੰਗ ਅ ਮੈਨ ਐਂਡ ਐਂਡਜ ਲਵਿੰਗ ਅ ਲਵ।"

(Man begins loving a love and ends loving a woman but a woman begins loving a man and ends loving a love)

ਹੈ ਗੱਲ ਠੀਕ ਕਿ ਨਹੀਂ?"

"ਜੱਸੀ, ਤੇਰੀ ਪਹਿਲੀ ਗੱਲ ਤਾਂ ਮੇਰੇ ਤੇ ਜਰਾ ਵੀ ਲਾਗੂ ਨਹੀਂ ਹੁੰਦੀ। ਮੈਂ ਹਮੇਸ਼ਾ ਇੱਕ ਹੀ ਫੁੱਲ ਨਾਲ ਬੱਝ ਕੇ ਰਹਿਣ ਵਾਲਾ ਬੰਦਾ ਹਾਂ। ਦੂਜੀ ਗੱਲ ਬੜੀ ਆਦਰਸ਼ਵਾਦੀ ਏ। ਇਸ ਦਾ ਸੰਬੰਧ ਮਨੁੱਖੀ ਸੁਭਾਅ ਨਾਲ ਏ, ਭਾਵ ਇਹ ਕਿ ਆਦਮੀ ਪਿਆਰ ਦੇ ਸ਼ੁਰੂ ਵਿੱਚ ਵੱਧ ਆਦਰਸ਼ਵਾਦੀ ਹੁੰਦਾ ਏ ਤੇ ਇਸਤਰੀ ਉਦੋਂ ਵੱਧ ਆਦਰਸ਼ਵਾਦੀ ਬਣਨ ਲਗਦੀ ਏ ਜਦ ਪਿਆਰ ਜ਼ਿਆਦਾ ਪੁਰਾਣਾ ਹੁੰਦਾ ਜਾਂਦਾ ਏ। ਭਾਵੇਂ ਤੂੰ ਇਸ ਪ੍ਰਕਾਰ ਦੇ ਜਿੰਨੇ ਮਰਜ਼ੀ ਹਵਾਲੇ ਦੇਈ ਜਾਹ ਪਰ ਮੈਂ ਤੈਨੂੰ ਇੱਕ ਗੱਲ ਛਾਤੀ ਠੋਕ ਕੇ ਕਹਿ ਸਕਦਾ ਹਾਂ ਕਿ ਮੈਂ ਤੇਰੇ ਬਗੈਰ ਬਿਲਕੁਲ ਵੀ ਰਹਿ ਨਹੀਂ ਸਕਦਾ।"

ਸਵੇਰੇ ਜਦ ਜੱਸੀ ਜਾਬ ਤੇ ਚਲੀ ਗਈ ਤਾਂ ਚਰਨਜੀਤ ਦੀ ਮਾਂ ਦੇ ਸਬਰ ਦਾ ਪਿਆਲਾ ਉੱਛਲ ਪਿਆ, "ਬੇਟੇ, ਕਿਵੇਂ ਸੋਚਿਆ ਫਿਰ? ਕਰੀਏ ਗੱਲ ਰਿਸ਼ਤੇ ਦੀ? ਸਾਡੇ ਨਾਲ ਤਾਂ ਪਹਿਲਾਂ ਵੀ ਕਈਆਂ ਨੇ ਗੱਲ ਕੀਤੀ ਸੀ। ਪਰ ਤੂੰ ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦਿੱਤਾ। ਹੁਣ ਤਾਂ ਤੂੰ ਸਭ ਕੁਝ ਆਪਣੀ ਅੱਖੀ ਦੇਖ ਲਿਆ ਏ। ਕੋਈ ਤਲਾਕ ਦਾ ਆਹਰ ਕਰ ਲੈ। ਫਿਰ ਉੱਧਰ ਵਿਆਹ ਕਰਾਂਗੇ ਗੱਜ ਵੱਜ ਕੇ। ਅੰਤਾਂ ਦੀਆਂ ਪੜ੍ਹੀਆਂ ਲਿਖੀਆਂ ਤੇ ਇੱਜ਼ਤਦਾਰ ਲੜਕੀਆਂ ਦੇ ਮਾਪੇ ਸਾਡੇ ਪਿੱਛੇ ਫਿਰਨਗੇ। ਮੇਰੇ ਪੁੱਤਰ, ਤੂੰ ਅੱਜ ਤੱਕ ਕਦੀ ਮੇਰਾ ਕਹਿਣ ਨਹੀਂ ਮੋੜਿਆ।"

"ਮਾਂ, ਸੌ ਹੱਥ ਰੱਸਾ ਸਿਰੇ ਤੇ ਗੰਢ। ਮੇਰਾ ਅਟੱਲ ਫੈਸਲਾ ਇਹ ਹੈ ਕਿ ਮੈਂ ਜੱਸੀ ਤੋਂ ਬਗੈਰ ਨਹੀਂ ਰਹਿ ਸਕਦਾ। ਉਹ ਮੇਰੀ ਅਸਲ ਪਸੰਦ ਏ। ਮੈਂ ਉਸਨੂੰ ਬੜਾ ਸੋਚ ਸਮਝ ਕੇ ਪਸੰਦ ਕੀਤਾ ਸੀ। ਅਗਰ ਤੁਸੀਂ ਮੇਰੇ ਰਸਤੇ ਵਿੱਚ ਕੋਈ ਰੋੜਾ ਬਣਦੇ ਹੋ ਤਾਂ ਮੈਂ ਖੁਦਕੁਸ਼ੀ ਕਰ ਲਵਾਂਗਾ। ਤੁਹਾਨੂੰ ਆਪਣੀ ਸੋਚ ਵੀ ਬਦਲਨੀ ਹੋਵੇਗੀ ਤੇ ਆਪਣੀ ਜਬਾਨ ਤੇ ਵੀ ਕੁੱਝ ਕਾਬੂ ਪਾਉਣਾ ਹੋਵੇਗਾ। ਪਿਤਾ ਜੀ ਕਾਫੀ ਹੱਦ ਤੱਕ ਠੀਕ ਹਨ। ਉਹ ਬੜਾ ਘੱਟ ਦਖਲ ਦਿੰਦੇ ਹਨ। ਤੁਸੀਂ ਹਰ ਸਮੇਂ ਪੰਜਾਬ ਪੰਜਾਬ ਕਰੀ ਜਾਂਦੇ ਹੋ। ਉਥੇ ਵੀ ਬਥੇਰਾ ਗੰਦ ਘੁਲ ਰਿਹਾ ਏ। ਅਗਰ ਏਥੇ ਸਿਡਨੀ ਵਿੱਚ ਸਭ ਕੁਝ ਸਾਹਮਣੇ ਹੁੰਦਾ ਏ ਤਾਂ ਉਥੇ ਇਸ ਤੋਂ ਵੀ ਕਿਤੇ ਜਿਆਦਾ ਘਟੀਆ ਅੰਦਰਖਾਤੇ ਹੋਈ ਜਾਂਦਾ ਏ। ਇੱਥੇ ਮੇਰੇ ਗੁਆਂਢ ਵਿੱਚ ਹੀ ਦੋ ਪਰਿਵਾਰ ਹਨ-ਇੱਕ ਆਪਣੇ ਆਪ ਨੂੰ ਲਾਇਲਪੁਰੀ ਅਖਵਾਉਂਦੇ ਹਨ ਤੇ ਦੂਜੇ ਹਾਫਿਜ਼ਾਵਾਦੀ। ਦੋਹਾਂ ਦੀਆਂ ਉਧਰੋਂ ਲਿਆਂਦੀਆਂ ਨੂੰਹਾਂ ਨੇ ਇੱਥੇ ਆ ਕੇ ਪੱਕੇ ਹੋ ਕੇ ਮੁੰਡੇ ਛੱਡ ਦਿੱਤੇ ਤੇ ਉਧਰੋਂ ਆਪਣੇ ਯਾਰ ਮੰਗਵਾ ਲਏ। ਤੁਹਾਡੀ ਮਰਜ਼ੀ ਏ, ਇੱਥੇ ਰਹੋ ਜਾਂ ਉੱਥੇ। ਤੁਹਾਡਾ ਹਰ ਥਾਂ ਸਤਿਕਾਰ ਕਰਦਾ ਰਹਾਂਗਾ। ਪਰ ਤੁਸੀਂ ਮੇਰੇ ਅਤੇ ਜੱਸੀ ਦੇ ਨਿੱਜੀ ਜੀਵਨ ਵਿੱਚ ਉਨਾ ਕੁ ਹੀ ਦਖਲ ਦਿਓਗੇ ਜਿੰਨਾ ਤੁਹਾਡਾ ਦੇਣਾ ਬਣਦਾ

ਏ। ਹੁਣ ਮੈਂ ਨਿਰਾ ਚਰਨਜੀਤ ਪੁੱਤ ਹੀ ਨਹੀਂ, ਚਰਨਜੀਤ ਪਤੀ ਵੀ ਹਾਂ। ਬੱਚਿਆਂ ਦੇ ਵਿਆਹ ਤੋਂ ਬਾਅਦ ਮਾਪਿਆਂ ਨੂੰ ਆਪਣੇ ਆਪ ਵਿੱਚ ਕੁੱਝ ਤਬਦੀਲੀ ਵੀ ਲਿਆਉਣੀ ਚਾਹੀਦੀ ਏ। ਨਿਰੇ ਪੱਥਰ ਬਣ ਕੇ ਹੀ ਜ਼ਿੰਦਗੀ ਬਸਰ ਨਹੀਂ ਕਰਨੀ ਚਾਹੀਦੀ। ਤੁਹਾਡਾ ਤਾਂ ਇਹ ਹਾਲ ਏ, ਆਪਣੀਆਂ ਕੱਛ ਵਿਚ ਦੂਜੇ ਦੀਆਂ ਹੱਥ ਵਿੱਚ। ਕਈ ਸ਼ਾਦੀਆਂ ਦੇ ਫੇਲ ਹੋਣ ਦੇ ਕਾਰਨ ਮਾਪੇ ਵੀ ਬਣਦੇ ਹਨ। ਮਾਪੇ ਆਪਣੇ ਜਵਾਨ ਬੱਚਿਆਂ ਨੂੰ ਵੀ ਉਹੀ ਪੰਜ ਦੱਸ ਸਾਲ ਦਾ ਪੱਪੂ ਤੇ ਬਬਲੀ ਸਮਝਦੀ ਰਹਿੰਦੇ ਹਨ। ਉਹ ਇਹ ਨਹੀਂ ਸਮਝਦੇ ਕਿ ਪੱਪੂ ਹੁਣ ਪੁਸ਼ਪਿੰਦਰ ਸਿੰਘ ਬਣ ਚੁੱਕਾ ਏ ਤੇ ਬਬਲੀ ਬਲਵਿੰਦਰ ਕੌਰ। ਮੈਨੂੰ ਤੁਹਾਡੇ ਅਤੇ ਜੱਸੀ ਵਿਚਕਾਰ ਸੰਤੁਲਨ ਰੱਖਣਾ ਆਉਂਦਾ ਏ। ਸੰਤੁਲਨ ਹੀ ਜ਼ਿੰਦਗੀ ਦਾ ਧੁਰਾ ਏ। ਜ਼ਿੰਦਗੀ ਵਿੱਚ ਸੰਤੁਲਨ ਵਿਗੜਦਾ ਏ ਤਾਂ ਜ਼ਿੰਦਗੀ ਨਰਕ ਬਣ ਜਾਂਦੀ ਏ," ਚਰਨਜੀਤ ਦੀਆਂ ਸਪੱਸ਼ਟ ਤੇ ਸੁਥਰੀਆਂ ਗੱਲਾਂ ਨੇ ਉਸਦੀ ਕਹਿੰਦੀ ਕਹਾਉਂਦੀ ਮਾਂ ਦੀ ਮੰਜੀ ਠੋਕ ਕੇ ਰੱਖ ਦਿੱਤੀ।"

ਮਾਂ ਨੇ ਪਾਣੀ ਵਿੱਚ ਬਥੇਰੀ ਮਧਾਣੀ ਪਾਈ ਰੱਖਣ ਦੀ ਕੋਸ਼ਿਸ਼ ਕੀਤੀ ਪਰੰਤੂ ਵਿੱਚੋਂ ਨਾ ਘਿਓ ਨਿਕਲਿਆ, ਨਾ ਲੱਸੀ। ਆਪਣੇ ਪੁੱਤ ਦਾ ਵਿਆਖਿਆਨ ਸੁਣਨ ਤੋਂ ਬਾਅਦ ਮਾਂ ਅੰਦਰੋਂ ਅੰਦਰੀ ਖਿਝੀ ਬਾਂਦਰੀ ਵਾਂਗ ਬਥੇਰੀਆਂ ਝਈਆਂ ਲੈਂਦੀ ਰਹੀ ਪਰੰਤੂ ਉਸਦੀਆਂ ਅੱਡੀਆਂ ਹੋਈਆਂ ਅੱਖਾਂ ਚਰਨਜੀਤ ਤੇ ਇਵੇਂ ਟਿਕੀਆਂ ਹੋਈਆਂ ਸਨ ਜਿਵੇਂ ਕਿਸੇ ਪ੍ਰਯੋਗਸ਼ਾਲਾ ਦੀ ਸ਼ੀਸ਼ੇ ਦੀ ਅਲਮਾਰੀ ਵਿੱਚੋਂ ਕੋਈ ਸੰਭਾਲ ਕੇ ਰੱਖੀ ਹੋਈ ਲਾਸ਼ ਝਾਕ ਰਹੀ ਹੋਵੇ।

## ਸ਼ਾਦੀਸ਼ੁਦਾ ਛੜਾ (The Married Bachelor)

ਰਿੱਕੀ ਦੇ ਮਾਂ ਪਿਓ ਉਸਤੋਂ ਤੰਗ ਆ ਚੁੱਕੇ ਸਨ। ਪੰਜਾਬ ਵਿੱਚ ਰਹਿੰਦਿਆਂ ਨਾ ਉਸ ਨੇ ਪੜ੍ਹਾਈ ਚੱਜ ਨਾਲ ਕੀਤੀ ਅਤੇ ਨਾ ਹੀ ਕੋਈ ਹੋਰ ਕੰਮ ਦਿਲ ਲਗਾ ਕੇ ਕੀਤਾ। ਮਾਪਿਆਂ ਦਾ ਸਾਰਾ ਜ਼ੋਰ ਲਗਾਉਣ ਦੇ ਬਾਵਜੂਦ ਉਹ ਬਾਹਰਵੀਂ ਜਮਾਤ ਵੀ ਪਾਸ ਨਾ ਕਰ ਸਕਿਆ। ਖੇਤੀ ਦੇ ਕੰਮ ਵੱਲ ਤਾਂ ਰਿੱਕੀ ਨੇ ਮੂੰਹ ਤੱਕ ਨਹੀਂ ਕੀਤਾ। ਅਗਰ ਕਦੀ ਕਦਾਈ ਪਿਓ ਉਸ ਨੂੰ ਖੇਤੀ ਦੇ ਕੰਮ ਵੱਲ ਮੋੜਨ ਦੀ ਕੋਸ਼ਿਸ਼ ਕਰਦਾ ਵੀ ਤਾਂ ਪਿਓ ਪੁੱਤ ਦੀ ਲੜਾਈ ਚਲਦੀ ਰਹਿੰਦੀ। ਆਖਿਰ ਅੱਕ ਕੇ ਪਿਓ ਨੇ ਕਾਰ ਲੈ ਦਿੱਤੀ ਤਾਂ ਕਿ ਉਹ ਟੈਕਸੀ ਦਾ ਕੰਮ ਕਰ ਸਕੇ। ਟੈਕਸੀ ਪਾਉਣ ਤੋਂ ਬਾਅਦ ਵੀ ਰੋਜ਼ ਦੀ ਕਿੜ ਕਿੜ। ਇੱਕ ਦਿਨ ਪਿਓ ਨੂੰ ਕਹਿਣ ਲੱਗਾ, "ਮੈਥੋਂ ਨੀਂ ਇਹ ਰਾਤ ਬਰਾਤੇ ਦੇ ਕੰਮ ਹੁੰਦੇ, ਕਦੀ ਅੱਧੀ ਰਾਤ ਨੂੰ ਦਿੱਲੀ ਤੇ ਕਦੀ ਪੰਜਾਬ ਵਿੱਚ, ਸਾਥੀ ਡਰਾਈਵਰਾਂ ਨਾਲ ਲੜਾਈ ਤੇ ਕਦੀ ਦੁਰਘਟਨਾ ਦਾ ਡਰ। ਤੁਹਾਨੂੰ ਪਤਾ, ਪਰਸੋਂ ਕਰਨਾਲ ਪਾਸ ਗੱਡੀ ਦੀ ਕਮਾਣੀ ਟੁੱਟ ਗਈ, ਸਾਰੀ ਰਾਤ ਉੱਥੇ ਖੱਜਲ ਖੁਆਰ ਹੁੰਦਾ ਰਿਹਾ। ਥਾਂ ਥਾਂ ਮਹਿਕਮਿਆਂ ਦੇ ਬੈਰੀਅਰ, ਥਾਂ ਥਾਂ ਚੁੰਗੀਆਂ, ਥਾਂ ਥਾਂ ਸਰਕਾਰੀ ਬੰਦੇ ਖੜ੍ਹੇ ਆ ਪੈਸੇ ਬਟੋਰਨ ਲਈ। ਦਸ ਕੁ ਦਿਨ ਪਹਿਲਾਂ ਚੜ੍ਹ ਗਏ ਤਿੰਨ ਕੁ ਛੋਕਰੇ, ਧੁਰ ਤੱਕ ਖਤਰਾ ਹੀ ਬਣਿਆ ਰਿਹਾ ਕਿ ਕਿਤੇ ਉਜਾੜ ਵਿੱਚ ਗੱਡੀ ਲਿਜਾ ਕੇ ਲੁੱਟ ਹੀ ਨਾ ਲੈਣ। ਮੈਂ ਨਹੀਂ ਟੈਕਸੀ ਦਾ ਕੰਮ ਕਰਨਾ। ਟੈਕਸੀ ਸਟੈਂਡ ਦੇ ਸਾਹਮਣੇ ਛੜੇ ਦੀ ਦੁਕਾਨ ਏ- ਛੜਾ ਮਕੈਨੀਕਲ ਵਰਕਸ। ਮੈਨੂੰ ਉਸ ਕੋਲ ਮਕੈਨਕੀ ਸਿੱਕਣ ਲਾ ਦਿਓ। ਸਾਲ ਕੁ ਕੰਮ ਸਿੱਖ ਕੇ ਫਿਰ ਆਪਣਾ ਕੰਮ ਖੋਲ੍ਹ ਲਵਾਂਗੇ।"

"ਕਿਹੜਾ ਛੜਾ?' ਪਿਓ ਨੇ ਪੁੱਛਿਆ।

"ਬੜੇ ਪਿੰਡ ਵਾਲਾ ਕੇਵਲ ਸਿਹੁੰ।"

"ਉਸਦਾ ਵਿਆਹ ਨਹੀਂ ਹੋਇਆ?"

"ਹੋਇਆ ਸੀ। ਉਸਦੇ ਦੋ ਬੱਚੇ ਵੀ ਹਨ।"

"ਫਿਰ ਉਹਨੂੰ ਛੜਾ ਕਿਉਂ ਕਹਿੰਦੇ ਹੋ?"

"ਤੀਵੀਂ ਕਿਸੇ ਹੋਰ ਨਾਲ ਦੌੜ ਗਈ ਸੀ।"

ਟੈਕਸੀ ਵਾਲਿਆਂ ਉਸਦਾ ਨਾਂ ਸ਼ੁਗਲ ਵਿੱਚ ਛੜਾ ਹੀ ਪਾ ਦਿੱਤਾ। ਹੁਣ

ਉਸਦੀ ਵਰਕਸ਼ਾਪ ਨੂੰ ਛੜੇ ਦੀ ਵਰਕਸ਼ਾਪ ਹੀ ਕਹਿੰਦੇ ਹਨ। ਭਾਵੇਂ ਵਰਕਸ਼ਾਪ ਦੇ ਮੂਹਰੇ ਉਸਨੇ 'ਤਾਬਿਆਦਾਰ ਮਕੈਨੀਕਲ ਵਰਕਸ' ਦਾ ਬੋਰਡ ਲਾਇਆ ਹੋਇਆ ਏ ਫਿਰ ਵੀ ਉਹਨੂੰ ਟੈਕਸੀ ਵਾਲੇ ਕਦੇ ਤਾਬਿਆਦਾਰ ਕਹਿ ਕੇ ਨਹੀਂ ਪੁਕਾਰਦੇ। ਇਨ੍ਹਾਂ ਟੈਕਸੀ ਵਾਲਿਆਂ ਵਿੱਚੋਂ ਹੀ ਕਿਸੇ ਨੇ ਸ਼ਰਾਰਤ ਕਰਕੇ ਇਸੇ ਸਾਈਨ ਬੋਰਡ ਤੇ ਕਾਲੇ ਜਿਹੇ ਰੰਗ ਨਾਲ ਬਾਰੀਕ ਜਿਹਾ 'ਛੜਾ ਮਕੈਨਿਕ ਵਰਕਸ' ਲਿਖ ਦਿੱਤਾ। ਕੇਵਲ ਸਿੰਘ ਨੇ ਇਸ ਸ਼ਰਾਰਤ ਨੂੰ ਵੀ ਗੰਭੀਰਤਾ ਨਾਲ ਨਹੀਂ ਲਿਆ। ਉਹਨੂੰ ਜੋ ਮਰਜ਼ੀ ਕਹੀ ਜਾਵੋ, ਉਹ ਕਦੇ ਘੱਟ ਹੀ ਗੁੱਸਾ ਕਰਦਾ ਏ।"

ਰਿੱਕੀ ਨੇ ਟੈਕਸੀ ਛੱਡ ਕੇ ਛੇ ਕੁ ਮਹੀਨੇ ਛੜੇ ਨਾਲ ਕੰਮ ਕੀਤਾ। ਇਸ ਕੰਮ ਵਿੱਚ ਵੀ ਉਸ਼ਦਾ ਦਿਲ ਨਾ ਲੱਗਿਆ। ਨਾਲ ਦੇ ਕਈ ਸਾਥੀ ਬਾਹਰ ਚਲੇ ਗਏ ਸਨ। ਰਿੱਕੀ ਨੂੰ ਵੀ ਹਰ ਵਕਤ ਬਾਹਰ ਜਾਣ ਦੀ ਅਚੋਤਾਈ ਲੱਗੀ ਰਹਿੰਦੀ ਸੀ। ਪੜ੍ਹਾਈ ਘੱਟ ਹੋਣ ਕਰਕੇ ਬਾਹਰਲਾ ਰਿਸ਼ਤਾ ਉਸਨੂੰ ਮਿਲਣਾ ਮੁਸ਼ਕਲ ਸੀ. ਪਿਛਲੇ ਸਮੇਂ ਤੋਂ ਪੰਜਾਬ ਵਿੱਚ ਠੇਕੇ ਦੇ ਵਿਆਹਾਂ (contract marriages) ਦਾ ਬਾਜ਼ਾਰ ਬੜਾ ਗਰਮ ਸੀ। ਵਿਆਹ ਕਰਵਾਉਣ ਵਾਲੇ ਏਜੰਟ (Marriage Bureaus) ਆਈਲੈਟ ਪਾਸ ਕੁੜੀਆਂ ਦੇ ਮਾਪਿਆਂ ਨੂੰ 12-14 ਲੱਖ ਰੁਪਿਆ ਦੇਣ ਵਾਲੇ ਐਸੇ ਮੁੰਡੇ ਟਕਰਾ ਰਹੇ ਸਨ ਜਿਹੜੇ ਕਾਗਜ਼ਾਂ ਵਿੱਚ ਕੁੜੀਆਂ ਨਾਲ ਵਿਆਹੇ ਮੰਨੇ ਜਾਂਦੇ ਸਨ ਪਰੰਤੂ ਉਹਨਾਂ ਦਾ ਵਿਆਹ ਵਾਲਾ ਰਿਸ਼ਤਾ ਕੋਈ ਨਹੀਂ ਸੀ ਹੁੰਦਾ।

"ਬਾਪੂ, ਪੰਜਾਬ ਤਾਂ ਸਾਰਾ ਬਾਹਰ ਨੂੰ ਤੁਰਿਆ ਹੋਇਆ ਏ, ਤੂੰ ਮੈਨੂੰ ਏਥੇ ਫਜ਼ੂਲ ਜਿਹੇ ਕੰਮਾਂ ਵਿੱਚ ਝੋਕੀ ਜਾਂਦਾ ਏ। 'ਰਿਸ਼ਤੇ ਹੀ ਰਿਸ਼ਤੇ' ਮੈਰਿਜ ਬਿਓਰੋ ਦੇ ਰੋਜ਼ ਅਖਬਾਰਾਂ ਵਿੱਚ ਇਸ਼ਤਿਹਾਰ ਹੁੰਦੇ ਨੇ। ਜਿਹੜੇ ਪੈਸੇ ਇੱਥੇ ਕੋਈ ਕਾਰੋਬਾਰ ਖੋਲ੍ਹਣ ਤੇ ਲਗਾਉਣੇ ਹਨ ਉਹ ਕਿਸੇ ਕੁੜੀ ਦੇ ਮਾਪਿਆਂ ਨੂੰ ਦੇ ਕੇ ਮੈਨੂੰ ਆਸਟ੍ਰੇਲੀਆ ਭੇਜ ਦਿਓ। ਮੈਂ ਵੀ ਸੁਖੀ ਤੇ ਤੁਸੀਂ ਵੀ ਸੁਖੀ। ਕੁੜੀਆਂ ਧੜਾਧੜ ਟੈਸਟ ਪਾਸ ਕਰੀ ਜਾ ਰਹੀਆਂ ਹਨ ਤੇ ਮੁੰਡੇ ਧੜਾ ਧੜਾ ਉਨ੍ਹਾਂ ਨਾਲ ਜਹਾਜ਼ ਚੜੀ ਜਾ ਰਹੇ ਹਨ। ਪਿਛਲੇ ਇੱਕ ਹਫਤੇ ਵਿੱਚ ਹੀ ਭੋਗਪੁਰੀਆ ਸ਼ਿੰਦਾ, ਮਿੱਠਾਪੁਰੀਆ ਮੋਹਣੀ, ਖਾਨਪੁਰੀਆ ਦੀਪਾ, ਜੱਸੋਵਾਲੀਆ ਸਾਭੀ ਤੇ ਬਲਾਚੌਰੀਆ ਭਿੰਦਾ ਸਾਰੇ 12-12 ਲੱਖ ਕੁੜੀ ਵਾਲਿਆਂ ਨੂੰ ਦੇ ਕੇ ਜਹਾਜ਼ ਚੜ੍ਹ ਗਏ।"

"ਪੁੱਤਰਾਂ, ਬੜਾ ਅਜੀਬ ਲਗਦਾ ਕਿ ਇੱਕ ਕੱਚੀ ਕੁਆਰੀ ਕੁੜੀ ਇੱਕ ਅਨਜਾਣ ਮੁੰਡੇ ਨੂੰ ਨਾਲ ਲੈ ਕੇ ਬਾਹਰ ਨੂੰ ਜਹਾਜ਼ ਚੜ੍ਹ ਜੇ। ਹੋਰ ਵੀ ਅਜੀਬ ਗੱਲ ਇਹ ਹੈ ਕਿ ਕੁੜੀ ਕਿਤੇ ਰਹੇ ਤੇ ਪੜ੍ਹੇ, ਮੁੰਡਾ ਕਿਤੇ ਹੋਰ ਕੰਮ ਕਰੇ। ਪੁਲੀਸ ਛਾਪਾ ਮਾਰ ਕੇ ਦੇਖਦੀ ਨਾ ਹੋਊ ਕਿ ਉਹ ਇਕੱਠੇ ਰਹਿੰਦੇ ਵੀ ਆ ਜਾਂ ਨਹੀਂ। ਇਹ ਕੰਮ ਕੁਝ ਮਹੀਨਿਆਂ ਜਾਂ ਦਿਨਾਂ ਦਾ ਨਹੀਂ, ਕਈ ਸਾਲਾਂ ਦਾ ਦਾਈਆ ਏ। ਅਣਜਾਣ ਦੇਸ਼ ਵਿੱਚ ਕਿੰਝ ਬੀਤਦੀ ਹੋਊ ਮੁੰਡੇ ਕੁੜੀ ਦੋਹਾਂ ਨਾਲ? ਸੁਣਿਆ ਲੜਕੀ ਨੂੰ ਪੱਕਾ ਹੋਣ ਲਈ ਇੱਕ ਵਾਰ ਫਿਰ

ਚੰਗੇ ਨੰਬਰ ਲੈ ਕੇ ਟੈਸਟ ਪਾਸ ਕਰਨਾ ਪੈਂਦਾ ਏ। ਮੈਨੂੰ ਤਾਂ ਸਾਰਾ ਘਾਲਾ ਮਾਲਾ ਹੀ ਲੱਗੀ ਜਾਂਦਾ ਏ। ਸੁਣਿਆ ਏ, ਕਈ ਕੇਸਾਂ ਵਿੱਚ ਤਾਂ ਮੁੰਡਾ ਦਸਵੀਂ ਵੀ ਪਾਸ ਨਹੀਂ ਏ, ਲੜਕੀ ਬੀ.ਏ. ਜਾਂ ਬੀ.ਐਸ.ਸੀ. ਪਾਸ ਏ। ਜੇ ਕਰ ਫੜ ਹੋ ਗਏ ਤਾਂ ਦੋਨੋਂ ਵਾਪਸ। ਪੈਸੇ ਖਰਚੇ ਜਾਣਗੇ। ਪੁੱਤਰਾ, ਤੂੰ ਸਾਨੂੰ ਦੁਖੀ ਕਰਨਾ ਏ, ਕਰੀ ਜਾਹ।"

"ਨਹੀਂ ਡੈਡੀ, ਬਹੁਤਾ ਵਹਿਮ ਵਿੱਚ ਨਹੀਂ ਪਈਦਾ। ਇੱਥੋਂ ਗਏ ਸਾਰੇ ਮੁੰਡਿਆਂ ਵਿੱਚੋਂ ਕੋਈ ਵਾਪਸ ਤਾਂ ਆਇਆ ਨਹੀਂ। ਕਹਿੰਦੇ ਆ, ਉਹ ਧਰਤੀ ਹੀ ਐਸੀ ਏ ਕਿ ਹਰ ਇੱਕ ਨੂੰ ਸੈੱਟ ਹੋਣ ਦਾ ਕੋਈ ਨਾ ਕੋਈ ਰਾਹ ਦੱਸ ਹੀ ਦਿੰਦੀ ਏ। ਏਥੇ ਰਹਿਣ ਨਾਲੋਂ ਤਾਂ ਬਾਹਰ ਦਾ ਹਰ ਦੇਸ਼ ਚੰਗਾ ਏ। ਲੋਕ ਇਟਲੀ, ਗਰੀਸ ਤੇ ਜਰਮਨੀ ਨੂੰ ਜਾਈ ਜਾ ਰਹੇ ਆ। ਆਸਟਰੇਲੀਆ ਦੀ ਤਾਂ, ਸੁਣਿਆ, ਗੱਲ ਹੀ ਕੁਝ ਹੋਰ ਏ। ਡੈਡੀ, ਬਹੁਤ ਵੱਡਾ ਦੇਸ਼ ਏ ਆਸਟਰੇਲੀਆ, ਆਬਾਦੀ ਬੜੀ ਥੋੜ੍ਹੀ ਏ। ਢਾਈ ਕਰੋੜ ਤੋਂ ਵੀ ਘੱਟ। ਕਿੱਥੇ ਸਾਡੇ ਦੇਸ਼ ਦੀ ਸੌ ਕਰੜੇ ਤੋਂ ਵੀ ਉੱਪਰ ਤੇ ਦੇਸ਼ ਉਪਰੋਂ ਢਾਈ ਗੁਣਾਂ ਛੋਟਾ। ਸੁਣਿਆ, ਬਥੇਰਾ ਉਜਾੜ ਇਲਾਕਾ ਪਿਆ ਏ। ਦੂਰ ਦੂਰ ਤੱਕ ਸੰਤਰਿਆਂ, ਕੇਲਿਆਂ, ਬੇਰੀਆਂ ਆਦਿ ਦੇ ਬਾਗ ਤੇ ਫਾਰਮ ਹਨ। ਉੱਥੇ ਤਾਂ ਦੋ ਨੰਬਰ ਵਿੱਚ ਗਿਆ ਬੰਦਾ ਨਹੀਂ ਲੱਭਦਾ। ਫਿਰ ਮੈਂ ਤਾਂ ਕਾਗਜਾਂ ਵਿੱਚ ਪੂਰਣ ਵਿਆਹ ਕਰਵਾ ਕੇ ਕਾਨੂੰਨੀ ਤਰੀਕੇ ਨਾਲ ਜਾਵਾਂਗਾ ਜਿਵੇਂ ਬਾਕੀ ਸਭ ਜਾ ਰਹੇ ਹਨ। ਦੂਜੇ ਪਾਸੇ ਡਾਲਰ ਨੂੰ ਅੱਗ ਬਲੀ ਪਈ ਆ ਐਸ ਵੇਲੇ। ਅੱਜਕੱਲ੍ਹ 61 ਰੁਪਿਆਂ ਦੇ ਡਾਲਰ ਦਾ ਪੂਰਾ 61000 ਰੁਪਿਆ ਬਣਿਆ ਕਰੂ। ਚਾਹੋ ਤਾਂ ਬਲੈਕ ਵਿੱਚ ਵੀ ਵੇਚ ਸਕਦੇ ਹੈ। ਹਜ਼ਾਰ ਤਾਂ ਉਥੇ ਹਫਤੇ ਵਿੱਚ ਐਵੇਂ ਹੀ ਕਮਾ ਹੋ ਜਾਂਦਾ ਹੈ। ਥੋੜੇ ਜਿਹੇ ਹਿੰਮਤੀ ਤਾਂ ਹਫਤੇ ਦਾ ਡੇਢ ਹਜ਼ਾਰ ਨੀਂ ਛੱਡਦੇ। ਮਹੀਨੇ ਦਾ ਢਾਈ ਲੱਖ ਰੁਪਏ ਤੋਂ ਵੀ ਵੱਧ। ਚੱਲ ਚੱਲੀਏ ਕਲ ਨੂੰ ਮੈਰਿਜ ਬਿਊਰੋ ਵਾਲਿਆਂ ਪਾਸ। ਡੈਡੀ, ਇਹ ਗੋਗਲਿਆਂ ਦਾ ਮੀਂਹ ਹਰ ਰੋਜ਼ ਨਹੀਂ ਵਰਨ੍ਹਾ। ਪਤਾ ਨੀ ਕਦੋਂ ਬੰਦ ਹੋ ਜੇ। ਦੇਸ਼ ਬੜੀ ਜਲਦੀ ਕਾਨੂੰਨ ਸਖਤ ਕਰ ਦਿੰਦੇ ਆ। ਨਾਲੇ ਸੁਣਿਆ, ਆਸਟਰੇਲੀਆ ਤਾਂ ਬਹੁਤ ਜਲਦੀ ਕਾਨੂੰਨ ਬਦਲਦਾ ਏ।"

ਦੂਜੇ ਦਿਨ ਸਵੇਰੇ ਦੋਨੋਂ ਪਿਓ ਪੁੱਤ ਮੈਰਿਜ ਬਿਊਰੋ ਪਾਸ ਪਹੁੰਚ ਗਏ।

"ਆਓ ਜੀ, ਸਰਦਾਰ ਜੀ, ਕੀ ਖਿਦਮਤ ਕਰੀਏ?" ਤਿਖੀ ਨਜ਼ਰ ਉਨ੍ਹਾਂ ਤੇ ਮਾਰਦਾ ਹੋਇਆ ਬਿਊਰੋ ਦਾ ਮੈਨੇਜਰ ਬੋਲਿਆ।

"ਇਹ ਮੇਰਾ ਲੜਕਾ ਏ ਰਿੱਕੀ। ਆਸਟਰੇਲੀਆ ਜਾਣ ਲਈ ਜਿੱਦ ਕਰੀ ਬੈਠਾ ਏ। ਕੋਈ ਰਾਸਤਾ ਦੱਸੋ ਜਨਾਬ?'

"ਇਥੇ ਕੀ ਕੰਮ ਕਰਦਾ ਏ?"

"ਜੀ, ਬਾਹਰਵੀਂ ਵਿਚੋਂ ਫੈਲ ਹੋ ਗਿਆ ਕੀ। ਕੁਝ ਸਮਾਂ ਟੈਕਸੀ ਚਲਾਈ, ਫਿਰ ਮਕੈਨਕੀ ਸਿੱਖਣ ਲੱਗ ਪਿਆ, ਹੁਣ ਕਹਿੰਦਾ ਏ, ਆਸਟਰੇਲੀਆ ਜਾਣਾ ਏ। ਸਾਨੂੰ ਤਾਂ ਕੁਝ ਵੀ ਸਮਝ ਨਹੀਂ ਆਉਂਦਾ। ਤੁਹਾਡੇ ਕਰਵਾਏ ਕਈ ਕੰਟਰੈਕਟ ਵਿਆਹ ਕਾਮਯਾਬ

ਹੋ ਰਹੇ ਆ। ਕਈ ਪਿੰਡਾਂ ਦੇ ਮੁੰਡਿਆਂ ਦੇ ਨਾਂ ਲੈਂਦਾ ਏ। ਕਹਿੰਦਾ ਏ, ਤੁਸੀਂ ਉਹ ਉੱਧਰ ਸੈੱਟ ਕਰਵਾ ਦਿੱਤੇ। ਸਾਡਾ ਵੀ ਕੁਝ ਕਰੋ ਜਨਾਬ।"

"ਆਹ ਮੇਰੇ ਪਾਸ ਲਿਸਟ ਏ ਉਨ੍ਹਾਂ ਕੇਸਾਂ ਦੀ ਜਿਹੜੇ ਅਸੀਂ ਆਸਟਰੇਲੀਆ ਵਿੱਚ ਪਿਛਲੇ ਛੇ ਕੁ ਮਹੀਨਿਆਂ ਵਿੱਚ ਸੈੱਟ ਕਰਵਾਏ ਨੇ। ਜਾ ਕੇ ਪਹਿਲਾਂ ਪਹਿਲਾਂ ਕੁੱਝ ਤਕਲੀਫਾਂ ਜ਼ਰੂਰ ਆਉਂਦੀਆਂ ਨੇ। ਹੌਲੀ ਹੌਲੀ ਸਭ ਸੈਟ ਹੋ ਜਾਂਦੇ ਆ। ਇੱਕੋ ਇੱਕ ਰਾਸਤਾ ਏ। ਉਹ ਹੈ ਕੰਟਰੈਕਟ ਵਿਆਹ ਦਾ। ਕਈ ਕੇਸਾਂ ਵਿੱਚ ਤਾਂ ਸਾਡਾ ਬੰਦਾ ਆਪ ਨਾਲ ਜਾ ਕੇ ਉਨ੍ਹਾਂ ਨੂੰ ਉੱਥੇ ਛੱਡ ਕੇ ਕੰਮ ਤੇ ਲਗਾ ਕੇ ਆਉਂਦਾ ਏ। ਪਿੱਛੇ ਮਾਪਿਆਂ ਨੂੰ ਫਿਕਰ ਦੀ ਕੋਈ ਲੋੜ ਨਹੀਂ ਰਹਿੰਦੀ....," ਮੈਨੇਜਰ ਗ੍ਰਾਹਕਾਂ ਨੂੰ ਕਾਬੂ ਕਰਨ ਲਈ ਪੂਰਾ ਕਾਹਲਾ ਸੀ।

"ਕੀ ਇਨ੍ਹਾਂ ਕੇਸਾਂ ਵਿੱਚ ਲੜਕੀ ਲੜਕਾ ਇਕੱਠੇ ਨਹੀਂ ਰਹਿਦੇ? ਕੀ ਉੱਧਰ ਦੀ ਸਰਕਾਰ ਇਸ ਪ੍ਰਕਾਰ ਦੇ ਬਣਾਉਟੀ ਰਿਸ਼ਤਿਆਂ ਤੇ ਨਜ਼ਰ ਨਹੀਂ ਰੱਖਦੀ? ਕੀ ਇਹ ਬਣਾਉਟੀ ਰਿਸ਼ਤੇ ਵਿੱਚੇ ਵਿੱਚ ਖੁਰਨ ਤਾਂ ਨਹੀਂ ਲੱਗ ਪੈਂਦੇ? ਲੜਕੀ ਵਿੱਚੇ ਛੱਡ ਕੇ ਪਰੇ ਵੀ ਦੌੜ ਸਕਦੀ ਏ। ਅਗਰ ਲੜਕੀ ਲੜਕੇ ਨਾਲ ਝਗੜਾ ਕਰਕੇ ਪਰੇ ਹੋ ਜਾਵੇ ਫਿਰ ਲੜਕੇ ਦਾ ਕੀ ਬਣਦਾ ਹੋਵੇਗਾ? ਸੁਣਿਆ, ਉਨ੍ਹਾਂ ਦੇਸ਼ਾਂ ਵਿੱਚ ਲੜਕੀ ਦੀ ਵੱਧ ਸੁਣੀ ਜਾਂਦੀ ਏ, ਕਾਨੂੰਨ ਇਸਤਰੀ ਦੇ ਹੱਕ ਵਿੱਚ ਜਿਆਦਾ ਏ। ਲਗਦਾ ਏ, ਮੁੰਡਾ ਤਾਂ ਕਈ ਸਾਲਾਂ ਲਈ ਕੁੜੀ ਦਾ ਗੁਲਾਮ ਹੀ ਬਣ ਜਾਂਦਾ ਏ। ਥੋੜ੍ਹੀ ਜਿਹੀ ਮੁੰਡੇ ਨੇ ਤੜੈਂ ਫੜੈਂ ਕੀਤੀ ਨੀ ਤਾਂ ਲੜਕੀ ਲੱਖਾਂ ਰੁਪਏ ਨਿਗਲ ਕੇ ਪਰੇ ਦੌੜੀ ਨੀਂ। ਮੈਨੂੰ ਤਾਂ ਇਹ ਸਾਰਾ ਕੁਝ ਰੇਤ ਦੀ ਕੰਧ ਵਾਂਗ ਲੱਗੀ ਜਾਂਦਾ ਏ। ਮਾੜੀ ਜਿਹੀ ਠੋਕਰ ਵੱਜੀ ਨੀਂ ਤੇ ਕੰਧ ਗਿਰੀ ਨੀ। ਕਿੰਨੇ ਕੁ ਪੈਸੇ ਲੱਗ ਜਾਂਦੇ ਆ ਕੇਸ ਨੂੰ ਸਿਰੇ ਲਗਾਉਣ ਤੇ?"

"ਸਰਦਾਰ ਜੀ, ਸਾਰੀ ਗੱਲ ਲੜਕੇ ਲੜਕੀ ਦੇ ਸਵੈ ਕਾਬੂ ਅਤੇ ਆਪਸੀ ਯਕੀਨ ਤੇ ਨਿਰਭਰ ਕਰਦੀ ਏ। ਇੱਕ ਦੂਜੇ ਲਈ ਕੁਰਬਾਨੀ ਤਾਂ ਦੇਣੀ ਹੀ ਪੈਂਦੀ ਏ। ਸਾਰਾ ਕੁਝ ਵਿਸ਼ਵਾਸ ਦੇ ਸਿਰ ਤੇ ਖੜਾ ਏ। ਲੜਕੀ ਜਾ ਕੇ ਪੜ੍ਹਾਈ ਵਿੱਚ ਦਾਖਲਾ ਲੈ ਲੈਂਦੀ ਏ,ਤੇ ਲੜਕਾ ਕਿਧਰੇ ਕੰਮ ਲੱਭ ਕੇ ਕੰਮ ਕਰਨ ਲੱਗ ਪੈਂਦਾ ਏ। ਨਿਸ਼ਚਤ ਸਮਾਂ ਬੀਤਣ ਤੇ ਜਦ ਲੜਕੀ ਪੜ੍ਹਾਈ ਕਰਕੇ ਪੱਕੀ ਹੁੰਦੀ ਹੈ ਤਾਂ ਨਾਲ ਹੀ ਲੜਕਾ ਉਸ ਦਾ ਕਾਗਜ਼ੀ ਪਤੀ ਹੋਣ ਕਰਕੇ ਪੱਕਾ ਹੋ ਜਾਂਦਾ ਏ। ਫਿਰ ਉਹ ਇੱਕ ਦੂਜੇ ਤੋਂ ਤਲਾਕ ਲੈ ਸਕਦੇ ਹਨ ਤੇ ਜਿੱਥੇ ਮਰਜੀ ਆਪਣਾ ਅਸਲੀ ਵਿਆਹ ਕਰਵਾ ਸਕਦੇ ਹਨ। ਆਹ ਹੁਣੇ ਪਿਛਲੇ ਸਾਲ ਰੁੜਕੀ ਪਿੰਡ ਦਾ ਦੀਸ਼ਾ ਮਾਛੀਆਂ ਪਿੰਡ ਦੇ ਕਹਿੰਦੇ ਕੁਹਾਉਂਦੇ ਸਰਦਾਰਾਂ ਦੀ ਕੁੜੀ ਵਿਆਹ ਕੇ ਲੈ ਕੇ ਗਿਆ ਏ। ਨਾਲੇ ਅਗਲਿਆਂ ਨੇ ਦਾਜ ਨਾਲ ਘਰ ਭਰ ਦਿੱਤਾ। ਪੰਜ ਸੌ ਬੰਦਾ ਬਰਾਤ ਦਾ ਸੀ। ਗਾਣੇ ਵਾਲੀ ਸੱਦੀ ਸੀ ਦਸ ਲੱਖ ਵਿੱਚ। ਇਲਾਕੇ ਵਿੱਚ ਧੂਮਾ ਪੈ ਗਈਆਂ ਸੀ ਵਿਆਹ ਦੀਆਂ। ਬਾਕੀ ਰਹੀ ਗੱਲ ਪੈਸਿਆਂ ਦੀ। ਤੁਹਾਡਾ ਚੌਦਾਂ ਲੱਖ ਰੁਪਿਆ ਲੱਗੇਗਾ। ਵਿੱਚੋਂ ਅਸੀਂ ਵੀ ਕੁਝ ਫੀਸ ਲੈਣੀ

ਹੁੰਦੀ ਏ। ਇਸ ਤੋਂ ਇਲਾਵਾ ਟਿਕਟ ਤੁਹਾਨੂੰ ਆਪ ਹੀ ਖਰੀਦਣੀ ਪਵੇਗੀ। ਅਗਰ ਮਨਜ਼ੂਰ ਏ ਤਾਂ ਸਾਡੇ ਪਾਸ ਦੋ ਕੇਸ ਬੜੇ ਵਧੀਆ ਹਨ। ਉਨ੍ਹਾਂ ਵਿੱਚੋਂ ਜਿਹੜਾ ਘੱਟ ਤੇ ਮੰਨਗਾ ਅਸੀਂ ਉਸ ਨਾਲ ਗੱਲ ਕਰ ਲੈਂਦੇ ਹਾਂ ਤੇ ਤੁਹਾਡਾ ਕੇਸ ਸਿਰੇ ਲਗਾ ਦਿੰਦੇ ਹਾਂ। ਵਾਹਿਗੁਰੂ ਭਲਾ ਕਰੇ।"

"ਕੀ ਪੈਸੇ ਦੋ ਕਿਸ਼ਤਾਂ ਵਿੱਚ ਨਹੀਂ ਦਿੱਤੇ ਜਾ ਸਕਦੇ? ਅੱਧੇ ਪਹਿਲਾਂ ਤੇ ਅੱਧੇ ਲੜਕੇ ਦੇ ਉੱਥੇ ਪਹੁੰਚਣ ਤੇ?"

"ਇੰਜ ਨਹੀਂ ਹੋ ਸਕਦਾ। ਸਾਰੇ ਪੈਸੇ ਤੁਹਾਨੂੰ ਇੱਕ ਵਾਰ ਹੀ ਦੇਣੇ ਹੋਣਗੇ। ਧੁਰ ਪਹੁੰਚਾਉਣਾ ਸਾਡਾ ਕੰਮ। ਕਿਸੇ ਪ੍ਰਕਾਰ ਦੇ ਫਿਕਰ ਦੀ ਕੋਈ ਲੋੜ ਨਹੀਂ।"

ਦੋਨੋਂ ਪਿਓ ਪੁੱਤਰ ਮੈਰਿਜ ਬਿਓਰੋ ਤੋਂ ਵਾਪਸ ਆ ਗਏ। ਘਰ ਆ ਕੇ ਸੋਚਾਂ ਵਿਚਾਰਾਂ ਚਲਦੀਆਂ ਰਹੀਆਂ।

'ਡੈਡੀ, ਭੋਗਪੁਰੀਏ ਸ਼ਿੰਦੇ ਨਾਲ ਮੇਰੀ ਕੱਲ ਹੀ ਗੱਲ ਹੋਈ ਸੀ। ਕਹਿੰਦਾ ਸੀ ਕਿ ਉਹ ਉੱਥੇ ਗ੍ਰਿਫਤ ਸ਼ਹਿਰ ਵਿੱਚ ਫਲ ਤੋੜਦਾ ਏ। ਉਹ ਕਈ ਮੁੰਡੇ ਇਕੱਠੇ ਇੱਕ ਕਮਰੇ ਵਿੱਚ ਰਹਿੰਦੇ ਆ। ਜਿਸ ਕੁੜੀ ਨਾਲ ਉਸ ਦਾ ਬਣਾਉਟੀ ਵਿਆਹ ਹੋਇਆ ਏ ਉਹ ਕਿਸੇ ਯੂਨੀਵਰਸਿਟੀ ਵਿੱਚ ਪੜ੍ਹਦੀ ਏ। ਕਹਿੰਦਾ ਸੀ, ਥੋੜ੍ਹਾ ਔਖਾ ਤਾਂ ਹੋਣਾ ਈ ਪੈਂਦਾ ਏ ਪਰੰਤੂ ਸਮਾਂ ਚੰਗਾ ਲੰਘ ਰਿਹਾ ਏ। ਏਥੇ ਨਾਲੋਂ ਉੱਥੇ ਸਭ ਸੁਖੀ ਹਨ। ਹੌਲੀ ਹੌਲੀ ਸਭ ਪੱਕੇ ਹੋ ਜਾਣਗੇ। ਇੱਕ ਵਾਰ ਪੱਕੇ ਹੋ ਗਏ ਫਿਰ ਪੌ ਬਾਰਾਂ। ਫਿਰ ਪੰਜਾਬ ਆਉਣਗੇ ਤੇ ਦੇਖੀਂ ਉਨ੍ਹਾਂ ਦੀ ਟੌਹਰ। ਗਲਾਂ ਵਿੱਚ ਸੋਨੇ ਦੀਆਂ ਚੇਨੀਆਂ ਹੋਣਗੀਆਂ ਤੇ ਗੁੱਟਾਂ ਤੇ ਸੁਨਹਿਰੀ ਘੜੀਆਂ ਹੋਣਗੀਆਂ। ਕੁੜੀਆਂ ਵਿਆਹ ਕੇ ਲਿਜਾਉਣਗੇ ਕਹਿੰਦੀਆਂ ਕਹਾਉਂਦੀਆਂ। ਗੱਲ ਸਿਰਫ ਚਾਰ ਕੁ ਸਾਲਾਂ ਦੀ ਏ। ਲਾ ਦਿਓ ਜਿਹੜੇ ਬੈਂਕ ਵਿੱਚ ਰੱਖਿਓ ਆ, ਬਾਅਦ ਵਿੱਚ ਸਭ ਭੁੱਲ ਜਾਣਗੇ।'

"ਜੇ ਪੱਕੇ ਨਾ ਹੋ ਸਕੇ ਪੁੱਤਰਾ?"

"ਬਾਪੂ, ਕਿਉਂ ਐਵੇਂ ਘਬਰਾਈ ਜਾਨਾ ਏ? ਕੁੜੀ ਵਾਲਿਆਂ ਆਪਣੇ ਲੈ ਲੈਣੇ ਆ, ਮੈਰਿਜ ਬਿਓਰੇ ਨੇ ਆਪਣਾ ਲਾਗ ਲੈ ਲੈਣਾ ਏ, ਬਾਕੀ ਮੈਂ ਲੜਕੀ ਨੂੰ ਬਹੁਤ ਘੱਟ ਬੁਲਾਵਾਂਗਾ, ਪਰੇ ਰਹਿ ਕੇ ਆਪਣਾ ਕੰਮ ਕਰੀ ਜਾਵਾਂਗਾ। ਅਗਰ ਕੋਈ ਛਾਪਾ ਮਾਰੇ ਤਾਂ ਉਹ ਕਹਿ ਦੇਵੇਗੀ ਕਿ ਉਸ ਦੇ ਘਰ ਵਾਲੇ ਨੂੰ ਲੋਕਲ ਕੰਮ ਨਹੀਂ ਮਿਲਿਆ। ਇਸ ਕਰਕੇ ਉਹ ਪਰੇ ਕਿਧਰੇ ਕੰਮ ਲੱਭ ਕੇ ਰਹਿ ਰਿਹਾ ਹੈ। ਕਾਗਜ਼ਾਂ ਅਨੁਸਾਰ ਕੁਝ ਵੀ ਗੈਰ ਕਾਨੂੰਨੀ ਨਹੀਂ ਏ। ਇਹ ਸਾਰੀ ਖੇਡ ਪੈਸੇ ਦੀ ਏ, ਡੈਡੀ। ਇਹ ਤਾਂ ਬਾਹਰ ਜਾਣ ਦਾ ਕੰਮ ਏ। ਤੁਹਾਨੂੰ ਪਤਾ, ਪਿੱਛੇ ਜਿਹੇ ਇੱਥੇ ਪੰਜਾਬ ਵਿੱਚ ਪੈਸੇ ਦੀ ਖੇਡ ਨੇ ਕੀ ਕਰਵਾਇਆ ਸੀ। ਕੇਸ ਅਖਬਾਰਾਂ ਵਿੱਚ ਵੀ ਛਪਿਆ ਸੀ।

"ਪੁੱਤਰਾ, ਉਹ ਕੇਸ ਕੀ ਸੀ?"

"ਪੰਜਾਬ ਵਿੱਚ ਪਿੱਛੇ ਜਿਹੇ ਕੁਝ ਉਮੀਦਵਾਰ ਪੀ.ਸੀ.ਐੱਸ. ਵਾਸਤੇ ਨਾਮਜ਼ਦ

ਕੀਤੇ ਗਏ ਸੀ। ਪੀ.ਸੀ.ਐਸ. ਵੱਡੇ ਅਫਸਰ ਬਣਦੇ ਆ ਜਿਵੇਂ ਐਸ.ਡੀ.ਓ. ਤੇ ਡੀ.ਟੀ.ਓ. ਆਦਿ। ਇਨ੍ਹਾਂ ਕੇਸਾਂ ਵਿੱਚ ਰਿਸ਼ਵਤ ਬੜੀ ਚਲਦੀ ਏ। ਚਾਲੀ ਪੰਜਾਹ ਲੱਖ ਐਵੇਂ ਹੀ ਲੱਗ ਜਾਂਦਾ ਏ। ਜਲੰਧਰ ਜ਼ਿਲ੍ਹੇ ਦਾ ਇੱਕ ਸਾਧਾਰਨ ਜਿਹੇ ਘਰ ਦਾ ਮਿਹਨਤੀ ਲੜਕਾ ਵੀ ਇਸ ਕੋਟੇ ਵਿੱਚ ਨਾਮਜ਼ਦ ਹੋਇਆ ਸੀ। ਜਿਓ ਹੀ ਉਹ ਨਾਮਜ਼ਦ ਹੋਇਆ ਰਿਸ਼ਤਿਆਂ ਵਾਲੇ ਉਹਦੇ ਮਗਰ ਮਗਰ ਫਿਰਨ ਲੱਗੇ। ਕਪੂਰਥਲੇ ਦੀ ਇੱਕ ਕਹਿੰਦੀ ਕਹਾਉਂਦੀ ਬਿਜ਼ਨੈੱਸ ਫੈਮਿਲੀ ਨੇ ਆਪਣੀ ਕੁੜੀ ਦੀ ਉਸ ਲੜਕੇ ਨਾਲ ਇੱਕਦਮ ਮੰਗਣੀ ਕਰਕੇ ਵਿਆਹ ਵੀ ਕਰ ਦਿੱਤਾ। ਦਿਨਾਂ ਵਿੱਚ ਹੀ ਰੱਬ ਦਾ ਭਾਣਾ ਹੋਰ ਹੀ ਵਰਤ ਗਿਆ।"

"ਕੀ ਗੱਲ ਹੋਈ? ਦੋਹਾਂ ਵਿੱਚੋਂ ਕੋਈ ਮਰ ਗਿਆ? ਐਕਸੀਡੈਂਟ ਤਾਂ ਨਹੀਂ ਹੋ ਗਿਆ?'

"ਮੇਰੀ ਗੱਲ ਤਾਂ ਸੁਣੋ। ਮੈਂ ਤੁਹਾਨੂੰ ਪੈਸੇ ਦੀ ਖੇਡ ਦੀ ਗੱਲ ਦਸ ਰਿਹਾ ਹਾਂ। ਥੋੜ੍ਹੇ ਸਮੇਂ ਵਿੱਚ ਸੂਬੇ ਦੀ ਸਰਕਾਰ ਬਦਲ ਗਈ। ਦੂਜੀ ਪਾਰਟੀ ਦੀ ਸਰਕਾਰ ਬਣ ਗਈ। ਆਉਂਦੇ ਸਾਰ ਹੀ ਦੂਜੀ ਸਰਕਾਰ ਨੇ ਪਹਿਲੀ ਸਰਕਾਰ ਦੀਆਂ ਕੀਤੀਆਂ ਨਾਮਜ਼ਦਗੀਆਂ ਰੱਦ ਕਰ ਦਿੱਤੀਆਂ। ਇੰਜ ਹੁੰਦੇ ਸਾਰ ਹੀ ਕੁੜੀ ਵਾਲਿਆਂ ਰਿਸ਼ਤਾ ਤੋੜ ਦਿੱਤਾ। ਵਿਆਹੀ ਵਰੀ ਕੁੜੀ ਵਾਪਸ ਲੈ ਆਂਦੀ। ਕਹਿਣ ਲੱਗੇ ਅਸੀਂ ਆਪਣੀ ਕੁੜੀ ਨੰਗ ਨਾਲ ਨਹੀਂ ਵਿਆਹੁਣੀ। ਉਨ੍ਹਾਂ ਨੇ ਆਪਣੀ ਲੜਕੀ ਦਾ ਵਿਆਹ ਉਹਦੇ ਰੁਤਬੇ ਨਾਲ ਕੀਤਾ ਸੀ ਨਾ ਕਿ ਉਸ ਨਾਲ। ਇਸ ਪ੍ਰਕਾਰ ਦਾ ਹਾਲ ਏ ਆਪਣੇ ਪਿਆਰੇ ਭਾਰਤ ਵਰਸ਼ ਦਾ! ਕੀ ਕਰਨਾ ਇੱਥੇ ਰਹਿ ਕੇ? ਬਾਹਰ ਜਾਣਾ ਹੀ ਜਾਣਾ ਏ। ਕਦੀ ਕਿਸੇ ਵਿਆਹੀ ਵਰੀ ਕੁੜੀ ਦਾ ਮਾਪਾ ਆਪ ਰਿਸ਼ਤਾ ਤੋੜਦਾ ਹੋਇਆ ਦੇਖਿਆ ਤੁਸੀਂ? ਮੁੰਡਿਆਂ ਵਾਲੇ ਤਾਂ ਬਥੇਰੇ ਰਿਸ਼ਤੇ ਤੋੜਦੇ ਦੇਖੇ ਆ। ਦੇਖ ਲਓ ਪੈਸੇ ਅਤੇ ਰੁਤਬੇ ਦੀ ਕਰਾਮਾਤ। ਜਦੋਂ ਬਾਹਰੋਂ ਬੰਦਾ ਆਉਂਦਾ ਏ ਤਾਂ ਏਥੋਂ ਦੇ ਅਖੌਤੀ ਅਫਸਰ ਜਿਵੇਂ ਵਕੀਲ, ਡਾਕਟਰ, ਪ੍ਰੋਫੈਸਰ ਆਦਿ ਵੀ ਉਹਨੂੰ ਉੱਡ ਕੇ ਮਿਲਦੇ ਆ। ਚੁੱਕ ਪੈਸੇ ਬਾਪੂ, ਆ ਚਲੀਏ ਮੈਰਿਜ ਬਿਓਰੋ ਕੋਲ।"

ਆਖਿਰ ਪਿਓ ਨੂੰ ਪੁੱਤ ਦੀ ਗੱਲ ਮੰਨਣੀ ਹੀ ਪਈ। ਸਵੇਰੇ ਪਿਤਾ ਤੇ ਪੁੱਤਰ 14 ਲੱਖ ਰੁਪਏ ਨਾਲ ਲੈ ਕੇ ਮੈਰਿਜ ਬਿਓਰੋ ਦੇ ਦਰਵਾਜੇ ਤੇ ਖੜ੍ਹੇ ਸਨ।

# .... ਤੇ ਪ੍ਰੀਖਿਆ ਚਲਦੀ ਰਹੀ

ਇਹ ਵਾਕਿਆ ਅੱਸੀਵਿਆਂ ਦਾ ਹੈ। ਨਿਗਰਾਨ ਸਟਾਫ਼ ਲਈ ਉਸ ਸਮੇਂ ਪੰਜਾਬ ਵਿੱਚ ਕਾਲਜਾਂ ਦੀਆਂ ਪ੍ਰੀਖਿਆਵਾਂ ਅਗਨੀ ਪ੍ਰੀਖਿਆ ਤੋਂ ਵੀ ਵੱਧ ਮੁਸ਼ਕਲ ਬਣੀਆਂ ਹੋਈਆਂ ਸਨ। ਏ.ਕੇ. ਸੰਤਾਲੀ ਦਾ ਸਾਇਆ ਪੰਜਾਬ ਦੇ ਕੋਨੇ ਕੋਨੇ ਤੇ ਮੰਡਲਾ ਰਿਹਾ ਸੀ। ਪ੍ਰੋਫੈਸਰ ਉਜਾਗਰ ਮੱਲ ਸੌਂਧ ਦੀ ਡਿਊਟੀ ਪੰਜਾਬ ਦੇ ਇੱਕ ਕਾਲਜ ਦੇ ਪ੍ਰੀਖਿਆ ਕੇਂਦਰ ਵਿੱਚ ਬਤੌਰ ਸੁਪਰਡੈਂਟ ਲੱਗ ਗਈ। ਉਦੋਂ ਕੋਈ ਘੱਟ ਹੀ ਸੁਪਰਡੈਂਟ ਬਣਨਾ ਪਸੰਦ ਕਰਦਾ ਹੁੰਦਾ ਸੀ। ਜਿਹਨਾਂ ਪ੍ਰੋਫੈਸਰਾਂ ਦੀ ਆਪਣੇ ਕਲਾਜ ਦੇ ਪ੍ਰਿੰਸੀਪਲਾਂ ਨਾਲ ਬਹੁਤੀ ਨਹੀਂ ਬਣਦੀ ਹੁੰਦੀ ਸੀ ਉਹਨਾਂ ਨੂੰ ਅਕਸਰ ਇਸ ਪ੍ਰਕਾਰ ਦੀਆਂ ਡਿਊਟੀਆਂ ਕਰਨ ਲਈ ਠੋਕਿਆ ਜਾਂਦਾ ਸੀ। ਕੋਈ ਡਾਕਟਰ ਪਾਸੋਂ ਝੂਠਾ ਮੈਡੀਕਲ ਸਰਟੀਫਿਕੇਟ ਲੈ ਕੇ ਪੇਸ਼ ਕਰੇ ਤੇ ਡਿਊਟੀ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਕਰੇ ਤਾਂ ਕਾਲਜ ਵਾਲੇ ਤੇ ਯੂਨੀਵਰਸਿਟੀ ਵਾਲੇ ਇਸ ਗੱਲ ਦੀ ਘੋਖ ਵੀ ਕਰਦੇ ਸਨ। ਇਸ ਲਈ ਜਿਹੜੇ ਸਟਾਫ ਮੈਂਬਰ ਚਮਚਾਗਿਰੀ ਵਿੱਚ ਬਹੁਤੇ ਮਾਹਰ ਨਹੀਂ ਸਨ ਉਹ ਸੋਚਦੇ ਸਨ ਚਲੋ ਪ੍ਰੀਖਿਆ ਕੇਂਦਰ ਵਿੱਚ ਜਾਕੇ ਡੰਗ ਟਪਾਈ ਕਰ ਹੀ ਆਉਂਦੇ ਹਾਂ।

ਪ੍ਰੀਖਿਆ ਸ਼ੁਰੂ ਹੋਣ ਤੋਂ ਦੋ ਚਾਰ ਦਿਨ ਪਹਿਲਾਂ ਪ੍ਰੀਖਿਆਰਥੀਆਂ ਨੂੰ ਅਕਸਰ ਪਤਾ ਲੱਗ ਹੀ ਜਾਂਦਾ ਹੈ ਕਿ ਕੌਣ ਕਿਸ ਸੈਂਟਰ ਦੀ ਸੁਪਰਡੈਂਟੀ ਕਰਨ ਜਾ ਰਿਹਾ ਹੈ। ਉਜਾਗਰ ਮੱਲ ਆਪਣੇ ਘਰ ਚੋਬਾਰੇ ਤੇ ਬੈਠਾ ਸੀ ਕਿ ਦੁਪਹਿਰ ਵੇਲੇ ਉਹਦੇ ਘਰ ਅੱਗੇ ਇੱਕ ਭੂੰਡ (ਟੈਂਪੂ) ਰੁਕਿਆ। ਗੇਟ ਖੜਕਿਆ। ਧੱਕਾ ਮਾਰਨ ਤੇ ਖੁੱਲ੍ਹ ਗਿਆ ਕਿਉਂਕਿ ਅੰਦਰੋਂ ਬੰਦ ਨਹੀਂ ਸੀ। ਦੋ ਲੜਕੇ ਅੰਦਰ ਦਾਖਲ ਹੋਏ। ਇੰਨੇ ਚਿਰ ਵਿਚ ਉਜਾਗਰ ਮੱਲ ਵੀ ਚੋਬਾਰੇ ਤੋਂ ਹੇਠਾਂ ਆ ਗਿਆ ਸੀ।

"ਆਓ, ਕਿਵੇਂ ਆਉਣਾ ਹੋਇਆ, ਬੱਲਿਓ? ਪਰਚੇ ਦੇਣ ਵਾਲੇ ਲਗਦੇ ਹੋ?" ਵੈਸੇ ਉਜਾਗਰ ਮੱਲ ਦੇ ਹੋਸ਼ ਹਵਾਸ਼ ਕੁਝ ਉੱਡ ਗਏ।

"ਸਰ, ਅਸੀਂ ਤਾਂ ਪਹਿਲਾਂ ਤੁਹਾਡੇ ਘਰ ਦਾ ਅੰਦਾਜ਼ਾ ਹੀ ਨਾ ਲਾ ਸਕੇ। ਔਹ ਪਰੇ ਇੱਕ ਕੋਠੀ ਏ ਜਿਸ ਉਪਰ 'ਸੌਂਧ ਕਾਟੇਜ' ਲਿਖਿਆ ਹੋਇਆ ਏ। ਅਸੀਂ ਸੋਚਿਆ, ਉਹ ਕੋਠੀ ਹੀ ਤੁਹਾਡਾ ਘਰ ਹੋਵੇਗੀ। ਜਦ ਕੋਠੀ ਮੂਹਰੇ ਜਾ ਕੇ ਪਤਾ ਕੀਤਾ ਤਾਂ ਅੰਦਰੋਂ ਇੱਕ ਅਧੋਰਾਣੇ ਜਿਹੇ ਕੱਪੜਿਆਂ ਵਾਲਾ ਬੰਦਾ ਨਿਕਲਿਆ ਤੇ ਪੁੱਛਣ ਲੱਗਾ ਕਿ ਅਸੀਂ

ਕਿਸ ਨੂੰ ਮਿਲਣਾ ਹੈ। ਅਸੀਂ ਤੁਹਾਡੇ ਬਾਰੇ ਦੱਸਿਆ ਤਾਂ ਕਹਿਣ ਲੱਗਾ, "ਇਹ ਕੋਠੀ ਤਾਂ ਇਕ ਕੈਨੇਡਾ ਵਿੱਚ ਵਸਦੇ ਅਮੀਰਜ਼ਾਦੇ ਦੀ ਏ। ਅਸੀਂ ਉਸਦੇ ਕੰਮੀ ਹਾਂ। ਇਸਦੀ ਦੇਖ ਰੇਖ ਲਈ ਉਸਨੇ ਸਾਨੂੰ ਇਹ ਕੋਠੀ ਸੰਭਾਲੀ ਹੋਈ ਹੈ। ਜਿਸ ਆਦਮੀ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ ਉਹ ਔਹ ਸਾਹਮਣੇ ਦੋ ਮੰਜ਼ਲੇ ਮਕਾਨ ਵਿੱਚ ਰਹਿੰਦਾ ਏ। ਇਸ ਪਿੰਡ ਵਿੱਚ ਸੌਧਾਂ ਦੇ ਕਈ ਘਰ ਹਨ।' ਇਸ ਪ੍ਰਕਾਰ ਪਤਾ ਕਰਕੇ ਅਸੀਂ ਤੁਹਾਡਾ ਘਰ ਲੱਭਣ ਵਿੱਚ ਕਾਮਯਾਬ ਹੋਏ।"

"ਕੋਈ ਗੱਲ ਨਹੀਂ, ਬਰਖੁਰਦਾਰੋ। ਸਾਰਾ ਪਿੰਡ ਆਪਣਾ ਹੀ ਏ। ਇਹ ਦੱਸੋ, ਤੁਹਾਡਾ ਆਉਣਾ ਕਿਵੇਂ ਹੋਇਆ?"

"ਸਰ, ਅਸੀਂ ਬਸ ਕੰਡਕਟਰ ਹਾਂ ਤੇ ਅਸੀਂ ਗੁਰਦਾਸਪੁਰ ਜ਼ਿਲ੍ਹੇ ਦੇ ਰਹਿਣ ਵਾਲੇ ਹਾਂ। ਸਾਨੂੰ ਪਤਾ ਲੱਗਾ ਏ ਕਿ ਤੁਹਾਡੀ ਉਸ ਕਾਲਜ ਵਿੱਚ ਡਿਊਟੀ ਏ ਜਿੱਥੇ ਅਸੀਂ ਪਰਚਾ ਦੇਣਾ ਏ। ਅਸੀਂ ਸਾਰੇ ਪਰਚੇ ਨਹੀਂ ਦੇਣੇ, ਸਿਰਫ ਬੀ.ਏ. ਦਾ ਆਖਰੀ ਸਾਲ ਦਾ ਅੰਗਰੇਜ਼ੀ ਦਾ ਪਰਚਾ ਦੇਣਾ ਏ ਕਿਉਂਕਿ ਇਸ ਵਿੱਚ ਸਾਡੀ ਕੰਪਾਰਟਮੈਂਟ ਏ। ਅਗਰ ਅਸੀਂ ਇਹ ਕੰਪਾਰਟਮੈਂਟ ਕਲੀਅਰ ਕਰਕੇ ਆਪਣੀ ਬੀ.ਏ. ਪੂਰੀ ਕਰ ਲੈਂਦੇ ਹਾਂ ਤਾਂ ਅਸੀਂ ਕੰਡਕਟਰਾਂ ਤੋਂ ਬੱਸ ਚੈਕਰ ਬਣ ਜਾਵਾਂਗੇ। ਬਸ ਤੁਹਾਡੀ ਥੋੜ੍ਹੀ ਜਿਹੀ ਮਿਹਰਬਾਨੀ ਦੀ ਲੋੜ ਏ।"

"ਬੱਚਿਓ, ਅਗਰ ਤੁਸੀਂ ਥੋੜ੍ਹੀ ਜਿਹੀ ਮਿਹਨਤ ਕਰ ਲੈਂਦੇ ਤਾਂ ਤੁਹਾਨੂੰ ਐਡੀ ਦੂਰ ਤੱਕ ਟੱਕਰਾਂ ਮਾਰਨ ਦੀ ਜ਼ਰੂਰਤ ਨਹੀਂ ਸੀ ਪੈਣੀ। ਤੁਹਾਨੂੰ ਪਤਾ ਹੈ ਕਿ ਇਮਤਿਹਾਨ ਸਾਰੇ ਦਾ ਸਾਰਾ ਮੇਰੇ ਇਕੱਲੇ ਦੇ ਹੱਥ ਵਿੱਚ ਨਹੀਂ। ਉੱਥੇ ਹੋਰ ਵੀ ਬਹੁਤ ਸਾਰਾ ਸਟਾਫ ਹੁੰਦੇ ਏ। ਕਾਲਜ ਦਾ ਪ੍ਰਿੰਸੀਪਲ ਵੀ ਅਕਸਰ ਸੈਂਟਰ ਵਿੱਚ ਚੱਕਰ ਮਾਰਦਾ ਹੀ ਹੁੰਦਾ ਏ। ਫਿਰ ਤੁਹਾਨੂੰ ਪਤਾ ਏ ਕਿ ਯੂਨੀਵਰਸਿਟੀ ਦਾ ਉਡਨ ਦਤਾ ਵੀ ਅੰਗਰੇਜ਼ੀ ਦੇ ਪਰਚੇ ਵਾਲੇ ਦਿਨ ਅਕਸਰ ਆਉਂਦਾ ਹੀ ਹੁੰਦਾ ਏ। ਅਗਰ ਤੁਹਾਨੂੰ ਕਿਸੇ ਨੇ ਵੀ ਨਕਲ ਕਰਦੇ ਦੇਖ ਲਿਆ ਤਾਂ ਮੈਨੂੰ ਤਾਂ ਉਹਨਾਂ ਦੇ ਬਣਾਏ ਕੇਸ ਤੇ ਆਪਣੀ ਸਹੀ ਪਾਉਣੀ ਹੀ ਪਵੇਗੀ। ਤੁਸੀਂ ਕਿਹਨੂੰ ਕਿਹਨੂੰ ਮਿਲੋਗੇ?"

"ਸਰ, ਤੁਸੀਂ ਬਾਕੀਆਂ ਦੀ ਗੱਲ ਛੱਡੋ। ਪੰਜਾਬ ਵਿੱਚ ਹਾਲਾਤ ਇੰਨੇ ਮਾੜੇ ਚਲ ਰਹੇ ਹਨ ਕਿ ਸਾਰਾ ਅਮਲਾ ਫੈਲਾ ਡਰਿਆ ਪਿਆ ਏ। ਇੰਜ ਹੀ ਪਿਛਲੇ ਦੋ ਤਿੰਨ ਸਾਲਾਂ ਤੋਂ ਹੋ ਰਿਹਾ ਏ। ਸਾਡੇ ਇਲਾਕੇ ਵਿੱਚ ਤਾਂ ਵਿਦਿਆਰਥੀ ਕਿਤਾਬਾਂ ਖੋਲ੍ਹ ਕੇ ਸ਼ਰੇਆਮ ਨਕਲ ਕਰਦੇ ਰਹੇ ਹਨ। ਅਸੀਂ ਤਾਂ ਤੁਹਾਡੇ ਪਾਸ ਆਉਣਾ ਹੀ ਨਹੀਂ ਸੀ। ਸਿਰਫ ਇਸ ਕਰਕੇ ਆਏ ਤਾਂ ਕਿ ਸਾਡਾ ਕੰਪਾਰਟਮੈਂਟ ਪਾਸ ਕਰਨ ਦਾ ਆਖਰੀ ਚਾਂਸ ਏ। ਅਗਰ ਅਸੀਂ ਇਸ ਵਾਰ ਵੀ ਰਹਿ ਗਏ ਤਾਂ ਸਾਨੂੰ ਬੀ.ਏ. ਦਾ ਆਖਰੀ ਸਾਲ ਸਾਰੇ ਵਿਸ਼ਿਆਂ ਨਾਲ ਪਾਸ ਕਰਨਾ ਪਵੇਗਾ। ਪਿੱਛਿਓਂ ਅਸੀਂ ਸਟਾਫ ਮੈਂਬਰ ਹੁੰਦੇ ਹੋਏ ਬੱਸਾਂ ਤੇ ਮੁਫਤ ਆ ਗਏ ਹਾਂ। ਬਸ ਆਹ ਭੂੰਡ ਦਾ ਹੀ ਕਿਰਾਇਆ ਖਰਚ ਕੀਤਾ ਹੈ। ਇਸ ਵਾਰ ਅਸੀਂ

ਮਾੜਾ ਮੋਟਾ ਵੀ ਰਿਸਕ ਨਹੀਂ ਲੈਣਾ ਚਾਹੁੰਦੇ। ਪਰਚਾ ਪਾਸ ਕਰਨਾ ਹੀ ਕਰਨਾ ਏ। ਬਾਕੀ ਤੁਸੀਂ ਆਪ ਬੜੇ ਸਿਆਣੇ ਹੋ।"

"ਕਾਕਾ ਜੀ, ਤੁਸੀਂ ਜਾਓ ਤੇ ਜਾ ਕੇ ਮਿਹਨਤ ਕਰੋ। ਪਰਸੋਂ ਨੂੰ ਪਰਚਾ ਏ। ਪ੍ਰਮਾਤਮਾ ਸਭ ਠੀਕ ਕਰੇਗਾ।"

"ਸਰ, ਤੁਸਾਂ ਸਾਨੂੰ ਸ਼ਕਲ ਤੋਂ ਤਾਂ ਦੇਖ ਹੀ ਲਿਆ ਏ। ਸਾਡੇ ਰੌਲ ਨੰ: ਵੀ ਲੈ ਲਵੋ।"

"ਤੁਹਾਡੀ ਮਰਜ਼ੀ।"

ਦੋਹਾਂ ਲੜਕਿਆਂ ਨੇ ਇੱਕ ਚਿਟ ਤੇ ਲਿਖ ਕੇ ਆਪਣੇ ਰੋਲ ਨੰਬਰ ਉਜਾਗਰ ਮੱਲ ਨੂੰ ਫੜਾਏ ਤੇ ਬਾਅਦ ਵਿੱਚ ਉਸੇ ਭੂੰਡ ਤੇ ਚੜ੍ਹ ਕੇ ਉਹ ਸ਼ਹਿਰ ਵੱਲ ਨੂੰ ਚਲੇ ਗਏ। ਗੁਰਦਾਸਪੁਰ ਨੂੰ ਵਾਪਸ ਜਾਂਦੇ ਸਮੇਂ ਉਹਨਾਂ ਨੇ ਬੱਸ ਦਾ ਸਫਰ ਫਿਰ ਮੁਫਤ ਹੀ ਕਰਨਾ ਸੀ ਕਿਉਂਕਿ ਉਹ ਸਟਾਫ ਮੈਂਬਰ ਸਨ।

ਸੈਂਟਰ ਸੁਪਰਡੈਂਟ ਨੂੰ ਯੂਨੀਵਰਸਿਟੀ ਵੱਲੋਂ ਇਜਾਜ਼ਤ ਹੁੰਦੀ ਸੀ ਕਿ ਉਹ ਆਪਣੇ ਨਾਲ ਆਪਣੀ ਮਰਜ਼ੀ ਦਾ ਕੋਈ ਲੈਕਚਰਾਰ ਬਤੌਰ ਸੁਪਰਵਾਈਜ਼ਰ ਲਿਜਾ ਸਕਦਾ ਹੁੰਦਾ ਸੀ। ਉਜਾਗਰ ਮੱਲ ਦੇ ਕਾਲਜ ਦੇ ਇੱਕ ਲੈਕਚਰਾਰ ਪ੍ਰਸ਼ੋਤਮ ਲਾਲ ਨੇ ਉਸਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਆਪਣੇ ਨਾਲ ਲੈ ਜਾਵੇ ਕਿਉਂਕਿ ਉਸਦਾ ਪਿੰਡ ਵੀ ਉਸ ਪਾਸੇ ਹੀ ਪੈਂਦਾ ਸੀ। ਪ੍ਰਸ਼ੋਤਮ ਨੇ ਸੋਚਿਆ ਕਿ ਉਹ ਕੁਝ ਦਿਨ ਉੱਧਰੋਂ ਆਪਣੇ ਘਰੋਂ ਜਾ ਕੇ ਹੀ ਡਿਊਟੀ ਦਿੰਦਾ ਰਹੇਗਾ ਤੇ ਇਸ ਪ੍ਰਕਾਰ ਉਸਦਾ ਆਪਣੇ ਕਾਲਜ ਆਉਣਾ ਬਚ ਜਾਵੇਗਾ। ਉਜਾਗਰ ਮੱਲ ਉਸਨੂੰ ਆਪਣੇ ਨਾਲ ਖੜਨ ਲਈ ਮੰਨ ਗਿਆ।

ਨਿਯਮ ਮੁਤਾਬਕ ਜਦ ਉਜਾਗਰ ਮਲ ਪ੍ਰੀਖਿਆ ਕੇਂਦਰ ਤੇ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ ਪਹੁੰਚਿਆ ਤਾਂ ਕਾਲਜ ਦੀ ਮੈਨੇਜਿੰਗ ਕਮੇਟੀ ਦਾ ਮੈਨੇਜਰ ਪਹਿਲਾਂ ਹੀ ਦਫਤਰ ਵਿੱਚ ਬੈਠਾ ਉਸ ਦਾ ਇੰਤਜ਼ਾਰ ਕਰ ਰਿਹਾ ਸੀ। ਕਾਲਜ ਦੀ ਕਮੇਟੀ ਦਾ ਇਹ ਮੈਨੇਜਰ ਹੀ ਕਾਲਜ ਵਿੱਚ ਸਭ ਕੁਝ ਸੀ। ਪ੍ਰਿੰਸੀਪਲ ਕਾਰਜਕਾਰੀ ਸੀ ਤੇ ਸੀ ਵੀ ਮੈਨੇਜਰ ਦਾ ਪੱਕਾ ਚਮਚਾ। ਸੁਪਰਡੈਂਟ ਦੀ ਰਿਹਾਇਸ਼ ਦਾ ਪ੍ਰਬੰਧ ਵੀ ਮੈਨੇਜਰ ਦੇ ਘਰ ਹੀ ਸੀ। ਸਾਰੇ ਕਾਗਜ਼ ਪੱਤਰ ਚੈੱਕ ਕਰਨ ਤੋਂ ਬਾਅਦ ਉਹ ਮੈਨੇਜਰ ਦੇ ਨਾਲ ਹੀ ਉਸਦੇ ਘਰ ਚਲਾ ਗਿਆ। ਰਾਤ ਕੱਟਣ ਤੋਂ ਬਾਅਦ ਸਵੇਰੇ ਸੈਂਟਰ ਵਿੱਚ ਜਾਣ ਦੀ ਤਿਆਰੀ ਕੀਤੀ। ਉਸਨੇ ਮੈਨੇਜਰ ਦੀ ਕਾਰ ਵਿੱਚ ਹੀ ਸੈਂਟਰ ਤੇ ਪਹੁੰਚਣਾ ਸੀ। ਨਿਯਮ ਮੁਤਾਬਕ ਉਸਦਾ ਸੈਂਟਰ ਵਿੱਚ ਘੰਟਾ ਕੁ ਪਹਿਲਾਂ ਪਹੁੰਚਣਾ ਜ਼ਰੂਰੀ ਸੀ ਤਾਂ ਕਿ ਉਹ ਜਾ ਕੇ ਸਾਰੇ ਪ੍ਰਬੰਧ ਦਾ ਜਾਇਜ਼ਾ ਲੈ ਸਕੇ। ਸਵੇਰੇ ਉਹ ਮੈਨੇਜਰ ਸਾਹਿਬ ਨੂੰ ਸਮੇਂ ਸਿਰ ਤੁਰਨ ਲਈ ਜ਼ੋਰ ਪਾਈ ਜਾਵੇ। ਲੇਕਿਨ ਮੈਨੇਜਰ ਸਾਹਿਬ ਨੂੰ ਕਦੀ ਕੋਈ ਫੋਨ ਆਈ ਜਾਵੇ ਤੇ ਕਈ ਕੋਈ ਮਿਲਣ ਲਈ ਆਈ ਜਾਵੇ। ਜਦ ਉਸਨੇ ਜ਼ੋਰ ਪਾਇਆ ਕਿ ਉਸਦਾ ਸਮੇਂ

ਸਿਰ ਪ੍ਰੀਖਿਆ ਕੇਂਦਰ ਤੇ ਪਹੁੰਚਣਾ ਬਹੁਤ ਜ਼ਰੂਰੀ ਏ ਤਾਂ ਮੈਨੇਜਰ ਕਹਿਣ ਲੱਗਾ,"ਪ੍ਰਿੰਸੀਪਲ ਉਥੇ ਦਾ ਸਾਰਾ ਪ੍ਰਬੰਧ ਕਰ ਚੁੱਕਾ ਏ। ਉਹ ਮੇਰੀ ਕ੍ਰਿਪਾ ਦ੍ਰਿਸ਼ਟੀ ਤੇ ਹੀ ਉਸ ਕੁਰਸੀ ਤੇ ਬੈਠਾ ਏ। ਸਮਝੋਂ ਉਹ ਤਾਂ ਮੇਰਾ ਨਿੱਜੀ ਸੈਕਟਰੀ ਜਾਂ ਕਲਰਕ ਏ। ਆਪਾਂ ਭਾਵੇਂ 10-20 ਮਿੰਟ ਲੇਟ ਵੀ ਹੋ ਜਾਈਏ ਪਰਚਾ ਸ਼ੁਰੂ ਹੋ ਚੁੱਕਾ ਹੋਵੇਗਾ। ਤੁਸੀਂ ਤਾਂ ਬਸ ਜਾ ਕੇ ਕੁਰਸੀ ਤੇ ਬੈਠਣਾ ਏ। ਤੁਹਾਨੂੰ ਕਿਸੇ ਪ੍ਰਕਾਰ ਦੀ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ।"

"ਮੈਨੇਜਰ ਸਾਹਿਬ, ਸਾਨੂੰ ਨਿਯਮਾਂ ਨੂੰ ਇੰਨਾ ਜ਼ਿਆਦਾ ਛਿੱਕੇ ਨਹੀਂ ਟੰਗਣਾ ਚਾਹੀਦਾ। ਠੀਕ ਹੈ, ਤੁਸੀਂ ਕਾਲਜ ਦੀ ਕਮੇਟੀ ਦੇ ਮੈਨੇਜਰ ਹੋ ਪਰੰਤੂ ਯੂਨੀਵਰਸਿਟੀ ਦੇ ਨਿਯਮ ਵੀ ਤਾਂ ਕੋਈ ਚੀਜ਼ ਹਨ। ਕਾਲਜਾਂ ਵਿੱਚ ਕਈ ਪ੍ਰਕਾਰ ਦੀਆਂ ਸਿਆਸਤਾਂ ਵੀ ਚਲ ਜਾਂਦੀਆਂ ਹਨ। ਹਰ ਕਾਲਜ ਵਿੱਚ ਵਿਰੋਧੀ ਧੜਾ ਵੀ ਤਾਂ ਹੁੰਦਾ ਏ।"

"ਵਿਰੋਧੀ ਧੜੇ ਦੀ ਐਸੀ ਕੀ ਤੈਸੀ। ਪਹਿਲਾ ਪ੍ਰਿੰਸੀਪਲ ਵਿਰੋਧ ਕਰਦਾ ਹੁੰਦਾ ਸੀ। ਹੁਣ ਸਾਲਾ ਬਾਹਰ ਬੈਠਾ ਏ। ਅਦਾਲਤਾਂ ਦੇ ਚੱਕਰ ਕੱਢ ਰਿਹਾ ਏ। ਸਾਡੇ ਪਾਸ ਬਥੇਰੇ ਤਰੀਕੇ ਹੁੰਦੇ ਨੇ ਬੰਦੇ ਨੂੰ ਖੁੱਡੇ ਲਾਈਨ ਲਾਉਣ ਦੇ। ਤੁਸੀਂ ਚਿੰਤਾ ਬਿਲਕੁਲ ਨਾ ਕਰੋ।"

ਇੱਕ ਪਾਸੇ ਪੰਜਾਬ ਦੇ ਹਾਲਾਤ ਅੰਤਾਂ ਦੇ ਖਰਾਬ ਤੇ ਦੂਜੇ ਪਾਸੇ ਮੈਨੇਜਰ ਦਾ ਮਨਮਰਜ਼ੀ ਵਾਲਾ ਰਵੱਈਆ। ਉਜਾਗਰ ਮੱਲ ਨੇ ਸੋਚਾਂ ਵਿੱਚ ਪਏ ਹੋਏ ਨੇ ਡੋਰ ਰੱਬ ਤੇ ਹੀ ਛੱਡ ਦਿੱਤੀ।

ਆਖਰ ਮੈਨੇਜਰ ਸਾਹਿਬ ਨੇ ਕਾਰ ਬਾਹਰ ਕੱਢੀ ਤੇ ਉਹ ਦੋਵੇਂ ਪ੍ਰੀਖਿਆ ਕੇਂਦਰ ਵੱਲ ਚੱਲ ਪਏ। ਕੇਂਦਰ ਇਸ ਪਿੰਡ ਤੋਂ ਪੰਜ ਕੁ ਕਿਲੋਮੀਟਰ ਦੀ ਦੂਰੀ ਤੇ ਸੀ। ਦੋ ਕੁ ਕਿਲੋਮੀਟਰ ਗਏ ਸਨ ਕਿ ਕਾਰ ਨੂੰ ਦੋ ਬੰਦਿਆਂ ਨੇ ਹੱਥ ਦੇ ਦਿੱਤਾ। ਉਹਨਾਂ ਨੇ ਇੱਕ ਪ੍ਰੀਖਿਆਰਥੀ ਦੀ ਰੋਲ ਨੰਬਰ ਸਲਿਪ ਉਹਨਾਂ ਨੂੰ ਫੜਾਈ। ਉਹ ਫਿਰ ਚੱਲ ਪਏ। ਪ੍ਰੀਖਿਆ ਕੇਂਦਰ ਤੋਂ ਮਸਾਂ ਇੱਕ ਕਿਲੋਮੀਟਰ ਪਿੱਛੇ ਸਨ ਕਿ ਇੱਕ ਹੋਰ ਨੇ ਹੱਥ ਦੇ ਦਿੱਤਾ। ਹੱਥ ਦੇਣ ਵਾਲਾ ਕੋਈ ਖਾਸ ਹੀ ਮੂੰਹਮੁਲਾਹਜ਼ੇਦਾਰ ਸੀ। ਮੈਨੇਜਰ ਨੇ ਉਤਰ ਕੇ ਸੁਪਰਡੈਂਟ ਦੀ ਉਸ ਨਾਲ ਮੁਲਾਕਾਤ ਕਰਵਾਈ। ਦੋ ਕੁ ਮਿੰਟ ਖੜ੍ਹੇ ਗੱਲਾਂ ਕਰਦੇ ਰਹੇ। ਪਰਚਾ ਸ਼ੁਰੂ ਕਰਨ ਦਾ ਸਮਾਂ ਹੋ ਚੁੱਕਾ ਸੀ। ਸੁਪਰਡੈਂਟ ਦਾ ਦਿਲ ਧੁੜਕੂੰ ਧੁੜਕੂੰ ਕਰ ਰਿਹਾ ਸੀ। ਪ੍ਰੀਖਿਆ ਕੇਂਦਰ ਨੂੰ ਠੀਕ ਠਾਕ ਚਲਾਉਣ ਲਈ ਉਹ ਯੂਨੀਵਰਸਿਟੀ ਵੱਲੋਂ ਸੌ ਫੀਸਦੀ ਜ਼ਿੰਮੇਵਾਰ ਸੀ। ਉਹ ਫਿਰ ਚੱਲ ਪਏ।

"ਮੈਨੇਜਰ ਸਾਹਿਬ, ਪਰਚਾ ਸ਼ੁਰੂ ਕਰਵਾਉਣ ਦਾ ਸਮਾਂ ਤਾਂ ਪਹਿਲਾਂ ਹੀ ਹੋ ਚੁੱਕਾ ਏ। ਅਸੀਂ ਅਜੇ ਅੱਧ ਵਿਚਾਲੇ ਹੀ ਹਾਂ," ਸੁਪਰਡੈਂਟ ਨੇ ਆਪਣੀ ਚਿੰਤਾ ਜ਼ਾਹਰ ਕੀਤੀ।

"ਫਿਰ ਕੀ ਹੋਇਆ, ਸੁਪਰਡੈਂਟ ਸਾਹਿਬ। ਮੈਨੂੰ ਪਤਾ ਏ ਕਿ ਸਭ ਕੰਮ ਠੀਕ ਠਾਕ ਹੋ ਰਿਹਾ ਹੋਵੇਗਾ। ਤੁਹਾਨੂੰ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ। ਉੱਥੇ ਮੇਰਾ ਕੜਛਾ ਬੈਠਾ ਏ, ਤੁਹਾਨੂੰ ਪਤਾ ਏ। ਅਗਰ ਕੰਮ ਸ਼ੁਰੂ ਨਾ ਕਰਵਾਇਆ ਤਾਂ ਮੈਥੋਂ ਬੁਰਾ

ਕੋਈ ਨਹੀਂ ਹੋਵੇਗਾ। ਅਸੀਂ ਜਿੱਥੇ ਪੈਰ ਧਰੀਏ ਪੈੜ ਕਰ ਦੇਈਏ, ਸੁਪਰਡੈਂਟ ਸਾਹਿਬ, " ਮੈਨੇਜਰ ਪਰਜਾ 'ਚ ਬੈਠੇ ਰਾਜੇ ਵਾਂਗ ਲਾਚੜ ਕੇ ਬੋਲਿਆ।

ਮੈਨੇਜਰ ਤੇ ਸੁਪਰਡੈਂਟ ਕਾਲਜ ਮੂਹਰੇ ਪਹੁੰਚੇ ਤਾਂ ਦੇਖਿਆ ਲੋਕਾਂ ਦਾ ਤਾਂਤਾ ਲੱਗਿਆ ਹੋਇਆ ਸੀ।

"ਲੱਗਦਾ ਤਾਂ ਭਲਾ ਆਦਮੀ ਏ," ਇੱਕ ਸੁਪਰਡੈਂਟ ਵੱਲ ਸ਼ਿਸ਼ਤ ਲਾਉਂਦਾ ਹੋਇਆ ਬੋਲਿਆ।

"ਚੁੱਪ ਜਿਹਾ ਲਗਦੈ। ਸਿਆਣੇ ਕਹਿੰਦੇ, ਚੁੱਪ ਵਗਦੇ ਪਾਣੀ ਡੂੰਘੇ ਹੁੰਦੈ",

ਇੱਕ ਅਮਲੀ ਜਿਹੇ ਨੇ ਸਿਗਰਟ ਦੀ ਕੱਸ਼ ਹਵਾ 'ਚ ਉਲਾਰਦੇ ਕਿਹਾ।

"ਮੈਨੇਜਰ ਸਾਹਿਬ ਨੇ ਆਉਂਦਾ ਹੀ ਕਾਬੂ ਕਰ ਲਿਐ। ਉਹਦੇ ਨਾਲ ਤੁਰਿਆ ਜਾਂਦਾ ਇਵੇਂ ਲਗਦੈ ਜਿਵੇਂ ਬੋਤੇ ਨਾਲ ਬੱਕਰੀ ਤੁਰੀ ਜਾਂਦੀ ਹੋਵੇ। ਮੈਨੇਜਰ ਬੜੀ ਚੀਜ਼ ਐ। ਉਸ ਤੋਂ ਆਮ ਜਿਹੇ ਲੋਕ ਤਾਂ ਐਵੇਂ ਹੀ ਡਰ ਜਾਂਦੈ। ਉਸਨੇ ਮੁੰਡਿਆਂ ਨਾਲ ਵੀ ਬਣਾ ਕੇ ਰੱਖੀ ਹੋਈ ਏ। ਅੱਜ ਤਾਂ ਰਾਜ ਦੀ ਮੁੰਡਿਆਂ ਦਾ ਚਲਦਾ ਏ," ਇੱਕ ਹੋਰ ਰਿੱਛ ਵਾਂਗ ਲਾਚੜ ਕੇ ਬੋਲਦਾ ਹੋਇਆ ਸਕੂਟਰ ਨੂੰ ਕਿੱਕ ਮਾਰ ਕੇ ਤਿੱਤਰ ਹੋ ਗਿਆ ਜਿਵੇਂ ਹੁਣ ਉਸਦੇ ਅੰਦਰ ਪਰਚਾ ਦੇਣ ਗਏ ਸਾਥੀ ਦੀਆਂ ਪੌਂ ਬਾਰਾਂ ਹੀ ਹੋਣ।

"ਤੁਰਦਾ ਤਾਂ ਸਰਕਾਰੀ ਸਾਹਣ ਵਾਂਗਰ ਫੈਲਰ ਫੈਲਰ ਕੇ ਏ। ਪਤਾ ਨੀਂ ਕੀ ਚੰਦ ਚਾੜੂ।" ਇੱਕ ਹੋਰ ਦਾ ਮੂੰਹ ਟੱਡਿਆ ਹੋਇਆ ਹੀ ਰਹਿ ਗਿਐ।

"ਕਹਿੰਦੇ, ਟਾਂਡਿਓ ਆਇਆ ਏ," ਇੱਕ ਮਾੜਕੂ ਜਿਹਾ ਸਾਈਕਲ ਤੇ ਲੱਤ ਲਾਈ ਖੜ੍ਹਾ ਦੇਖਦਾ ਹੀ ਰਹਿ ਗਿਐ, "ਪਹਿਲਾਂ ਵੀ ਜਿਹੜੇ ਟਾਡਿਓਂ ਆਉਂਦੇ ਹੁੰਦੇ ਸੀ ਬੜੇ ਚੰਗੇ ਹੁੰਦੇ ਸੀ।"

"ਜਦ ਪ੍ਰਿੰਸੀਪਲ ਤੇ ਸੁਪਰਡੈਂਟ ਹੀ ਕਾਬੂ 'ਚ ਹਨ ਤਾਂ ਸੈਂਟਰ ਤਾਂ ਵਧੀਆ ਚੱਲਣਾ ਹੀ ਏ," ਇੱਕ ਤੇਜ਼ ਤਰਾਰ ਛੋਕਰੇ ਨੇ ਚੁਟਕੀ ਵਜਾਈ।

ਹਜੂਮ 'ਚੋਂ ਨਿਕਲ ਕੇ ਦੋਨੋਂ ਮੁਅਜਜ਼ ਸ਼ਖਸੀਅਤਾਂ ਕਾਲਜ ਅੰਦਰ ਚਲੀਆਂ ਗਈਆਂ। ਉਹਨਾਂ ਦੇ ਪਹੁੰਚਦੇ ਸਾਰ ਹੀ ਪ੍ਰਿੰਸੀਪਲ ਨੇ ਕੇਂਦਰ ਪਾਸ ਦੌੜੇ ਭੱਜੇ ਫਿਰਦੇ ਨੇ ਦੋਵੇਂ ਹੱਥ ਜੋੜ ਦਿੱਤੇ।

"ਥੋੜ੍ਹੇ ਲੇਟ ਹੋ ਗਏ, ਸੈਂਟਰ ਤਾਂ ਠੀਕ ਹੀ ਚੱਲ ਪਿਆ ਹੋਵੇਗਾ?" ਮੈਨੇਜਰ ਨੇ ਇਵੇਂ ਤੇਵਰ ਦਿਖਾਏ ਜਿਵੇਂ ਕਾਲਜ ਦੇ ਕਿਸੇ ਚੌਥਾ ਦਰਜਾ ਕਰਮਚਾਰੀ ਨਾਲ ਗੱਲ ਕਰ ਰਿਹਾ ਹੋਵੇ।

"ਮੈਨੇਜਰ ਸਾਹਿਬ, ਪਰਚਾ ਠੀਕ ਠਾਕ ਸ਼ੁਰੂ ਕਰਵਾ ਦਿੱਤਾ ਸੀ। ਕੋਈ ਦਿੱਕਤ ਨਹੀਂ ਆਈ। ਸਾਰਾ ਸਟਾਫ਼ ਸਮੇਂ ਸਿਰ ਪਹੁੰਚ ਗਿਆ ਸੀ। ਸੁਪਰਡੈਂਟ ਸਾਹਿਬ ਬਸ ਅੰਦਰ ਜਾਣ ਤੇ ਕਾਗਜ਼ਾਂ ਤੇ ਘੁੱਗੀ ਮਾਰ ਆਉਣ। ਚਾਹ ਆ ਰਹੀ ਏ। ਜਲਦੀ ਹੀ ਵਾਪਸ ਆ ਜਾਣ। ਸੁਪਰਡੈਂਟ ਸਾਹਿਬ, ਚਲੋਂ, ਮੈਂ ਤੁਹਾਡੇ ਨਾਲ ਹੀ ਚਲਦਾ ਹਾਂ। ਛੇਤੀਂ

ਦੇਣੀ ਵਾਪਸ ਆ ਕੇ ਚਾਹ ਪੀਈਏ,"

ਪ੍ਰਿੰਸੀਪਲ ਮੈਨੇਜਰ ਤੇ ਸੁਪਰਡੈਂਟ ਦੀ ਹਰ ਖਿਦਮਤ ਲਈ ਤੱਤਪਰ ਸੀ।

ਜਦ ਪ੍ਰਿੰਸੀਪਲ ਤੇ ਉਜਾਗਰ ਮੱਲ ਹੌਲੀ ਹੌਲੀ ਸੈਂਟਰ ਵਲ ਵਧੇ ਤਾਂ ਡਿਊਟੀ ਸਟਾਫ਼ ਨੇ ਘੜੀ ਕੁ ਲਈ ਸਭ ਨੂੰ ਚੁਕੰਨੇ ਕਰ ਦਿੱਤਾ ਮਤਾਂ ਉਹ ਰਾਊਂਡ ਲੈਣ ਹੀ ਨਾ ਆ ਜਾਣ। ਉਹ ਅੰਦਰ ਗਏ। ਕਲਰਕ ਨੇ ਕਾਗਜ਼ ਪੱਤਰ ਅੱਗੇ ਰੱਖੇ। ਸੁਪਰਡੈਂਟ ਨੇ ਘੁੱਗੀ ਮਾਰੀ। ਦੋਨੇ ਵਾਪਸ ਬਾਹਰ ਆ ਗਏ ਤੇ ਪ੍ਰਿੰਸੀਪਲ ਦੇ ਦਫਤਰ ਵਿੱਚ ਪਹੁੰਚ ਗਏ। ਕਾਰਜਕਾਰੀ ਪ੍ਰਿੰਸੀਪਲ ਨੇ ਮੈਨੇਜਰ ਦੇ ਆਉਣ ਕਰਕੇ ਆਪਣੀ ਕੁਰਸੀ ਪਹਿਲਾਂ ਹੀ ਛੱਡੀ ਹੋਈ ਸੀ। ਤਿੰਨੇ ਸੋਫ਼ੇ ਤੇ ਹੀ ਬੈਠ ਗਏ ਤੇ ਚਾਹ ਪੀਣ ਲੱਗ ਪਏ।

ਮੈਨੇਜਰ ਸਾਹਿਬ ਨੇ ਸੁਪਰਡੈਂਟ ਤੇ ਆਪਣਾ ਰੋਅਬ ਪਾਉਣ ਲਈ ਪ੍ਰਿੰਸੀਪਲ ਨੂੰ ਸਾਰਟ ਆਊਟ (sort out) ਕਰਨਾ ਸ਼ੁਰੂ ਕਰ ਦਿੱਤਾ,"ਤੁਸੀਂ ਜਾਣਦੇ ਹੀ ਹੋ ਕਿ ਕਾਲਜ ਦੇ ਕਈ ਮਸਲੇ ਪੈਂਡਿੰਗ ਪਏ ਨੇ। ਵਰਕਿੰਗ ਕਮੇਟੀ ਦੀ ਤੁਸੀਂ ਮੀਟਿੰਗ ਬੁਲਾਉਣੀ ਸੀ। ਕੀ ਪ੍ਰਾਗਰੈੱਸ ਏ?"

"ਸਰ, ਦਫ਼ਤਰ ਸੁਪਰਡੈਂਟ ਤਿੰਨ ਦਿਨ ਲਈ ਛੁੱਟੀ ਤੇ ਚਲਾ ਗਿਆ ਸੀ। ਇਸ ਕਰਕੇ ਮੀਟਿੰਗ ਦਾ ਏਜੰਡਾ ਤਿਆਰ ਕਰਨ ਵਿੱਚ ਕੁਝ ਦੇਰੀ ਹੋ ਗਈ। ਅਗਲੇ ਹਫਤੇ ਤੱਕ ਮੈਂਬਰਾਂ ਦੇ ਘਰੀਂ ਚਿੱਠੀਆਂ ਪਹੁੰਚ ਜਾਣਗੀਆਂ।"

"ਤੁਹਾਨੂੰ ਪਤਾ ਹੈ ਕਿ ਕਾਲਜ ਵਿੱਚ ਦੋ ਨਵੇਂ ਆਰਜੀ ਲੈਕਚਰਾਰ ਵੀ ਰੱਖਣੇ ਹਨ। ਇਹ ਕੰਮ ਵੀ ਨਵੇਂ ਸੈਸ਼ਨ ਤੋਂ ਪਹਿਲਾਂ ਪਹਿਲਾਂ ਹੀ ਕਰਨਾ ਹੋਵੇਗਾ। ਪਹਿਲਾਂ ਅਖਬਾਰ ਵਿੱਚ ਇਸ਼ਤਿਹਾਰ ਦੇਣਾ ਹੋਵੇਗਾ। ਅਰਜ਼ੀਆਂ ਭੇਜਣ ਲਈ ਉਮੀਦਵਾਰਾਂ ਨੂੰ ਕੁਝ ਸਮਾਂ ਵੀ ਦੇਣਾ ਹੋਵੇਗਾ। ਇਸ ਤੋਂ ਪਿੱਛੋਂ ਇੰਟਰਵਿਊ ਰੱਖੀ ਜਾਵੇਗੀ।"

"ਇਸ ਸੰਬੰਧ ਵਿੱਚ ਵੀ ਕਾਰਵਾਈ ਸ਼ੁਰੂ ਕਰ ਦਿੰਦੇ ਹਾਂ, ਸਰ। ਮੈਂ ਤੁਹਾਡੇ ਨਾਲ ਇਸ ਬਾਰੇ ਸਲਾਹ ਕਰਨ ਹੀ ਵਾਲਾ ਸੀ।"

"ਡੀ.ਪੀ.ਆਈ. ਤੋਂ ਗਰਾਂਟ ਆਉਣ ਵਾਲੀ ਸੀ। ਆਈ ਕਿ ਨਹੀਂ? ਅਗਰ ਦਫਤਰ ਸਮੇਂ ਸਿਰ ਕਾਗਜ਼ ਤਿਆਰ ਕਰਕੇ ਡੀ.ਪੀ.ਆਈ. ਦੇ ਦਫਤਰ ਭੇਜੇਗਾ ਤਾਂ ਹੀ ਗਰਾਂਟ ਸਮੇਂ ਸਿਰ ਆਵੇਗੀ। ਮੈਨੂੰ ਲਗਦਾ ਏ ਕਿ ਤੁਹਾਡਾ ਦਫਤਰ ਢਿੱਲਾ ਚਲਦਾ ਏ। ਇਹਨੂੰ ਜ਼ਰਾ ਕੱਸ ਕੇ ਰੱਖਿਆ ਕਰੋ। ਪਿਛਲੇ ਪ੍ਰਿੰਸੀਪਲ ਨੇ ਇਸ ਸਾਰੇ ਅਮਲੇ ਫੈਲੇ ਨੂੰ ਢਿੱਲਾ ਕੀਤਾ ਹੋਇਆ ਸੀ। ਤੁਹਾਨੂੰ ਪਤਾ ਏ ਥੰਦਿਆਂ ਭਾਂਡਿਆਂ ਚੋਂ ਥੰਧਿਆਈਆਂ ਬੜੀ ਮੁਸ਼ਕਲ ਨਾਲ ਜਾਂਦੀਆਂ ਹੁੰਦੀਆਂ, "ਮੈਨੇਜਰ ਨੇ ਆਪਣੇ ਤੇਵਰ ਤਿੱਖੇ ਕਰ ਲਏ।

"ਜੀ ਸਰ, ਦਫਤਰ ਸੁਪਰਡੈਂਟ ਛੁੱਟੀਆਂ ਕੱਟ ਕੇ ਆ ਗਿਆ ਏ। ਅਸੀਂ ਦੋ ਦਿਨ ਵਿੱਚ ਹੀ ਕਾਗਜ਼ ਤਿਆਰ ਕਰਵਾ ਕੇ ਚੰਡੀਗੜ੍ਹ ਭੇਜ ਦਿਆਂਗੇ।"

ਇੰਨੇ ਚਿਰ ਵਿੱਚ ਸੁਪਰਡੈਂਟ ਸਾਹਿਬ ਚਾਹ ਪੀ ਚੁੱਕੇ ਸਨ। ਪ੍ਰਿੰਸੀਪਲ ਸਾਹਿਬ ਨੇ ਅੰਦਰ ਸੁਨੇਹਾ ਪਹਿਲਾਂ ਹੀ ਭੇਜ ਦਿੱਤਾ ਸੀ ਕਿ ਕੁੱਝ ਮਿੰਟਾਂ ਵਿੱਚ ਸੁਪਰਡੈਂਟ ਸਾਹਿਬ

ਸੈਂਟਰ ਦਾ ਰਾਊਂਡ ਲੇਣਗੇ।

"ਸੁਪਰਡੈਂਟ ਸਾਹਿਬ, ਆਓ ਸੈਂਟਰ ਦਾ ਰਾਊਂਡ ਲੈ ਆਈਏ। ਆਓ, ਤੁਹਾਨੂੰ ਦਿਖਾ ਦੇਈਏ ਕਿ ਸੈਂਟਰ ਕਿੰਨਾ ਸਾਵਾਂ ਤੇ ਸੁਚੱਜਾ ਚੱਲ ਰਿਹਾ ਏ।"

"ਚਲੋ"

ਪ੍ਰਿੰਸੀਪਲ ਤੇ ਸੁਪਰਡੈਂਟ ਇੰਨੇ ਮੀਜਾਜ਼ ਨਾਲ ਹੌਲੀ ਹੌਲੀ ਪੈਰ ਪੁੱਟ ਕੇ ਦਫ਼ਤਰ 'ਚੋਂ ਬਾਹਰ ਨਿਕਲੇ ਕਿ ਅੰਨ੍ਹਿਆਂ ਨੂੰ ਵੀ ਚੁਕੰਨੇ ਹੋਣ ਲਈ ਸਮਾਂ ਮਿਲ ਜਾਵੇ। ਜਾਂਦੇ ਜਾਂਦੇ ਪ੍ਰਿੰਸੀਪਲ ਸੁਪਰਡੈਂਟ ਨੂੰ ਨਵੀਆਂ ਬਣੀਆਂ ਭੌਤਿਕ ਤੇ ਰਸਾਇਣ ਵਿਗਿਆਨ ਦੀਆਂ ਪ੍ਰਯੋਗਸ਼ਾਲਾਵਾਂ ਦਿਖਾਉਣ ਲੱਗ ਪਿਆ। ਫਿਰ ਦੋਹਾਂ ਨੇ ਸੈਂਟਰ ਦੇ ਮੂਹਰੇ ਬਣੇ ਵਰਾਂਡੇ ਦਾ ਚੱਕਰ ਲਾਇਆ। ਕਮਰਿਆਂ ਅੰਦਰ ਜਾਣ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਕਿਉਂਕਿ ਇਸ ਗੱਲ ਦਾ ਯਕੀਨ ਹੀ ਸੀ ਕਿ ਸੈਂਟਰ ਬੜਾ ਸਮੂਦ ਚਲ ਰਿਹਾ ਸੀ। ਉਹ ਅਜੇ ਸੈਂਟਰ ਵਿੱਚੋਂ ਵਾਪਸ ਪਰਤ ਹੀ ਰਹੇ ਸਨ ਕਿ ਯੂਨੀਵਰਸਿਟੀ ਦਾ ਉਡਨ ਦਸਤਾ ਆ ਗਿਆ। ਪ੍ਰਿੰਸੀਪਲ ਨੇ ਉਡਨ ਦਸਤੇ ਨੂੰ ਕਾਲਜ ਅੰਦਰ ਦਾਖਲ ਹੁੰਦੇ ਸਾਰ ਹੀ ਰੋਕ ਲਿਆ ਤੇ ਆਪਣੇ ਦਫ਼ਤਰ ਵਿੱਚ ਬਿਠਾ ਲਿਆ।

"ਸੁਨਾ ਹੈ, ਸੈਂਟਰ ਬਹੁਤ ਅੱਛਾ ਚਲ ਰਹਾ ਹੈ," ਉਡਨ ਦਸਤੇ ਦੇ ਬੌਸ ਵਰਮਾ ਸਾਹਿਬ ਨੇ ਖੁਦ ਹੀ ਸੈਂਟਰ ਨੂੰ ਵਧੀਆ ਕਰਾਰ ਦੇ ਦਿੱਤਾ।

"ਤੁਸੀਂ ਠੀਕ ਫਰਮਾਇਆ ਏ, ਸਰ। ਕਿਸੇ ਕਿਸਮ ਦੀ ਕੋਈ ਪ੍ਰਾਬਲਮ ਨਹੀਂ," ਪ੍ਰਿੰਸੀਪਲ ਨੇ ਵਰਮਾ ਸਾਹਿਬ ਦੀ ਗੱਲ ਝੱਟ ਫੜ ਲਈ, "ਸਿੱਧੇ ਚੰਡੀਗੜ੍ਹ ਤੋਂ ਹੀ ਆ ਰਹੇ ਹੋ ਜਾਂ ਕੁਝ ਹੋਰ ਸੈਂਟਰ ਚੈੱਕ ਕਰਕੇ ਆਏ ਹੋ?"

"ਅਭੀ ਤੋਂ ਸੀਧੇ ਚੰਡੀਗੜ੍ਹ ਸੇ ਹੀ ਆ ਰਹੇ ਹੈਂ। ਕੁਛ ਔਰ ਸੈਂਟਰੋਂ ਮੇਂ ਸ਼ਾਇਦ ਅਬ ਜਾਏਂਗੇ। ਮਾਲੂਮ ਹੈ ਸਭੀ ਸੈਂਟਰ ਠੀਕ ਹੀ ਚਲ ਰਹੇ ਹੈਂ। ਪਿਛਲੇ ਸਾਲ ਵੀ ਐਸੇ ਹੀ ਚਲਤੇ ਰਹੇ ਥੇ। ਲਗਤਾ ਹੈ ਆਨੇ ਵਾਲੇ ਸਾਲੋਂ ਮੇਂ ਵੀ ਐਸੇ ਹੀ ਚਲਤੇ ਰਹੇਂਗੇ। ਵੈਸੇ ਵੀ ਹਮ ਸਾਰਾ ਸਮਾਂ ਏਕ ਸੈਂਟਰ ਮੈਂ ਥੋੜ੍ਹਾ ਬੈਠੇ ਰਹਿਨਾ ਹੈ। ਅਗਰ ਹਮ ਕੋਈ ਪਰਚਾ ਕੈਂਸਲ ਵੀ ਕਰਦੇਂ ਤੋਂ ਦੂਸਰੀ ਵਾਰ ਰਖਾ ਯੇਹ ਪਰਚਾ ਕੋਈ ਦੇਵਤੇ ਤੋਂ ਲੇਂਗੇ ਨਹੀਂ। ਇਸ ਲਿਏ ਕੋਈ ਪ੍ਰੀਖਿਆ ਕੈਂਸਲ ਕਰਕੇ ਕਾ ਕਯਾ ਫਾਈਦਾ? ਲਾਓ ਮੈਂ ਰਿਪੋਰਟ ਲਿਖ ਦੂੰ-ਗੋਇੰਗ ਆਨ ਵੈਲ (going on well)। ਹਮ ਅਪਨੇ ਟੀ.ਏ., ਡੀ.ਏ.ਕੇ. ਫਾਰਮ ਭਰ ਲੇਂ। ਚਾਏ ਹਮ ਨੇ ਪੀ ਹੀ ਲੀ ਹੈ। ਸ਼ਾਇਦ ਕੁਛ ਔਰ ਸੈਂਟਰੋਂ ਮੇਂ ਵੀ ਹਮ ਜਾਏਂ।"

ਉਡਨ ਦਸਤਾ ਛੂ ਮੰਤਰ ਹੋ ਗਿਆ। ਕੁੱਝ ਸਮੇਂ ਲਈ ਪ੍ਰਿੰਸੀਪਲ ਆਪਣੇ ਦਫਤਰ ਵਿੱਚ ਇਕੱਲਾ ਹੀ ਰਹਿ ਗਿਆ ਕਿਉਂਕਿ ਮੈਨੇਜਰ ਸਾਹਿਬ ਅਜੇ ਕਾਲਜ ਵਿੱਚ ਹੀ ਬਣੇ ਕਮੇਟੀ ਦੇ ਦਫਤਰ ਵਿੱਚ ਸਨ। ਪ੍ਰਿੰਸੀਪਲ ਨੂੰ ਆਪਣਾ ਪਿਛਲਾ ਸਾਰਾ ਕੈਰੀਅਰ ਯਾਦ ਆਉਣਾ ਸ਼ੁਰੂ ਹੋ ਗਿਆ। ਉਹ ਖਿਆਲਾਂ ਵਿੱਚ ਗੁਆਚ ਗਿਆ। ਉਸਨੇ ਵੀ ਤਾਂ ਅਕਸਰ ਦੋ ਮਜ਼ਮੂਨਾਂ ਦੀਆਂ ਐਮ.ਏ. ਦੀਆਂ ਡਿਗਰੀਆਂ ਪਾਸ

ਕੀਤੀਆਂ ਹੀ ਹੋਈਆਂ ਸਨ-ਪੰਜਾਬੀ ਤੇ ਰਾਜਨੀਤੀ ਸ਼ਾਸ਼ਤਰ। ਭਾਵੇਂ ਉਸਨੂੰ ਹਾਲਾਤ ਨੇ ਕਠਪੁਤਲੀ ਬਣਾਇਆ ਹੋਇਆ ਸੀ ਪਰ ਕਿਸੇ ਵੇਲੇ ਦੇ ਦਿਮਾਗ ਵਿੱਚ ਪਏ ਹੋਏ ਅੱਖਰ ਬੰਦੇ ਨੂੰ ਸੋਚਾਂ ਵਿੱਚ ਵੀ ਪਾ ਸਕਦੇ ਹਨ:-

ਮੈਨੇਜਰ ਜਿਹੇ ਲਾਲ ਭਬੱਕੜ ਵਿੱਦਿਅਕ ਢਾਂਚੇ ਦੇ ਥੰਮ੍ਹ ਹਨ...ਕਿੰਨੀ ਸ਼ਰਮ ਦੀ ਗੱਲ ਏ! ਇਹ ਸਾਡੀਆਂ ਪ੍ਰੀਖਿਆਵਾਂ ਲੈਂਦੇ ਹਨ...ਆਪਣੀ ਪੀੜ੍ਹੀ ਹੇਠ ਕਦੀ ਸੋਟਾ ਨਹੀਂ ਫੇਰਦੇ...ਆਹ ਕਿਹੋ ਜਿਹੀ ਪ੍ਰੀਖਿਆ ਮੇਰੀਆਂ ਅੱਖਾਂ ਮੂਹਰੇ ਹੋ ਰਹੀ ਏ...ਮੇਰੇ ਕਾਲਜ ਵਿੱਚ ਵੀ ਤੇ ਮੇਰੇ ਦੇਸ਼ ਵਿੱਚ ਵੀ...ਚੰਗਾ ਹੋਵੇ ਜੇ ਇਸ ਪ੍ਰਕਾਰ ਦੇ ਇਮਤਿਹਾਨ ਨਾ ਹੀ ਹੋਣ...ਇਹਨਾਂ ਪ੍ਰੀਖਿਆਰਥੀਆਂ ਨੇ ਕੱਲ੍ਹ ਨੂੰ ਬੀ.ਏ. ਐਮ.ਏ. ਕਰਕੇ ਦੇਸ਼ ਦੇ ਵੱਖ ਵੱਖ ਮਹਿਕਮਿਆਂ ਵਿੱਚ ਬਿਰਾਜਮਾਨ ਹੋਣਾ ਏ...ਦੇਸ਼ ਵੀ ਅਨੋਖੀ ਪ੍ਰੀਖਿਆ 'ਚੋਂ ਗੁਜ਼ਰ ਰਿਹਾ ਏ...ਸਿਆਸਤ ਦੇ ਧੁਨੰਤਰਾਂ ਤੇ ਘਣਚੱਕਰਾਂ ਦੀ ਵੀ ਪਰਖ ਤੇ ਪ੍ਰੀਖਿਆ ਹੋ ਰਹੀ ਏ...ਦੇਸ਼ ਦੇ ਵਿਧਾਨ ਦੀ ਸਾਰਥਕਤਾ ਵੀ ਸਾਣ ਤੇ ਲੱਗੀ ਹੋਈ ਏ...ਰਾਜਨੀਤੀ ਦਾ ਤਾਂ ਦਿਵਾਲਾ ਹੀ ਨਿਕਲ ਗਿਆ ਏ!... ਕੂਟਨੀਤੀ ਸਿਖਰਾਂ ਛੂਹ ਰਹੀ ਏ....ਕੂੜ ਫਿਰੇ ਪ੍ਰਧਾਨ ਵੇ ਲਾਲੋ...ਦੇਸ਼ ਵਿੱਚ ਘੱਟ ਗਿਣਤੀ ਫਿਰਕਿਆਂ ਦਾ ਕੀ ਬਣੇਗਾ?...ਅੰਤਰ ਸ਼ਾਕਤੋ, ਬਹਿਰ ਸ਼ੈਵੋ, ਸਭਾ ਮਧਯੋ ਵੈਸ਼ਣਵ (ਪ੍ਰਾਚੀਨ ਹਿੰਦੂ ਗ੍ਰੰਥ ਵਿੱਚੋਂ- ਅਰਥ-ਮਨ ਵਿੱਚ ਹੋਰ ਤੇ ਬੁੱਲ੍ਹਾਂ ਤੇ ਹੋਰ, ਕਹਿਣੀ ਹੋਰ ਤੇ ਕਰਨੀ ਹੋਰ) ...ਸੰਤਾਲੀ...ਪੰਜਾਹ...ਅਠੱਤਰ...ਚੌਰਾਸੀ!!! ...ਹੁਣ ਸਤਾਸੀ ਚਲ ਰਿਹਾ ਏ...ਪਤਾ ਨਹੀਂ ਹੋਰ ਕਦੋਂ ਤੱਕ ਪ੍ਰੀਖਿਆ ਚਲਦੀ ਰਹੇਗੀ!!! ਥਿਰ ਨਾਰਯਣ ਥਿਰ ਗੁਰੂ ਥਿਰ ਸਚਾ ਵੀਚਾਰੁ!!!...

ਪ੍ਰਿੰਸੀਪਲ ਆਪਣੇ ਖਿਆਲਾਂ ਵਿੱਚ ਗੁਆਚਿਆ ਹੀ ਹੋਇਆ ਸੀ ਕਿ ਡਾ. ਪਤਵੰਤ ਸਿੰਘ ਦਫਤਰ ਵਿੱਚ ਆ ਵੜਿਆ।

"ਸਾਹਿਬ ਜੀ, ਚੁੱਪ ਚਾਪ ਬੈਠੇ ਕਿਨ੍ਹਾਂ ਖਿਆਲਾਂ ਵਿੱਚ ਗੁਆਚੇ ਹੋਏ ਸੌ। ਮੇਰੇ ਅੰਦਰ ਆਉਣ ਤੇ ਵੀ ਤੁਸੀਂ ਇੱਕੋਂ ਪਾਸੇ ਨੂੰ ਟਿਕਟਿਕੀ ਲਗਾ ਕੇ ਦੇਖ ਰਹੇ ਸੌ। ਕਿਤੇ ਮੈਂ ਦਫਤਰ ਵਿੱਚ ਆ ਕੇ ਤੁਹਾਨੂੰ ਡਿਸਟਰਬ ਤਾਂ ਨਹੀਂ ਕੀਤਾ?" ਪਤਵੰਤ ਸਿੰਘ ਨੇ ਪੈਰ ਵਾਪਸ ਮੋੜਦੇ ਨੇ ਪ੍ਰਿੰਸੀਪਲ ਨੂੰ ਪੁੱਛ ਹੀ ਲਿਆ।

"ਨਹੀਂ, ਨਹੀਂ, ਪ੍ਰੋਫੈਸਰ ਸਾਹਿਬ ਐਸੀ ਤਾਂ ਕੋਈ ਗੱਲ ਨਹੀਂ। ਆ ਜਾਓ, ਆ ਜਾਓ, ਵਾਪਸ ਮੁੜਨ ਦੀ ਕਿਉਂ ਕਾਹਲੀ ਕਰ ਰਹੇ ਹੋ? ਆ ਜਾਓ, ਬੈਠੋ। ਚਾਹ ਪੀਂਦੇ ਆਂ। ਤੁਸੀਂ ਇਤਹਹਾਸ ਪੜ੍ਹਾਉਂਦੇ ਹੋ ਉਹ ਵੀ ਸੀਨੀਅਰ ਜਮਾਤਾਂ ਨੂੰ। ਨਾਲੇ ਪੰਜਾਬ ਦੇ ਆਧੁਨਿਕ ਇਤਿਹਾਸ ਵਿੱਚ ਤਾਂ ਤੁਹਾਡੀ ਪੂਰੀ ਮੁਹਾਰਤ ਏ। ਮੈਂ ਰਾਜਨੀਤੀ ਸ਼ਾਸ਼ਤਰ ਵਿੱਚ ਤਾਂ ਆਧੁਨਿਕ ਇਤਿਹਾਸ ਦਾ ਕੁਝ ਹਿੱਸਾ ਪੜ੍ਹਿਆ ਸੀ ਪਰ ਇਸ ਪ੍ਰਕਾਰ ਦੇ ਇਤਿਹਾਸ ਤੇ ਰਾਜਨੀਤੀ ਦਾ ਰੰਗ ਜ਼ਿਆਦਾ ਚੜ੍ਹਿਆ ਹੁੰਦਾ ਏ। ਤੁਹਾਡੇ ਆਉਣ ਸਮੇਂ ਮੈਂ ਸਿਆਸਤ ਤੇ ਇਤਿਹਾਸ ਦੀ ਕਿਸੇ ਸਾਂਝੀ ਗੁੰਝਲ ਵਿਚ ਫਸਿਆ ਹੋਇਆ ਸੀ। ਅੱਜ

ਜੋ ਪੰਜਾਬ ਵਿੱਚ ਹੋ ਰਿਹਾ ਏ ਮੈਂ ਇਹਦੇ ਮੁੱਢ ਬਾਰੇ ਜਾਨਣਾ ਚਾਹੁੰਦਾ ਹਾਂ। ਮੈਨੂੰ ਲਗਦਾ ਏ, ਤੁਸੀਂ ਮੇਰੀ ਗੁੰਝਲ ਬੜੀ ਆਸਾਨੀ ਨਾਲ ਹੱਲ ਕਰ ਸਕਦੇ ਹੋ। ਸਿੱਖ ਕੌਮ ਦੀਆਂ ਸਮੱਸਿਆਵਾਂ ਦਾ ਇਤਿਹਾਸ ਕਿੰਨਾ ਕੁ ਪੁਰਾਣਾ ਏ? ਸਿੱਖਾਂ ਨੂੰ ਇਤਿਹਾਸ ਵਿੱਚ ਕਿੰਨੀ ਕੁ ਵਾਰੀ ਪ੍ਰੀਖਿਆਵਾਂ ਵਿੱਚੋਂ ਲੰਘਣਾ ਪਿਆ? ਮੁਗਲਾਂ ਵੇਲੇ ਸਿੱਖਾਂ ਨਾਲ ਕੀ ਕੁਝ ਹੁੰਦਾ ਰਿਹਾ, ਇਹ ਤਾਂ ਅਸੀਂ ਜਾਣਦੇ ਹੀ ਹਾਂ। ਰਾਗੀ ਢਾਡੀ ਹੀ ਇਸ ਤੇ ਬਥੇਰਾ ਚਾਨਣਾ ਪਾਉਂਦੇ ਰਹਿੰਦੇ ਹਨ। ਸਿੱਖ ਰਾਜ ਬਾਰੇ ਵੀ ਆਪਾਂ ਨੂੰ ਪਤਾ ਹੀ ਹੈ। ਅੱਜ ਜੋ ਪੰਜਾਬ ਵਿੱਚ ਹੋ ਰਿਹਾ ਏ ਇਸਦਾ ਜ਼ਿਆਦਾ ਸੰਬੰਧ ਅੱਜ ਤੋਂ ਪਿਛਲੇ ਪੰਜਾਹ ਕੁ ਸਾਲਾਂ ਨਾਲ ਜ਼ਿਆਦਾ ਲਗਦਾ ਏ। ਅਜੇ ਪਰਚਾ ਖਤਮ ਹੋਣ ਨੂੰ ਘੰਟਾ ਕੁ ਰਹਿੰਦਾ ਏ। ਤੁਸੀਂ ਮੈਨੂੰ ਕੁਝ ਵਿਹਲੇ ਵਿਹਲੇ ਵੀ ਲਗਦੇ ਹੋ। ਜਮਾਤਾਂ ਤਾਂ ਅੱਜ ਕੱਲ੍ਹ ਲਗਦੀਆਂ ਨਹੀਂ। ਥੋੜ੍ਹਾ ਜਿਹਾ ਮੇਰੀ ਦਿਮਾਗੀ ਗੁੰਝਲ ਨੂੰ ਹੀ ਸੁਲਝਾ ਦਿਓ।"

ਡਾ. ਪਤਵੰਤ ਸਿੰਘ ਮਿੰਟ ਕੁ ਸੋਚਣ ਲੱਗ ਗਿਆ, ਫਿਰ ਬੋਲਿਆ, "ਮੈਨੂੰ ਪਤਾ ਏ, ਤੁਸੀਂ ਇਤਿਹਾਸ ਦੀ ਤੰਦ ਕਿੱਥੋਂ ਕੁ ਫੜਨੀ ਚਾਹੁੰਦੇ ਹੋ। ਆਧੁਨਿਕ ਪੰਜਾਬ ਦੀ ਦਰਦ ਕਹਾਣੀ ਅਸਲ ਵਿੱਚ 1932 ਤੋਂ ਸ਼ੁਰੂ ਹੁੰਦੀ ਏ।"

"ਇਹ ਸੰਨ ਤਾਂ ਮੇਰੇ ਬਹੁਤਾ ਮਨਚਿਤ ਵੀ ਨਹੀਂ ਏ। ਕਿਉਂ, ਇਸ ਸੰਨ ਵਿੱਚ ਕੀ ਖਾਸ ਵਾਪਰ ਗਿਐ?"

"ਪ੍ਰਿੰਸੀਪਲ ਸਾਹਿਬ, ਇਹੀ ਸੰਨ ਤਾਂ ਸਾਰੇ ਮਸਲੇ ਦੀ ਜੜ੍ਹ ਏ। 1932 ਵਿੱਚ ਬਰਤਾਨੀਆ ਸਰਕਾਰ ਨੇ ਭਾਰਤ ਦੇ ਰਾਜਸੀ ਹੱਲ ਲਈ ਇੱਕ ਨੁਕਤਾ ਦਿੱਤਾ ਸੀ, ਜਿਸ ਨੂੰ ਕਮਿਊਨਿਲ ਅਵਾਰਡ (Communal Award) ਕਿਹਾ ਜਾਂਦਾ ਏ।"

"ਹਾਂ, ਕਮਿਊਨਲ ਅਵਾਰਡ ਬਾਰੇ ਮੈਂ ਕਿਤੇ ਪੜ੍ਹਿਆ ਤਾਂ ਸੀ ਪਰੰਤੂ ਮੈਨੂੰ ਇਸ ਦੀਆਂ ਧਾਰਾਵਾਂ ਬਾਰੇ ਬਹੁਤਾ ਯਾਦ ਨਹੀਂ।"

"ਸਾਹਿਬ ਜੀ, ਕਮਿਊਨਲ ਐਵਾਰਡ ਤੋਂ ਲੈ ਕੇ ਅੱਜ ਤੱਕ ਦੀ ਇੱਕ ਬੜੀ ਲੰਬੀ ਕਹਾਣੀ ਏ। ਇਸ ਨੂੰ ਬਰੀਕੀ ਨਾਲ ਬਿਆਨ ਕਰਨ ਲਈ ਚੋਖਾ ਸਮਾਂ ਚਾਹੀਦਾ ਏ। ਇਸ ਸਮੇਂ ਮੈਂ ਤੁਹਾਨੂੰ ਇਸ ਬਾਰੇ ਸੰਖੇਪ ਜਿਹਾ ਚਾਨਣਾ ਹੀ ਪਾ ਸਕਦਾ ਹਾਂ। ਆਹ, ਮੇਰੇ ਹੱਥ ਵਿੱਚ ਇੱਕ ਪੁਸਤਕ ਏ। ਇਹ ਪੁਸਤਕ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦੀ ਲਿਖੀ ਹੋਈ ਏ। ਇਸਦੇ ਵਰਕੇ ਪਲਟ ਕੇ ਮੈਂ ਤੁਹਾਨੂੰ ਇੱਕ ਅਬਾਰਤ ਪੜ੍ਹ ਕੇ ਸਣਾਉਂਦਾ ਹਾਂ। ਆਹ ਲਿਖਿਆ ਹੈ:-

'ਜਦ 16 ਅਗਸਤ 1932 ਨੂੰ ਇੰਗਲੈਂਡ ਦੇ ਪ੍ਰਧਾਨ ਮੰਤਰੀ ਮਿਸਟਰ ਰੈਮਜ਼ੇ ਮੈਕਡਾਨਲਡ ਵੱਲੋਂ ਕਮਿਊਨਲ ਅਵਾਰਡ ਦਾ ਐਲਾਨ ਕੀਤਾ ਗਿਆ ਸੀ ਤਾਂ ਮੁਸਲਮਾਨ ਆਗੂਆਂ ਨੇ ਨਾਂਹ ਨਾਂਹ ਕਰਦਿਆਂ ਇਸ ਨੂੰ ਪ੍ਰਵਾਨ ਕਰ ਲਿਆ। ਮਹਾਤਮਾ ਗਾਂਧੀ ਜੀ ਨੇ ਭੁੱਖ ਹੜਤਾਲ ਦੇ ਹਥਿਆਰ ਨਾਲ ਅਛੂਤਾਂ ਨੂੰ ਹਿੰਦੂਆਂ ਦਾ ਅਟੁੱਟ ਹਿੱਸਾ ਮਨਵਾ ਲਿਆ ਅਤੇ ਇਹ ਸੂਝਵਾਨ ਨੀਤੀ ਅਪਣਾਈ ਰੱਖੀ ਕਿ ਜੋ ਮਿਲਦਾ ਹੈ ਉਸ ਤੋਂ

ਨਾਂਹ ਨਾ ਕਰੋ ਅਤੇ ਹੋਰ ਮੰਗਾਂ ਲਈ ਧਮਕੀਆਂ ਅਤੇ ਡਰਾਵੇ ਦੇਈ ਜਾਓ ਅਤੇ ਦੂਸਰਾ ਗਲਬਾਤ ਨਾਲ ਸਮਝੌਤੇ ਦਾ ਰਾਹ ਵੀ ਨਾ ਛੱਡੋ। ਪਰ ਸਿੱਖਾਂ ਦੇ ਗਰਮ ਅਕਾਲੀ ਧੜੇ ਨੇ ਫੋਕੇ ਦਮਗਜ਼ਿਆਂ ਅਤੇ ਜੈਕਾਰਿਆਂ ਤੋਂ ਵਧ ਕੁਝ ਨਾ ਕੀਤਾ ਅਤੇ ਸਾਰਾ ਜ਼ੋਰ ਠੰਢੇ ਵਿਚਾਰਵਾਨ ਨੀਤੱਗਾਂ ਨੂੰ, ਜੋ ਕੁਝ ਕਰਨ ਯੋਗ ਸਨ, ਭੰਡਣ ਤੇ ਨਿਰੱਥਲ ਕਰਨ ਪਰ ਲਾ ਦਿੱਤਾ ਅਤੇ ਕੁਝ ਕਰਨ ਜੋਗੇ ਨਾ ਛੱਡਿਆ। ਇਹ ਇੱਕ ਐਸੀ ਹਿਰਦੇ ਵੇਧਕ ਗੱਲ ਹੈ ਜੋ ਪਿਛਲੇ ਪੰਜਾਹ ਵਰ੍ਹਿਆਂ ਤੋਂ ਮੁੜ ਮੁੜ ਦੁਹਰਾਈ ਜਾ ਰਹੀ ਹੈ ਅਤੇ ਸਿੱਖ ਆਗੂ, ਗੁਰੂ ਤੇ ਸੰਗਤ ਦੀ ਹਜ਼ੂਰੀ ਵਿੱਚ ਅਰਦਾਸ ਕਰਕੇ ਵੀ ਪੂਰੇ ਨਹੀਂ ਉਤਰ ਸਕੇ।'

ਆਹ ਇੱਕ ਹੋਰ ਥਾਂ ਤੇ ਲਿਖਿਆ ਹੈ :-

'ਭੋਲੇ ਸਿੱਖਾਂ ਨੂੰ ਖਿਆਲ ਸੀ ਕਿ ਜੋ ਵਾਇਦੇ ਉਹਨਾਂ ਨੂੰ ਕਾਂਗਰਸੀ ਹਿੰਦੂ ਲੀਡਰ ਦੇ ਰਹੇ ਹਨ ਉਹ ਬਹੁਤ ਕੁੱਝ ਪੂਰੇ ਕਰ ਦਿੱਤੇ ਜਾਣਗੇ। ਉਹਨਾਂ ਨੂੰ ਇਹ ਗੱਲ ਭੁੱਲ ਗਈ ਕਿ ਪੌਲਿਟੀਸ਼ੀਅਨ ਕਿਸੇ ਇੱਕ ਅਸੂਲ, ਵਾਇਦੇ ਅਤੇ ਬਚਨ ਨਾਲ ਬੱਧੇ ਹੋਏ ਨਹੀਂ ਰਹਿੰਦੇ। ਪਾਲਿਟਿਕਸ ਨਾਂਅ ਹੀ ਬਹੁਤੇ ਟਿਕਾਂ ਦਾ ਹੈ ਜਿਵੇਂ ਕਿ ਖੂਹ ਵਿੱਚ ਡਿੱਗਿਆ ਡੋਲ, ਬਾਲਟੀਆਂ ਆਦਿ ਚੀਜ਼ਾਂ ਨੂੰ ਕੱਢਣ ਵਾਲਾ ਕੁੰਡਿਆਂ ਦਾ ਜਾਲ ਹੁੰਦਾ ਹੈ ਜਿਸ ਦਾ ਜਿਹੜਾ ਵੀ ਕੁੰਡਾ ਕੰਮ ਆ ਜਾਏ ਉਹ ਹੀ ਪਾਲਿਟੀਸ਼ੀਅਲ ਲੋਕ ਵਰਤ ਲੈਂਦੇ ਹਨ।'

"ਪ੍ਰਿੰਸੀਪਲ ਸਾਹਿਬ, ਮੈਂ ਉਸ ਸਮੇਂ ਦੇ ਲੀਡਰਾਂ ਦੇ ਬਹੁਤੇ ਨਾਮ ਹੀ ਨਹੀਂ ਲੈਣਾ ਚਾਹੁੰਦਾ। ਕੁੱਕੜ ਭਾਵੇਂ ਰੰਗ ਬਰੰਗੇ ਸਨ ਪਰ ਬਾਂਗਾਂ ਸਭ ਦੀਆਂ ਇੱਕੋ ਜਿਹੀਆਂ ਹੀ ਸਨ। ਫਿਰ ਕਿਤੇ ਬੈਠ ਕੇ ਇਸ ਪ੍ਰਕਾਰ ਦੀਆਂ ਲੰਬੀਆਂ ਵਿਚਾਰਾਂ ਕਰਾਂਗੇ। ਸੰਖੇਪ ਗੱਲ ਇਹੀ ਕਹੀ ਜਾ ਸਕਦੀ ਏ ਕਿ ਉਪਰੋਕਤ ਪ੍ਰਕੋਪ ਦੀ ਸਥਿਤੀ ਸੰਨ ਸੰਤਾਲੀ ਤੋਂ ਪਹਿਲਾਂ ਅਤੇ ਇਸ ਤੋਂ ਬਾਅਦ ਵੀ ਬਣੀ ਰਹੀ। ਇਸ ਸੰਬੰਧ ਵਿੱਚ ਭਾਰਤੀ ਇਤਿਹਾਸ ਦੇ ਸੰਮਤ 1600, 1661, 1757, 1773, 1861, 1885, 1906, 1909, 1932 ਆਦਿ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਸਾਡਾ ਇਹ ਖਿੱਤਾ ਵੱਖ ਵੱਖ ਪ੍ਰਸਥਿਤੀਆਂ ਵਿੱਚੋਂ ਗੁਜ਼ਰਦਾ ਰਿਹਾ ਹੈ। ਅੱਜ ਦੇ ਹਾਲਾਤ ਵੀ ਇਹਨਾਂ ਪ੍ਰਸਥਿਤੀਆਂ ਦੀ ਹੀ ਉਪਜ ਹਨ। ਤੁਹਾਨੂੰ ਪਤਾ ਹੀ ਹੈ ਕਿ ਇੰਜ ਇਤਿਹਾਸ ਵਿੱਚ ਹੁੰਦਾ ਹੀ ਰਿਹਾ ਹੈ। ਤੁਹਾਡੇ ਪਾਸ ਹੁਣ ਬਹੁਤਾ ਵਕਤ ਨਹੀਂ। ਸੁਪਰਡੈਂਟ ਪਰਚੇ ਸਮੇਟ ਕੇ ਆ ਹੀ ਰਿਹਾ ਹੋਵੇਗਾ। ਤੁਸੀਂ ਉਹਦੇ ਨਾਲ ਕੱਲ੍ਹ ਦਾ ਪ੍ਰੋਗਰਾਮ ਵੀ ਉਲੀਕਣਾ ਹੋਵੇਗਾ। ਚੰਗਾ ਮੈਂ ਚਲਦਾ ਹਾਂ।"

"ਚੰਗਾ, ਡਾਕਟਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।"

ਪਰਚਾ ਕੁਝ ਦੇਰ ਬਾਅਦ ਖਤਮ ਹੋ ਗਿਆ। ਧਕਮਧੱਕਾ ਹੋਏ ਪ੍ਰੀਖਿਆਰਥੀ ਸੈਂਟਰ ਤੋਂ ਬਾਹਰ ਨਿਕਲ ਰਹੇ ਸਨ। ਕਾਵਾਂ ਰੌਲੀ ਮਚੀ ਹੋਈ ਸੀ। ਤਾਇਨਾਤ ਪੁਲਿਸ ਦੇ ਕੁੱਝ ਕਰਮਚਾਰੀ ਹੁੱਲੜਬਾਜ਼ੀ ਹੋਣ ਤੇ ਸਖਤ ਨਜ਼ਰ ਰੱਖ ਰਹੇ ਸਨ।

"ਪਰਚਾ ਤਾਂ ਗੱਡ ਕੇ ਰੱਖ ਦਿੱਤਾ। ਸਾਰੇ ਸਵਾਲ ਸ਼ਰੇਆਮ ਕਿਤਾਬ ਖੋਲ੍ਹ ਕੇ ਲਿਖੇ। ਸੁਪਰਵਾਈਜ਼ਰ ਨੇ ਅੱਖਾਂ ਮੀਚ ਛੱਡੀਆਂ। ਮਜ਼ਾ ਆ ਗਿਐ ਪਰਚਾ ਦੇਣ ਦਾ", ਇੱਕ ਬੋਲਿਆ।

"ਦੋ ਕੁ ਸਾਲ ਹੋਰ ਇਵੇਂ ਚਲਦਾ ਰਿਹਾ ਤਾਂ ਆਪਣੀ ਬੀ.ਏ. ਹੋਈ ਕਿ ਹੋਈ। ਸ਼ਾਇਦ ਐਮ.ਏ. ਵੀ ਇਵੇਂ ਹੀ ਹੋ ਜਾਵੇ। ਰੱਬ ਕਰੇ, ਪੰਜਾਬ 'ਚ ਹੋਰ ਦੋ ਚਾਰ ਸਾਲ ਗੋਲੀਆਂ ਚਲਦੀਆਂ ਰਹਿਣ। ਇਹ ਸਾਲੇ ਪੜ੍ਹੇ ਲਿਖੇ ਤਾਂ ਗੋਲੀਆਂ ਚਲਦੀਆਂ ਦੀਆਂ ਖਬਰਾਂ ਪੜ੍ਹ ਕੇ ਇਵੇਂ ਡਰ ਜਾਂਦੇ ਐ ਜਿਵੇਂ ਕਾਂ ਗੁਲੇਲ ਤੋਂ ਡਰਦਾ ਏ", ਇੱਕ ਹੋਰ ਦੂਜੇ ਨੂੰ ਦੰਦੀਆਂ ਕੱਢਦਾ ਹੋਇਆ ਦੱਸ ਰਿਹਾ ਸੀ।

ਸੈਂਟਰ ਅੰਦਰ ਸੁਪਰਡੈਂਟ ਦਾ ਕੰਮ ਖਤਮ ਹੋ ਗਿਆ। ਜਿਓਂ ਹੀ ਉਹ ਬਾਹਰ ਨਿਕਲਿਆ, ਉਸਦਾ ਸਾਥੀ ਪ੍ਰੋਫੈਸਰ ਪ੍ਰਸ਼ੋਤਮ ਉਸਨੂੰ ਆ ਮਿਲਿਆ।

"ਸਰ, ਆਓ ਮੇਰੇ ਨਾਲ ਸਕੂਟਰ ਤੇ ਬੈਠੋ। ਕੁਝ ਸਮਾਨ ਤੁਹਾਡੀ ਭੇਟ ਕਰਨਾ ਏ।"

"ਕਿਹੜਾ ਸਮਾਨ? ਕਿੱਥੇ ਜਾਣਾ ਏ?"

"ਸਰ, ਜਿਹੜੇ ਦੋ ਲੜਕੇ ਤੁਹਾਨੂੰ ਪਰਸੋਂ ਤੁਹਾਡੇ ਘਰ ਭੂੰਡ ਤੇ ਮਿਲਣ ਗਏ ਸੀ ਉਹਨਾਂ ਮੈਨੂੰ ਛੇ ਬੋਤਲਾਂ ਰੈੱਡ ਨਾਈਟ (Red Knight) ਦੀਆਂ ਦਿੱਤੀਆਂ ਸੀ। ਕਹਿੰਦੇ ਸੀ, ਸਾਹਿਬ ਨੂੰ ਦੇ ਦੇਣੀਆਂ। ਮੈਨੂੰ ਹੈਰਾਨੀ ਹੈ, ਜਦ ਸਭ ਕੰਮ ਮੁਫ਼ਤ ਵਿੱਚ ਹੀ ਠੀਕ ਚੱਲ ਰਿਹਾ ਸੀ, ਫਿਰ ਉਹਨਾਂ ਨੂੰ ਇੰਜ ਕਰਨ ਦੀ ਕੀ ਲੋੜ ਸੀ? ਮੈਨੂੰ ਲਗਦਾ ਏ, ਉਹ ਆਪਣਾ ਕੰਮ ਪੂਰਾ ਹੋਣ ਵਿੱਚ ਮਾੜੀ ਮੋਟੀ ਵੀ ਕਮਜ਼ੋਰੀ ਨਹੀਂ ਸੀ ਛੱਡਣੀ ਚਾਹੁੰਦੇ। ਉਹਨਾਂ ਦਾ ਆਖਰੀ ਚਾਂਸ ਸੀ। ਇਸ ਕਰਕੇ ਉਹਨਾਂ ਨੇ ਇਹ ਪਤਾ ਨਹੀਂ ਕਿਵੇਂ ਪਤਾ ਲਗਾ ਲਿਆ ਕਿ ਮੈਂ ਵੀ ਤੁਹਾਡੇ ਨਾਲ ਇਸੇ ਸੈਂਟਰ ਵਿੱਚ ਆ ਰਿਹਾ ਹਾਂ।"

"ਪ੍ਰੋਫੈਸਰ ਸਾਹਿਬ, ਹੋਰ ਤੁਸੀਂ ਜੋ ਮਰਜ਼ੀ ਕਰਦੇ ਪਰ ਤੁਹਾਨੂੰ ਉਹਨਾਂ ਪਾਸੋਂ ਇਹ ਸ਼ਰਾਬ ਨਹੀਂ ਸੀ ਲੈਣੀ ਚਾਹੀਦੀ।"

"ਸਰ, ਸਾਰੇ ਲੈਂਦੇ ਈ ਐ। ਅਸੀਂ ਲੈ ਲਈ ਫਿਰ ਕੀ ਹੋਇਆ? ਮੈਂ ਤਾਂ ਅਜੇ ਨਵਾਂ ਨਵਾਂ ਇਸ ਕਿੱਤੇ ਵਿੱਚ ਆਇਆ ਹਾਂ। ਪਹਿਲਾਂ ਮੈਂ ਇਕ ਸਕੂਲ ਵਿੱਚ ਦੋ ਸਾਲ ਪੜ੍ਹਾਇਆ ਸੀ। ਉਥੇ ਤਾਂ ਟੀਚਰ ਮੰਗ ਕੇ ਲੈ ਲਿਆ ਕਰਦੇ ਸਨ। ਮੈਂ ਤਾਂ ਫਿਰ ਵੀ ਪਰਦੇ ਨਾਲ ਹੀ ਲਈਆਂ ਨੇ। ਨਾਲੇ ਉਹ ਮੇਰੇ ਮੱਲੋਮੱਲੀ ਗਲ ਹੀ ਪਾ ਗਏ। ਕਹਿੰਦੇ, ਸਾਹਬ ਦੀ ਸੇਵਾ ਜ਼ਰੂਰ ਕਰਨੀ ਏ।"

"ਪ੍ਰੋਫੈਸਰ ਸਾਹਿਬ, ਹਾਲਾਤ ਬੜੇ ਖਰਾਬ ਨੇ। ਤੁਹਾਨੂੰ ਪਤਾ ਹੀ ਏ, ਖਾੜਕੂਆਂ ਦੀ ਲਹਿਰ ਸ਼ਰਾਬ ਦੇ ਵੀ ਬੜੀ ਖਿਲਾਫ਼ ਏ। ਉਹਨਾਂ ਸਿਗਰਟ ਅਤੇ ਮੀਟ ਦੇ ਖੋਖਿਆਂ ਦੇ ਨਾਲ ਸ਼ਰਾਬ ਦੇ ਠੇਕੇ ਵੀ ਬੰਦ ਕਰਵਾਏ ਨੇ," ਉਜਾਗਰ ਮੱਲ ਧੁਣਕੀ ਤੋਂ ਡਰੇ ਕਾਂ ਵਾਂਗ ਸਿਰ ਨੀਵਾਂ ਕਰੀ ਪ੍ਰੋਫੈਸਰ ਪ੍ਰਸ਼ੋਤਮ ਦੇ ਕੰਨਾਂ ਵਿੱਚ ਘੁਸਰ ਮੁਸਰ ਕਰ ਰਿਹਾ ਸੀ।

"ਇਹ ਕਿਹੜੇ ਖਾੜਕੂ ਨੇ? ਇਹ ਤਾਂ ਆਮ ਸਾਧਾਰਨ ਮੁੰਡੇ ਨੇ। ਵਿਚਾਰੇ ਬੀ.ਏ. ਦੇ ਆਖਰੀ ਸਾਲ ਦੀ ਅੰਗਰੇਜ਼ੀ ਦੀ ਕੰਪਾਰਟਮੈਂਟ ਕਲੀਅਰ ਕਰਕੇ ਬੱਸਾਂ ਵਿੱਚ ਕੰਡਕਟਰਾਂ ਤੋਂ ਚੈੱਕਰ ਬਣਨਾ ਚਾਹੁੰਦੇ ਨੇ। ਕਿਸੇ ਦਾ ਭਲਾ ਹੋ ਜਾਵੇ ਤਾਂ ਸਾਡਾ ਕੀ ਜਾਂਦਾ ਏ। ਤੁਹਾਨੂੰ ਪਤਾ ਏ, ਹੁਣ ਤਾਂ ਹਰ ਕੋਈ ਵਗਦੀ ਗੰਗਾ ਵਿੱਚ ਹੱਥ ਧੋਈ ਜਾ ਰਿਹਾ ਏ। ਸਾਲੇ ਕੰਡਕਟਰ ਹੁੰਦੇ ਹੋਏ ਸਵਾਰੀਆਂ ਨਾਲ ਟਿਚਕਰਾਂ ਕਰਦੇ ਨੇ। ਜੇਕਰ ਚੈੱਕਰ ਬਣ ਗਏ ਤਾਂ ਕੁਝ ਤਾਂ ਸਮਝਦਾਰੀ ਨਾਲ ਬੋਲਿਆ ਕਰਨਗੇ। ਇੰਜ ਉਹਨਾਂ ਦਾ ਸਵਾਰੀਆਂ ਨਾਲ ਸਿੱਧਾ ਵਾਸਤਾ ਖਤਮ ਹੋ ਜਾਊ। ਆਮ ਜਨਤਾ ਦਾ ਤਾਂ ਭਲਾ ਹੀ ਕੀਤਾ ਅਸੀਂ। ਸਾਨੂੰ ਫਖਰ ਹੋਣਾ ਚਾਹੀਦਾ ਹੈ ਕਿ ਅਸੀਂ ਦੋ ਅਵਾ ਤਵਾ ਬੋਲਣ ਵਾਲਿਆਂ ਨੂੰ ਪ੍ਰੋਮੋਟ ਕਰਵਾ ਕੇ ਚੈੱਕਰ ਬਣਵਾ ਦਿੱਤਾ ਤੇ ਆਮ ਭੋਲੀਆਂ ਭਾਲੀਆਂ ਸਵਾਰੀਆਂ ਨਾਲੋਂ ਉਹਨਾਂ ਦਾ ਨਾਤਾ ਤੋੜ ਦਿੱਤਾ। ਮੈਂ ਰੋਜ਼ ਬੱਸ ਵਿੱਚ ਦੇਖਦਾ ਹੀ ਹਾਂ ਕਿ ਕੰਡਕਟਰ ਸਵਾਰੀਆਂ ਨੂੰ ਕਿਵੇਂ ਟਿੱਚਰਾਂ ਕਰਦੇ ਨੇ। ਪਰਸੋਂ ਬਸ ਵਿੱਚ ਮੇਰੇ ਪਾਸ ਇੱਕ ਲੜਕੀ ਬੈਠੀ ਸੀ। ਜਦ ਮੈਨੂੰ ਕੰਡਕਟਰ ਟਿਕਟ ਦੇਣ ਲੱਗਾ ਤਾਂ ਕਹਿੰਦਾ-ਤੁਹਾਡੇ ਲਈ ਹੀ ਕੱਟਾਂ ਕਿ ਭਰਜਾਈ ਲਈ ਵੀ? ਇੰਜ ਟਿੱਚਰ ਕਰਦੇ ਨੇ ਇੱਕ ਅਜਨਬੀ ਜਨਾਨਾ ਸਵਾਰੀ ਨੂੰ ਮੇਰੀ ਪਤਨੀ ਬਣਾ ਕੇ ਹੀ ਪੇਸ਼ ਕਰ ਦਿੱਤਾ। ਸੁਪਰਡੈਂਟ ਸਾਹਿਬ, ਘਬਰਾਓ ਨਾ, ਅਸੀਂ ਲੋਕ ਭਲਾਈ ਦਾ ਕੰਮ ਹੀ ਕੀਤਾ ਏ।"

ਉਜਾਗਰ ਮੱਲ ਨੇ ਆਪਣੇ ਸਾਥੀ ਪ੍ਰੋਫੈਸਰ ਨਾਲ ਬਹੁਤੀ ਬਹਿਸ ਨਾ ਕੀਤੀ। ਪਰਚਾ ਖਤਮ ਹੋਣ ਤੋਂ ਬਾਦ ਉਹ ਫਿਰ ਮੈਨੇਜਰ ਸਾਹਿਬ ਦੇ ਨਾਲ ਉਸਦੇ ਘਰ ਚਲੇ ਗਿਆ। ਸ਼ਰਾਬ ਦੀਆਂ ਬੋਤਲਾਂ ਵਿੱਚੋਂ ਪੰਜ ਉਹਨੇ ਮੈਨੇਜਰ ਦੀ ਕਾਰ ਵਿੱਚ ਰਖਵਾ ਲਈਆਂ ਤੇ ਇੱਕ ਉਸ ਸਾਥੀ ਪ੍ਰੋਫੈਸਰ ਨੂੰ ਦੇ ਦਿੱਤੀ।

ਇੰਜ ਕਈ ਸਾਲ ਯੂਨੀਵਰਸਿਟੀਆਂ ਦੇ ਲੱਗਪੱਗ ਸਾਰੇ ਪ੍ਰੀਖਿਆ ਕੇਂਦਰਾਂ ਦੇ ਅਤੇ ਉਡਨ ਦਸਤਿਆਂ ਦੇ ਉਜਾਗਰ ਮੱਲਾਂ ਨੇ ਸਿਖਿਆਰਥੀਆਂ ਦੇ ਦਿਮਾਗਾਂ ਨੂੰ ਉਜਾਗਰ ਕਰੀ ਰੱਖਿਆ। ਪ੍ਰੀਖਿਆ ਚਲਦੀ ਰਹੀ ਤੇ ਉਜਾਗਰ ਮੱਲ ਨਵੀਂ ਪੀੜ੍ਹੀ ਦੇ ਦਿਮਾਗਾਂ ਨੂੰ ਉਜਾਗਰ ਕਰਦੇ ਰਹੇ। ਇੰਜ ਪੰਜਾਬ ਦਾ ਭਵਿੱਖ ਰੌਸ਼ਨ ਹੁੰਦਾ ਰਿਹਾ!!!

# ਪੱਬ

ਪੁਲਿਸ ਦੀ ਜੀਪ ਪੱਬ ਮੂਹਰੇ ਖੜ੍ਹੀ ਸੀ। ਹੌਲਦਾਰ ਤੇ ਚਾਰ ਕੁ ਸਿਪਾਹੀ ਉਸ ਅਧਰਾਣੇ ਜਿਹੇ ਕੋਠੇ ਦੇ ਦਰਵਾਜ਼ੇ ਪਾਸ ਖੜੇ ਇੱਕ ਦੋ ਬੰਦਿਆਂ ਤੋਂ ਕੁਝ ਪੁੱਛਗਿੱਛ ਕਰ ਰਹੇ ਸਨ। ਇਸ ਕੋਠੇ ਦੇ ਦਰਵਾਜ਼ੇ ਦੀ ਅੱਧ ਪਾਟੀ ਹੋਈ ਚਗ੍ਹਾਠ ਤੋਂ ਉੱਪਰ ਖਰ੍ਹਵੀਆਂ ਜਿਹੀਆਂ ਇੱਟਾਂ ਤੇ ਅੰਗਰੇਜ਼ੀ ਵਿੱਚ ਸ਼ਬਦ ‘ਪੱਬ’ (Pub) ਲਿਖਿਆ ਹੋਇਆ ਸੀ। ਇਸ ਪੱਬ ਵਿੱਚ ਦੋ ਬਾਣ ਦੇ ਮੰਜੇ ਡਿੱਠੇ ਹੋਏ ਸਨ, ਇੱਕ ਪੁਰਾਣਾ ਜਿਹਾ ਇੱਟਾਂ ਦਾ ਬਣਿਆ ਹੋਇਆ ਚੁੱਲ੍ਹਾ ਸੀ, ਉੱਪਰ ਖੂੰਜੇ ਉੱਚੇ ਥਾਂ ਇੱਕ ਛੋਟੇ ਸਾਈਜ਼ ਦਾ ਕਾਲਾ ਚਿੱਟਾ ਟੀ. ਵੀ. ਟੰਗਿਆ ਹੋਇਆ ਸੀ ਜਿਹੜਾ ਅਕਸਰ ਚਲਦਾ ਹੀ ਰਹਿੰਦਾ ਸੀ। ਇਸ ਟੀ.ਵੀ. ਦੇ ਸੱਜੇ ਪਾਸੇ ਕੰਧ ਤੇ ਇੱਕ ਅੱਧ ਕੱਜੀ ਔਰਤ ਦੀ ਤਸਵੀਰ ਵਾਲਾ ਕਲੰਡਰ ਲਟਕ ਰਿਹਾ ਸੀ।

ਇਸ ਪੱਬ ਦੇ ਇੱਕ ਖੂੰਜੇ ਚੁੱਲ੍ਹੇ ਦੇ ਨੇੜੇ ਕੁਝ ਪਾਥੀਆਂ ਤੇ ਕੁਝ ਸਰੁਆੜ੍ਹ ਪਈ ਸੀ। ਅੱਗ ਬਾਲਣ ਲਈ ਕੁੱਝ ਛਿਟੀਆਂ ਵੀ ਅਕਸਰ ਪਈਆਂ ਹੀ ਰਹਿੰਦੀਆਂ ਸਨ। ਤੀਲਾਂ ਦੀਆਂ ਇੱਕ ਦੋ ਡੱਬੀਆਂ ਵੀ ਚੁੱਲ੍ਹੇ ਨੇੜੇ ਅਕਸਰ ਪਈਆਂ ਹੀ ਰਹਿੰਦੀਆਂ ਸਨ। ਇੱਕ ਪਾਸੇ ਇੱਕ ਚਿੱਬਾ ਜਿਹਾ ਟਰੰਕ ਪਿਆ ਸੀ। ਇੱਕ ਟੁੱਟੇ ਢੱਕਣ ਵਾਲਾ ਪੀਪਾ ਪਿਆ ਸੀ ਜਿਸ ਵਿੱਚ ਗੁੜ ਭਰਿਆ ਹੋਇਆ ਸੀ। ਦਰਵਾਜ਼ੇ ਦੇ ਬੂਹੇ ਦੇ ਕੁੰਡੇ ਵਿੱਚ ਇੱਕ ਜੰਗਾਲੀ ਹੋਈ ਸਨ੍ਹੀ ਫਸੀ ਹੋਈ ਸੀ।

ਬਾਣ ਦੇ ਇੱਕ ਮੰਜੇ ਤੇ ਪਿੰਡ ਦਾ ਮੁਹਤਬਾਰ ਸੇਵਾਮੁਕਤ ਜਮਾਦਾਰ ਸੁਰਮੁਖ ਸਿੰਘ ਅਕਸਰ ਲੇਟਿਆ ਹੋਇਆ ਦਿਖਦਾ ਹੁੰਦਾ ਸੀ। ਜਮਾਦਾਰ ਸਾਹਿਬ ਪਿੰਡ ਵਿੱਚ ਸਾਲਾਨਾ ਹੋਣ ਵਾਲੀ ਛਿੰਝ ਦੇ ਮੋਹਰੀ ਹੋਇਆ ਕਰਦੇ ਸਨ। ਨੇੜੇ ਦੇ ਮਿਡਲ ਸਕੂਲ ਵਿੱਚ ਪੰਜਾਬੀ ਦਾ ਅਧਿਆਪਕ ਨਿਰਾਤਾ ਸਿੰਘ ਪਰਦੇਸੀ ਵੀ ਅਕਸਰ ਉੱਥੇ ਬੈਠਾ ਨਜ਼ਰ ਆਉਂਦਾ ਹੀ ਰਹਿੰਦਾ ਸੀ। ਪਰਦੇਸੀ ਸਾਹਿਬ ਨੂੰ ਛੰਦਾ ਬੰਦੀ ਵਾਲੀ ਕਵਿਤਾ ਲਿਖਣ ਦਾ ਵੀ ਸ਼ੌਕ ਸੀ ਤੇ ਉਸਦੇ ਛੰਦ ਕਦੀ ਕਦੀ ਸਥਾਨਕ ਅਖਬਾਰ ਵਿੱਚ ਵੀ ਛਪ ਜਾਇਆ ਕਰਦੇ ਸਨ। ਆਪਣੇ ਛੰਦਾਂ ਰਾਹੀਂ ਉਸਨੇ ਕਦੀ ਕਦੀ ਪੁਲਿਸ ਦੀਆਂ ਘਤਿੱਤਾਂ ਦਾ ਵੀ ਜਨਾਜਾ ਕੱਢਿਆ ਹੁੰਦਾ ਸੀ।

ਇਸ ਪਬ ਵਿੱਚ ਬੈਠੇ ਚਾਰ ਪੰਜ ਬੰਦੇ ਅਕਸਰ ਜਾ ਤਾਂ ਡੋਡੇ ਮਲ ਮਲ ਕੇ ਪੀਂਦੇ

ਰਹਿੰਦੇ ਸਨ ਤੇ ਜਾਂ ਫਿਰ ਰੂੜੀ ਮਾਰਕਾ ਦਾਰੂ ਦਾ ਦੌਰ ਚਲਦਾ ਰਹਿੰਦਾ ਸੀ। ਕਦੀ ਕਦੀ ਨਾਗਣੀ ਤੇ ਨਸਵਾਰ ਵੀ ਵਰਤੀ ਜਾਂਦੀ ਸੀ। ਰੈੱਡ ਲੈਂਪ, ਮੈਟਰੋ ਤੇ ਪਨਾਮਾ ਦੀਆਂ ਸਿਗਰਟਾਂ ਅਤੇ ਬੀੜੀਆਂ ਤਾਂ ਆਮ ਜਿਹੀ ਗੱਲ ਸੀ। ਚਿੱਕੜ ਜਿਹੀ ਚਾਹ ਵੀ ਆਮ ਵਰਤਦੀ ਹੁੰਦੀ ਸੀ। ਇਸ ਚਾਹ ਦੀਆਂ ਚੁਸਕੀਆਂ ਤਾਂ ਜਮਾਦਾਰ ਸਾਹਿਬ ਵੀ ਅਕਸਰ ਲੈ ਹੀ ਲਿਆ ਕਰਦੇ ਸਨ, ਉਂਜ ਭਾਵੇਂ ਉਹ ਕੋਈ ਨਸ਼ਾ ਨਹੀਂ ਕਰਦੇ ਸਨ। ਉਹ ਇੱਥੇ ਆਪਣਾ ਵਿਹਲਾ ਸਮਾਂ ਬਿਤਾਉਣ ਜਾਂ ਪਿੰਡ ਦੀਆਂ ਚਲੰਤ ਖਬਰਾਂ ਸੁਣਨ ਆਇਆ ਕਰਦੇ ਸਨ। ਕਈ ਵਾਰ ਦੇਸ ਪ੍ਰਦੇਸ਼ ਦੀਆਂ ਖਬਰਾਂ ਤੇ ਵੀ ਤਬਸਰੇ ਹੁੰਦੇ ਰਹਿੰਦੇ ਸਨ। ਸਾਹਮਣੇ ਚਲਦੇ ਟੈਲੀਵੀਜ਼ਨ ਤੇ ਦਰਸ਼ਨ ਦਿੰਦੀ ਕਿਸੇ ਮੁਟਿਆਰ ਦੀ ਅੱਧਨੰਗੀ ਤਸਵੀਰ ਵੀ ਅਮਲੀ ਆਪਣੀਆਂ ਐਕਸਰੇ ਅੱਖਾਂ ਨਾਲ ਨਿਹਾਰਦੇ ਹੀ ਰਹਿੰਦੇ ਸਨ। ਉਂਜ ਭਾਵੇਂ ਅਮਲੀ ਅਨਪੜ੍ਹ ਗੰਵਾਰ ਹੀ ਲਗਦੇ ਸਨ ਪਰੰਤੂ ਉਹ ਕਈ ਵਾਰ ਸਿੱਧ ਸੁਭਾਅ ਪੜ੍ਹਿਆਂ ਲਿਖਿਆਂ ਨਾਲੋਂ ਵੀ ਵਧੀਆ ਸੱਚੀਆਂ ਸੁੱਚੀਆਂ ਗੱਲਾਂ ਕਰਿਆ ਕਰਦੇ ਸਨ। ਪਰਦੇਸੀ ਸਾਹਿਬ ਭਾਵੇਂ ਅਧਿਆਪਕ ਸਨ ਪਰੰਤੂ ਉਹ ਵੀ ਕਦੀ ਕਦੀ ਡੋਡਿਆਂ ਦੀ ਘੁੱਟ ਲਗਾ ਹੀ ਲਿਆ ਕਰਦੇ ਸਨ। ਪੋਸਤ ਦੀ ਲੋਰ ਵਿੱਚ ਉਹ ਅਕਸਰ ਕਵਿਤਾ ਦੀਆਂ ਸਤਰਾਂ ਵੀ ਬੋਲਿਆ ਕਰਦੇ ਸਨ। ਅਮਲੀ ਅਕਸਰ ਸਿਰ ਹਿਲਾ ਕੇ ਉਸਦੀ ਕਵਿਤਾ ਦੀ ਦਾਦ ਦਿਆ ਕਰਦੇ ਸਨ। ਅਮਲੀ ਪਰਦੇਸੀ ਸਾਹਿਬ ਦੇ ਛੰਦਾਂ ਦੀ ਦਾਦ ਬਹੁਤੀ ਇਸ ਕਰਕੇ ਦਿੰਦੇ ਸਨ ਕਿਉਂਕਿ ਉਹ ਮਾਸਟਰ ਸੀ, ਓਦਾਂ ਭਾਵੇਂ ਇਹ ਛੰਦ ਕਈ ਵਾਰ ਬਹੁਤੇ ਉੱਚ ਦਰਜੇ ਦੇ ਨਹੀਂ ਹੋਇਆ ਕਰਦੇ ਸਨ। ਇਹ ਕੋਈ ਸਮਝ ਨਹੀਂ ਸੀ ਆਉਂਦੀ ਕਿ ਇਸ ਕੋਠੇ ਮੂਹਰੇ ਸ਼ਬਦ 'ਪੱਬ' ਕਿਹਨੇ ਲਿਖਿਆ ਸੀ। ਉਹ ਵੀ ਅੰਗਰੇਜ਼ੀ ਵਿੱਚ। ਇੰਜ ਲੱਗਦਾ ਸੀ ਜਿਵੇਂ ਕਿਸੇ ਵੇਲੇ ਜਾਂ ਤਾਂ ਕੋਈ ਕਾਲਜੀਏਟ ਹਾਸੇ ਠੱਠੇ ਦੇ ਮੂਡ ਵਿੱਚ ਇੱਥੇ ਇਹ ਸ਼ਬਦ ਹਰੇ ਜਿਹੇ ਪੇਂਟ ਨਾਲ ਲਿਖ ਗਿਆ ਜਾਂ ਫਿਰ ਇਸ ਮਾਸਟਰ ਨੇ ਹੀ ਲੋਰ ਵਿੱਚ ਆਏ ਕੇ ਚਗ੍ਹਾਠ ਦੇ ਉਪਰਲੇ ਪਾਸੇ ਕਿਸੇ ਦੇਸੀ ਜਿਹੇ ਬੁਰਸ਼ ਨਾਲ ਇਹ ਸ਼ਬਦ ਵਾਹ ਦਿੱਤਾ। ਜਦ ਕੋਈ ਪੜ੍ਹਿਆ-ਲਿਖਿਆ ਬੰਦਾ ਇਹ ਦੇਸੀ ਜਿਹਾ ਸਾਈਨ ਬੋਰਡ ਇਸ ਦੇਸੀ ਜਿਹੇ ਕੋਠੇ ਤੇ ਲਿਖਿਆ ਦੇਖਦਾ ਤਾਂ ਉਹ ਮਨ ਹੀ ਮਨ ਵਿੱਚ ਜ਼ਰੂਰ ਹੱਸਦਾ ਪੰਰਤੂ ਅਨਪੜ੍ਹ ਅਮਲੀਆਂ ਲਈ ਇਸ ਸ਼ਬਦ ਦਾ ਕੋਈ ਮਾਇਨਾ ਨਹੀਂ ਸੀ।

ਪੁਲਿਸ ਦਾ ਹੌਲਦਾਰ ਤੇ ਸਿਪਾਹੀ ਗਏ ਕਿਸੇ ਹੋਰ ਮਾਰ ਤੇ ਸਨ। ਜਦ ਉਹ ਮਾਰ ਪੂਰੀ ਨਾ ਹੋਈ ਤਾਂ ਉਹਨਾਂ ਸੋਚਿਆ ਖਾਲੀ ਵਾਪਸ ਕਾਹਨੂੰ ਜਾਣਾ, ਕੁੱਝ ਨਾ ਕੁੱਝ ਕਾਰਵਾਈ ਪਾ ਹੀ ਚਲਦੇ ਹਾਂ। ਉਹਨਾਂ ਜੀਪ ਪੱਬ ਵੱਲ ਮੋੜ ਲਈ ਤੇ ਅੰਦਰ ਆ ਵੜੇ। ਇਹਨਾਂ ਵਿੱਚੋਂ ਇਕ ਸਿਪਾਹੀ ਸ਼ਾਮ ਨੂੰ ਡੋਡੇ ਪੀਣ ਦਾ ਵੀ ਆਦੀ ਸੀ। ਉਸ ਇਹ ਸੋਚਿਆ ਕਿ ਸ਼ਾਇਦ ਪੱਬ 'ਚੋਂ ਖਰਾ ਮਾਲ ਮਿਲ ਜਾਵੇ ਜਿਹੜਾ ਥਾਣੇ ਪਹੁੰਚ ਕੇ ਸ਼ਾਮ ਨੂੰ ਵਰਤਿਆ ਜਾ ਸਕੇ।

“ਕੀ ਗੰਦ ਪਾਇਐ, ਓਏ ਅਮਲੀਓ? ਸਾਨੂੰ ਪਤਾ ਲੱਗਾ ਤੁਸੀਂ ਅੱਜ ਤੜਕੇ ਕੁੱਲੇਵਾਲ ਤੋਂ ਡੋਡਿਆਂ ਦੀ ਬੋਰੀ ਲਿਆਏ ਹੋ। ਕਿਸੇ ਨੇ ਥਾਣੇ ਡਾਇਰੀ ਦਿੱਤੀ ਸੀ ਕਿ ਚੈਨ ਅਮਲੀ ਸਵੇਰੇ ਸਵੇਰੇ ਸਾਈਕਲ ਤੇ ਬੋਰੀ ਧੂਈ ਆਉਂਦਾ ਸੀ। ਚੈਨ ਕਿੱਥੇ ਐ, ਓਏ ਚੌਰਿਓ?” ਹੌਲਾਦਾਰ ਨੇ ਦਰਵਾਜ਼ੇ ਦੀ ਚਗਾਠ ਤੇ ਠਾਹ ਕਰਕੇ ਸੋਟੀ ਮਾਰੀ। ਉਸਦੀ ਆਵਾਜ਼ ਨਗਾਰੇ ਵਾਂਗ ਗੱਜਵੀਂ ਸੀ।

“ਮਾਈ ਬਾਪ, ਚੈਨ ਤਾਂ ਜੰਗਲ ਪਾਣੀ ਗਿਆ ਹੋਇਐ। ਤੁਹਾਨੂੰ ਕਿਸੇ ਨੇ ਗਲਤ ਖਬਰ ਦੇਤੀ, ਮਾਲਕੋ। ਚੈਨ ਤਾਂ ਸਾਰੀ ਰਾਤ ਏਥੇ ਆਪਣੀ ਹਵੇਲੀ ਆਪਣੇ ਬਿਮਾਰ ਕੱਟੇ ਦੀ ਮਾਲਿਸ ਕਰਦਾ ਰਿਹਾ। ਹੁਣ ਦਿਨ ਚੜ੍ਹੇ ਤੇ ਸਲੋਤਰੀ ਨੂੰ ਸੁਨੇਹਾ ਭਿਜਾਇਐ। ਮਾਈ ਬਾਪ, ਜਦ ਤੁਸੀਂ ਆਏ ਅਸੀਂ ਤਾਂ ਸੋਚਿਆ ਜੀਪ ਵਿੱਚ ਸਲੋਤਰੀ ਆ ਗਿਐ।”

“ਸਾਡਾ ਡੰਡਾ ਕੰਧਾ ਮਨਵਾ ਲੈਂਦੇ। ਸਾਨੂੰ ਟੇਢੀ ਉਂਗਲੀ ਨਾਲ ਘਿਓ ਵੀ ਕੱਢਣਾ ਆਉਂਦੈ” ਹੌਲਦਾਰ ਖੜ੍ਹਾ ਪੈਰਾਂ ਹੇਠੋਂ ਮਿੱਟੀ ਕੱਢ ਰਿਹਾ ਸੀ।

“ਚੌਰਿਓ, ਆਹ ਤੁਹਾਡੇ ਠੂਠਿਆਂ ’ਚੋਂ ਡੋਡਿਆਂ ਦੀ ਮੁਸ਼ਕ ਅਜੇ ਵੀ ਆਉਂਦੀ ਪਈ ਏ। ਲਗਦੈ ਤੁਸੀਂ ਤਾਜ਼ੇ ਤਾਜ਼ੇ ਹੀ ਘੋੜੇ ਚੜ੍ਹੇ ਹੋ। ਅੰਦਰੋਂ ਰੂੜੀ ਮਾਰਕਾ ਦਾਰੂ ਦੀ ਵੀ ਹਵਾੜ੍ਹ ਆਉਂਦੀ ਪਈ ਏ। ਲਗਦਾ ਰਾਤੀਂ ਹੀ ਭੱਠੀ ਲਾਈ ਹੋਊ। ਪਤਾ ਲੱਗਾ ਏ, ਤੁਸੀਂ ਦਾਰੂ ਤੇ ਡੋਡੇ ਵੇਚਦੇ ਵੀ ਹੋ। ਕੱਢ ਦਿਓ ਲੁਕਾ ਕੇ ਰੱਖਿਆ ਮਾਲ। ਤਲਾਸ਼ੀ ਦਾ ਮੌਕਾ ਨਾ ਦਿਓ। ਕਾਲ ਕੋਠੜੀ ’ਚ ਬੈਠੇ ਲੇਰਾਂ ਮਾਰੋਗੇ,” ਹੌਲਦਾਰ ਨੇ ਕੁੰਢੀਆਂ ਮੁੱਛਾਂ ਨੂੰ ਵਟਾ ਚਾੜ੍ਹਦੇ ਨੇ ਦਬਕਾ ਮਾਰਿਆ।

ਇੰਨੇ ਨੂੰ ਜਮਾਦਾਰ ਤਾਂ ਉੱਥੋਂ ਚਲਾ ਗਿਆ। ਉਸਨੂੰ ਤੁਰਦੇ ਨੂੰ ਹੌਲਦਾਰ ਨੇ ਕੁਝ ਨਾ ਕਿਹਾ। ਪਰਦੇਸੀ ਮਾਸਟਰ ਅਜੇ ਉੱਥੇ ਹੀ ਸੀ। ਉਸਨੇ ਪੁਲਸੀਆਂ ਨਾਲ ਮਾੜੀ ਮੋਟੀ ਜ਼ਿਰਾ ਕਰਨੀ ਚਾਹੀਃ-

“ਜਨਾਬ, ਮੈਂ ਨਾਲ ਦੇ ਸਕੂਲ ਵਿੱਚ ਟੀਚਰ ਹਾਂ। ਇਹਨਾਂ ਵਿਚਾਰਿਆਂ ਨੇ ਨਾ ਭੱਠੀ ਲਾਈ ਏ ਤੇ ਨਾ ਹੀ ਇਹਨਾਂ ਪਾਸ ਡੋਡਿਆਂ ਦੀ ਬੋਰੀ ਏ। ਮਾੜੇ ਮੋਟੇ ਪੱਤੇ ਤਾਂ ਇਹ ਪੀਂਦੇ ਹੀ ਨੇ। ਹਵਾਲਾਤ ’ਚ ਰੱਖੋਗੇ, ਇਹ ਉੱਥੇ ਮਰ ਜਾਣਗੇ। ਉੱਥੇ ਵੀ ਤਾਂ ਤੁਸੀਂ ਇਹਨਾਂ ਨੂੰ ਮਾੜਾ ਮੋਟਾ ਅਮਲ ਦਿਓਗੇ ਹੀ। ਸਰਦਾਰ ਜੀ, ਮਰੇ ਹੋਏ ਸੱਪ ਗਲ ਨਾ ਪਾਓ। ਤੁਹਾਨੂੰ ਪਤਾ ਏ, ਇਹ ਨਸ਼ੇ ਦੇ  ਆਦੀ ਹੋ ਚੁੱਕੇ ਨੇ।”

“ਤੂੰ ਮਾਸਟਰ ਏਂ? ਆਪਣੀ ਸ਼ਕਲ ਦੇਖੀ ਮਾਸਟਰਾਂ ਆਲੀ? ਤੂੰ ਕੀ ਪੜ੍ਹਾਉਂਦਾ ਏ ਨਿਆਣਿਆਂ ਨੂੰ? ਕਿੰਨਿਆਂ ਕੁ ਦੀ ਜ਼ਿੰਦਗੀ ਗਾਲ ਚੁੱਕਾ ਏਂ? ਬੜਾ ਆ ਗਿਆ ਵਕੀਲ ਦਾ....,” ਹੌਲਦਾਰ ਨੇ ਪਰਦੇਸੀ ਦੇ ਭੂਸਰਿਓ ਝੋਟੇ ਵਾਗ ਸਿੰਗ ਮਾਰਨ ਦੀ ਕੋਸ਼ਿਸ਼ ਕੀਤੀ।

ਪਰਦੇਸੀ ਚੁੱਪ ਕਰ ਗਿਆ। ਹੌਲਦਾਰ ਨੇ ਪੱਬ ਦੀ ਫੋਲਾਫਾਲੀ ਦਾ ਹੁਕਮ

ਚਾੜ੍ਹਤਾ।

ਸਿਪਾਹੀਆਂ ਅਮਲੀਆਂ ਦੇ ਬਿਸਤਰੇ ਫੋਲ ਮਾਰੇ। ਇੱਕ ਪੁਰਾਣਾ ਲੱਕੜ ਦਾ ਸੰਦੂਕ ਪਿਆ ਸੀ। ਉਸਦੇ ਰਖਨੇ ਖੋਲ੍ਹ ਖੋਲ੍ਹ ਕੇ ਦੇਖੇ। ਇਸ ਨੂੰ ਹਿਲਾ ਕੇ ਇਸ ਦੇ ਪਿੱਛੇ ਨਜ਼ਰ ਘੁਮਾਈ। ਇੱਕ ਬਾਲਣ ਦੀਆਂ ਛਿਟੀਆਂ ਦੀ ਭਰੀ ਪਈ ਸੀ। ਉਹ ਖੋਲ੍ਹ ਕੇ ਦੇਖੀ। ਮੱਝ ਲਈ ਬਰਸੀਨ ਦਾ ਢੇਰ ਲੱਗਾ ਸੀ। ਉਸਦੀ ਫੋਲਾ ਫੋਲੀ ਕੀਤੀ। ਨਾਲ ਲਗਦੇ ਤੂੜੀ ਵਾਲੇ ਅੰਦਰ ਤੇ ਉਹਨਾਂ ਨੂੰ ਬੜੀਆਂ ਆਸਾਂ ਸਨ। ਅੰਦਰ ਹਨੇਰਾ ਘੁੱਪ ਸੀ। ਕਹਿ ਕੇ ਧੀਰੂ ਤੋਂ ਲਾਲਟੈਨ ਜਗਵਾਈ ਤੇ ਕਿਹਾ ਕਿ ਲਾਲਟੈਨ ਲੈ ਕੇ ਨਾਲ ਤੂੜੀ ਆਲੇ ਅੰਦਰ ਜਾਵੇ। ਪਰੇ ਇੱਕ ਮੱਕੀ ਦੇ ਬੰਦਾਂ ਦਾ ਮੁਹਾਰਾ ਲੱਗਾ ਹੋਇਆ ਸੀ। ਸਿਪਾਹੀਆਂ ਸਾਰੇ ਬੰਦ ਖਿਲਾਰ ਦਿੱਤੇ। ਨਾਲਦੇ ਨਿੱਕੇ ਜਿਹੇ ਕੋਠੇ ਵਿੱਚ ਇੱਕ ਵਿਛੀ ਹੋਈ ਬੋਰੀ ਉਪਰ ਧੜੀ ਕੁ ਗੁੜ੍ਹ ਪਿਆ ਸੀ। ਇਹ ਗੁੜ੍ਹ ਧੀਰੂ ਨੂੰ ਆਪਣੇ ਖੇਤ ਦਾ ਕਮਾਦ ਪੀੜਨ ਤੋਂ ਮਿਲ ਰਿਹਾ ਸੀ। ਜ਼ਮੀਨ ਦਾ ਖੇਤ ਉਹਨੇ ਕਿਸੇ ਨੂੰ ਅੱਧ ਵਟਾਈ ਦੇ ਦਿੱਤਾ ਹੋਇਆ ਸੀ। ਨਾਲੇ ਸਿਪਾਹੀ ਗੁੜ੍ਹ ਖਾਈ ਜਾਣ ਤੇ ਨਾਲੇ ਫੋਲਾ ਫਾਲੀ ਕਰੀ ਜਾਣ। ਆਖਰਕਾਰ ਇੱਕ ਸਿਪਾਹੀ ਨੂੰ ਇਸ ਕੋਠੇ ਦੇ ਇੱਕ ਖੂੰਜੇ ਵਿੱਚ ਇੱਕ ਲੀਰ ਵਿੱਚ ਬੱਝੇ ਸੇਰ ਕੁ ਡੋਡੇ ਮਿਲ ਗਏ।

"ਜਨਾਬ, ਮਾਲ ਮਿਲ ਗਿਆ ਏ। ਕੋਠੇ ਦੇ ਖੂੰਜੇ ਪਿਆ ਸੀ," ਸਿਪਾਹੀ ਨੇ ਲਾਚੜ ਕੇ ਇਵੇਂ ਕਿਹਾ ਜਿਵੇਂ ਕਬੇਰ ਦਾ ਖਜ਼ਾਨਾ ਲੱਭ ਪਿਆ ਹੋਵੇ।

"ਮਾਲ ਸੰਭਾਲ ਲਓ। ਇਹਨਾਂ ਚੋਰਿਆਂ ਬਾਰੇ ਸਾਨੂੰ ਇੱਕ ਹੋਰ ਸੂਹ ਵੀ ਮਿਲੀ ਏ। ਪਤਾ ਲੱਗਾ ਏ, ਕੱਲ੍ਹ ਇੱਥੇ ਖਾੜਕੂ ਵੀ ਆਏ ਸੀ। ਉਹਨਾਂ ਨੇ ਇਹਨਾਂ ਨੂੰ ਸਭ ਨਸ਼ੇ ਬੰਦ ਕਰਨ ਲਈ ਕਿਹਾ ਸੀ। ਧੀਰੂ ਉਹਨਾਂ ਵਿੱਚੋਂ ਇੱਕ ਖਾੜਕੂ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਏ," ਹੌਲਦਾਰ ਨੇ ਨਵੀ ਬਿੱਲੀ ਬੋਰੀ 'ਚੋਂ ਕੱਢ ਮਾਰੀ।

"ਸਰਕਾਰ, ਸਾਡੇ ਪਾਸ ਕੋਈ ਖਾੜਕੂ ਨਹੀਂ ਆਏ। ਨਾ ਹੀ ਅਸੀਂ ਕਿਸੇ ਨੂੰ ਜਾਣਦੇ ਹਾਂ। ਜ਼ੋਰਾਵਰੋ, ਐਡਾ ਵੱਡਾ ਜ਼ੁਲਮ ਨਾ ਕਰੋ ਗਰੀਬਾਂ ਤੇ। ਕੁਝ ਤਾਂ ਤੁਰਸ ਕਰੋ, ਮਾਪਿਓ। ਅਸੀਂ ਤਾਂ ਭੁੱਖੇ ਮਰ ਜਾਂਗੇ," ਧੀਰੂ ਨੇ ਵੈਣ ਪਾਉਣੇ ਸ਼ੁਰੂ ਕਰ ਦਿੱਤੇ।

"ਸਭ ਕੁਝ ਬਕ ਦਿਓਗੇ ਜਦ ਅਸੀਂ ਕੋਕੇ ਜੜੇ। ਹਰਾਮਖੋਰੋ, ਨਸ਼ੇ ਖੁਰਾਕ ਏ ਜਿਹਦੇ ਬਗੈਰ ਤੁਸੀਂ ਭੁੱਖੇ ਮਰ ਜਾਓਗੇ। ਲੋਕ ਰੋਟੀ ਤੋਂ ਬਗੈਰ ਤਾਂ ਭੁੱਖੇ ਮਰਦੇ ਦੇਖੇ, ਕਦੀ ਕੋਈ ਨਸ਼ੇ ਤੋਂ ਬਗੈਰ ਵੀ ਭੁੱਖਾ ਮਰਿਐ, ਖੋਤੀ ਦਿਓ ਪੁੱਤੋ? ਮਾਲ ਅਸੀਂ ਲੈ ਚੱਲੇ ਆਂ। ਕੱਲ ਥਾਣੇ ਆ ਕੇ ਪੇਸ਼ ਹੋ ਜਾਇਓ ਨਹੀਂ ਤਾਂ...," ਹੌਲਦਾਰ ਨੇ ਤਾਕਤ ਦੇ ਨਸ਼ੇ ਦਾ ਫਰਾਟਾ ਮਾਰਿਆ।

ਪੁਲਿਸ ਚਲੀ ਗਈ।

ਧੀਰੂ ਅਮਲੀ ਪਹਿਲਾਂ ਵੀ ਦੋ ਕੁ ਵਾਰ ਥਾਣੇ ਰਗੜਾ ਖਾ ਚੁੱਕਾ ਸੀ। ਜਦ ਉਹ ਫਸਿਆ ਸੀ ਤਾਂ ਜਮਾਦਾਰ ਹੋਰੀਂ ਸਰਪੰਚ ਨੂੰ ਨਾਲ ਲੈ ਕੇ ਉਸਨੂੰ ਥਾਣਿਓਂ ਛਡਵਾ

ਲਿਆਏ ਸੀ। ਹੁਣ ਉਹਨੂੰ ਲੱਗ ਰਿਹਾ ਸੀ ਕਿ ਵਾਰ ਵਾਰ ਇਹ ਕੰਮ ਜਮਾਦਾਰ ਹੋਰਾਂ ਤੋਂ ਕਰਵਾਉਣਾ ਔਖਾ ਵੀ ਸੀ ਤੇ ਅਜੀਬ ਵੀ। ਕਿਉਂ ਨਾ ਇਸ ਵਾਰ ਇਹ ਕੰਮ ਕਿਸੇ ਹੋਰ ਤੋਂ ਕਰਵਾਕੇ ਦੇਖਿਆ ਜਾਵੇ। ਕਿਤੇ ਪੁਲਿਸ ਖਾੜਕੂਆਂ ਨੂੰ ਜਾਣਦੇ ਹੋਣ ਦਾ ਝੂਠਾ ਕੇਸ ਬਣਾ ਕੇ ਹੋਰ ਹੀ ਕੋਈ ਵੱਡੀ ਲਿਆਮਤ ਗਲ ਨਾ ਪਾ ਦੇਵੇ।

ਧੀਰੂ ਅਤੇ ਚੈਨ ਸਵੇਰੇ ਜਾ ਕੇ ਥਾਣੇ ਪੇਸ਼ ਹੋ ਗਏ। ਪੇਸ਼ ਹੋਣ ਤੋਂ ਪਹਿਲਾਂ ਉਹ ਕਿਸੇ ਖਾਸ ਬੰਦੇ ਨੂੰ ਸੁਨੇਹਾ ਭਿਜਵਾ ਗਏ ਤਾਂ ਕਿ ਉਹ ਉਹਨਾਂ ਨੂੰ ਥਾਣਿਓਂ ਛਡਵਾ ਲਿਆਵੇ। ਧੀਰੂ ਨੇ ਸੋਚਿਆ ਸੀ ਕਿ ਸ਼ਾਇਦ ਇਹ ਖਾਸ ਬੰਦਾ ਕੰਮ ਆ ਹੀ ਜਾਵੇ। ਅਗਰ ਨਾ ਕੰਮ ਆਇਆ ਤਾਂ ਉਹ ਜਮਾਦਾਰ ਤੇ ਸਰਪੰਚ ਦੀ ਇੱਕ ਵਾਰ ਫਿਰ ਮਿੰਨਤ ਕਰ ਲਵੇਗਾ।

ਹੌਲਦਾਰ ਨੇ ਧੀਰੂ ਹੋਰਾਂ ਨੂੰ ਥਾਣੇ ਪਹੁੰਚਦੇ ਸਾਰ ਹੀ ਹਵਾਲਾਤ ਵਿੱਚ ਬੰਦ ਕਰ ਦਿੱਤਾ। ਸ਼ਾਮ ਨੂੰ ਕਚਹਿਰੀ 'ਚੋਂ ਇੱਕ ਵਕੀਲ ਥਾਣੇ ਪਹੁੰਚਿਆ।

"ਵਕੀਲ ਸਾਹਿਬ, ਕਿੰਜ ਆਉਣਾ ਹੋਇਆ?" ਹੌਲਾਦਰ ਨੇ ਅਦਬ ਨਾਲ ਪੁੱਛਿਆ।

ਉਹ ਇਸ ਵਕੀਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਦਾ ਇਸ ਨਾਲ ਪਹਿਲਾਂ ਵੀ ਅਕਸਰ ਵਾਹ ਪੈਂਦਾ ਹੀ ਰਹਿੰਦਾ ਸੀ।

"ਹੌਲਦਾਰ ਸਾਹਿਬ, ਬੱਸ ਐਵੇਂ ਹੀ ਮੈਂ ਸੋਚਿਆ ਕਿ ਜਨਾਬ ਦੇ ਦਰਸ਼ਨ ਕਰ ਆਈਏ। ਮਿਲਦੇ ਤਾਂ ਪਹਿਲਾਂ ਵੀ ਰਹੀਦਾ ਏ। ਅੱਜ ਮੈਨੂੰ ਤੁਹਾਨੂੰ ਮਿਲਣ ਲਈ ਉਚੇਚਾ ਆਉਣਾ ਪਿਆ।"

"ਕੀ ਗੱਲ ਹੋਈ? ਸੁੱਖ ਵੀ ਏ?"

"ਤੁਸੀਂ ਵਿਚਾਰੇ ਅਮਲੀਆਂ ਨੂੰ ਫੜ ਲਿਆਏ? ਐਵੇਂ ਗਰੀਬ ਮਾਰ ਕਰ ਤੀ। ਥਾਣੇ ਪਹੁੰਚਣ ਦਾ ਹੁਕਮ ਚਾੜ੍ਹ ਤਾਂ। ਜਨਾਬ, ਉਹਨਾਂ ਕਿਸੇ ਦੀ ਕੀ ਬੂਰੀ ਚੁੰਘ ਲਈ?"

"ਵਕੀਲ ਸਾਹਿਬ, ਤੁਹਾਡੀ ਉਹਨਾਂ ਨਾਲ ਐਨੀ ਹਮਦਰਦੀ ਕਿਓਂ? ਪਹਿਲਾਂ ਵੀ ਤਾਂ ਅਸੀਂ ਇਹਨਾਂ ਨੂੰ ਦੋ ਕੁ ਵਾਰ ਫੜ ਕੇ ਲਿਆਏ ਹੀ ਸਾਂ। ਉਦੋਂ ਤੁਸੀਂ ਨਾ ਕੋਈ ਫੋਨ ਕੀਤਾ, ਨਾ ਹੀ ਕਦੀ ਆ ਕੇ ਮਿਲਣ ਦੀ ਕੋਸ਼ਿਸ਼ ਕੀਤੀ? ਮੈਨੂੰ ਸਮਝ ਨਹੀਂ ਆਉਂਦੀ ਕਿ ਅੱਜ ਤੁਹਾਨੂੰ ਇਹਨਾਂ ਵਿਹਲੜ ਢੱਗਿਆਂ ਨਾਲ ਕਿਉਂ ਹਮਦਰਦੀ ਜਾਗ ਪਈ। ਤੁਹਾਡੇ ਜਿਹੇ ਮੁਅਜਜ਼ ਵਕੀਲ ਮੈਂ ਕਦੀ ਲੰਡੀ ਬੁੱਚੀ ਦੀ ਸਿਫਾਰਸ਼ ਕਰਦੇ ਨਹੀਂ ਦੇਖੇ। ਤੁਹਾਨੂੰ ਇਹਨਾਂ ਨਾਲ ਕੀ ਹੇਜ ਜਾਗ ਪਿਐ? ਆਓ ਪਹਿਲਾਂ ਚਾਹ ਪੀਓ। ਫਿਰ ਬਾਕੀ ਗੱਲ ਕਰਦੇ ਆਂ। ਤੁਸੀਂ ਪਹਿਲਾਂ ਕਦੀ ਵੀ ਇਸ ਪ੍ਰਕਾਰ ਦੇ ਟੁੱਟੇ ਭੱਜੇ ਕੇਸਾਂ ਵਿੱਚ ਨਿੱਜੀ ਦਿਲਚਸਪੀ ਨਹੀਂ ਦਿਖਾਈ। ਤੁਸੀਂ ਤਾਂ ਭਾਵੇਂ ਚੱਲ ਕੇ ਵੀ ਨਾ ਆਉਂਦੇ, ਬਸ ਮਾੜਾ ਜਿਹਾ ਫੋਨ ਹੀ ਕਰ ਦਿੰਦੇ, ਅਸੀਂ ਇਹਨਾਂ ਨੂੰ ਛੱਡ ਦੇਣਾ ਸੀ। ਹੁਣ ਜਦ ਤੁਸੀਂ

ਚੱਲ ਕੇ ਆ ਹੀ ਗਏ, ਹੁਣ ਤਾਂ ਅਸੀਂ ਇਹਨਾਂ ਨੂੰ ਛੱਡਣਾ ਹੀ ਏ। ਇੱਕ ਗੱਲ ਮੈਨੂੰ ਜ਼ਰੂਰ ਦੱਸ ਜਾਓ ਕਿ ਤੁਸੀਂ ਇਹਨਾਂ ਨੂੰ ਛੁਡਵਾਉਣ ਵਿੱਚ ਐਨੀ ਦਿਲਚਸਪੀ ਕਿਉਂ ਲਈ ਏ?"

"ਹੌਲਦਾਰ ਸਾਹਿਬ, ਗੱਲ ਕੁੱਝ ਪਰਸਨਲ ਜਿਹੀ ਏ। ਅੱਜ ਤੱਕ ਮੈਂ ਇਹ ਗੱਲ ਗੁਪਤ ਹੀ ਰੱਖੀ ਏ। ਅਗਰ ਤੁਸੀਂ ਪੁੱਛਣ ਤੇ ਤੁਲੇ ਹੀ ਹੋਏ ਹੋ ਤਾਂ ਮੈਂ ਤੁਹਾਨੂੰ ਦੱਸ ਵੀ ਸਕਦਾ ਵਾਂ। ਮੈਨੂੰ ਦੱਸਦੇ ਨੂੰ ਥੋੜ੍ਹੀ ਸ਼ਰਮ ਵੀ ਆਉਂਦੀ ਏ।"

"ਮਾਨ ਸਾਹਿਬ, ਤੁਹਾਡਾ ਮੇਰੇ ਨਾਲ ਥਾਣੇ ਕਚਹਿਰੀ ਹਰ ਰੋਜ਼ ਵਾਹ ਪੈਂਦਾ ਹੈ। ਐਸੀ ਸ਼ਰਮ ਦੀ ਕਿਹੜੀ ਗੱਲ ਹੋ ਗਈ ਜਿਹੜੀ ਤੁਸੀਂ ਮੈਥੋਂ ਐਵੇਂ ਲੁਕੋ ਰਹੇ ਹੋ?"

ਵਕੀਲ ਮਾਨ ਸਾਹਿਬ ਨੇ ਆਲਾ ਦੁਆਲਾ ਦੇਖਿਆ। ਕਮਰੇ ਦੇ ਮੂਹਰੇ ਵੀ ਕੋਈ ਨਹੀਂ ਸੀ। ਇਕੱਲਾ ਹੌਲਦਾਰ ਹੀ ਉਸ ਨੂੰ ਮੁਖਾਤਿਬ ਸੀ। ਫਿਰ ਉਹ ਹੌਲੀ ਜਿਹੀ ਬੋਲਿਆ, "ਜਨਾਬ, ਧੀਰੂ ਅਮਲੀ ਮੇਰਾ ਸਕਾ ਮਾਮਾ ਏ। ਮੈਂ ਅੱਜ ਤੱਕ ਸ਼ਰਮ ਦੇ ਮਾਰੇ ਕਿਸੇ ਨੂੰ ਵੀ ਨਹੀਂ ਦੱਸਿਆ ਕਿ ਮੇਰਾ ਮਾਮਾ ਅਨਪੜ੍ਹ, ਗੰਵਾਰ ਅਮਲੀ ਹੋਵੇਗਾ। ਨਾ ਹੀ ਅੱਜ ਤੱਕ ਧੀਰੂ ਨੇ ਕਿਸੇ ਨੂੰ ਦੱਸਿਆ ਸੀ ਕਿ ਉਸਦਾ ਭਾਣਜਾ ਵਕੀਲ ਏ। ਉਹ ਵਿਚਾਰਾ ਨਹੀਂ ਸੀ ਚਾਹੁੰਦਾ ਕਿ ਲੋਕ ਮੈਨੂੰ ਥਾਣੇ ਵਿੱਚ ਵਾਰ ਵਾਰ ਹਵਾ ਖਾਣ ਵਾਲੇ ਅਮਲੀ ਦਾ ਭਾਣਦਾ ਸਮਝਣ। ਇਹ ਪੱਬ ਮੇਰੇ ਨਾਨਕਿਆਂ ਦਾ ਵਾੜਾ ਏ। ਮੇਰਾ ਦੂਸਰਾ ਮਾਮਾ ਚੰਗਾ ਹੁੰਦਾ ਸੀ। ਉਹ ਮਰ ਚੁੱਕਾ ਏ। ਇਹ ਧੀਰੂ ਸਹੁਰਾ ਜਵਾਨ ਉਮਰ ਤੋਂ ਹੀ ਨਸ਼ਿਆਂ ਵਿੱਚ ਪੈ ਗਿਐ। ਵਿਆਹ ਤੋਂ ਵੀ ਰਹਿ ਗਿਐ। ਇੱਕ ਅੱਧ ਖੇਤ ਛੱਡ ਕੇ ਜ਼ਮੀਨ ਵੀ ਸਾਰੀ ਵੇਚ ਕੇ ਖਾ ਗਿਐ। ਕੁੱਝ ਦੇਰ ਭਈਆਣੀ ਰੱਖੀ। ਫਿਰ ਉਹ ਵੀ ਦੌੜ ਗਈ। ਇੱਕ ਮੱਝ ਜ਼ਰੂਰ ਰੱਖਦਾ ਏ। ਵੈਸੇ ਮੈਥੋਂ ਇਹ ਅਕਸਰ ਡਰਦਾ ਰਿਹਾ ਏ ਕਿ ਕਿਤੇ ਮੈਂ ਇਹਨੂੰ ਥਾਣੇ ਫਸਵਾ ਹੀ ਨਾ ਦੇਵਾਂ। ਅੱਜ ਇਹਨੇ ਮੈਨੂੰ ਪਹਿਲੀ ਵਾਰ ਕਿਸੇ ਤੋਂ ਅਖਵਾਇਆ ਏ ਕਿ ਆਪਣੇ ਮਾਮੇ ਨੂੰ ਇੱਕ ਵਾਰ ਛਡਵਾ ਦੇਵੇ, ਦੁਆਰਾ ਉਹ ਛਡਵਾਉਣ ਲਈ ਕਦੀ ਨਹੀਂ ਕਹੇਗਾ। ਇਹ ਵੀ ਇਸ ਕਰਕੇ ਅਖਵਾਇਆ ਏ ਕਿਉਂਕਿ ਤੁਸੀਂ ਕੇਸ ਵਿੱਚ ਖਾੜਕੂਆਂ ਦਾ ਜ਼ਿਕਰ ਕਰ ਦਿੱਤਾ ਏ। ਇਸ ਜ਼ਿਕਰ ਕਰਕੇ ਧੀਰੂ ਬਹੁਤ ਹੀ ਡਰ ਗਿਐ। ਉਹਨੂੰ ਡਰ ਏ ਕਿ ਅੱਜ ਦੇ ਹਾਲਾਤਾਂ ਵਿੱਚ ਕਿਤੇ ਕੋਈ ਵੱਡਾ ਕੇਸ ਹੀ ਨਾ ਬਣ ਜਾਵੇ ਜਾਂ ਕਿਤੇ ਪੁਲਿਸ ਪੱਕੀ ਗੱਡੀ ਹੀ ਨਾ ਚਾੜ੍ਹ ਦੇਵੇ।"

ਹੌਲਦਾਰ ਕੁਝ ਦੇਰ ਤਾਂ ਵਕੀਲ ਵੱਲ ਦੇਖਦਾ ਹੀ ਰਹਿ ਗਿਆ, ਫਿਰ ਉਹ ਮੁਖਾਤਿਬ ਹੋਇਆ :- "ਤੁਹਾਡਾ ਸਕਾ ਮਾਮਾ? ਯਕੀਨ ਨਹੀਂ ਆਉਂਦਾ। ਜਨਾਬ ਤੁਸੀਂ ਕਿੱਥੇ ਤੇ ਉਹ ਕਿੱਥੇ! ਮੈਂ ਸੁਣਿਐਂ ਤੁਸੀਂ ਤਾਂ ਪੀ.ਸੀ.ਐਸ. ਜੁਡੀਸ਼ੀਅਲ ਦਾ ਟੈਸਟ ਵੀ ਪਾਸ ਕਰ ਲਿਆ ਏ। ਹੁਣ ਤਾਂ ਕਿਤੇ ਮੈਜਿਸਟਰੇਟ ਦੀ ਕੁਰਸੀ ਤੇ ਬੈਠਿਆਂ ਦੇ ਹੀ ਦਰਸ਼ਨ ਹੋਇਆ ਕਰਨਗੇ।"

"ਜਨਾਬ, ਵਾਹਿਗੁਰੂ ਦਾ ਸ਼ੁਕਰ ਏ। ਪਾਸ ਤਾਂ ਕਰ ਲਿਐ, ਅੱਗੇ ਦੇਖੋ। ਦੂਸਰੀ

ਗੱਲ ਇਹ ਕਿ ਇਸ ਸਮਾਜ ਵਿੱਚ ਅਜੀਬ ਤੋਂ ਅਜੀਬ ਕਿਸਮ ਦੇ ਰਿਸ਼ਤੇਦਾਰ ਮਿਲ ਜਾਂਦੇ ਹਨ, ਖਾਸ ਕਰਕੇ ਪੰਜਾਬ ਦੇ ਜੱਟ ਪਰਿਵਾਰਾਂ ਵਿੱਚ। ਜੱਟਾਂ ਵਿੱਚ ਰੁਤਬੇ, ਰਹਿਤ ਅਤੇ ਰੁਪਏ ਪੱਖੋਂ ਕਈ ਵਾਰ ਜ਼ਮੀਨ ਅਸਮਾਨ ਦਾ ਫਰਕ ਲਗਦਾ ਰਹਿੰਦਾ ਏ। ਇੱਕ ਭਰਾ ਅਮਰੀਕਾ ਵਿੱਚ ਡਾਕਟਰ ਹੁੰਦਾ ਏ, ਦੂਜਾ ਪੰਜਾਬ ਦੇ ਪਿੰਡ ਵਿੱਚ ਚਿੱਟਾ ਅਨਪੜ੍ਹ; ਭੂਆ ਪ੍ਰੋਫੈਸਰ ਹੁੰਦੀ ਏ, ਭਤੀਜਾ ਟੈਕਸੀ ਚਲਾਉਂਦਾ ਹੁੰਦੇ ਏ; ਇੱਕ ਭਰਾ ਗਿਆਨੀ ਧਿਆਨੀ ਹੁੰਦਾ ਏ, ਦੂਜਾ ਸ਼ਰਾਬੀ ਕਬਾਬੀ; ਪਿਓ ਦਸਤਾਰ ਸਜਾਉਂਦਾ ਹੁੰਦਾ ਏ, ਪੁੱਤ ਘੋਨ ਮੋਨ ਹੁੰਦਾ ਏ ਤੇ ਸਿਗਰਟਨੋਸ਼ੀ ਵੀ ਕਰਦਾ ਹੁੰਦਾ ਏ; ਇੱਕ ਭਰਾ ਨੇ ਸਾਰੀ ਜ਼ਮੀਨ ਵੇਚ ਕੇ ਮੁਕੱਦਮੇਬਾਜ਼ੀ ਤੇ ਲਗਾ ਦਿੱਤੀ ਹੁੰਦੀ ਏ, ਦੂਜੇ ਨੇ ਅੰਤਾਂ ਦੀ ਮਿਹਨਤ ਕਰਕੇ ਪੈਲੀ ਖਰੀਦ ਖਰੀਦ ਕੇ ਦੁੱਗਣੀ ਕਰ ਲਈ ਹੁੰਦੇ ਏ; ਮਾਮਾ ਪਿੰਡ ਲੀਰਾਂ ਲਮਕਾਈ ਫਿਰਦਾ ਹੁੰਦਾ ਏ, ਭਾਣਜਾ ਕੈਨੇਡਾ ਤੋਂ ਕਮੀਜ ਪਤਲੂਨ ਪਾ ਕੇ ਤੇ ਟਾਈ ਲਾ ਕੇ ਬਾਬੂ ਬਣ ਕੇ ਆਉਂਦਾ ਏ; ਭਾਣਜਾ ਯੂਰੋ ਤੇ ਡਾਲਰ ਦੀਆਂ ਗੱਲਾਂ ਕਰਦਾ ਏ, ਚਾਚਾ ਪਿੰਡ ਪੈਸੇ ਉਧਾਰ ਲੈ ਕੇ ਖੇਤ ਵਿੱਚ ਮਸਾਂ ਖਾਦ ਪਾਉਂਦਾ ਹੈ; ਸਾਲਾ ਹਵਾਈ ਜਹਾਜ ਦੀਆਂ ਉਡਾਨਾਂ ਭਰਦਾ ਏ, ਜੀਜਾ ਪਿੰਡ ਢੱਗਿਆਂ ਮਗਰ ਮੁੰਨਾ ਤੇ ਸੁਹਾਗਾ ਖਿੱਚੀ ਫਿਰਦਾ ਹੁੰਦਾ ਏ। ਹੁਣ ਤਾਂ ਜਨਾਬ, ਅਨੁਸੂਚਿਤ ਜਾਤਾਂ ਵਿੱਚ ਵੀ ਇਸ ਪ੍ਰਕਾਰ ਦੇ ਵੱਡੇ ਵੱਡੇ ਵਖਰੇਵੇਂ ਤੇ ਫ਼ਰਕ ਆਉਣ ਲੱਗ ਪਏ ਹਨ। ਪਿਓ ਪਿੰਡ ਚੌਂਕੀਦਾਰਾ ਕਰਦਾ ਹੁੰਦਾ ਏ, ਪੁੱਤ ਦਿੱਲੀ ਤੋਂ ਕਿਸੇ ਮਨਿਸਟਰੀ 'ਚੋ ਡਿਪਟੀ ਸੈਕਟਰੀ ਰਿਟਾਇਰ ਹੋਇਆ ਹੁੰਦਾ ਏ; ਇੱਕ ਭਰਾ ਪਿੰਡ ਦਿਹਾੜੀਆਂ ਕਰਦਾ ਹੁੰਦਾ ਏ, ਦੂਜਾ ਕਿਸੇ ਕਾਲਜ ਦਾ ਪ੍ਰਿੰਸੀਪਲ ਹੁੰਦਾ ਏ; ਮਾਮਾ ਸਾਈਕਲਾਂ ਨੂੰ ਪੰਕਚਰ ਲਾਉਂਦਾ ਹੁੰਦਾ ਏ, ਭਾਣਜਾ ਤਹਿਸੀਲਦਾਰ ਜਾਂ ਮੈਜਿਸਟਰੇਟ ਹੁੰਦਾ ਏ। ਪੰਜਾਬ ਦੇ ਜੱਟ ਪਰਿਵਾਰ ਤਾਂ ਸੱਚਮੁੱਚ ਹੀ ਨਿਰਾਲੇ ਹਨ। ਆਜ਼ਾਦੀ ਤੋਂ ਬਾਅਦ ਅਨੁਸੂਚਿਤ ਜਾਤੀ ਪਰਿਵਾਰ ਵੀ ਇਸ ਪ੍ਰਕਾਰ ਦੇ ਹੀ ਬਣਦੇ ਜਾ ਰਹੇ ਹਨ।"

"ਮਾਨ ਸਾਹਿਬ, ਤੁਸੀਂ ਬਿਲਕੁਲ ਠੀਕ ਫਰਮਾਇਆ ਏ। ਮੈਂ ਤੁਹਾਡੇ ਮਾਮੇ ਨੂੰ ਹਵਾਲਾਤ 'ਚੋਂ ਬਾਹਰ ਹੀ ਨਹੀਂ ਕੱਢਾਂਗਾ, ਬਲਕਿ ਆਪਣੇ ਪਾਸ ਸੱਦ ਕੇ ਉਸਨੂੰ ਤੇ ਉਸਦੇ ਸਾਥੀ ਨੂੰ ਚਾਹ ਪਿਆ ਕੇ ਥਾਣੇ 'ਚੋਂ ਤੋਰਾਂਗਾ। ਤੁਸੀਂ ਜਾਓ। ਤੁਹਾਡਾ ਕੰਮ ਹੋ ਗਿਐ।"

ਵਕੀਲ ਸਾਹਿਬ ਚਲੇ ਗਏ। ਧੀਰੂ ਤੇ ਉਸਦਾ ਸਾਥੀ ਅਮਲੀ ਹੌਲਦਾਰ ਦੇ ਸਾਹਮਣੇ ਕੁਰਸੀਆਂ ਤੇ ਬੈਠੇ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਉਹ ਸ਼ਰਮਿੰਦਾ ਵੀ ਸਨ ਤੇ ਖੁਸ਼ ਵੀ।

ਦੂਜੇ ਦਿਨ ਜਦ ਮੈਨੂੰ ਧੀਰੂ ਹੋਰਾਂ ਨਾਲ ਵਾਪਰੀ ਸਾਰੀ ਵਾਰਦਾਤ ਦਾ ਪਤਾ ਲੱਗਾ ਤਾਂ ਮੈਂ ਉਹਨਾਂ ਦੀ ਖਬਰ ਲੈਣ ਚਲਾ ਗਿਆ। ਫਿਰ ਵੀ ਧੀਰੂ ਪਿੰਡ ਵਿੱਚ ਸਾਡੇ ਸ਼ਰੀਕੇ 'ਚੋਂ ਸੀ। ਪੱਬ ਦੇ ਨੇੜੇ ਹੀ ਮੈਨੂੰ ਗਵਾਂਢੀਆਂ ਦਾ ਮੁੰਡਾ ਮੇਸ਼ੀ ਮਿਲ ਗਿਆ। ਮੇਸ਼ੀ

ਅਜੇ ਪਿਛਲੇ ਸਾਲ ਹੀ ਉਸੇ ਕਾਲਜ ਵਿੱਚ ਦਾਖਲ ਹੋਇਆ ਸੀ ਜਿੱਥੇ ਮੈਂ ਪੜ੍ਹਾ ਰਿਹਾ ਸਾਂ।

"ਸਰ, ਸਤਿ ਸ੍ਰੀ ਅਕਾਲ," ਮੇਸ਼ੀ ਨੇ ਸਿਰ ਝੁਕਾ ਕੇ ਮੈਨੂੰ ਆਦਰ ਦਿੱਤਾ।

"ਸਤਿ ਸ੍ਰੀ ਅਕਾਲ ਬੱਲਿਆ, ਕੀ ਹਾਲ ਏ। ਪੜ੍ਹਾਈ ਕਿਵੇਂ ਚੱਲ ਰਹੀ ਏ?"

"ਸਰ, ਸਭ ਠੀਕ ਏ।"

"ਬੱਲਿਓ, ਆਹ ਧੀਰੂ ਹੋਰੀਂ ਸਾਡੇ ਟੱਬਰ ਨਾਲ ਮਾੜੇ ਮੋਟੇ ਵਰਤਦੇ ਰਹੇ ਹਨ। ਇਹਨਾਂ ਦਾ ਪਿਓ ਕਰਤਾਰਾ ਤਾਂ ਸਾਡੇ ਦਿਨਾਂ ਸੁਦਾਂ ਤੇ ਆਮ ਆਇਆ ਕਰਦਾ ਸੀ। ਸੁਣਿਐ, ਕੱਲ੍ਹ ਥਾਣੇ ਤੋਂ ਛੁੱਟ ਕੇ ਆਏ ਐ। ਫਿਰ ਵੀ ਸਾਡੇ ਟੱਬਰ ਦੇ ਪੁਰਾਣੇ ਮੂੰਹ ਮੁਲਾਹਜ਼ੇਦਾਰ ਐ, ਮੈਂ ਸੋਚਿਐ ਖਬਰ ਹੀ ਲੈ ਲਈਏ। ਓਏ ਮੇਸ਼ੀ, ਔਹ ਸਾਹਮਣੇ ਅਮਲੀਆਂ ਦੇ ਕੋਠੇ ਮੂਹਰੇ ਸਾਈਨ ਬੋਰਡ ਕੀਹਨੇ ਲਿਖਿਐ? ਕਿਤੇ ਤੇਰਾ ਹੀ ਕੰਮ ਤਾਂ ਨਹੀਂ?"

"ਸਰ, ਛੇ ਕੁ ਮਹੀਨੇ ਪਹਿਲਾਂ ਦੀ ਗੱਲ ਏ। ਮੈਂ ਤੇ ਚੱਕੀ ਆਲਿਆਂ ਦਾ ਗੇਲਾ ਸੈਰ ਕਰਨ ਜਾ ਰਹੇ ਸਾਂ। ਸਾਡੇ ਮਨ ਵਿੱਚ ਕਈ ਖਿਆਲ ਆਏ। ਅਸੀਂ ਇਹਨਾਂ ਅਮਲੀਆਂ ਦੀਆਂ ਵੀ ਕਾਫੀ ਸਾਂਗਾ ਲਾਈਆਂ। ਹੱਸ ਹੱਸ ਕੇ ਦੂਹਰੇ ਹੋ ਗਏ। ਗੇਲੇ ਨੇ ਸ਼ਾਮ ਨੂੰ ਪੇਂਟ ਲਿਆ ਕੇ ਸ਼ਬਦ 'ਪੱਬ' ਲਿਖ ਦਿੱਤਾ, ਉਹ ਵੀ ਅੰਗਰੇਜ਼ੀ ਵਿਚ 'Pub'

"ਮੇਸੀ, ਤੁਹਾਡੇ ਜਿਹੇ ਕਾਲਜੀਏਟ ਅਕਸਰ ਇੰਦਾਂ ਦੀਆਂ ਘਤਿੱਤਾਂ ਕਰਦੇ ਹੀ ਹੁੰਦੇ ਐ। ਇੱਥੇ ਸ਼ਰਾਬ ਚਲਦੀ ਰਹਿੰਦੀ ਏ, ਇਸ ਲਈ ਤੁਸੀਂ ਇਸਦਾ ਨਾਂ ਪੱਬ ਰੱਖ ਦਿੱਤੈ?"

"ਸਰ, ਸ਼ਰਾਬ ਤੇ ਹੋਰ ਨਸ਼ਿਆਂ ਤੋਂ ਇਲਾਵਾ ਇਸ ਸਾਈਨਬੋਰਡ ਦੇ ਹੋਰ ਵੀ ਕਈ ਰਾਜ਼ ਹਨ।"

"ਉਹ ਕੀ?"

"ਧੀਰੂ ਅਮਲੀ ਨੇ ਪਿੱਛੇ ਜਿਹੇ ਇੱਕ ਭਈਆਣੀ ਲਿਆਂਦੀ ਸੀ। ਉਸਦਾ ਨਾਮ ਪੁਸ਼ਪਾ ਬਾਈ ਸੀ। ਇਸ ਨਾਮ ਦਾ ਛੋਟਾ ਰੂਪ ਵੀ ਪੱਬ ਹੀ ਬਣ ਜਾਂਦਾ ਏ। ਇੱਕ ਵਾਰ ਦੀਵਾਲੀ ਵਾਲੇ ਦਿਨ ਧੀਰੂ ਨੇ ਵਾਧੂ ਹੀ ਪੀਤੀ ਹੋਈ ਸੀ। ਟੇਪ ਤੇ ਗੀਤ ਲਗਾ ਦਿੱਤਾ:-

ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾਂ ਨੇ ਆਂਦਾ
ਨੀਂ ਮੈਂ ਚੁੰਮ ਚੁੰਮ ਰੱਖਦੀ ਫਿਰਾਂ।
ਪੱਬਾਂ ਭਾਰ ਨੱਚਦੀ ਫਿਰਾਂ।

ਪੁਸ਼ਪਾ ਨੂੰ ਇਸ ਗੀਤ ਤੇ ਇਸਨੇ ਨੱਚਣ ਲਗਾ ਦਿੱਤਾ। ਉਹ ਚੱਜ ਨਾਲ ਨੱਚਣਾ ਨਹੀਂ ਸੀ ਜਾਣਦੀ। ਧੀਰੂ ਉਹਨੂੰ ਫੜ ਫੜ ਕੇ ਨਚਾਈ ਜਾਵੇ। ਦੇਖਣ ਵਾਲੇ ਹੱਸ ਹੱਸ ਕੇ ਦੂਹਰੇ ਹੋਈ ਜਾਣ। ਉਸ ਦਿਨ ਤੋਂ ਲੋਕ ਧੀਰੂ ਨੂੰ ਛੇੜਛਾੜ ਕਰਦੇ ਪੰਮੀ ਬਾਈ ਵੀ ਕਹਿੰਦੇ ਰਹਿੰਦੇ ਹਨ। ਉਹ ਵੈਸੇ ਵੀ ਪੰਮੀ ਬਾਈ ਵਾਂਗ ਪਤਲਾ ਜਿਹਾ ਏ।

ਕਈ ਵਾਰ ਦੋ ਘੁੱਟਾਂ ਪੱਤੇ ਪੀ ਕੇ ਉਹ ਭੰਗੜਾ ਪਾਉਣ ਲੱਗ ਜਾਂਦਾ ਏ ਤੇ ਆਪਣੇ ਆਪਨੂੰ ਪੰਮੀ ਬਾਈ ਕਹਿ ਕਹਿ ਕੇ ਬੜਾ ਖੁਸ਼ ਹੁੰਦਾ ਏ। ਪੰਮੀ ਬਾਈ ਦੇ ਪਹਿਲੇ ਦੋਨੋਂ ਅੱਖਰ ਮਿਲ ਕੇ ਵੀ 'ਪੱਬ' ਸ਼ਬਦ ਦਾ ਹੀ ਝਾਉਲਾ ਪਾਉਂਦੇ ਰਹਿੰਦੇ ਹਨ। ਵੈਸੇ ਵੀ ਇਹ ਕੋਠਾ ਪੋਸਤੀਆਂ ਦਾ ਵਾੜਾ ਏ। ਪੁਸ਼ਪਾ ਬਾਈ ਦੁਆਰਾ ਪੱਬਾਂ ਭਾਰ ਵਾਲਾ ਗੀਤ ਅਤੇ ਇਸ ਸਭ ਕਾਸੇ ਨੂੰ ਰਲਾ ਮਿਲਾ ਕੇ ਗੇਲੇ ਨੇ ਇਹ ਨਿਚੋੜ ਕੱਢਿਆ ਕਿ ਇਸ ਥਾਂ ਦਾ ਨਾਮ 'ਪੱਬ' ਹੀ ਰੱਖ ਦੇਣਾ ਚਾਹੀਦਾ ਏ। ਭਾਵੇਂ ਭਈਆਣੀ ਕੁੱਝ ਦੇਰ ਬਾਦ ਦੌੜ ਗਈ ਸੀ, ਇਹ ਸ਼ਬਦ ਉਸ ਸਮੇਂ ਦਾ ਹੀ ਲਿਖਿਆ ਚਲਦਾ ਆਉਂਦਾ ਏ। ਸਰ, ਇੱਕ ਹੋਰ ਗੱਲ ਵੀ ਏ।"

"ਉਹ ਕੀ?"

"ਇੱਕ ਵਾਰ ਪਰਦੇਸੀ ਸਾਹਿਬ ਨੇ ਇੱਕ ਛੰਦ ਵੀ ਜੋੜਿਆ ਸੀ ਜਿਸ ਵਿੱਚ ਉਸਨੇ ਵਾਰ ਵਾਰ 'ਪੱਬ' ਸ਼ਬਦ ਵਰਤਿਆ ਸੀ। ਸਾਰਾ ਛੰਦ ਤਾਂ ਮੈਨੂੰ ਯਾਦ ਨਹੀਂ। ਸ਼ੁਰੂ ਕੁਝ ਇਵੇਂ ਹੁੰਦਾ ਸੀ- ਪੋਲੇ ਪੋਲੇ ਪੱਬ ਧਰਦੀ ਜੱਟੀ...।"

"ਮੇਸ਼ੀ, ਕਰਤੀ ਨਾਹ ਕਾਲਜੀਏਟਾਂ ਆਲੀ ਗੱਲ।

ਬੱਲੇ ਓ ਸੇਰ ਦਿਓ ਬੱਚਿਓ। ਵਾਰੇ ਜਾਈਏ ਤੁਹਾਡੀ ਉਮਰ ਦੇ। ਕਾਲਜ ਦੇ ਡੈਸਕਾਂ ਤੇ ਵੀ ਤੁਹਾਡੇ ਜਿਹੇ ਸ਼ਰਾਰਤੀਆਂ ਨੇ ਹੀ ਛੰਦ ਖੁਰਚੇ ਹੁੰਦੇ ਐ। ਪੜ੍ਹ ਪੜ੍ਹ ਕੇ ਹਾਸਾ ਆਉਂਦਾ ਹੁੰਦੈ। ਕਾਲਜ ਦੀਆਂ ਟਾਇਲਟਾਂ ਵੀ ਛੰਦਾ ਬੰਦੀ ਨਾਲ ਭਰੀਆਂ ਪਈਆਂ ਹੁੰਦੀਆਂ। ਅਸ਼ਲੀਲ ਤਸਵੀਰਾਂ ਨਾਲ ਵੀ! ਪੰਜਾਬੀ ਬੱਲੇ ਬੱਲੇ!!"

ਮੈਂ ਧੀਰੂ ਦੇ ਵਾੜੇ ਅੰਦਰ ਵੜ ਹੀ ਰਿਹਾ ਸੀ ਕਿ ਮੇਸ਼ੀ ਹੱਸਦਾ ਹੋਇਆ ਬੋਲਿਆ, "ਸਰ, ਤੁਹਾਡੇ ਉਚਾਰੇ ਸ਼ਬਦਾਂ 'ਪੰਜਾਬੀ ਬੱਲੇ ਬੱਲੇ', ਦਾ ਸੰਖੇਪ ਰੂਪ ਵੀ 'ਪੱਬ' ਜਿਹਾ ਹੀ ਬਣਦਾ ਹੈ। ਸਰ ਹੁਣ ਤਾਂ ਵੈਸੇ ਵੀ ਸਾਰਾ ਪੰਜਾਬ 'ਪਬ' ਹੀ ਬਣਿਆ ਹੋਇਆ ਏ।"

ਮੇਸ਼ੀ ਦੇ ਇਨ੍ਹਾਂ ਬੋਲਾਂ ਨੇ ਮੈਨੂੰ ਪੰਜਾਬ ਦੇ ਭਵਿੱਖ ਬਾਰੇ ਕਿਸੇ ਡੂੰਗੀ ਸੋਚ ਵਿਚ ਪਾ ਦਿੱਤਾ।

# ਉਹ ਪਿੰਡ ਨੂੰ ਆ ਗਿਆ

ਉਸ ਸਮੇਂ ਸੁਖਦੇਵ ਬੀ.ਏ. ਹੀ ਕਰ ਰਿਹਾ ਸੀ ਜਦੋਂ ਉਸ ਦੀ ਸ਼ਿਮਲੇ ਦੇ ਏ.ਜੀ. ਦਫਤਰ ਵਿੱਚ ਨੌਕਰੀ ਲੱਗ ਗਈ ਸੀ। ਉਸ ਨੂੰ ਇੱਕ ਛੋਟੀ ਜਿਹੀ ਪ੍ਰੀਖਿਆ ਦੇਣੀ ਪਈ ਸੀ ਜਿਸ ਵਿੱਚ ਸਾਧਾਰਨ ਜਿਹੀ ਅੰਗਰੇਜ਼ੀ ਤੇ ਸਾਧਾਰਨ ਜਿਹੇ ਹਿਸਾਬ ਦੇ ਕੁੱਝ ਪ੍ਰਸ਼ਨ ਹੋਇਆ ਕਰਦੇ ਸਨ। ਉਸ ਨੇ ਇਹ ਪ੍ਰੀਖਿਆ ਤਾਂ ਆਸਾਨੀ ਨਾਲ ਹੀ ਪਾਸ ਕਰ ਲਈ ਸੀ ਭਾਵੇਂ ਕਿ ਬੀ.ਏ. ਵਿੱਚ ਉਹ ਬਹੁਤਾ ਲਾਇਕ ਵਿਦਿਆਰਥੀ ਨਹੀਂ ਸੀ। ਉਹ ਪੰਜਾਬ ਦੇ ਇੱਕ ਸਾਧਾਰਨ ਜਿਹੇ ਪਰਿਵਾਰ ਨਾਲ ਸੰਬੰਧ ਰੱਖਦਾ ਸੀ। ਉਸ ਦੇ ਬਾਪ ਨੇ ਉਸ ਦੀਆਂ ਦੋ ਭੈਣਾਂ ਦੇ ਉਸ ਸਮੇਂ ਹੀ ਵਿਆਹ ਕੀਤੇ ਸਨ। ਇਨ੍ਹਾਂ ਵਿਆਹਾਂ ਨਾਲ ਪਰਿਵਾਰ ਦਾ ਤਾਂ ਇੱਕ ਤਰ੍ਹਾਂ ਦੀਵਾਲਾ ਹੀ ਨਿਕਲ ਗਿਆ ਸੀ। ਬਾਪ ਵੀ ਇਹੀ ਚਾਹੁਦਾ ਸੀ ਕਿ ਉਸ ਦਾ ਲੜਕਾ ਪੜ੍ਹਾਈ ਵਿੱਚ ਹੀ ਛੱਡ ਕੇ ਕਿਧਰੇ ਨੌਕਰੀ ਕਰ ਲਵੇ। ਮੈਂ ਉਸ ਨੂੰ ਬਥੇਰਾ ਸਮਝਾਇਆ ਕਿ ਉਹ ਘੱਟ ਤੋਂ ਘੱਟ ਬੀ.ਏ. ਤਾਂ ਪੂਰੀ ਕਰ ਲਵੇ ਪਰੰਤੂ ਉਸ ਨੇ ਮੇਰੀ ਇੱਕ ਨਾ ਮੰਨੀ। ਸ਼ਿਮਲੇ ਨੌਕਰੀ ਲੱਗ ਕੇ ਉਹ ਉੱਥੇ ਇੱਕ ਘੱਟ ਕਿਰਾਏ ਵਾਲੇ ਇਲਾਕੇ ਵਿਚ ਰਹਿਣ ਲੱਗ ਪਿਆ ਜਿੱਥੋਂ ਉਸਦਾ ਦਫਤਰ ਤਕਰੀਬਨ ਪੰਜ ਛੇ ਕਿਲੋਮੀਟਰ ਦੀ ਦੂਰੀ ਤੇ ਸੀ। ਇਸ ਵੱਡੇ ਸਾਰੇ ਕਮਰੇ ਅਤੇ ਰਸੋਈ ਵਿੱਚ ਉਸ ਨਾਲ ਦੋ ਹੋਰ ਕਿਰਾਏਦਾਰ ਵੀ ਰਿਹਾ ਕਰਦੇ ਸਨ। ਕਿਰਾਇਆ ਉਹ ਆਪਸ ਵਿੱਚ ਵੰਡ ਕੇ ਦਿਆ ਕਰਦੇ ਸਨ। ਸ਼ਿਮਲੇ ਪਹੁੰਚ ਕੇ ਵੀ ਉਹ ਮੇਰੇ ਨਾਲ ਆਪਣਾ ਰਾਫ਼ਤਾ ਕਾਇਮ ਰੱਖ ਰਿਹਾ ਸੀ। ਸਾਲਾਨਾ ਇਮਤਿਹਾਨ ਹੋਣ ਤੋਂ ਬਾਅਦ ਜਦ ਮੈਨੂੰ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਮੈਂ ਵੀ ਇੱਕ ਵਾਰ ਸ਼ਿਮਲਾ ਦੇਖਣ ਲਈ ਉਸ ਕੋਲ ਗਿਆ ਸੀ। ਸ਼ਿਮਲੇ ਦਾ ਸਫਰ ਅਤੇ ਪਹਾੜੀ ਨਜ਼ਾਰੇ ਮੇਰੇ ਲਈ ਇਵੇਂ ਸਨ ਜਿਵੇਂ ਬਿੱਲੀ ਦੇ ਭਾਗੀਂ ਮਸਾਂ ਛਿੱਕਾ ਟੁੱਟਿਆ ਹੋਵੇ। ਭਾਵੇਂ ਇਨ੍ਹਾਂ ਤਿੰਨਾਂ ਲੜਕਿਆਂ ਕੋਲ ਰਿਹਾਇਸ਼ ਬੜੀ ਸਾਂਵੀ ਅਤੇ ਸੌੜੀ ਸੀ ਫਿਰ ਵੀ ਮੇਰੇ ਲਈ ਇਸ ਵੱਡੇ ਸਾਰੇ ਦਲਾਨ ਜਿਹੇ ਕਮਰੇ ਵਿੱਚ ਹੀ ਇਕ ਚਾਰਪਾਈ ਲਗਾ ਦਿੱਤੀ ਗਈ ਸੀ। ਮੈਂ ਦੂਜੇ ਦੋਹਾਂ ਸਾਥੀਆਂ ਨਾਲ ਵੀ ਚੰਗਾ ਘੁਲ ਮਿਲ ਗਿਆ ਸਾਂ। ਇਹਨਾਂ ਵਿੱਚੋਂ ਇੱਕ ਹੁਸ਼ਿਆਰਪੁਰ ਜ਼ਿਲ੍ਹੇ ਦਾ ਸੀ ਤੇ ਦੂਜਾ ਜਲੰਧਰ ਸ਼ਹਿਰ ਦਾ ਰਹਿਣ ਵਾਲਾ ਸੀ। ਸਵੇਰੇ ਉੱਠ ਕੇ ਇਹ ਤਿੰਨੇ ਦਫਤਰ ਚਲੇ ਜਾਇਆ ਕਰਦੇ ਸਨ ਤੇ ਮੈਂ ਉਥੇ ਇਕੱਲਾ ਹੀ ਰਹਿ ਜਾਇਆ ਕਰਦਾ ਸੀ। ਨਿਰਸੰਦੇਹ

ਸ਼ਿਮਲੇ ਦੀਆਂ ਗਰਮੀਆਂ ਮੇਰੇ ਵਾਸਤੇ ਉੱਤਰੀ ਭਾਰਤ ਦੇ ਭਖਦੇ ਮੌਸਮ ਵਿੱਚ ਇਕ ਨਖਿਲਸਤਾਨ ਵਾਂਗ ਸਨ। ਪਰੰਤੂ ਇਸ ਸ਼ਹਿਰ ਵਿੱਚ ਉੱਚੇ ਥਾਵਾਂ ਤੇ ਪਾਣੀ ਦੀ ਕਿੱਲਤ ਮੈਨੂੰ ਘਟੀਆ ਲੱਗਦੀ ਹੁੰਦੀ ਸੀ। ਕਮਰੇ ਦੀ ਸਫਾਈ ਵੱਲ ਵੀ ਇਹ ਤਿੰਨੇ ਲੜਕੇ ਘੱਟ ਹੀ ਧਿਆਨ ਦਿੰਦੇ ਸਨ ਕਿਉਂਕਿ ਉਹਨਾਂ ਨੂੰ ਹਰ ਸਮੇਂ ਆਪਣੀ ਹਫੜਾ ਦਫੜੀ ਪਈ ਰਹਿੰਦੀ ਸੀ। ਘਰੋਂ ਨਿਕਲ ਕੇ ਪਹਿਲਾਂ ਉਹ ਕੁੱਝ ਦੂਰੀ ਤੇ ਜਾ ਕੇ ਬੱਸ ਫੜਿਆ ਕਰਦੇ ਸਨ ਤੇ ਉਧਰੋਂ ਵਾਪਿਸ ਆਉਂਦੇ ਸਮੇਂ ਵੀ ਉਹਨਾਂ ਨੂੰ ਬੱਸ ਤੋਂ ਉਤਰ ਕੇ ਕੁਝ ਦੂਰੀ ਤੱਕ ਤੁਰਨਾ ਪੈਂਦਾ ਤੇ ਚੜ੍ਹਾਈਆਂ ਵੀ ਚੜ੍ਹਨੀਆਂ ਪੈਂਦੀਆਂ ਸਨ।

ਸ਼ਿਮਲੇ ਤੋਂ ਬਆਦ ਸੁਖਦੇਵ ਦੀ ਦਿੱਲੀ ਵਿੱਚ ਪੋਸਟਿੰਗ ਹੋ ਗਈ ਸੀ। ਕੁੱਝ ਸਾਲ ਦਿੱਲੀ ਬਿਤਾਉਣ ਤੋਂ ਬਾਅਦ ਉਹ ਸੇਵਾਮੁਕਤ ਹੋ ਕੇ ਪੰਜਾਬ ਵਿੱਚ ਆਪਣੇ ਪਿੰਡ ਆ ਗਿਆ ਸੀ। ਇਸ ਸਮੇਂ ਤੱਕ ਉਸ ਦੇ ਦੋ ਲੜਕੇ ਮੁਸ਼ਕਿਲ ਨਾਲ ਅਜੇ ਬੀ.ਏ. ਵਿੱਚ ਦਾਖਲ ਹੋਣ ਦੇ ਯੋਗ ਹੀ ਹੋਏ ਸਨ। ਉਸ ਦਾ ਵਿਆਹ ਕੁਝ ਲੇਟ ਹੋਇਆ ਸੀ ਤੇ ਉਸ ਦੀ ਪਤਨੀ ਖਾਸ ਪੜ੍ਹੀ-ਲਿਖੀ ਨਹੀਂ ਸੀ। ਆਮਦਨ ਸਾਂਵੀ ਸਿੱਕੀ ਹੋਣ ਕਾਰਣ ਅਤੇ ਪਰਿਵਾਰ ਦੇ ਮੈਂਬਰ ਕੁੱਝ ਵੱਧ ਖਰਚਖੋਹ ਹੋਣ ਕਾਰਨ ਉਹ ਆਪਣੀ ਸਾਰੀ ਨੌਕਰੀ ਦੌਰਾਨ ਕਿਸੇ ਵੀ ਸ਼ਹਿਰ ਵਿੱਚ ਆਪਣਾ ਘਰ ਨਹੀਂ ਬਣਾ ਸਕਿਆ ਸੀ। ਨੌਕਰੀ ਦਾ ਸਾਰਾ ਸਮਾਂ ਜਾਂ ਤਾਂ ਉਹ ਕਿਰਾਏ ਤੇ ਰਿਹਾ ਤੇ ਜਾਂ ਫਿਰ ਛੋਟੇ ਮੋਟੇ ਸਰਕਾਰੀ ਕਵਾਰਟਰਾਂ ਵਿੱਚ। ਉਹ ਬੱਚਿਆਂ ਦੀ ਪੜ੍ਹਾਈ ਵੱਲ ਵੀ ਕੋਈ ਖਾਸ ਧਿਆਨ ਨਹੀਂ ਸੀ ਦੇ ਸਕਿਆ। ਬੱਚੇ ਸ਼ਹਿਰੀ ਵਾਤਾਵਰਣ ਵਿੱਚ ਪੂਰੀ ਤਰ੍ਹਾਂ ਭਿੱਜੇ ਪਏ ਸਨ। ਫਿਲਮਾਂ ਵੇਖਣੀਆਂ, ਘਟੀਆ ਜਿਹੇ ਨਾਵਲ ਪੜ੍ਹਨੇ, ਬੁਰੀ ਸੰਗਤ ਵਿੱਚ ਤੁਰੇ ਫਿਰਨਾ, ਆਮ ਦੁਕਾਨਾਂ ਤੇ ਅਵਲਾ ਸਵਲਾ ਖਾਣਾ ਪੀਣਾ, ਸਿਨੇਮਾਘਰਾਂ ਮੂਹਰੇ ਘੁੰਮ ਕੇ ਬਲੈਕ ਵਿੱਚ ਟਿਕਟਾਂ ਵੇਚਣੀਆਂ, ਆਵਾਰਾ ਕੁੜੀਆਂ ਨੂੰ ਦੋਸਤ ਬਣਾਉਂਦੇ ਫਿਰਨਾ ਉਹਨਾਂ ਦੇ ਪ੍ਰਮੁੱਖ ਸ਼ੌਕ ਸਨ।

ਪਿੰਡ ਆ ਕੇ ਸੁਖਦੇਵ ਨੇ ਜੱਦੀ ਘਰ ਵਿੱਚੋਂ ਮਿਲੇ ਹਿੱਸੇ ਤੇ ਥੋੜ੍ਹੇ ਕੁ ਪੈਸੇ ਹੋਰ ਖਰਚ ਕਰਕੇ ਉਸ ਨੂੰ ਕੁਝ ਵਧੀਆ ਬਣਾ ਲਿਆ। ਇਸ ਘਰ ਵਿੱਚ ਇਹ ਪਰਿਵਾਰ ਰਹਿਣ ਲੱਗ ਪਿਆ। ਲੜਕਿਆਂ ਨੂੰ ਨੇੜੇ ਦੇ ਇੱਕ ਪੇਂਡੂ ਕਾਲਜ ਵਿੱਚ ਦਾਖਲ ਕਰਵਾ ਦਿੱਤਾ ਗਿਆ। ਹਿੰਦੀ ਮਾਹੌਲ ਵਿੱਚੋਂ ਪੰਜਾਬੀ ਮਾਹੌਲ ਵਿੱਚ ਆ ਕੇ ਲੜਕੇ ਕਾਲਜ ਵਿੱਚ ਵੀ ਓਨੇ ਵਧੀਆ ਨਹੀਂ ਸਨ ਨਿੱਖਰੇ। ਉਹ ਇੱਥੇ ਆ ਕੇ ਵੀ ਓਹੋ ਜਿਹੀਆਂ ਹਰਕਤਾਂ ਭਾਲਣ ਜਿਹੋ ਜਿਹੀਆਂ ਉਹ ਵੱਡੇ ਸ਼ਹਿਰਾਂ ਵਿੱਚ ਕਰਿਆ ਕਰਦੇ ਸਨ।

ਸੁਖਦੇਵ ਨੇ ਆਪ ਨਾਲ ਲੱਗਦੇ ਛੋਟੇ ਸ਼ਹਿਰ ਵਿੱਚ ਜਨਰਲ ਸਟੋਰ ਖੋਲ੍ਹ ਲਿਆ। ਵੱਡੇ ਮੁੰਡੇ ਨੂੰ ਪੜ੍ਹਾਈ ਵਿੱਚ ਛਡਵਾ ਕੇ ਸਟੋਰ ਤੇ ਬਿਠਾਉਣਾ ਸ਼ੁਰੂ ਕਰ ਦਿੱਤਾ। ਆਪ ਸੁਖਦੇਵ ਨੇ ਬੀਮੇ ਦਾ ਕੰਮ ਸਿੱਖ ਲਿਆ, ਫਿਰ ਤੁਰ ਕੇ ਲੋਕਾਂ ਦੇ ਬੀਮੇ ਕਰਦਾ ਰਹਿੰਦਾ। ਕਈ ਵਾਰ ਇੱਕ ਅੱਧ ਕੇਸ ਮਿਲਦਾ ਤੇ ਕਈ ਵਾਰ ਸਾਰਾ ਦਿਨ ਖਾਲੀ ਹੀ ਲੰਘ

ਜਾਂਦਾ। ਸਟੋਰ ਤੇ ਬੈਠਣ ਵਾਲੇ ਲੜਕੇ ਤੋਂ ਹਿਸਾਬ ਮੰਗਦਾ ਤਾਂ ਇਵੇਂ ਲੱਗਦਾ ਜਿਵੇਂ ਚੀਜਾਂ ਵੱਧ ਵਿਕੀਆਂ ਹੋਣ ਤੇ ਪੈਸੇ ਘੱਟ ਵੱਟੇ ਗਏ ਹੋਣ। ਲੜਕਾ ਕੁੱਝ ਤਾਂ ਪੈਸਿਆਂ ਦੀ ਹੇਰਾ ਫੇਰੀ ਕਰਨ ਲੱਗ ਪਿਆ ਤੇ ਕੁੱਝ ਇਸ਼ਕ ਮੁਸ਼ਕ ਦੇ ਚੱਕਰ ਵਿੱਚ ਵੰਡਣ ਲੱਗ ਪਿਆ। ਇੱਕ ਦੋ ਵਾਰ ਸੁਖਦੇਵ ਨੇ ਲੜਕੇ ਨੂੰ ਹੋਰ ਲੰਡਰ ਮੁੰਡਿਆਂ ਨਾਲ ਦੁਕਾਨ ਤੇ ਸ਼ਰਾਬ ਪੀਂਦਾ ਵੀ ਦੇਖ ਲਿਆ। ਜਦ ਸਟੋਰ ਦਾ ਕੰਮ ਦਿਨ ਪ੍ਰਤੀ ਦਿਨ ਹੇਠਾਂ ਡਿੱਗਦਾ ਗਿਆ ਤੇ ਇਵੇਂ ਲੱਗਣ ਲੱਗ ਪਿਆ ਕਿ ਸਟੋਰ ਕਾਫੀ ਘਾਟੇ ਵਿੱਚ ਚੱਲ ਰਿਹਾ ਸੀ ਤਾਂ ਸੁਖਦੇਵ ਨੇ ਲੜਕੇ ਦੀ ਸਟੋਰ ਤੋਂ ਛੁੱਟੀ ਕਰ ਦਿੱਤੀ ਤੇ ਆਪ ਸਟੋਰ ਤੇ ਬੈਠ ਕੇ ਸਟੋਰ ਦਾ ਕੰਮ ਤੇ ਮਾੜਾ ਮੋਟਾ ਬੀਮੇ ਦਾ ਕੰਮ ਕਰਨ ਲੱਗ ਗਿਆ। ਇੰਜ ਕਰਨ ਨਾਲ ਵੀ ਲੜਕੇ ਨੇ ਬਾਪ ਦੀ ਪੇਸ਼ ਨਾ ਜਾਣ ਦਿੱਤੀ। ਵੇਲੇ ਕੁਵੇਲੇ ਲੜਕਾ ਸਟੋਰ ਤੇ ਗੇੜਾ ਮਾਰਦਾ ਤੇ ਕੁਝ ਨਾ ਕੁਝ ਚੋਰੀ ਕਰ ਲਿਜਾਂਦਾ। ਫਿਰ ਲੜਕਾ ਕਈ ਵਾਰ ਬਾਪ ਤੋਂ ਮੋਟਰ ਸਾਈਕਲ ਮੰਗ ਲਿਜਾਂਦਾ ਤੇ ਇਧਰ ਉਦਰ ਲੋਫਰਪੁਣਾ ਕਰਦਾ ਫਿਰਦਾ ਰਹਿੰਦਾ। ਜੇਕਰ ਬਾਪ ਮੋਟਰ ਸਾਈਕਲ ਨਾ ਦਿੰਦਾ ਤਾਂ ਲੜਕਾ ਉਸ ਨੂੰ ਅਵਾ ਤਵਾ ਬੋਲਦਾ। ਆਪਣੇ ਇਸ ਪ੍ਰਕਾਰ ਦੇ ਕਾਰਿਆਂ ਨਾਲ ਲੜਕੇ ਨੇ ਆਪਣੇ ਪਿੰਡ ਵਿੱਚ ਤਾਂ ਬਦਨਾਮ ਹੋਣਾ ਹੀ ਸੀ, ਉਹ ਇਸ ਛੋਟੇ ਸ਼ਹਿਰ ਵਿੱਚ ਵੀ ਬਦਨਾਮ ਹੋ ਗਿਆ। ਦੂਜੇ ਲੜਕੇ ਨੇ ਵੀ ਪੜ੍ਹਾਈ ਵਿੱਚ ਹੀ ਛੱਡ ਦਿੱਤੀ ਤੇ ਨਿਰਾ ਲੰਡਰ ਬਣ ਗਿਆ। ਪੜ੍ਹਾਈ ਤਾਂ ਉਹ ਵੀ ਕਰਦਾ ਹੀ ਨਹੀਂ ਸੀ, ਹਰ ਸਮੇਂ ਗਸ਼ਤ ਹੀ ਕਰਦਾ ਰਹਿੰਦਾ ਸੀ। ਉਹਨੇ ਨਵਾਂ ਚੰਦ ਇਹ ਚਾੜ੍ਹਿਆ ਕਿ ਕਾਲਜ ਦੀ ਆਪਣੀ ਇੱਕ ਹਮਜਮਾਤੀ ਲੜਕੀ ਨੂੰ ਹੀ ਪਿੰਡ ਆਪਣੇ ਘਰ ਲਿਆਉਣ ਲੱਗ ਪਿਆ। ਵਿਆਹ ਤੋਂ ਬਗੈਰ ਇਸ ਪ੍ਰਕਾਰ ਦੇ ਸੰਬੰਧਾਂ ਨੇ ਪਿੰਡ ਵਾਲਿਆਂ ਨੂੰ ਉਸ ਦੇ ਪੂਰੀ ਤਰ੍ਹਾਂ ਖਿਲਾਫ ਕਰ ਦਿੱਤਾ।

"ਸੁਖਦੇਵ ਦਾ ਛੋਹਰਾ ਤਾਂ ਅਸਮਾਨ ਵਿੱਚ ਮੋਰੀਆਂ ਕਰਦਾ ਫਿਰਦੈ," ਪਿੰਡ ਦੇ ਦਰਵਾਜੇ ਖੜੇ ਕਰਤਾਰ ਸਿਹੁੰ ਨੇ ਮਹਿੰਗਾ ਸਿਹੁੰ ਨੂੰ ਕੁਤਕੁਤਾੜੀ ਕੀਤੀ।

"ਸਾਲੇ ਨੂੰ ਅਜੇ ਪਿੰਡ ਵਾਲਿਆਂ ਦੇ ਹੱਥ ਨੀਂ ਲੱਗੇ। ਪਤਾ ਲੱਗੂ ਜਿੱਦਣ ਭੀਰੇ ਹੋਰੀਂ ਪਿੰਡ ਦੇ ਬਸੀਮੇ ਤੇ ਢਾਅ ਕੇ ਗੋਡਾ ਫੇਰਿਆ। ਕੰਨ ਵਿੱਚ ਨੱਤੀ ਜਿਹੀ ਪਾ ਕੇ ਹਰਾਮਜਾਦਾ ਮੋਟਰ ਸਾਈਕਲ ਇਵੇਂ ਭਜਾਂਦਾ ਜਿਵੇਂ ਪਿੱਛੇ ਪੁਲੀਸ ਲੱਗੀ ਹੋਈ ਹੋਵੇ। ਪਿੰਡ ਨੂੰ ਦਿੱਲੀ ਹੀ ਸਮਝ ਰੱਖਿਐ। ਸ਼ੂਕਰ ਦੇ ਪੁੱਤ ਸ਼ਹਿਰਾਂ ਵਿੱਚੋਂ ਆ ਕੇ ਪਿੰਡਾਂ ਦਾ ਮਾਹੌਲ ਖਰਾਬ ਕਰਦੇ ਫਿਰਦੇ ਐ। ਤੈਨੂੰ ਪਤਾ ਪਹਿਲਾਂ ਹੁਕਮ ਸਿੰਘ ਦਾ ਮੁੰਡਾ ਵੀ ਇਵੇਂ ਹੀ ਭੂਤਰਿਆ ਫਿਰਦਾ ਹੁੰਦਾ ਸੀ। ਹੁਕਮਾਂ ਦੇਵਲਾਲੀ ਤੋਂ ਸੂਬੇਦਾਰ ਰਿਟਾਇਰ ਹੋ ਕੇ ਪਿੰਡ ਨੂੰ ਕਾਹਦਾ ਆਇਆ ਮੁੰਡੇ ਨੇ ਉਸ ਦੀ ਮਿੱਟੀ ਪਲੀਤ ਕਰ ਦਿੱਤੀ ਸੀ। ਆਂਦਾ ਹੀ ਸਾਲਾ ਦਖਾਣਾ ਦੀ ਕੁੜੀ ਨੂੰ ਚਿੱਠੀਆਂ ਦੇਣ ਲੱਗ ਪਿਆ ਸੀ। ਪਿੰਡ ਨੂੰ ਸਾਲੇ ਨੇ ਅਨਾਰਕਲੀ ਬਜ਼ਾਰ ਹੀ ਸਮਝ ਰੱਖਿਆ ਸੀ। ਜਿੱਦਣ ਮਝੈਲ ਸਿਹੁੰ ਦੇ ਖੜਕੇ ਨੇ ਥੋੜ੍ਹਾ ਜਿਹਾ ਖੜਕਾ ਦੜਕਾ ਕੀਤਾ ਤਾਂ ਸਾਲਾ ਮੂਤ ਦੀ ਝੱਗ ਵਾਂਗ ਬੈਠ ਗਿਆ ਸੀ।"

"ਹੁਣ ਤਾਂ ਇਸ ਨੇ ਕਾਲਜ ਵਿੱਚ ਹੀ ਚੰਦ ਚਾੜ੍ਹ ਦਿੱਤੈ। ਹੁਣ ਰੱਖ ਲਵੇ ਆਪਣੀ ਨੂੰ ਘੜੇ ਵਿੱਚ ਪਾ ਕੇ। ਜਦ ਸਾਲੇ ਦੀ ਭੈਣ ਯਾਰਾਂ ਦੀਆਂ ਬੁੱਕਲਾਂ ਨਿੱਘੀਆਂ ਕਰੂ, ਫਿਰ ਪਤਾ ਲੱਗੂ ਹਰਾਮਜ਼ਾਦੇ ਨੂੰ। ਜਦ ਉਹਨੂੰ ਕੋਈ, ਕੀ ਆਂਦੇ ਆ ਲਵ ਲੈਟਰ, ਦਊ ਤਾਂ ਪਤਾ ਲੱਗੂ ਖੋਤੀ ਦੇ ਪੁੱਤ ਨੂੰ....।"

ਮਹਿੰਗਾ ਸਿੰਘ ਅਜੇ ਆਪਣੀ ਭੜਾਸ ਕੱਢ ਹੀ ਰਿਹਾ ਸੀ ਕਿ ਵਿੱਚ ਹੀ ਕਿੱਕਰ ਤੋਂ ਕਾਟੋ ਲਾਹੁਣ ਦੇ ਸ਼ੌਕੀਨ ਕਰਤਾਰੇ ਨੇ ਫਿਰ ਠੋਹਲਾ ਲਾ ਦਿੱਤਾ, "ਪਿੰਡਾਂ ਦਾ ਵਰਤਾਰਾ ਪਿੰਡਾਂ ਦੇ ਲੋਕਾਂ ਨੇ ਖੁਦ ਹੀ ਬਣਾਇਆ ਹੋਇਆ ਏ। ਬਿਗਾਨੇ ਪੁੱਤ ਇੱਕੀ ਦਾ ਇਕੱਤੀ ਕਰ ਕੇ ਗੇੜਾ ਦਿੰਦੈ ਐ, ਤਾਂ ਵਰਤਾਰਾ ਚਲਦੇ ਇੱਥੇ। ਜੇ ਤੂੰ ਕਹੇ ਪੁਲੀਸ ਜਾਂ ਪੰਚਾਇਤ ਨੇ ਪਿੰਡ ਨੂੰ ਬੰਨ੍ਹ ਕੇ ਰੱਖਿਆ ਹੋਇਐ ਤਾਂ ਤੂੰ ਕਿਸੇ ਹੋਰ ਦੁਨੀਆ ਵਿੱਚ ਰਹਿਨੈ। ਪਿੰਡ ਵਿਚੱ ਤਾਂ ਅਸੂਲ ਹੀ ਸਿੱਧਾ ਪਧਰਾ ਏ-ਜੇਹਾ ਕਰੋਂਗੇ ਤੇਹਾ ਜਲਦੀ ਹੀ ਭਰੋਂਗੇ। ਤੈਨੂੰ ਪਤਾ ਹੀ ਏ, ਪਿਛਲੇ ਸਾਲ ਘਮਚੜਿਆ ਦੇ ਵਰਿਆਮੇ ਨੇ ਕੈਂਡੋਵਾਲੀਆ ਦੇ ਦੇਵ ਤੇ ਟਕੂਏ ਨਾਲ ਵਾਰ ਕੀਤਾ ਸੀ। ਦੇਵ ਹੋਰੀਂ ਹਫਤੇ ਕੁ ਬਾਅਦ ਹੀ ਵਰਿਆਮੇ ਨੂੰ ਚਮਰੋੜੀ ਵਾਲੇ ਖੂਹ ਤੇ ਢਾਹ ਕੇ ਐਸਾ ਗੋਡਾ ਫੇਰਿਆ ਕਿ ਵਰਿਆਮਾ ਮਰਨੋਂ ਵਾਲ ਵਾਲ ਹੀ ਬਚਿਆ ਸੀ। ਜੱਟ ਗੇੜਾ ਦੇਣ ਨੂੰ ਬਹੁਤਾ ਚਿਰ ਨੀਂ ਉਡੀਕਦੇ। ਇਹੀ ਕੁਝ ਪੰਜਾਬੇ ਹੁਰੀਂ ਕੀਤਾ ਸੀ। ਪੰਜਾਬਾ ਕਹਿੰਦਾ ਹੁੰਦਾ ਸੀ- ਭਾਵੇਂ ਇੱਕ ਬੰਦਾ ਲਗ ਜੇ, ਸ਼ਾਮਲਾਟ ਦਾ ਪਾਣੀ ਖੇਤਾਂ ਵਿੱਚ ਨਹੀਂ ਪੈਣ ਦੇਣਾ।"

ਸੁਖਦੇਵ ਦੇ ਇਸ ਪਰੀਵਾਰ ਦੀ ਵਧਦੀ ਹੋਈ ਦੁਰਗਤ ਨੂੰ ਦੇਖ ਕੇ ਮੈਂ ਪਿੰਡ ਦੇ ਇੱਕ ਸਿਆਣੇ ਤੇ ਪੜ੍ਹੇ ਲਿਖੇ ਬਜ਼ੁਰਗ ਨਾਲ ਗੱਲਬਾਤ ਕੀਤੀ। ਇਹ ਬਜ਼ੁਰਗ ਇੱਕ ਕਾਲਜ ਵਿੱਚ ਲੰਬਾ ਸਮਾਂ ਸਮਾਜ ਸ਼ਾਸ਼ਤਰ ਪੜ੍ਹਾ ਕੇ ਸੇਵਾਮੁਕਤ ਹੋਇਆ ਸੀ। ਭਾਵੇਂ ਇਹ ਸੇਵਾ ਮੁਕਤ ਹੋਣ ਤੋਂ ਬਾਅਦ ਇੱਕ ਵੱਡੇ ਸ਼ਹਿਰ ਵਿੱਚ ਪੱਕੀ ਰਿਹਾਇਸ਼ ਬਣਾ ਕੇ ਰਹਿਣ ਲੱਗ ਪਿਆ ਸੀ, ਫਿਰ ਵੀ ਕਦੀ ਕਦੀ ਪਿੰਡ ਵੀ ਆਇਆ ਕਰਦਾ ਸੀ।

"ਸਹਿਰਾਂ ਵਿੱਚ ਇਹ ਪਰਿਵਾਰ ਚੰਗਾ ਭਲਾ ਸੀ। ਪਿੰਡ ਆ ਕੇ ਇਸ ਨੂੰ ਕੀ ਸੱਪ ਸੁੰਘ ਗਿਆ?" ਮੈਂ ਉਸ ਬਜ਼ੁਰਗ ਦੇ ਵਿਚਾਰ ਜਾਨਣੇ ਚਾਹੇ।

"ਤੇਰੇ ਵਿਚਾਰ ਕੀ ਹਨ? ਇੰਜ ਕਿਉਂ ਹੋਇਆ?" ਉਸ ਨੇ ਉਲਟਾ ਮੈਨੂੰ ਸਵਾਲ ਕਰ ਦਿੱਤਾ।

"ਪ੍ਰੋਫੈਸਰ ਸਾਹਿਬ, ਮੈਨੂੰ ਤਾਂ ਖੁਦ ਸਮਝ ਨਹੀਂ ਆਉਂਦੀ ਕਿ ਇੰਜ ਕਿਉਂ ਹੋਇਆ। ਤੁਸੀਂ ਤਾਂ ਸਾਰੀ ਉਮਰ ਸਮਾਜ ਦੀ ਬਣਤਰ ਦੀਆਂ ਪਰਤਾਂ ਫੋਲਦੇ ਰਹੇ ਹੋਵੋਗੇ, ਤੁਸੀਂ ਕਈ ਕਿਸਮ ਦੇ ਕੇਸ ਅਧਿਐਨ ਕੀਤੇ ਤੇ ਕਰਵਾਏ ਹੋਣਗੇ, ਇਸ ਦਾ ਕਾਰਨ ਤੁਹਾਨੂੰ ਜ਼ਿਆਦਾ ਪਤਾ ਹੋਵੇਗਾ।"

"ਕੇਸ ਦਾ ਡੂੰਘਾ ਅਧਿਐਨ ਕਰਨ ਤੋਂ ਬਾਅਦ ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਸੁਖਦੇਵ ਨੂੰ ਆਪਣੇ ਪਰਿਵਾਰ ਨਾਲ ਸਾਰੀ ਉਮਰ ਸ਼ਹਿਰਾਂ ਵਿੱਚ ਬਿਤਾਉਣ ਤੋਂ

ਬਾਅਦ ਇੱਕ ਨਿੱਕੇ ਜਿਹੇ ਪਿੰਡ ਵਿੱਚ ਆ ਕੇ ਸੈਟਲ ਨਹੀਂ ਹੋਣਾ ਚਾਹੀਦਾ ਸੀ। ਸ਼ਹਿਰੀ ਬੱਚੇ ਜਿਹਨਾਂ ਹਰਕਤਾਂ ਨੂੰ ਸ਼ੁਗਲ ਸਮਝਦੇ ਹਨ ਉਹੀ ਹਰਕਤਾਂ ਪਿੰਡ ਵਿੱਚ ਆ ਕੇ ਕਰਤੂਤਾਂ ਬਣ ਜਾਂਦੀਆਂ ਹਨ। ਵੱਡੇ ਸ਼ਹਿਰਾਂ ਅਤੇ ਛੋਟੇ ਪਿੰਡਾਂ ਦਾ ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਇੰਨਾ ਬੜਾ ਪਾੜਾ ਹੈ ਕਿ ਸ਼ਹਿਰ ਵਿੱਚ ਜੋ ਕੁਝ ਫੈਸ਼ਨ ਹੈ ਪਿੰਡ ਵਿਚ ਓਹੀ ਕੁੱਝ ਲਾਹਣਤ ਬਣ ਜਾਂਦਾ ਹੈ। ਸੁਖਦੇਵ ਨੂੰ ਚਾਹੀਦਾ ਸੀ ਕਿ ਆਪਣੀ ਨੌਂਕਰੀ ਕਰਦੇ ਸਮੇਂ ਆਪਣਾ ਇੱਕ ਛੋਟਾ ਮੋਟਾ ਘਰ ਸ਼ਹਿਰ ਵਿੱਚ ਜ਼ਰੂਰ ਬਣਾ ਲੈਂਦਾ। ਜਵਾਨੀ ਦੀ ਦਹਿਲੀਜ਼ ਤੇ ਖੜ੍ਹੇ ਬੱਚਿਆਂ ਨੂੰ ਕਦੀ ਵੀ ਦਿੱਲੀ ਜਿਹੇ ਵੱਡੇ ਸ਼ਹਿਰਾਂ ਤੋਂ ਪੰਜਾਬ ਦੇ ਪਿੰਡਾਂ ਵਿਚੱ ਲਿਆ ਕੇ ਨਹੀਂ ਸੁੱਟਣਾ ਚਾਹੀਦਾ। ਸ਼ਹਿਰ ਰਹਿੰਦੇ ਹੋਏ ਉਹਨਾਂ ਬਦਨਾਮੀ ਤੋਂ ਵੀ ਬਚ ਜਾਣਾ ਸੀ ਤੇ ਕਿਸੇ ਕੰਮ ਕਿੱਤੇ ਵਿੱਚ ਵੀ ਸਮਾ ਜਾਣਾ ਸੀ। ਇੱਥੇਂ ਪਿੰਡ ਵਿੱਚ ਇਹ ਦੋਵੇਂ ਚੀਜ਼ਾਂ ਅਸੰਭਵ ਲੱਗਦੀਆਂ ਹਨ। ਪਿੰਡ ਵਿੱਚ ਕੌਣ ਸਹਿਣ ਕਰਦਾ ਕਿ ਇੱਕ ਕੰਵਾਰਾ ਲੜਕਾ ਕਾਲਜ ਦੀ ਇੱਕ ਕੰਵਾਰੀ ਕੁੜੀ ਲਈ ਫਿਰੈ? ਵੱਡੇ ਸ਼ਹਿਰਾਂ ਵਿੱਚ ਇੰਜ ਤੁਰੇ ਫਿਰਨ ਨੂੰ ਕੋਈ ਘੱਟ ਹੀ ਗੌਲਦਾ ਏ। ਪਿੰਡ ਵਿੱਚ ਇੱਕ ਲੜਕੀ ਨੂੰ ਲੈ ਕੇ ਕਿੱਥੇ ਛੁਪ ਜਾਵੋਗੇ? ਸ਼ਹਿਰ ਵਿੱਚ ਤਾਂ ਸੌ ਤਰੀਕੇ ਹਨ ਲੁਕਣ ਛਿਪਣ ਦੇ। ਸਿਨੇਮਾ ਘਰ ਵਿੱਚ ਚਲੇ ਜਾਓ, ਕਿਸੇ ਹੋਟਲ ਵਿੱਚ ਚਲੇ ਜਾਓ, ਸ਼ਹਿਰ ਦੇ ਦੂਜੇ ਪਾਸੇ ਚਲੇ ਜਾਓ ਆਦਿ। ਸੁਖਦੇਵ ਦਾ ਉਸ ਸਮੇਂ ਸੇਵਾ ਮੁਕਤ ਹੋਣਾ ਵੀ ਇੱਕ ਸਰਾਪ ਏ ਜਦ ਉਸ ਦੇ ਲੜਕੇ ਜਾਵਨੀ ਦੀ ਦਹਿਲੀਜ਼ ਤੇ ਖੜ੍ਹੇ ਸਨ। ਅਗਰ ਇਹ ਲੜਕੇ ਸ਼ਹਿਰ ਵਿੱਚ ਹੁੰਦੇ ਹੁੰਦੇ ਹੀ ਵਿਆਹ ਹੋ ਜਾਂਦੇ ਤਾਂ ਸੁਖਦੇਵ ਲਈ ਇੰਨੀਆਂ ਵੱਡੀਆਂ ਦਿੱਕਤਾਂ ਨਹੀਂ ਸੀ ਆਉਣੀਆਂ। ਹੁਣ ਤਾਂ ਹਰ ਬੰਦਾ ਸੁਖਦੇਵ ਦੇ ਖਿਲਾਫ ਹੋਈ ਜਾ ਰਹਿਾ ਏ। ਇੱਥੋਂ ਤੱਕ ਕਿ ਲੋਕ ਉਸ ਦੇ ਲੜਕਿਆਂ ਨੂੰ ਚੰਗੇ ਰਿਸ਼ਤੇ ਵੀ ਨਹੀਂ ਹੋਣ ਦੇਣਗੇ। ਇਸੇ ਹਾਲਾਤ ਵਿੱਚ ਇਹ ਲੜਕੇ ਵੱਡੇ ਅਪਰਾਧੀ ਵੀ ਬਣ ਸਕਦੇ ਹਨ। ਇਹ ਸਾਰਾ ਕੁੱਝ ਇੱਕ ਜੰਗਲੀ ਜਾਨਵਰ ਨੂੰ ਮੈਦਾਨੀ ਇਲਾਕੇ ਵਿੱਚ ਲਿਆ ਕੇ ਸੁੱਟ ਦੇਣ ਵਾਂਗ ਹੈ। ਜੰਗਲ ਵਿੱਚ ਰਹਿ ਚੁੱਕਾ ਕੋਈ ਜਾਨਵਰ ਮੈਦਾਨ ਵਿਚ ਆ ਕੇ ਕਿਸ ਪ੍ਰਕਾਰ ਦੀਆਂ ਹਰਕਤਾਂ ਕਰੇਗਾ? ਮੈਦਾਨ ਵਿੱਚ ਆ ਕੇ ਉਹ ਝੱਟ ਮਾਰਿਆ ਵੀ ਜਾ ਸਕਦਾ ਹੈ। ਮੈਂ ਇਹ ਸਲਾਹ ਦੇਵਾਂਗਾ, ਕਦੀ ਵੀ ਕਿਸੇ ਵੱਡੇ ਸ਼ਹਿਰ ਵਿੱਚ ਰਹਿੰਦੇ ਕਰਮਚਾਰੀ ਨੂੰ ਉੱਥੋਂ ਸਿੱਧਾ ਪਿੰਡ ਵੱਲ ਪੱਕੇ ਤੌਰ ਤੇ ਨਹੀਂ ਆਉਣਾ ਚਾਹੀਦਾ, ਖਾਸ ਕਰਕੇ ਜਦ ਉਸ ਦੀ ਔਲਾਦ ਜਵਾਨੀ ਦੀ ਦਹਿਲੀਜ਼ ਤੇ ਹੋਵੇ। ਅਗਰ ਉਹ ਸੇਵਾ ਮੁਕਤ ਵੀ ਹੋ ਜਾਂਦਾ ਹੈ ਤਾਂ ਵੀ ਉਸ ਨੂੰ ਉੱਨਾ ਸਮਾਂ ਸ਼ਹਿਰ ਵਿੱਚ ਜ਼ਰੂਰ ਬਿਤਾ ਲੈਣਾ ਚਾਹੀਦਾ ਹੈ ਜਦ ਤੱਕ ਉਹਦੇ ਬੱਚੇ ਕਿਸੇ ਕਾਰੋਬਾਰ, ਨੌਂਕਰੀ ਵਿੱਚ ਅਤੇ ਵਿਆਹੁਤਾ ਜੀਵਨ ਵਿੱਚ ਸੈੱਟ ਨਾ ਹੋ ਜਾਣ। ਇੰਜ ਕਰਨ ਲਈ ਭਾਵੇਂ ਉਸ ਨੂੰ ਕੁੱਝ ਸਾਲ ਵੱਡੇ ਸ਼ਹਿਰ ਵਿੱਚ ਕਿਰਾਏ ਤੇ ਹੀ ਕਿਉਂ ਨਾ ਰਹਿਣਾ ਪਵੇ। ਇਹ ਕਿਰਾਇਆ ਓਹੋ ਆਪਣੇ ਸੇਵਾਮੁਕਤੀ ਤੋਂ ਬਾਅਦ ਮਿਲੇ ਫੰਡਾਂ ਅਤੇ ਪੈਨਸ਼ਨ ਵਿੱਚੋਂ ਵੀ ਦਿੰਦਾ ਰਹਿ ਸਕਦਾ ਹੈ।

ਅਗਰ ਉਹ ਇੰਜ ਨਹੀਂ ਕਰਦਾ ਤਾਂ ਉਸ ਦੇ ਫੰਡ ਪਿੰਡ ਦੇ ਨੇੜੇ ਆ ਕੇ, ਕਿਸੇ ਕਾਰੋਬਾਰ ਵਿੱਚ ਲੱਗੇ ਹੋਏ, ਪਾਣੀ ਵਾਂਗ ਵੀ ਬਹਿ ਸਕਦੇ ਹਨ। ਇਸ ਕੇਸ ਦਾ ਅਧਿਐਨ ਕਰਨ ਤੋਂ ਬਾਅਦ ਮੈਂ ਇਹ ਸਿੱਟਾ ਕੱਢਿਆ ਹੈ। ਕਿਵੇਂ ਲੱਗਾ?"

"ਪ੍ਰੋਫੈਸਰ ਸਾਹਿਬ, ਵਿਚਾਰ ਤੁਹਾਡੇ ਮੈਨੂੰ ਬਹੁਤ ਠੀਕ ਲੱਗੇ ਹਨ। ਤੁਸੀਂ ਸੱਚਮੁੱਚ ਹੀ ਇਸ ਪ੍ਰਕਾਰ ਦੇ ਕੇਸਾਂ ਦਾ ਗੂੜ੍ਹਾ ਅਧਿਐਨ ਕੀਤਾ ਲੱਗਦਾ ਹੈ। ਇੰਜ ਕਹਿ ਕੇ ਕੀ ਤੁਸੀਂ ਪਿੰਡਾਂ ਦੀ ਨਿੰਦਿਆਂ ਤਾਂ ਨਹੀਂ ਕਰ ਰਹੇ?"

"ਤੂੰ ਇਹ ਗੱਲ ਕਰਕੇ ਮੇਰੇ ਕਹੇ ਕਹਾਏ ਤੇ ਪਾਣੀ ਫੇਰ ਦਿੱਤਾ ਹੈ। ਮੈਂ ਪਿੰਡਾਂ ਨੂੰ ਕਦ ਮਾੜਾ ਕਹਿ ਰਿਹਾ ਹਾਂ? ਨਾ ਹੀ ਮੈਂ ਸ਼ਹਿਰਾਂ ਦੀ ਪ੍ਰਸੰਸਾ ਕਰ ਰਿਹਾ ਹਾਂ। ਕਿਸੇ ਵੀ ਕਦਮ ਚੁੱਕਣ ਦੀ ਕੋਈ ਢੁੱਕਵੀਂ ਸਟੇਜ ਹੁੰਦੀ ਹੈ, ਮੇਰਾ ਇਹ ਵਿਸ਼ਾ ਹੈ। ਕੀ ਤੂੰ ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿੱਚ ਕਿਸੇ ਜੰਮਪਲ ਲੜਕੇ ਜਾਂ ਲੜਕੀ ਨੂੰ ਉਹਨਾਂ ਦੀ ਉਮਰ ਦੇ ਪੰਦਰਵੇਂ ਸੋਹਲਵੇਂ ਸਾਲ ਵਿੱਚ ਪੰਜਾਬ ਦੇ ਇੱਕ ਪਿੰਡ ਵਿੱਚ ਛੱਡਣਾ ਠੀਕ ਸਮਝੇਂਗਾ? ਅਗਰ ਠੀਕ ਸਮਝੇਂਗਾ ਤਾਂ ਇਸਦਾ ਅੰਜਾਮ ਕੀ ਹੋ ਸਕਦਾ ਹੈ?"

"ਅਗਰ ਤੁਹਾਡੇ ਇਸ ਵਿਚਾਰ ਨੂੰ ਉਲਟਾ ਦਿੱਤਾ ਜਾਵੇ?"

"ਕੀ ਭਾਵ?"

"ਅਗਰ ਪੰਜਾਬ ਵਿੱਚੋਂ ਲੱਗਭੱਗ ਇਸੇ ਉਮਰ ਦੇ ਲੜਕੇ ਲੜਕੀ ਨੂੰ ਕੈਨੇਡਾ, ਅਮਰੀਕਾ ਜਾਂ ਆਸਟਰੇਲੀਆ ਭੇਜ ਦਿੱਤਾ ਜਾਵੇ?"

"ਵੱਡੇ ਢਾਂਚੇ ਵਿੱਚ ਜਾ ਕੇ ਉਹ ਥੋੜ੍ਹੀਆਂ ਜਿਹੀਆਂ ਕੋਝੀਆਂ ਹਰਕਤਾਂ ਤਾਂ ਕਰ ਸਕਦਾ ਹੈ, ਲੇਕਿਨ ਸੁਖਦੇਵ ਦੇ ਲੜਕਿਆਂ ਜਿਹੀਆਂ ਅਵਾਗੌਣ ਤੇ ਅੰਤਾਂ ਦੀਆਂ ਕੋਝੀਆਂ ਹਰਕਤਾਂ ਨਹੀਂ। ਜਦ ਇੱਕ ਮਨੁੱਖ ਛੋਟੇ ਸਿਸਟਮ ਵਿੱਚੋਂ ਵੱਡੇ ਤੇ ਜ਼ਿਆਦਾ ਮਾਡਰਨ ਸਿਸਟਮ ਵੱਲ ਨੂੰ ਜਾਂਦਾ ਹੈ ਤਾਂ ਉਹ ਡਰਦਾ ਵੀ ਹੈ, ਉਸ ਨੂੰ ਬੋਲਚਾਲ ਦੀ ਭਾਸ਼ਾ ਦਾ ਫਿਕਰ ਵੀ ਰਹਿੰਦਾ ਹੈ, ਜੇਬ ਵਿੱਚੋਂ ਪੈਸੇ ਵੀ ਖਰਚ ਕੀਤੇ ਹੁੰਦੇ ਹਨ, ਇਕੱਲੇ ਬੰਦੇ ਦੀ ਜ਼ਿੰਮੇਵਾਰੀ ਵੀ ਵੱਧ ਬਣ ਜਾਂਦੀ ਏ, ਪਤਾ ਹੁੰਦਾ ਹੈ ਕਿ ਮਾਂ ਰੋਟੀ ਪਕਾ ਕੇ ਦੇਣ ਲਈ ਨਹੀਂ ਹੈ, ਘਰ ਵੀ ਕਿਰਾਏ ਤੇ ਖੁਦ ਹੀ ਲੈਣਾ ਹੁੰਦਾ ਏ। ਵਿਸ਼ਾਲ ਨਵੇਂ ਢਾਂਚੇ ਵਿੱਚ ਕੁੱਝ ਹਰਕਤਾਂ ਛੁਪ ਵੀ ਜਾਂਦੀਆਂ ਹਨ। ਭਾਵੇਂ ਤੇਰਾ ਸਵਾਲ ਕਿਸੇ ਹੱਦ ਤੱਕ ਠੀਕ ਏ ਪਰ ਇਹ ਸੌ ਫੀਸਦੀ ਉਂਜ ਨਹੀਂ ਜਿਵੇਂ ਕੋਈ ਬਰਮਿੰਘਮ ਤੋਂ ਪੰਜਾਬ ਵਿੱਚ ਆਪਣੇ ਪਿੰਡ ਬਕਾਪੁਰ ਨੂੰ ਆ ਜਾਵੇ ਜਾਂ ਮੇਲਬੌਰਨ ਤੋਂ ਪੰਜਾਬ ਵਿੱਚ ਆਪਣੇ ਪਿੰਡ ਮੱਲ੍ਹਪੋਤੇ ਆ ਜਾਵੇ ਜਾਂ ਦਿੱਲੀ ਤੋਂ ਆਪਣੇ ਪਿੰਡ ਦੀਵਾਖੜੀ ਨੂੰ ਆ ਜਾਵੇ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਸ਼ਹਿਰਾਂ ਵਿੱਚ ਜਾ ਕੇ ਤਾਂ ਕਈ ਵਾਰ ਹਰ ਕਿਸਮ ਦੇ ਬੰਦੇ ਖਪ ਜਾਂਦੇ ਹਨ ਪਰੰਤੂ ਪਿੰਡਾਂ ਵਿੱਚ ਆ ਕੇ ਹਰ ਪ੍ਰਕਾਰ ਦੇ ਬੰਦੇ ਨਹੀਂ ਖਪਦੇ। ਜੋ ਕੁੱਝ ਸ਼ਹਿਰਾਂ ਵਿੱਚ ਜਲਦੀ ਬਦਨਾਮੀ ਨਹੀਂ ਖੱਟਦਾ, ਉਹ ਪਿੰਡਾਂ ਵਿੱਚ ਇੱਕ ਦਮ ਬਦਨਾਮੀ ਖੱਟ ਲੈਂਦਾ ਹੈ। ਪਿੰਡ ਇੱਕ ਬਹੁਤ ਹੀ ਛੋਟੀ ਇਕਾਈ ਹੈ। ਪਿੰਡ ਵਿੱਚ ਤਾਂ ਸ਼ਰੀਕ ਵੀ ਨਿੱਕੀ ਜਿਹੀ

ਗੱਲ ਨੂੰ ਅਸਮਾਨ ਤੇ ਚਾੜ੍ਹ ਦਿੰਦੇ ਹਨ। ਪਿੰਡਾਂ ਵਿੱਚ ਲੋਕਾਂ ਕੋਲ ਸਮਾਂ ਵੀ ਇੰਨਾ ਜ਼ਿਆਦਾ ਹੁੰਦਾ ਹੈ ਕਿ ਉਹ ਤਾਂ ਲੱਭਦੇ ਰਹਿਦੇ ਹਨ ਕਿ ਕੋਈ ਬਲੀ ਦਾ ਬੱਕਰਾ ਬਣੇ। ਅਗਰ ਬਲੀ ਦਾ ਬਕਰਾ ਬਣਨ ਵਾਲਾ ਬੰਦਾ ਇੱਕ ਬੱਚਾ ਜਾਂ ਅੱਲ੍ਹੜ ਉਮਰ ਦਾ ਜਵਾਨ ਛੋਕਰਾ ਹੋਵੇ ਫਿਰ ਤਾਂ ਉਹ ਟਕੋਰਾਂ ਲਾ ਲਾ ਕੇ ਮਜੇ ਲੈਂਦੇ ਹਨ। ਨਾਲੇ ਤਾਸ਼ ਦੀ ਬਾਜੀ ਚੱਲਦੀ ਹੈ ਤੇ ਨਾਲ ਨਾਲ ਹੀ ਟਕੋਰਾਂ ਚੱਲਦੀਆਂ ਹਨ। ਨਾਲੇ ਪਿੰਡ ਦੇ ਨਾਲ ਲੱਗਦੇ ਠੇਕੇ ਤੋਂ ਸ਼ਰਾਬ ਲਿਆ ਕੇ ਪੀਤੀ ਜਾਂਦੀ ਏ ਤੇ ਨਾਲੇ ਪਿਲਾਈ ਜਾਂਦੀ ਹੈ। ਨਾਲੇ ਚਾਂਗਰਾਂ ਮਾਰੀਆਂ ਜਾਂਦੀਆਂ ਹਨ ਅਤੇ ਨਾਲੇ ਹੀ ਮਰਵਾਈਆਂ ਵੀ ਜਾਂਦੀਆਂ ਹਨ, ਨਾਲੇ ਜਰਦਾ ਖਾਇਆ ਜਾਂਦਾ ਹੈ ਤੇ ਨਾਲੇ ਖੁਆਇਆ ਜਾਂਦਾ ਹੈ। ਮੈਨੂੰ ਲੱਗਦਾ ਹੈ ਤੂੰ ਮੇਰੀ ਗੱਲ ਹੁਣ ਸਮਝ ਗਿਆ ਹੋਵੇਂਗਾ?"

"ਹਾਂ ਪ੍ਰੋਫੈਸਰ ਸਾਹਿਬ, ਤੁਸੀਂ ਸਮਾਜ ਦਾ ਬਹੁਤ ਹੀ ਚੰਗਾ ਅਧਿਐਨ ਕੀਤਾ ਲੱਗਦਾ ਹੈ। ਮੈਂ! ਤੁਹਾਡੀ ਇੱਕ ਇੱਕ ਗੱਲ ਨਾਲ ਸਹਿਮਤ ਹਾਂ।"

"ਬੱਲਿਆ, ਬਹੁਤ ਬਹੁਤ ਧੰਨਵਾਦ ਤੇਰਾ।"

# ਉਹ ਦਿਨ !

ਗਵਾਂਢੀਆਂ ਦੇ ਮੁੰਡੇ ਦੀ ਕੁੜਮਾਈ ਸੀ ਤੇ ਉਸ ਤੋਂ ਬਾਅਦ ਪਾਰਟੀ। ਕੁੜੀ ਮੁੰਡੇ ਨਾਲ ਪੜ੍ਹਦੀ ਹੁੰਦੀ ਸੀ ਤੇ ਬਾਅਦ ਵਿੱਚ ਅਮਰੀਕਾ ਚਲੀ ਗਈ ਸੀ। ਪੜ੍ਹਦੇ ਸਮੇਂ ਲੜਕੇ ਲੜਕੀ ਦੇ ਐਸੇ ਗੂੜ੍ਹੇ ਸੰਬੰਧ ਹੋ ਗਏ ਕਿ ਦੋਨੋਂ ਇੱਕ ਦੂਜੇ ਤੋਂ ਬਗੈਰ ਜੀਅ ਨਹੀਂ ਸੀ ਸਕਦੇ। ਲੜਕੀ ਨੇ ਅਮਰੀਕਾ ਤੋਂ ਆ ਕੇ ਵਿਆਹ ਕਰਵਾ ਕੇ ਲੜਕੇ ਨੂੰ ਉਧਰ ਨੂੰ ਸੱਦਣਾ ਸੀ। ਇਹ ਗੱਲ 1986 ਦੀ ਏ। ਪੰਜਾਬ ਦੇ ਹਾਲਾਤ ਬੜੇ ਖਰਾਬ ਚਲ ਰਹੇ ਸਨ। ਜੰਞਾਂ ਵੀ ਡਰ ਡਰ ਕੇ ਚੜ੍ਹਦੀਆਂ ਸਨ ਤੇ ਪਾਰਟੀਆਂ ਵੀ ਡਰ ਭਰੇ ਮਾਹੌਲ ਵਿੱਚ ਹੁਦੀਆਂ ਸਨ। ਸੁਧਾਰਵਾਦੀ ਲਹਿਰ ਤਹਿਤ ਖਾੜਕੂ ਮੁੰਡੇ ਸ਼ਰਾਬ ਦੇ ਠੇਕੇ, ਸਿਗਰਟਾਂ ਦੇ ਖੋਖੇ, ਮੀਟ ਦੀਆਂ ਦੁਕਾਨਾਂ ਆਦਿ ਬੰਦ ਕਰਵਾ ਰਹੇ ਸਨ। ਜੰਞਾਂ ਚ ਜ਼ਿਆਦਾ ਨਫ਼ਰੀ ਲਿਜਾਉਣ ਤੇ ਵੀ ਪਾਬੰਦੀ ਲਗਾ ਰਹੇ ਸਨ। ਦਾਜ ਦਹੇਜ ਲੈਣ ਅਤੇ ਦੇਣ ਵਾਲਿਆਂ ਨੂੰ ਖਾੜਕੂ ਆੜੇ ਹੱਥੀਂ ਲੈਂਦੇ ਸਨ।

ਗਵਾਂਢੀਆਂ ਦੇ ਘਰ ਪਾਰਟੀ ਦੇਰ ਰਾਤ ਤੱਕ ਚਲਦੀ ਰਹੀ। ਮੈਂ ਵੀ ਉਸ ਪਾਰਟੀ ਵਿੱਚ ਸ਼ਰੀਕ ਸਾਂ। ਸ਼ਰਾਬ ਖ਼ੂਬ ਵਰਤੀ ਤੇ ਗਾਉਣ ਪਾਣੀ ਵੀ ਖ਼ੂਬ ਹੋਇਆ। ਭੰਗੜਾ ਗਿੱਧਾ ਘੱਟ ਪਿਆ ਤਾਂ ਕਿ ਬਹੁਤਾ ਸ਼ੋਰ-ਸ਼ਰਾਬਾ ਘਰ ਤੋਂ ਬਾਹਰ ਨਾ ਜਾਵੇ। ਮੈਂ ਨਸ਼ੇ ਵਿੱਚ ਗੜੂੱਚ ਰਾਤ ਦੇ ਇੱਕ ਵਜੇ ਆਪਣੇ ਬਿਸਤਰ ਤੇ ਪਹੁੰਚਿਆ।

ਸਵੇਰੇ ਕਾਲਜ ਵਿੱਚ ਯੂਨੀਵਰਸਿਟੀ ਦੀ ਪ੍ਰੀਖਿਆ ਸ਼ੁਰੂ ਹੋਣੀ ਸੀ। ਇਸ ਪ੍ਰੀਖਿਆ ਵਿੱਚ ਮੇਰੀ ਡਿਊਟੀ ਬਤੌਰ ਸੁਪਰਵਾਈਜ਼ਰ ਲੱਗੀ ਹੋਈ ਸੀ। ਜਦ ਮੇਰੀ ਸਵੇਰੇ ਅੱਖ ਖੁੱਲ੍ਹੀ ਤਾਂ ਮੇਰੀ ਡਿਊਟੀ ਤੇ ਜਾਣ ਦੀ ਵੱਢਿਆਂ ਰੂਹ ਨੂੰ ਨਹੀਂ ਸੀ ਕਰਦੀ। ਸਰੀਰ ਟੁੱਟਾ ਪਿਆ ਸੀ। ਪ੍ਰੀਖਿਆ ਵਿੱਚੋਂ ਪਹਿਲੇ ਹੀ ਦਿਨ ਛੁੱਟੀ ਲੈਣ ਨਾਲ ਮੇਰਾ ਪ੍ਰਭਾਵ ਮਾੜਾ ਪੈਣਾ ਸੀ। ਔਖਾ ਸੌਖਾ ਬਿਸਤਰ ਤੋਂ ਉੱਠ ਕੇ ਮੈਂ ਦਾਤਣ ਕੁਰਲੀ ਕੀਤੀ ਤੇ ਆਪਣੇ ਆਪ ਨੂੰ ਕੁੱਝ ਕਾਇਮ ਕੀਤਾ। ਪਰਚਾ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਘਰ ਤੋਂ ਅੱਠ ਕੁ ਵਜੇ ਤਾਂ ਤੁਰਨਾ ਹੀ ਪੈਣਾ ਸੀ। ਸਾਢੇ ਕੁ ਸੱਤ ਵਜੇਂ ਤੱਕ ਨਹਾ ਧੋ ਕੇ ਕੱਪੜੇ ਪਹਿਨ ਰਿਹਾ ਸਾਂ ਕਿ ਘਰ ਦੇ ਖੁੱਲ੍ਹੇ ਪਏ ਗੇਟ ਚੋਂ ਇੱਕ ਲੜਕਾ ਅੰਦਰ ਆ ਕੇ ਬੋਲਿਆ, "ਪ੍ਰੋਫੈਸਰ ਸਾਹਿਬ! ਪ੍ਰੋਫੈਸਰ ਸਾਹਿਬ!"

ਮੈਂ ਚੌਬਾਰੇ ਵਿੱਚੋਂ ਬਾਹਰ ਵਿਹੜੇ ਵਿੱਚ ਨੂੰ ਨਿਕਲ ਕੇ ਇਸ ਲੜਕੇ ਨੂੰ ਮੈਨੂੰ

ਆਵਾਜ਼ਾਂ ਦਿੰਦੇ ਨੂੰ ਦੇਖਿਆ ਦੇ ਜਵਾਬ ਦਿੱਤਾ, "ਦੱਸੋ ਬੱਚੇ, ਮੈਂ ਕੀ ਖਿਦਮਤ ਕਰ ਸਕਦਾ ਹਾਂ?"

"ਪ੍ਰੋਫੈਸਰ ਸਾਹਿਬ, ਜ਼ਰਾ ਹੇਠਾਂ ਆਓ, ਇੱਕ ਜ਼ਰੂਰੀ ਬੇਨਤੀ ਕਰਨੀ ਏ।"

"ਮੈਂ ਤਿਆਰ ਹੋ ਰਿਹਾ ਹਾਂ ਤੇ ਜ਼ਰਾ ਕਾਹਲੀ ਵਿੱਚ ਹਾਂ। ਏਥੇ ਉਪਰ ਖੜ੍ਹੇ ਨੂੰ ਹੀ ਦੱਸ ਦਿਓ ਕਿ ਕੀ ਮਸਲਾ ਏ।"

"ਨਹੀਂ ਸਰ, ਇੱਕ ਮਿੰਟ ਵਾਸਤੇ ਥੱਲੇ ਜ਼ਰੂਰ ਆਓ।"

ਮੈਂ ਡਰਦਾ ਡਰਦਾ ਥੱਲੇ ਚਲਾ ਗਿਆ। ਲੜਕੇ ਨੇ ਕਾਲੀ ਕੰਬਲੀ ਦੀ ਬੁੱਕਲ ਮਾਰੀ ਹੋਈ ਸੀ ਤੇ ਉਸ ਪਾਸ ਜਾਣ ਤੋਂ ਡਰ ਲਗਦਾ ਸੀ। ਜਿਓਂ ਹੀ ਮੈਂ ਲੜਕੇ ਦੇ ਪਾਸ ਜਾ ਕੇ ਖੜ੍ਹਾ ਹੋਇਆ, ਉਹ ਬੋਲਿਆ, "ਔਹ ਗੇਟ ਤੇ ਇੱਕ ਲੜਕਾ ਖੜ੍ਹਾ ਏ। ਉਸ ਦੀ ਸ਼ਕਲ ਚੰਗੀ ਤਰ੍ਹਾਂ ਦੇਖ ਲਓ। ਉਸਦਾ ਅੱਜ ਤੁਹਾਡੇ ਸੈਂਟਰ ਵਿੱਚ ਅੰਗਰੇਜ਼ੀ ਦਾ ਪਰਚਾ ਏ। ਉਹ ਪ੍ਰਾਈਵੇਟ ਉਮੀਦਵਾਰ ਦੇ ਤੌਰ 'ਤੇ ਇਹ ਪਰਚਾ ਦੇ ਰਿਹਾ ਏ। ਪਰਚਾ ਕਰਵਾਉਣ ਵਿੱਚ ਉਸਦੀ ਦਿਲੋਂ ਮਦਦ ਕਰਨੀ ਏ। ਅਗਰ ਨਾ ਕੀਤੀ ਤਾਂ....।"

ਮੈਂ ਉਸਦੀ ਗੱਲ ਵਿੱਚ ਹੀ ਬੋਚ ਕੇ ਕਿਹਾ, "ਦੇਖ ਵੀਰ, ਮੈਂ ਸਾਰੇ ਸੈਂਟਰ ਦਾ ਮਾਲਕ ਨਹੀਂ। ਮੈਂ ਸੁਪਰਡੈਂਟ ਨਹੀਂ ਹਾਂ। ਮੇਰੀ ਡਿਊਟੀ ਤਾਂ ਸਿਰਫ ਇੱਕ ਕਮਰੇ ਵਿੱਚ ਹੀ ਹੋਵੇਗੀ। ਅਗਰ ਇਸ ਲੜਕੇ ਦਾ ਰੌਲ ਨੰਬਰ ਮੇਰੇ ਕਮਰੇ ਵਿੱਚ ਨਾ ਹੋਇਆ ਤਾਂ ਮੈਂ ਦੂਰ ਜਾ ਕੇ ਇਸ ਦੀ ਮਦਦ ਕਿਵੇਂ ਕਰਾਂਗਾ?"

"ਤੁਸੀਂ ਸਿਰਫ ਆਪਣੀ ਜ਼ਿੰਮੇਵਾਰੀ ਲਵੋ। ਅਸੀਂ ਬਾਕੀ ਕਈਆਂ ਨੂੰ ਵੀ ਕਿਹਾ ਹੋਇਆ ਹੈ। ਪਰਚਾ ਅੰਗਰੇਜ਼ੀ ਦਾ ਏ ਤੇ ਤੁਸੀਂ ਵਿਆਕਰਣ ਨੂੰ ਚੰਗੀ ਤਰ੍ਹਾਂ ਹੱਲ ਕਰ ਸਕਦੇ ਹੋ। ਤੁਸੀਂ ਵੀ ਬਾਕੀਆਂ ਨੂੰ ਕਹਿਣ ਦੀ ਕੋਸ਼ਿਸ਼ ਕਰਿਓ। ਅਗਰ ਤੁਸੀਂ ਨਾ ਵੀ ਉੱਥੇ ਹੋਏ ਫਿਰ ਵੀ ਤੁਸੀਂ ਦੂਰੋਂ ਜਿੰਨੀ ਵੱਧ ਤੋਂ ਵੱਧ ਮਦਦ ਕਰ ਸਕਦੇ ਹੋ ਜ਼ਰੂਰ ਕਰਿਓ। ਬਾਕੀ ਅਸੀਂ ਆਪ ਹੀ ਅੰਦਾਜ਼ਾ ਲਗਾ ਲੈਣਾ ਏ ਕਿਹਨੇ ਦਿਲੋਂ ਮਦਦ ਕੀਤੀ ਏ ਤੇ ਕਿਹਨੇ ਨਹੀਂ।"

"ਜਿੰਨੀ ਹੋ ਸਕੀ ਮੈਂ ਜ਼ਰੂਰ ਮਦਦ ਕਰ ਦਿਆਂਗਾ।"

ਇਸ ਤੋਂ ਬਾਅਦ ਇਹਨਾਂ ਦੋਹਾਂ ਲੜਕਿਆਂ ਨੇ ਸਕੂਟਰ ਦੀ ਕਿੱਕ ਮਾਰੀ ਤੇ ਚਲਦੇ ਬਣੇ। ਕੁੱਝ ਮਿੰਟਾਂ ਬਾਅਦ ਮੈਂ ਵੀ ਤਿਆਰ ਹੋ ਕੇ ਆਪਣੇ ਸਕੂਟਰ ਤੇ ਕਾਲਜ ਨੂੰ ਚੱਲ ਪਿਆ। ਰਸਤੇ ਵਿੱਚ ਮੇਰੇ ਮਨ ਵਿੱਚ ਅਜੀਬ ਕਿਸਮ ਦੇ ਖਿਆਲ ਆ ਰਹੇ ਸਨ:-

ਇੱਕ ਪਾਸੇ ਡਿਊਟੀ ਤੇ ਦੂਜੇ ਪਾਸੇ ਡਰ ਡਰ ਦੇ ਇਸ ਮਾਹੌਲ ਵਿੱਚ ਇਮਤਿਹਾਨ ਨਿਰੇ ਹਾਸੋਹੀਣੇ ਬਣ ਗਏ ਹਨ.... ਇਹਨਾਂ ਸਾਲਾਂ ਦੌਰਾਨ ਡਿਗਰੀ ਪ੍ਰਾਪਤ ਵਿਦਿਆਰਥੀ ਅੱਗੇ ਜਾ ਕੇ ਜ਼ਿੰਦਗੀ ਵਿੱਚ ਕੀ ਕਰਨਗੇ?... ਖਾੜਕੂਆਂ ਦੀ ਲਹਿਰ ਕਿਸ ਮਕਸਦ ਵਾਸਤੇ ਏ... ਉਸ ਲਹਿਰ ਦੀ ਆੜ ਵਿੱਚ ਮਨ ਮਾਨੀਆ ਕਰਵਾਉਣੀਆਂ ਉਸ ਲਹਿਰ ਨੂੰ ਬਦਨਾਮ ਕਰਨਾ ਏ... ਰੋਜ ਲੁੱਟਾਂ ਖੋਹਾਂ ਹੋ ਰਹੀਆਂ ਹਨ... ਇਹ ਸਭ ਖਾੜਕੂਆਂ ਦੇ

ਨਾਂ ਹੀ ਮੜ੍ਹੀਆਂ ਜਾ ਰਹੀਆਂ ਹਨ...।

ਜਦ ਮੈਂ ਕਾਲਜ ਪਹੁੰਚਿਆਂ ਤਾਂ ਮੈਂ ਓਹੀ ਕਾਲੀ ਕੰਬਲੀ ਵਾਲਾ ਲੜਕਾ ਕਾਲਜ ਦੀ ਗਰਾਊਂਡ ਵਿੱਚ ਖੜ੍ਹਾ ਦੇਖਿਆ। ਮੈਂ ਸੈਂਟਰ ਵਲ ਚਲਾ ਗਿਆ। ਮੇਰੀ ਇੱਕ ਕਮਰੇ ਵਿੱਚ ਡਿਊਟੀ ਲੱਗ ਗਈ। ਮੈਂ ਸਾਰੇ ਕਮਰੇ ਦੇ ਪ੍ਰੀਖਿਆਰਥੀਆਂ ਤੇ ਨਜ਼ਰ ਮਾਰੀ ਤੇ ਦੇਖਿਆ ਕਿ ਉਹ ਲੜਕਾ ਮੇਰੇ ਕਮਰੇ ਵਿੱਚ ਨਹੀਂ ਸੀ। ਇਸ ਤੇ ਮੈਂ ਸੁੱਖ ਦਾ ਵੀ ਤੇ ਦੁੱਖ ਦਾ ਵੀ ਸਾਹ ਲਿਆ। ਸੁੱਖ ਦਾ ਇਸ ਕਰਕੇ ਕਿ ਮੇਰੀ ਸੌ ਫੀਸਦੀ ਜ਼ਿੰਮੇਵਾਰੀ ਟਲ ਗਈ ਸੀ, ਦੁੱਖ ਦਾ ਇਸ ਕਰਕੇ ਕਿ ਅਗਰ ਉਹ ਮੇਰੇ ਕਮਰੇ ਵਿੱਚ ਹੁੰਦਾ ਤਾਂ ਮੈਂ ਚੁੱਪਚਾਪ ਉਸਦੀ ਮਦਦ ਕਰ ਦਿੰਦਾ। ਹੁਣ ਮੈਨੂੰ ਕਿਸੇ ਹੋਰ ਨੂੰ ਉਸਦੀ ਮਦਦ ਕਰਨ ਲਈ ਕਹਿਣਾ ਪੈਣਾ ਸੀ। ਇਸ ਨਾਲ ਹੋਰਨਾਂ ਦੀਆਂ ਨਜ਼ਰਾਂ ਵਿੱਚ ਮੇਰੀ ਸਥਿਤੀ ਕੋਝੀ ਬਣਨੀ ਸੀ। ਮੈਂ ਅੰਦਰੋਂ ਕੰਬਿਆਂ ਪਿਆ ਸੀ। ਮੇਰੇ ਮਨ ਵਿੱਚ ਮੁੜ ਮੁੜ ਇਹੀ ਖਿਆਲ ਆ ਰਿਹਾ ਸੀ, ਹੁਣ ਮੈਂ ਦੂਰ ਦੁਰਾਡੇ ਕਮਰੇ ਵਿੱਚ ਉਸਦੀ ਮਦਦ ਕਿਵੇਂ ਕਰਾਂਗਾ? ਮੈਨੂੰ ਉਸਦੀ ਕੁਝ ਨਾ ਕੁਝ ਮਦਦ ਤਾਂ ਕਰਨੀ ਹੀ ਹੋਵੇਗੀ, ਨਹੀਂ ਤਾਂ....।

ਮੈਂ ਪਤਾ ਕੀਤਾ ਕਿ ਉਸ ਕਮਰੇ ਵਿੱਚ ਕੌਣ ਡਿਊਟੀ ਦੇ ਰਿਹਾ ਏ। ਔਖੇ ਸੌਖੇ ਮੈਂ ਉਸਨੂੰ ਇੱਕ ਟਰਾਂਸਲੇਸ਼ਨ ਵਾਲਾ ਪੈਰਾ ਹੱਲ ਕਰਕੇ ਭੇਜ ਦਿੱਤਾ। ਇੰਜ ਕਰਕੇ ਭਾਵੇਂ ਮੈਂ ਆਪਣੇ ਕਿੱਤੇ ਨਾਲ ਨਿਆਂ ਨਹੀਂ ਸੀ ਕੀਤਾ ਪਰ ਇਹ ਅਨਿਆਂ ਵੀ ਨਹੀਂ ਸੀ ਕਿਉਂਕਿ ਪ੍ਰੀਖਿਆ ਇੱਕ ਢਕੌਂਚ ਬਣੀ ਪਈ ਸੀ। ਕਮਰਿਆਂ ਵਿੱਚ ਤਾਇਨਾਤ ਸੁਪਰਵਾਈਜ਼ਰ ਸਿਰਫ ਸਰੀਰਕ ਤੌਰ 'ਤੇ ਹੀ ਹਾਜ਼ਰ ਸਨ। ਉਹ ਨਕਲ ਰੋਕਣ ਲਈ ਕੋਈ ਵੀ ਠੋਸ ਕਦਮ ਨਹੀਂ ਸੀ ਚੁੱਕ ਰਹੇ। ਪ੍ਰੀਖਿਆਰਥੀ ਸ਼ਰੇਆਮ ਸਭ ਦੇ ਸਾਹਮਣੇ ਨਕਲ ਕਰੀ ਜਾ ਰਹੇ ਸਨ। ਕਿਸੇ ਦਾ ਵੀ ਉਹਨਾਂ ਨੂੰ ਰੋਕਣ ਦਾ ਹੀਆ ਨਹੀਂ ਸੀ ਪੈ ਰਿਹਾ। ਹਰ ਰੋਜ਼ ਅਖਬਾਰ ਦੀ ਪਹਿਲੀ ਮੋਟੀ ਸੁਰਖੀ ਹੋਇਆ ਕਰਦੀ ਸੀ: ਅੱਜ ਪੰਜਾਬ ਵਿੱਚ 20 ਮਰੇ, ਅੱਜ ਪੰਜਾਬ ਵਿੱਚ 30 ਮਰੇ।

ਮੈਂ ਡਿਊਟੀ ਦੇ ਕੇ ਘਰ ਆ ਗਿਆ। ਸੋਚਿਆ, ਮੁਸੀਬਤ ਟਲ ਗਈ। ਸੁੱਖ ਦਾ ਸਾਹ ਲਿਆ।

ਸ਼ਾਮ ਦੇ 6 ਕੁ ਵਜੇ ਦਾ ਸਮਾਂ ਸੀ। ਚੋਬਾਰੇ ਦੇ ਵਿਹੜੇ ਵਾਲਾ ਗੇਟ ਖੜਕਿਆ। ਆਵਾਜ਼ ਆਈ: 'ਪ੍ਰੋਫੈਸਰ ਸਾਹਿਬ! ਪ੍ਰੋਫੈਸਰ ਸਾਹਿਬ!"

ਮੈਂ ਗੇਟ ਵੱਲ ਗਿਆ ਤਾਂ ਦੇਖਿਆ ਉਹੀ ਕਾਲੀ ਕੰਬਲੀ ਵਾਲਾ ਸਰਦਾਰ ਲੜਕਾ ਥੱਲੇ ਦਾ ਮੇਨ ਗੇਟ ਲੰਘ ਕੇ ਉਪਰਲੇ ਛੋਟੇ ਗੇਟ ਤੇ ਆ ਕੇ ਖੜ੍ਹਾ ਸੀ।

"ਸਰ, ਗੇਟ ਖੋਲਿਓ?"

"ਕੀ ਗੱਲ ਹੋਈ, ਬੱਲਿਆ?"

"ਤੁਸੀਂ ਗੇਟ ਤਾਂ ਖੋਲ੍ਹੋ, ਸਰ?"

ਮੈਂ ਡਰਦੇ ਡਰਦੇ ਨੇ ਗੇਟ ਖੋਲ੍ਹ ਦਿੱਤਾ ਪਰ ਮੇਰਾ ਉਪਰਲਾ ਸਾਹ ਉਪਰ ਤੇ ਥੱਲੇ

ਦਾ ਸਾਹ ਥੱਲੇ। ਲੜਕਾ ਮੇਰੇ ਨਾਲ ਮੇਰੇ ਕਮਰੇ ਵਿੱਚ ਨੂੰ ਆ ਗਿਆ।

"ਆਓ ਬੈਠੋ," ਮੈਂ ਕਿਹਾ, "ਸਭ ਠੀਕ ਤਾਂ ਏ?"

"ਸਰ, ਸਭ ਠੀਕ ਏ, ਲੜਕੇ ਦਾ ਪਰਚਾ ਤੁਹਾਡੀ ਕਿਰਪਾ ਨਾਲ ਚੰਗਾ ਹੋ ਗਿਆ।"

"ਬੜੀ ਖੁਸ਼ੀ ਦੀ ਗੱਲ ਏ। ਹੁਣ ਕਿਵੇਂ ਆਉਣਾ ਹੋਇਆ?"

"ਮੈਂ ਸੋਚਿਆ, ਸਰ ਦਾ ਧੰਨਵਾਦ ਕਰ ਆਈਏ।"

"ਤੁਹਾਡੀ ਬੜੀ ਮੇਹਰਬਾਨੀ," ਮੈਂ ਘਬਰਾਏ ਹੋਏ ਨੇ ਕਿਹਾ ਕਿਉਂਕਿ ਉਸ ਸਮੇਂ ਕਈ ਸ਼ਬਦਾਂ ਦੇ ਦੋ ਅਰਥ ਵੀ ਹੋਇਆ ਕਰਦੇ ਸਨ। ਕੀ ਪਤਾ ਉਹ ਕਿਸ ਕਿਸਮ ਦਾ ਧੰਨਵਾਦ ਕਰਨ ਆਏ ਸਨ। ਇਸੀ ਪ੍ਰਕਾਰ ਕਿਸੀ ਨੂੰ ਜਾਨੋਂ ਮਾਰਨ ਨੂੰ ਉਸ ਸਮੇਂ 'ਸੋਧਣਾ' ਕਿਹਾ ਜਾਂਦਾ ਸੀ।

ਇੰਨੇ ਚਿਰ ਨੂੰ ਇੱਕ ਹੋਰ ਲੜਕਾ ਥੱਲਿਓਂ ਉਪਰ ਆ ਗਿਆ। ਉਹ ਕਮਰੇ ਦੀਆਂ ਕੰਧਾਂ ਵਲ ਦੇਖੀ ਜਾਵੇ, ਫੋਟੋਆਂ ਵਲ ਦੇਖੀ ਜਾਵੇ। ਦਸਮ ਪਾਤਸ਼ਾਹ ਦੀ ਅੰਗੀਠੀ ਤੇ ਪਈ ਪੇਂਟਿੰਗ ਦੇਖ ਕੇ ਉਹ ਕੁੱਝ ਠੰਢਾ ਹੋ ਗਿਆ।

"ਸਰ, ਤੁਹਾਡੇ ਨਾਲ ਇੱਕ ਜ਼ਰੂਰੀ ਗੱਲ ਕਰਨੀ ਏ," ਕਾਲੀ ਕੰਬਲੀ ਵਾਲਾ ਲੜਕਾ ਬੜੇ ਸਤਿਕਾਰ ਨਾਲ ਬੋਲਿਆ।

"ਦੱਸੋ ਕੀ ਗੱਲ ਏ? ਕਿਸੇ ਹੋਰ ਪਰਚੇ ਵਿੱਚ ਮਦਦ ਚਾਹੀਦੀ ਏ?" ਮੈਂ ਡਰਦੇ ਡਰਦੇ ਨੇ ਕਿਹਾ।

"ਨਹੀ ਸਰ, ਹੋਰ ਗੱਲ ਏ।"

ਮੇਰੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਮੈਂ ਸੋਚਣ ਲੱਗਾ ਸ਼ਾਇਦ ਇਹ ਲੜਕਾ ਪੈਸੇ ਮੰਗੇਗਾ।

"ਕੀ?" ਮੇਰੀ ਐਕਸਰੇ ਜਿਹੀ ਅੱਖ ਕਾਲੀ ਕੰਬਲੀ ਵਿੱਚ ਧਸੀ ਪਈ ਸੀ।

"ਤੁਸੀਂ ਸਾਡੇ ਵੱਡੇ ਵੀਰ ਹੋ। ਕੀ ਤੁਸੀਂ ਕੱਲ ਰਾਤ ਸ਼ਰਾਬ ਪੀਤੀ ਸੀ?" "ਤੁਹਾਨੂੰ ਕਿਵੇਂ ਪਤਾ ਲੱਗ ਗਿਆ?" ਮੈਂ ਪੁੱਛ ਹੀ ਲਿਆ।

"ਸਾਨੂੰ ਸਭ ਪਤਾ ਲੱਗ ਜਾਂਦਾ ਏ। ਜਦ ਤੁਸੀਂ ਸਵੇਰੇ ਥੱਲੇ ਮੇਰੇ ਕੋਲ ਆਏ ਸੀ ਉਸ ਸਮੇਂ ਵੀ ਤੁਹਾਡੇ ਸਾਹ 'ਚੋਂ ਸ਼ਰਾਬ ਦੀ ਬੋਅ ਆ ਰਹੀ ਸੀ। ਤੁਹਾਨੂੰ ਪਤਾ ਏ, ਰੋਜ਼ ਲੜਕੇ ਮਰ ਰਹੇ ਹਨ। ਪੁਲੀਸ ਮੁਕਾਬਲੇ ਬਣਾ ਬਣਾ ਕੇ ਮੁੰਡਿਆਂ ਦੀਆਂ ਲਾਸ਼ਾਂ ਦੇ ਢੇਰ ਲਾਈ ਜਾ ਰਹੀ ਏ। ਅਸੀਂ ਇੱਧਰ ਸ਼ਰਾਬ ਪੀ ਕੇ ਮਸਤੀਆਂ ਮਾਰ ਰਹੇ ਹਾਂ। ਇਹ ਗੱਲ ਸਾਨੂੰ ਸੋਂਹਦੀ ਨਹੀਂ। ਤੁਸੀਂ ਸਾਡੀ ਮਦਦ ਕੀਤੀ ਅਸੀਂ ਤੁਹਾਡੇ ਬਹੁਤ ਰਿਣੀ ਹਾਂ ਪਰੰਤੂ ਤੁਹਾਨੂੰ ਸਾਡੀ ਇਹ ਬੇਨਤੀ ਵੀ ਮੰਨ ਲੈਣੀ ਚਾਹੀਦੀ ਏ। ਤੁਸੀਂ ਸਾਥੋਂ ਕਿਤੇ ਜ਼ਿਆਦਾ ਸਮਝਦਾਰ ਹੋ, ਅੰਤਾਂ ਦੇ ਪੜ੍ਹੇ-ਲਿਖੇ ਹੋ।"

"ਮੈਂ ਤੁਹਾਡੇ ਨਾਲ ਸਹਿਮਤ ਹਾਂ। ਰਾਤ ਗਵਾਢੀਆਂ ਦੇ ਪਾਰਟੀ ਸੀ। ਉੱਥੇ ਕੁਝ

ਵੱਧ ਪੀ ਹੋ ਗਈ। ਅੱਗੇ ਲਈ ਨਹੀਂ ਪੀਂਵਾਂਗਾ। ਦੱਸੋ ਤੁਹਾਡੀ ਕੀ ਸੇਵਾ ਕਰੀਏ? ਚਾਹ ਪੀਓਗੇ ਜਾਂ ਦੁੱਧ?"

"ਨਹੀਂ, ਅਸੀਂ ਕੁਝ ਨਹੀਂ ਪੀਂਦੇ। ਹਾਂ, ਪਾਣੀ ਦਾ ਘੁੱਟ ਪੀ ਸਕਦੇ ਹਾਂ।"

ਮੈਂ ਫਰਜਿ 'ਚੋਂ ਕੱਢ ਕੇ ਉਹਨਾਂ ਨੂੰ ਪਾਣੀ ਦਿੱਤਾ। ਫਤਿਹ ਬੁਲਾ ਕੇ ਉਹ ਥੱਲੇ ਉੱਤਰ ਗਏ। ਥੱਲੇ ਇੱਕ ਹੋਰ ਤੀਜਾ ਸਾਥੀ ਸਕੂਟਰ 'ਤੇ ਖੜ੍ਹਾ ਸੀ। ਫਿਰ ਉਹ ਕਿੱਕ ਮਾਰ ਕੇ ਚਲਦੇ ਬਣੇ।

.................

ਅਗਲੀ ਸਵੇਰੇ ਮੇਰੀ ਡਿਊਟੀ ਤੋਂ ਛੁੱਟੀ ਸੀ। ਸੋਚਿਆ ਮੈਂ ਆਪਣੀ ਘਰ ਵਾਲੀ ਨਾਲ ਸ਼ਹਿਰ ਹੀ ਚਲਾ ਜਾਵਾਂ। ਘਰਵਾਲੀ ਦਾ ਸ਼ਹਿਰ ਵਿੱਚ ਪ੍ਰਾਈਵੇਟ ਸਕੂਲ ਸੀ। ਉਸਨੇ ਸਾਢੇ ਅੱਠ ਵਜੇ ਸਕੂਲ ਲਗਾ ਦਿੱਤਾ। ਸਕੂਲ ਵਿੱਚ ਦੂਸਰਾ ਪੀਰੀਅਡ ਸ਼ੁਰੂ ਹੋ ਗਿਆ। ਘੜੀ ਕੁ ਵਿੱਚ ਬਾਹਰ ਦਗੜ ਦਗੜ ਹੋ ਗਈ। ਗੇਟ ਤੇ ਖੜ੍ਹੀ ਸੇਵਾਦਾਰਨੀ ਡਰ ਨਾਲ ਸਹਿਮ ਗਈ। ਭੱਜੀ ਭੱਜੀ ਦਫਤਰ ਵਿੱਚ ਆਈ, ਮੂੰਹ 'ਚੋਂ ਟੁੱਟੀ ਫੁੱਟੀ ਆਵਾਜ਼ ਨਿਕਲੀ, "ਸਰ, ਸਰ, ਬਾਹਰ ਪੁਲੀਸ ਦੀ ਜੀਪ ਆਈ ਏ।"

ਦੇਖਿਆ ਤਾਂ ਥਾਣੇਦਾਰ ਤੇ ਦੋ ਸਿਪਾਹੀ ਇੱਕ ਦਮ ਦਫਤਰ ਮੂਹਰੇ ਆ ਖੜ੍ਹੇ ਹੋ ਗਏ। ਸਕੂਲ ਦੇ ਟੀਚਰ ਕਮਰਿਆਂ ਅੱਗੇ ਖੜ੍ਹੇ ਦੇਖ ਰਹੇ ਸਨ। ਸੋਚ ਰਹੇ ਸਨ ਕਿ ਕੋਈ ਭਾਣਾ ਵਰਤਣ ਵਾਲਾ ਏ। ਸਕੂਲ ਵਿੱਚ ਕਿਸੇ ਨੇ ਕੋਈ ਐਸੀ ਕਰਤੂਤ ਕੀਤੀ ਹੋਵੇਗੀ ਕਿ ਪੁਲੀਸ ਉਸ ਨੂੰ ਪਕੜਨ ਵਾਸਤੇ ਆਈ ਏ। ਮੈਂ ਅਤੇ ਮੇਰੀ ਪਤਨੀ ਵੀ ਪੁਲੀਸ ਨੂੰ ਦੇਖ ਕੇ ਹੈਰਾਨ ਹੋ ਗਏ। ਮੈਂ ਸੋਚੀ ਜਾ ਰਿਹਾ ਸਾਂ ਸ਼ਾਇਦ ਪੁਲੀਸ ਦੀ ਆਮਦ ਦਾ ਸੰਬੰਧ ਮੇਰੀ ਪਹਿਲੇ ਦਿਨ ਵਾਲੀ ਮੁੰਡਿਆਂ ਨਾਲ ਮਿਲਣੀ ਨਾਲ ਸੀ। ਜਿੱਧਰੋਂ ਵੀ ਖਾੜਕੂ ਇੱਕ ਵਾਰ ਲੰਘ ਜਾਣ ਪੁਲੀਸ ਉਹਨਾਂ ਰਾਹਾਂ ਦੀਆਂ ਸੂਹਾਂ ਲੈਂਦੀ ਫਿਰਦੀ ਰਹਿੰਦੀ ਸੀ। ਜਿਸ ਘਰ ਵਿੱਚ ਖਾੜਕੂ ਰੋਟੀ ਖਾ ਜਾਣ ਪੁਲੀਸ ਉਸ ਪਰਿਵਾਰ ਦੇ ਮੈਂਬਰਾਂ ਨੂੰ ਵੀ ਕਈ ਵਾਰ ਫੜ ਲਿਆਉਂਦੀ ਸੀ।

"ਥਾਣੇਦਾਰ ਸਾਹਿਬ, ਆਓ ਬੈਠੋ," ਮੈਂ ਦਫਤਰ 'ਚੋਂ ਬਾਹਰ ਨਿਕਲ ਕੇ ਹੱਥ ਜੋੜ ਕੇ ਕਿਹਾ।

ਥਾਣੇਦਾਰ ਅਤੇ ਸਿਪਾਹੀ ਦਫਤਰ 'ਚ ਆ ਕੇ ਸੋਫਿਆਂ 'ਤੇ ਬੈਠ ਗਏ।

"ਕੀ ਹਾਲ ਚਾਲ ਏ? ਕਾਰੋਬਾਰ ਠੀਕ ਠਾਕ ਏ?" ਥਾਣੇਦਾਰ ਬੜੇ ਪਿਆਰ ਨਾਲ ਬੋਲਿਆ।

"ਸਭ ਠੀਕ ਏ, ਜਨਾਬ। ਕੀ ਖਿਮਦਤ ਕਰ ਸਕਦਾ ਹਾਂ, ਸਰਦਾਰ ਸਾਹਿਬ?"

"ਬੱਸ ਕੁਝ ਨਹੀਂ। ਅਸੀਂ ਸੋਚਿਆ, ਅੱਜ ਪ੍ਰੋਫੈਸਰ ਸਾਹਿਬ ਦੇ ਦਰਸ਼ਨ ਕਰ ਆਈਏ।"

ਮੇਰੇ ਡਰ ਨਾਲ ਡੌਰ ਭੌਰ ਉਡ ਗਏ। ਮੇਰੀ ਪਤਨੀ ਡਰੀ ਹੋਈ ਕਲਾਸਾਂ ਵਲ

ਗੇੜਾ ਮਾਰਨ ਚਲੀ ਗਈ। ਥਾਣੇਦਾਰ ਦਾ ਬੋਲਿਆ 'ਦਰਸ਼ਨ' ਸ਼ਬਦ ਮੇਰੇ ਜਿਹਨ ਵਿੱਚ ਦਰਜਨ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਗਿਆ।

"ਮੈਡਮ, ਕੀ ਗੱਲ ਹੋ ਗਈ?" ਅਧਿਆਕਾਵਾਂ ਮੇਰੀ ਪਤਨੀ ਨੂੰ ਪੁੱਛੀ ਜਾਣ।

"ਮੈਨੂੰ ਤਾਂ ਆਪ ਸਮਝ ਨਹੀਂ ਆ ਰਹੀ। ਸਰ ਨਾਲ ਅੰਦਰ ਗੱਲ ਚੱਲ ਰਹੀ ਏ। ਸ਼ਾਇਦ ਕੋਈ ਕਾਲਜ ਦੀ ਗੱਲ ਨਾ ਹੋਵੇ," ਮੇਰੀ ਪਤਨੀ ਟੀਚਰਾਂ ਨੂੰ ਕਹੀ ਜਾਵੇ। ਸੇਵਾਦਾਰਨੀ ਚਾਹ ਲੈਣ ਲਈ ਗਈ।

"ਜਨਾਬ, ਕੀ ਖਿਦਮਤ ਕਰ ਸਕਦਾ ਹਾਂ?" ਮੈਂ ਥਾਣੇਦਾਰ ਨੂੰ ਕਿਹਾ।

"ਪ੍ਰੋਫੈਸਰ ਸਾਹਿਬ, ਮੁਆਫ ਕਰਨਾ, ਸਾਡਾ ਕਿਤੇ ਵੀ ਆਉਣਾ ਆਫ਼ਤ ਸਮਝਿਆ ਜਾਂਦਾ ਏ। ਖਾਸ ਕਰਕੇ, ਅੱਜ ਦੇ ਮਾਹੌਲ ਵਿੱਚ ਸਾਡੀ ਜੀਪ ਕਿਤੇ ਵੀ ਜਾਵੇ ਤਾਂ ਇੰਜ ਲਗਦਾ ਏ ਜਿਵੇਂ ਕੋਈ ਕਹਿਰ ਟੁੱਟਣ ਵਾਲਾ ਹੋਵੇ। ਪਰ ਸਾਡਾ ਤੁਹਾਡੇ ਪਾਸ ਆਉਣਾ ਐਸਾ ਨਹੀਂ ਏ। ਦਰਅਸਲ ਗੱਲ ਇੰਜ ਏ, ਮੇਰੀ ਲੜਕੀ ਸ਼ਹਿਰ ਦੇ ਇੱਕ ਸੈਂਟਰ ਵਿੱਚ ਬੀ.ਏ. (ਆਖਰੀ ਸਾਲ) ਦਾ ਪਰਚਾ ਦੇ ਰਹੀ ਏ। ਅੱਜ ਉਸਦਾ ਅੰਗਰੇਜ਼ੀ ਦਾ ਵਿਆਕਰਣ ਵਾਲਾ ਪਰਚਾ ਏ। ਸੁਣਿਆ ਏ, ਪਰਚਾ ਕਾਫੀ ਔਖਾ ਆਇਆ ਏ। ਸਾਨੂੰ ਦੱਸਿਆ ਗਿਆ ਏ ਕਿ ਪਰਚਾ ਤੁਸੀਂ ਹੀ ਸਹੀ ਮਾਇਨਿਆਂ ਵਿੱਚ ਹੱਲ ਕਰ ਸਕਦੇ ਹੋ। ਅਸੀਂ ਪਰਚਾ ਆਊਟ ਕਰਵਾ ਕੇ ਨਾਲ ਲੈ ਕੇ ਆਏ ਹਾਂ। ਪਲੀਜ਼, ਪਰਚਾ ਹੱਲ ਕਰ ਦਿਓ ਤਾਂ ਕਿ ਅਸੀਂ ਲੜਕੀ ਨੂੰ ਪਰਚਾ ਛੇਤੀ ਤੋਂ ਛੇਤੀ ਅੰਦਰ ਪਹੁੰਚਾ ਦੇਈਏ।"

ਇਹ ਸੁਣ ਕੇ ਮੇਰਾ ਸਾਹ ਵਿੱਚ ਸਾਹ ਆਇਆ। ਸੋਚਦੇ ਕੀ ਸਾਂ, ਨਿਕਲਿਆ ਕੀ। ਮੈਂ ਅੱਧੇ ਕੁ ਘੰਟੇ ਵਿੱਚ ਪਰਚੇ ਦੇ ਤਿੰਨ ਕੁ ਸਵਾਲ ਹੱਲ ਕਰ ਦਿੱਤੇ। ਥਾਣੇਦਾਰ ਬਹੁਤ ਖੁਸ਼ ਹੋਇਆ। ਇੰਨੇ ਚਿਰ ਵਿੱਚ ਉਹ ਚਾਹ ਵੀ ਪੀ ਚੁੱਕੇ ਸਨ। ਉਹਨਾ ਮੇਰਾ ਅੰਤਾਂ ਦਾ ਸਤਿਕਾਰ ਕੀਤਾ। ਸਾਰੇ ਸਕੂਲ ਵਿੱਚ ਮੁੜ ਸ਼ਾਂਤੀ ਵਰਤ ਗਈ। ਜੀਪ ਦਗੜ ਦਗੜ ਕਰਦੀ ਸ਼ਹਿਰ ਵਲ ਵਾਪਸ ਚਲੀ ਗਈ।

ਮੈਂ ਸੋਚਦਾ ਹੀ ਰਹਿ ਗਿਆ ਕਿ 24 ਘੰਟਿਆਂ ਵਿੱਚ ਦੋ ਇੱਕੋ ਪ੍ਰਕਾਰ ਦੀਆਂ ਘਟਨਾਵਾਂ ਵਾਪਰ ਗਈਆਂ। ਮੈਂ ਸੋਚਦਾ ਹੀ ਰਹਿ ਗਿਆ ਕਿ ਇਸ ਪ੍ਰਕਾਰ ਦੇ ਖੌਫਨਾਕ ਮਾਹੌਲ ਵਿੱਚ ਬਿਨਾਂ ਮਿਹਨਤ ਡਿਗਰੀਆਂ ਪ੍ਰਾਪਤ ਵਿਦਿਆਰਥੀ ਕੱਲ ਨੂੰ ਜ਼ਿੰਦਗੀ ਦੇ ਮੋੜਾਂ ਤੇ ਹੋਰ ਆਉਣ ਵਾਲੀਆਂ ਪ੍ਰੀਖਿਆਵਾਂ ਕਿਵੇਂ ਪਾਸ ਕਰਨਗੇ। ਇੱਕ ਸਵਾਲ ਮੇਰੇ ਜਿਹਨ ਵਿੱਚ ਵਾਰ ਵਾਰ ਆ ਰਿਹਾ ਸੀ। ਕੀ ਮੈਂ ਦੋਹਾਂ ਧਿਰਾਂ ਦੀ ਨਕਲ ਵਿੱਚ ਮਦਦ ਕਰਕੇ ਠੀਕ ਕੀਤਾ? ਜਦ ਸਾਰੀ ਪ੍ਰੀਖਿਆ ਹੀ ਇੱਕ ਢੌਂਗ ਬਣੀ ਪਈ ਹੋਵੇ ਤਾਂ ਕੀ ਇੱਕ ਅਧਿਆਪਕ ਨੂੰ ਇਸ ਪ੍ਰਕਾਰ ਦੀ ਮਦਦ ਕਰ ਦੇਣੀ ਚਾਹੀਦੀ ਏ ਕਿ ਨਹੀਂ? ਜਦ ਸੈਂਟਰ ਦੇ ਅੰਦਰ ਡਿਊਟੀ ਦੇਣ ਵਾਲੇ ਸੁਪਰਵਾਈਜ਼ਰ ਅਧਿਆਪਕ ਡਰ ਦੇ ਇਸ ਮਾਹੌਲ ਵਿੱਚ ਬੁਰੀ ਤਰ੍ਹਾਂ ਅਸਫਲ ਹੋ ਗਏ ਹੋਣ ਤੇ ਪ੍ਰੀਖਿਆਰਥੀ ਸ਼ਰੇਆਮ ਕਿਤਾਬਾਂ

ਖੋਲ੍ਹ ਕੇ ਨਕਲ ਕਰ ਰਹੇ ਹੋਣ ਤਾਂ ਅਗਰ ਕੋਈ ਅਧਿਆਪਕ ਕਿਸੇ ਵਾਸਤੇ ਪਰਚਾ ਹੱਲ ਵੀ ਕਰ ਦੇਵੇ ਤਾਂ ਇਹ ਕੋਈ ਬਹੁਤੀ ਗੈਰਇਖਲਾਕੀ ਗੱਲ ਨਹੀਂ।

ਇੱਕ ਦਿਨ ਮੈਂ ਇਹ ਕਹਾਣੀ ਇੱਕ ਐਸੇ ਪੰਜਾਬੀ ਸਾਥੀ ਨੂੰ ਸੁਣਾਈ ਜਿਹਨੇ ਐਮ.ਐਸ.ਸੀ. ਉਹਨਾਂ ਦਿਨਾਂ ਵਿੱਚ ਹੀ ਪਾਸ ਕੀਤੀ ਸੀ। ਬਾਅਦ ਵਿੱਚ ਉਹ ਇੱਥੇ ਸਿਡਨੀ ਵਿਆਹ ਦੇ ਆਧਾਰ ਤੇ ਆ ਗਿਆ ਸੀ। ਉਹ ਇੱਥੇ ਸਭ ਪ੍ਰਕਾਰ ਦੇ ਟੈਸਟਾਂ ਵਿੱਚੋਂ ਫੇਲ ਹੋਈ ਜਾਂਦਾ ਸੀ ਤੇ ਐਮ.ਐਸ.ਸੀ. ਦੀਆਂ ਫੌਂਕੀਆਂ ਫੜ੍ਹਾਂ ਮਾਰੀ ਜਾਂਦਾ ਸੀ।

# 29 ਦਿਨ

ਪ੍ਰੋਫੈਸਰ ਕੁਲਵਰਨ 1990 ਵਿੱਚ ਐਨ.ਸੀ.ਸੀ.ਓ.ਟੀ.ਐਸ. ਕਾਂਪਟੀ (Officers Training School Kamptee) ਵਿੱਚ ਆਪਣਾ ਪਹਿਲਾ ਰੀਫਰੈਸ਼ਰ ਕੋਰਸ ਕਰਨ ਗਿਆ ਸੀ। ਇਹ ਕੋਰਸ 30 ਦਿਨਾਂ ਦਾ ਸੀ। ਇਸ ਤੋਂ ਪਹਿਲਾਂ ਉਸਨੇ 1986 ਵਿੱਚ 90 ਦਿਨ ਦਾ ਪ੍ਰੀ-ਕਮਿਸ਼ਨ ਟਰੇਨਿੰਗ ਕੋਰਸ ਵੀ ਇਸੇ ਸਕੂਲ ਵਿੱਚ ਪੂਰਾ ਕਰਕੇ ਸੈਕੰਡ ਲੈਫਟੀਨੈਂਟ ਦਾ ਰੈਂਕ ਪ੍ਰਾਪਤ ਕੀਤਾ ਸੀ। ਮੌਜੂਦਾ ਕੋਰਸ ਪੂਰਾ ਕਰਨ ਨਾਲ ਉਸਨੇ ਹੁਣ ਲੈਫਟੀਨੈਂਟ ਬਣ ਜਾਣਾ ਸੀ।

"ਭਾਰਤ ਵਿੱਚ ਇਸ ਪ੍ਰਕਾਰ ਦੇ ਕਿੰਨੇ ਕੁ ਟਰੇਨਿੰਗ ਸਕੂਲ ਹਨ?" ਮੈਂ ਉਸ ਤੋਂ ਪੁੱਛਿਆ।

"ਓ.ਟੀ.ਐਸ. ਸਾਰੇ ਭਾਰਤ ਵਿੱਚ ਇੱਕ ਹੀ ਟਰੇਨਿੰਗ ਸਕੂਲ ਏ। ਭਾਰਤ ਦੇ ਸਾਰੇ ਅਫਸਰ ਕੈਡੇਟ ਇਸੇ ਸਕੂਲ ਤੋਂ ਹੀ ਸਿਖਲਾਈ ਪ੍ਰਾਪਤ ਕਰਦੇ ਹਨ।ਇੱਥੇ ਕਾਲਜਾਂ ਦੇ ਪ੍ਰੋਫੈਸਰ ਵੀ ਆਉਂਦੇ ਹਨ ਤੇ ਸਕੂਲਾਂ ਦੇ ਅਧਿਆਪਕ ਵੀ। ਇਹ ਸਕੂਲ ਅੰਗਰੇਜ਼ਾਂ ਦੇ ਰਾਜ ਵੇਲੇ ਦੀਆਂ ਬਣੀਆਂ ਹੋਈਆਂ ਬੈਰਕਾਂ ਵਿੱਚ ਏ। ਇਹ ਬੈਰਕਾਂ ਸੌ ਸਾਲ ਤੋਂ ਵੀ ਵੱਧ ਪੁਰਾਣੀਆਂ ਹਨ। ਅੰਗਰੇਜ਼ਾਂ ਦੇ ਰਾਜ ਸਮੇਂ ਇਹਨਾਂ ਇਮਾਰਤਾਂ ਦੀ ਹਾਲਤ ਕਾਫੀ ਚੰਗੀ ਹੁੰਦੀ ਹੋਵੇਗੀ। ਇੰਜ ਲਗਦਾ ਏ ਕਿ ਸੰਨ 47 ਤੋਂ ਬਾਦ ਇਹਨਾਂ ਬੈਰਕਾਂ ਦੀ ਮੁਰੰਮਤ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਬਰਸਾਤ ਦੇ ਦਿਨਾਂ ਵਿੱਚ ਇਹ ਬੈਰਕਾਂ ਕਈ ਥਾਵਾਂ ਤੋਂ ਚੋਂਦੀਆਂ ਵੀ ਨਜ਼ਰ ਆਉਂਦੀਆਂ ਰਹਿੰਦੀਆਂ ਹਨ। ਇਹਨਾਂ ਦੇ ਚੋਣ ਨਾਲ ਜਿਹੜੀ ਤਕਲੀਫ ਟਰੇਨਿੰਗ ਲੈਣ ਵਾਲੇ ਸਿਖਿਆਰਥੀਆਂ ਨੂੰ ਹੁੰਦੀ ਸੀ ਉਹ ਇਸ ਸਖਤ ਕੋਰਸ ਦਾ ਹਿੱਸਾ ਹੀ ਬਣ ਗਈ ਜਾਪਦੀ ਏ। ਇਥੇ ਪਹੁੰਚੇ ਹਰ ਸਿਖਿਆਰਥੀ, ਪ੍ਰੋਫੈਸਰ ਤੇ ਅਧਿਆਪਕ ਨੂੰ ਇਕ ਰੰਗਰੂਟ (recruit) ਵਾਂਗ ਸਖਤ ਜਿਸਮਾਨੀ ਟਰੇਨਿੰਗ ਵਿੱਚੋਂ ਨਿਕਲਣਾ ਪੈਂਦਾ ਏ। ਅਗਰ ਮੱਛਰਦਾਨੀ ਫਟੀ ਹੋਣ ਕਾਰਨ ਉਸ ਵਿੱਚ ਮੱਛਰ ਆ ਵੜੇ ਤਾਂ ਇਹ ਵੀ ਇੱਕ ਟਰੇਨੀ ਦੀ ਸਖਤ ਟਰੇਨਿੰਗ ਦਾ ਹਿੱਸਾ ਹੀ ਸਮਝਿਆ ਜਾਂਦਾ ਏ, ਬੈਰਕਾਂ ਦੇ ਚੋਣ ਨੂੰ ਤਾਂ ਇੰਜ ਸਮਝਣਾ ਹੀ ਸਮਝਣਾ ਏ। ਅਗਰ ਟਰੇਨਿੰਗ ਸਮੇਂ ਬਾਰਿਸ਼ ਲਗ ਪਵੇ ਤਾਂ ਵੀ ਸਿਖਿਆਰਥੀਆਂ ਨੂੰ ਅਕਸਰ ਕੰਮ ਤੇ ਲਾ ਹੀ ਛੱਡਦੇ ਹਨ ਤਾਂ ਕਿ ਉਹ ਔਖੇ ਵੇਲੇ ਕੰਮ ਕਰਨਾ ਵੀ ਸਿੱਖ ਜਾਣ....।"

ਮੈਥੋਂ ਵਿੱਚ ਹੀ ਬੋਲ ਹੋ ਗਿਆ, "ਕੀ ਇੰਜ ਕਰਨਾ ਗੈਰ-ਕਾਨੂੰਨੀ ਨਹੀਂ? ਬਾਰਿਸ਼ ਵਿੱਚ ਸਖਤ ਜਿਸਮਾਨੀ ਟਰੇਨਿੰਗ ਨਾਲ ਕੋਈ ਸਿਖਿਆਰਥੀ ਗਰਮ ਸਰਦ ਹੋ ਕੇ ਬੀਮਾਰ ਵੀ ਪੈ ਸਕਦਾ ਏ?"

"ਬਾਰਿਸ਼ ਤੋਂ ਮੇਰਾ ਮਤਲਬ ਲਗਾਤਾਰ ਭਾਰੀ ਬਾਰਿਸ਼ ਨਹੀਂ। ਭਾਰੀ ਬਾਰਿਸ਼ ਦੌਰਾਨ ਤਾਂ ਬੈਰਕਾਂ ਦੇ ਲੰਬੇ ਲੰਬੇ ਵਰਾਂਡਿਆਂ ਵਿੱਚ ਟਰੇਨਿੰਗ ਚਲਦੀ ਰਹਿੰਦੀ ਏ। ਹਲਕੀ ਬਾਰਸ਼ ਵਿੱਚ ਸਭ ਟਰੇਨਿੰਗ ਖੁੱਲ੍ਹੇ ਟਰੇਨਿੰਗ ਏਰੀਏ ਵਿੱਚ ਹੀ ਹੁੰਦੀ ਏ? ਜਦ ਕਿਸੇ ਸਿਵਲੀਅਨ ਨੂੰ ਫੌਜੀ ਸੰਚੇ ਵਿੱਚ ਢਾਲਣਾ ਹੋਵੇ ਤਾਂ ਸਖਤ ਵਰਤਾਓ ਤਾਂ ਰੱਖਣਾ ਹੀ ਪਵੇਗਾ। ਇੱਥੇ ਪਹੁੰਚਣ ਵਾਲੇ ਹਰ ਸਿਖਿਆਰਥੀ ਨੂੰ ਆਪਣਾ ਪਿਛਲਾ ਰੁਤਬਾ ਤਾਂ ਝਾੜ ਪੂੰਝਕੇ ਹੀ ਅੰਦਰ ਲੰਘਣਾ ਪੈਂਦਾ ਏ। ਗੇਟ ਤੇ ਖੜ੍ਹਾ ਸੰਤਰੀ ਝਿੜਕ ਜਿਹੀ ਮਾਰ ਕੇ ਆਉਣ ਵਾਲੇ ਸਿਖਿਆਰਥੀ ਦਾ ਰਿਕਸ਼ਾ ਰੋਕਦਾ ਹੈ। ਉਸਦਾ ਕਾਗਜ਼ ਪੱਤਰ ਚੈੱਕ ਕਰਨ ਤੋਂ ਬਾਅਦ ਉਹ ਉਸ ਰਿਕਸ਼ੇ ਨੂੰ ਸਿੱਧਾ ਕਿਸੇ ਬੈਰਕ ਵੱਲ ਧੱਕ ਦਿੰਦਾ ਏ। ਮੈਨੂੰ ਯਾਦ ਹੈ ਜੋ ਕੁਝ ਮੇਰੇ ਨਾਲ ਸੰਨ 86 ਵਿੱਚ 90 ਦਿਨ ਦੀ ਟੇਰਨਿੰਗ ਲੈਣ ਆਏ ਨਾਲ ਹੋਇਆ ਸੀ। ਮੈਂ ਰੇਲ ਗੱਡੀ ਤੋਂ ਉਤਰ ਕੇ ਰਿਕਸ਼ੇ ਤੇ ਬੈਠਾ ਕਿਸੇ ਫਿਲਾਸਫਰ ਤੋਂ ਘੱਟ ਮਹਿਸੂਸ ਨਹੀਂ ਸੀ ਕਰ ਰਿਹਾ। ਮੇਰੇ ਮਨ ਵਿੱਚ ਹੇਠ ਲਿਖੇ ਵਿਚਾਰ ਆ ਰਹੇ ਸਨ:-

ਹੁਣ ਤਾਂ 90 ਦਿਨ ਬੜੀ ਮੌਜ ਦੇ ਕੱਟਾਂਗੇ। ਕਾਲਜ ਵਿੱਚ ਪੜ੍ਹਾਉਂਦੇ ਥੱਕੇ ਪਏ ਸਾਂ...ਆਉਣ ਜਾਣ ਦਾ ਸਰਕਾਰੀ ਪਰਚਾ...ਰੋਟੀ ਪਾਣੀ ਮੁਫਤ...ਨਾਗਪੁਰੀ ਸੰਤਰੇ...ਨਵੇਂ ਨਵੇਂ ਸਿਖਿਆਰਥੀ ਸਾਥੀ ਮਿਲਣਗੇ....ਗਜ਼ਟਿਡ ਅਫਸਰ ਦਾ ਰੈਂਕ...ਸੁਣਿਐ ਵਰਜਿਸ ਵੀ ਚੰਗੀ ਕਰਵਾਉਂਦੇ ਐ...ਥੋੜ੍ਹੀ ਸਿਹਤ ਵੀ ਠੀਕ ਹੋ ਜੂ...ਬਾਅਦ ਵਿੱਚ ਜਾ ਕੇ ਕਾਲਜ ਵਿੱਚ ਮੌਜਾਂ ਹੀ ਮੌਜਾਂ...ਭੱਤਾ ਵੀ ਮਿਲਿਆ ਕਰੂ...ਨਾਲੇ ਵਰਦੀ ਦਾ ਰੋਅਬ!!

ਇਵੇਂ ਸੋਚਦਾ ਮੈਂ ਗੇਟ ਤੇ ਪਹੁੰਚਿਆ ਹੀ ਸੀ ਕਿ ਸੰਤਰੀ ਨੇ ਇਵੇਂ ਲਲਕਾਰਾ ਮਾਰਿਆ ਜਿਵੇਂ ਉਹ ਕਿਸੇ ਦੁਸ਼ਮਣ ਦੀ ਫੌਜੀ ਟੁਕੜੀ ਨੂੰ ਲਲਕਾਰ ਰਿਹਾ ਹੋਵੇ, 'ਸਰਦਾਰ ਜੀ, ਕਹਾਂ ਜਾ ਰਹੇ ਹੋ? ਪੀਛੇ ਮੁੜੋ, ਆਪ ਕੋ ਇਤਨੇ ਵੀ ਮੈਨਰਜ਼ ਨਹੀਂ ਕਿ ਗੇਟ ਸੇ ਕੈਸੇ ਗੁਜ਼ਰਨਾ ਹੈ? ਸਿਵਲ ਮੇਂ ਆਪਕੋ ਕੁਛ ਨਹੀਂ ਸਿਖਾਇਆ ਜਾਤਾ? ਬਟਾਲੀਅਨ ਕਾ ਪੱਤਰ ਦਿਖਾਓ? ਯਹਾਂ ਰਜਿਸਟਰ ਪਰ ਦਸਤਖਤ ਕਰੋ। ਆਈਂਦਾਂ ਕੇ ਲੀਏ ਫੌਜ ਕੇ ਅਸੂਲ ਸਮਝੋ। ਫੌਜੀ ਹੈੱਡਕੁਆਟਰਜ਼ ਮੇਂ ਜੋਕਰ ਮੱਤ ਬਨੋ, ਆਦਮੀ ਬਨੋ।'

ਸੰਤਰੀ ਦੇ ਇਹਨਾਂ ਸ਼ਬਦਾਂ ਨੇ ਕੁਲਵਰਨ ਦੇ ਸਿਵਲੀਅਨ ਰੁਤਬੇ ਦੀ ਮਿੰਟ ਵਿੱਚ ਹੀ ਫੂਕ ਕੱਢ ਮਾਰੀ। ਉਹ ਹਲਕਾ ਜਿਹਾ ਹੋ ਕੇ ਰਿਕਸ਼ੇ ਤੇ ਸਵਾਰ ਹੋ ਕੇ ਬੈਰਕ ਵਲ ਇਵੇਂ ਟੁਰ ਪਿਆ ਜਿਵੇਂ ਖੇਡ ਦੇ ਮੈਦਾਨ ਚੋਂ ਕੋਈ ਹਾਰਿਆ ਹੋਇਆ ਖਿਡਾਰੀ ਤੁਰਦਾ ਏ।

ਹੁਣ ਉਹ ਦੂਸਰੀ ਵਾਰੀ ਇਸੇ ਸਕੂਲ ਵਿੱਚ ਪਹੁੰਚਿਆ ਸੀ। ਇਸ ਲਈ ਉਸਨੂੰ ਫੌਜ ਦੇ ਕਾਫੀ ਤਰੀਕਿਆਂ ਤੇ ਸਲੀਕਿਆਂ ਦਾ ਪਤਾ ਲੱਗ ਚੁੱਕਾ ਸੀ। ਉਹ ਬੋਚ ਬੋਚ ਕੇ

ਪੈਰ ਰਖ ਰਿਹਾ ਸੀ ਮਤਾਂ ਕਿਤੇ ਗੇਟ ਤੇ ਪਹਿਲਾਂ ਵਾਲਾ ਜਲੂਸ ਨਾ ਨਿਕਲੇ। ਬੈਰਕ ਸਿਖਿਆਰਥੀਆਂ ਨਾਲ ਭਰ ਚੁੱਕੀ ਸੀ। ਰਿਕਸ਼ੇ ਆਈ ਜਾਂਦੇ ਸਨ। ਸਿਖਿਆਰਥੀ ਆਪਣਾ ਸਾਮਾਨ ਆਪ ਚੁੱਕ ਕੇ ਜਾਂ ਘੜੀਸ ਕੇ ਬੈਰਕ ਦੇ ਅੰਦਰ ਲਿਜਾਈ ਜਾ ਰਹੇ ਸਨ। ਚਾਰਪਾਈਆਂ ਪਰ ਬਿਸਤਰੇ ਵਿਛੀ ਜਾ ਰਹੇ ਸਨ ਤੇ ਬੈਰਕ ਭਰਦੀ ਜਾ ਰਹੀ ਸੀ। ਕੁਲਵਰਨ ਨੇ ਆਪਣਾ ਸਾਮਾਨ ਆਪਣੀ ਵਾਰੀ ਅਨੁਸਾਰ ਚਾਰਪਾਈ ਤੇ ਰੱਖ ਕੇ ਆਪਣਾ ਬਿਸਤਰਾ ਵਿਛਾਇਆ ਤੇ ਆਲੇ ਦੁਆਲੇ ਦੇ ਮੰਜਿਆਂ ਵੱਲ ਦੇਖਣ ਲੱਗ ਪਿਆ। ਨਾਲ ਦੇ ਮੰਜੇ ਵਾਲੇ ਸਾਥੀ ਨਾਲ ਉਸਦੀ ਥੋੜ੍ਹੀ ਜਿਹੀ ਵਾਰਤਾਲਾਪ ਹੋਈ।

"ਭਾਈ ਸਾਹਿਬ, ਆਪ ਕਹਾਂ ਸੇ ਆ ਰਹੇ ਹੋ?" ਕੁਲਵਰਨ ਦਾ ਹਿੰਦੀ ਦਾ ਲਹਿਜ਼ਾ ਕੁੱਝ ਕੁੱਝ ਪੰਜਾਬੀ ਜਿਹਾ ਸੀ।

"ਇਲਾਹਾਬਾਦ ਸੇ,"

"ਆਪਕਾ ਸ਼ੁਭ ਨਾਮ?"

"ਮੁਸਤਫਾ ਮੁਹੰਮਦ ਮਫ਼ਤ"

"ਕਾਲਜ ਮੇਂ ਕੌਨਸਾ ਮਜਮੂਨ ਪੜ੍ਹਾਤੇ ਹੋ?"

"ਪੋਲੀਟੀਕਲ ਸਾਇੰਸ, ਯਾਨੀ ਸਿਆਸਤ," ਮਫ਼ਤ ਥੋੜ੍ਹਾ ਮੁਸਕਾਇਆ।

"ਆਪਸੇ ਮਿਲ ਕਰ ਬੜੀ ਖੁਸ਼ੀ ਹੋਈ। ਫਿਰ ਤੋਂ ਆਪਸੇ ਪਾਲਿਟਿਕਸ ਵੀ ਡਿਸਕਸ ਕੀ ਜਾ ਸਕਤੀ ਹੈ।"

"ਅੱਜ ਕੱਲ੍ਹ ਤੋਂ ਸਾਰੇ ਹਿੰਦੁਸਤਾਨ ਮੇ ਪੰਜਾਬ ਕੀ ਸਿਆਸਤ ਕਾ ਹੀ ਬੋਲ ਬਾਲਾ ਹੈ, ਭਾਈ। 84 ਕੋ ਤੋ ਅਭੀ ਚੰਦ ਬਰਸ ਹੀ ਬੀਤੇ ਹੈਂ। ਮੈਂ ਤੋਂ ਆਪਕਾ ਮੁਸਲਿਮ ਭਾਈ ਹੂੰ, ਕਿਸੀ ਹਿੰਦੂ ਸੇ ਐਸੀ ਬਾਤੇਂ ਮੱਤ ਕਰਨਾ। ਸਰਦਾਰ ਜੀ, ਯੇਹ ਆਪਕਾ ਪੰਜਾਬ ਨਹੀਂ ਹੈ। ਆਪਕੋ ਪਤਾ ਹੈ, ਇੱਧਰ ਤੋਂ ਸ਼ਿਵ ਸੈਨਾ ਕਾ ਵੀ ਬੜਾ ਬੋਲਬਾਲਾ ਹੈ। 84 ਮੇ ਜੋ ਲੋਗ ਕੋਰਸ ਕਰਨੇ ਆਏ ਥੇ, ਮੁਝੇ ਯਾਦ ਹੈ, ਕੋਰਸ 31 ਅਕਤੂਬਰ ਕੋ ਖਤਮ ਹੂਆ ਥਾ। ਕਈ ਸਰਦਾਰ ਭਾਈਓਂ ਕੋ ਪੰਜਾਬ ਵਾਪਸ ਜਾਨੇ ਕਾ ਚੱਕਰ ਪੜ੍ਹ ਗਯਾ ਥਾ। ਗਾੜੀ ਚੜ੍ਹਤੇ ਚੜ੍ਹਤੇ ਰੁਕ ਗਏ ਥੇ। ਅਗਰ ਚੜ੍ਹ ਗਏ ਹੋਤੇ ਤੋ ਪਤਾ ਨਹੀਂ ਕਯਾ ਕਹਿਰ ਹੋ ਜਾਤਾ। ਚਾਰ ਪਾਂਚ ਦਿਨ ਬਾਅਦ ਹਵਾਈ ਟਿਕਟੇਂ ਲੇ ਕਰ ਯਹਾਂ ਸੇ ਰਵਾਨਾ ਹੁਏ ਥੇ। ਤੁਮ ਜਾਨਤੇ ਹੀ ਹੋ ਕਿ ਅਭੀ ਵੀ ਹਾਲਾਤ ਇਤਨੇ ਅੱਛੇ ਨਹੀਂ ਹੈ," ਮੁਸਲਿਮ ਭਾਈ ਨੇ ਕੁਲਵਰਨ ਤੇ ਕੰਨ ਦੇ ਨੇੜੇ ਹੋ ਕੇ ਮੌਕੇ ਦੀ ਨਜ਼ਾਕਤ ਮੁਤਾਬਕ ਗੱਲ ਕਰਨ ਦੀ ਪਰੇਰਨਾ ਦਿੰਦੇ ਹੋਏ ਉਸਦੇ ਕੰਨਾਂ ਵਿੱਚ ਵਿੰਡੇ ਟਿਆਂਕਣੇ ਸ਼ੁਰੂ ਕਰਵਾ ਦਿੱਤੇ।

ਇਸ ਤੋਂ ਬਾਅਦ ਕੁਲਵਰਨ ਚੁੰਕਨਾ ਹੋ ਗਿਆ। ਉਸਨੇ ਕਿਸੇ ਵੀ ਕੋਰਸ ਮੇਟ ਨਾਲ ਓਨੀ ਖੁੱਲ੍ਹ ਕੇ ਗੱਲ ਬਾਤ ਨਾ ਕੀਤੀ ਜਿੰਨੀ ਉਸਨੇ ਮਫ਼ਤ ਨਾਲ ਬੈਰਕ ਵਿੱਚ ਪਹੁੰਚਦੇ ਸਾਰ ਹੀ ਕਰ ਦਿੱਤੀ ਸੀ। ਸਾਰੇ ਕੋਰਸ ਵਿੱਚ 50 ਪ੍ਰੋਫੈਸਰ ਤੇ 50 ਅਧਿਆਪਕ ਸਿਖਿਆਰਥੀ ਸਨ। ਦੋਹਾਂ ਲਈ ਦੋ ਅਲੱਗ ਅਲੱਗ ਬੈਰਕਾਂ ਸਨ। ਪ੍ਰੋਫੈਸਰ ਸਿਖਿਆਰਥੀਆਂ

ਵਿੱਚ ਕੁਲਵਰਨ ਇਕੱਲਾ ਹੀ ਪਗੜੀਧਾਰੀ ਸਰਦਾਰ ਸੀ।

ਜਦ ਸਵੇਰੇ ਚਾਰ ਕੁ ਵੱਜੇ ਤਾਂ ਚਾਹ ਵਾਲੇ ਨੇ ਚਾਹ ਦਾ ਹੋਕਾ ਦੇ ਦਿੱਤਾ। ਦੋ ਤਿੰਨ ਦਿਨਾਂ ਦੇ ਸਫਰ ਦੇ ਮਾਰੇ ਹੋਏ ਸਿਖਿਆਰਥੀ ਸਵੇਰੇ ਬੜੇ ਮੁਸ਼ਕਲ ਨਾਲ ਉੱਠੇ। ਕਈ ਤਾਂ ਪਹਿਲੀ ਅੱਧੀ ਰਾਤ ਤੱਕ ਪਹੁੰਚੇ ਸਨ। ਮਗਰ ਹੀ ਹਵਾਲਦਾਰ ਨੇ ਬੈਰਕ ਵਿੱਚ ਆ ਕੇ ਸੀਟੀ ਵਜਾ ਦਿੱਤੀ। ਸਾਰਿਆਂ ਨੇ ਪੀ.ਟੀ. ਪਰੇਡ ਵਾਸਤੇ ਤਿਆਰ ਹੋ ਕੇ ਬਾਹਰ ਲਾਈਨ ਤੇ ਜਾਣਾ ਸੀ। ਸਾਰੇ ਜਣੇ ਮਾੜੀ ਮੋਟੀ ਚਾਹ ਪੀ ਕੇ ਤੇ ਅੱਧ ਪਚੱਧ ਟਾਇਲਟ ਜਾ ਕੇ ਪੰਜ ਵਜੇ ਤੱਕ ਆਪਣੀ ਸਫੈਦ ਪੀ.ਟੀ. ਡਰੈਸ ਪਹਿਨ ਕੇ ਬੈਰਕ 'ਚੋਂ ਬਾਹਰ ਆ ਕੇ ਲਾਈਨ ਤੇ ਖੜ੍ਹ ਹੋ ਗਏ। ਕੁਲਵਰਨ ਨੂੰ ਆਪਣਾ ਪਟਕਾ ਬੰਨ੍ਹਣ ਵਿੱਚ ਕੋਈ ਦਿੱਕਤ ਨਾ ਹੋਈ। ਦੋ ਮੀਲ ਦੀ ਹਲਕੀ ਹਲਕੀ ਦੌੜ ਹੋਈ। ਇਸ ਤੋਂ ਬਾਦ ਸਭ ਨੂੰ ਮੈੱਸ ਵਿਚ ਨਾਸ਼ਤਾ ਕਰਨ ਲਈ ਭੇਜ ਦਿੱਤਾ ਗਿਆ। ਦੋ ਪੂਰੀਆਂ ਤੇ ਇੱਕ ਕੜਛੀ ਛੋਲਿਆਂ ਦੀ, ਬਸ ਇਹੀ ਨਾਸ਼ਤਾ ਹੁੰਦਾ ਸੀ। ਨਾਸ਼ਤੇ ਤੋਂ ਬਾਅਦ ਖਾਕੀ ਵਰਦੀ ਪਹਿਨਣ ਲਈ ਵੀਹ ਕੁ ਮਿੰਟ ਮਿਲੇ। ਦਸ ਮਿੰਟ ਮੈੱਸ ਤੋਂ ਬੈਰਕ ਤੱਕ ਪੈਦਲ ਤੁਰਨ ਲਈ ਲੱਗ ਗਏ। ਬਾਕੀ ਦਸ ਮਿੰਟ ਤਿਆਰ ਹੋਣ ਲਈ ਸਨ। ਕੁਲਵਰਨ ਨੂੰ ਕੋਈ ਪਗੜੀ ਦੀ ਪੂਣੀ ਕਰਵਾਉਣ ਲਈ ਨਾ ਦਿਸੇ। ਆਖਿਰ ਉਸ ਨੇ ਮਫ਼ਤ ਨੂੰ ਹੀ ਬੇਨਤੀ ਕੀਤੀ ਕਿ ਪੂਣੀ ਕਰਵਾਉਣ 'ਚ ਉਸਦੀ ਮਦਦ ਕਰੇ। ਮਫ਼ਤ ਆਪ ਵੀ ਕਾਹਲੀ ਕਾਹਲੀ ਤਿਆਰ ਹੋ ਰਿਹਾ ਸੀ। ਉਸਨੂੰ ਪੂਣੀ ਕਰਵਾਉਣ ਦਾ ਪੂਰਾ ਸਲੀਕਾ ਵੀ ਨਹੀਂ ਸੀ। ਖੈਰ ਉਸਨੇ ਜਿਵੇਂ ਵੀ ਹੋ ਸਕਿਆ ਪਗੜੀ ਦੀ ਪੂਣੀ ਕਰਵਾ ਦਿੱਤੀ।

ਸਾਰੇ ਸਿਖਿਆਰਥੀ ਡਰਿਲ ਲਈ ਫਾਲਨ ਕਰ ਲਏ ਗਏ। ਹਵਾਲਦਾਰ ਨੇ ਇੱਕ ਘੰਟਾ ਸਖਤ ਤੋਂ ਸਖਤ ਡਰਿੱਲ ਕਰਵਾ ਕੇ ਸਭ ਦੇ ਕੜ੍ਹਿੱਲ ਕੱਢ ਦਿੱਤੇ। ਸਭ ਪਸੀਨਾ ਪਸੀਨਾ ਹੋ ਗਏ। ਸੁਸਤ ਚਲਣ ਵਾਲਿਆਂ ਨੂੰ ਹੌਲਦਾਰ ਕਦੀ ਗਰਭਵਤੀ ਬੱਤਖਾਂ ਕਹੇ (lazy pregnant ducks) ਕਹੇ ਤੇ ਕਦੇ ਮਕਰੇ (bludgers)

ਡਰਿੱਲ ਦੇ ਪੀਰੀਅਡ ਤੋਂ ਬਾਅਦ ਪੜ੍ਹਾਈ ਲਈ ਜਮਾਤਾਂ ਸ਼ੁਰੂ ਹੋ ਗਈਆਂ। ਪਹਿਲਾ ਪੀਰੀਅਡ ਕੈਪਟਨ ਕਰਮਾਰਕਰ (Karmarkar) ਸਾਹਿਬ ਲੈਣ ਆਏ :-

"ਨਏ ਕੋਰਸ ਕੇ ਲੀਏ, ਆਪ ਸਭ ਕਾ ਸੁਆਗਤ। ਆਪਕੋ ਪਿਛਲਾ ਕੋਰਸ ਕਰੇ ਹੂਏ ਚਾਰ ਸਾਲ ਹੋ ਚੁਕੇ ਹੈ। ਅਬ ਆਪ ਫੌਜੀ ਜੀਵਨ ਕੇ ਤੌਰ-ਤਰੀਕੇ ਸੇ ਅੱਛੀ ਤਰ੍ਹਾਂ ਵਾਕਫ ਹੋ ਚੁਕੇ ਹੈਂ। ਟਰੇਨਿੰਗ ਕੇ ਲੈਸਨ ਸ਼ੁਰੂ ਕਰਨੇ ਸੇ ਪਹਿਲੇ ਮੈਂ ਆਪਸੇ ਆਪਕੇ ਪਿਛਲੇ ਚਾਰ ਬਰਸੋਂ ਕੀ ਫੀਡਬੈਕ (feeback) ਜਾਨਨਾ ਚਾਹਤਾਂ ਹੂੰ। ਹਮਾਰੀ ਟਰੇਨਿੰਗ ਕਾ ਯੇਹ ਵੀ ਏਕ ਹਿੱਸਾ ਹੈ ਕਿ ਹਮ ਸਿਖਿਆਰਥੀਓਂ ਸੇ ਯੇਹ ਪੂਛੇਂ ਕਿ ਉਨਕੋ ਇੱਧਰ ਸੇ ਜਾ ਕਰ ਬੱਚੇਂ ਕੋ ਟਰੇਨਿੰਗ ਕਰਵਾਉਨੇ ਸੇ ਕਯਾ ਕਯਾ ਦਿੱਕਤੇਂ ਆਤੀ ਹੈਂ। ਆਪ ਦੁਆਰਾ ਦੀ ਗਈ ਫੀਡਬੈਕ ਕੀ ਰੀਪੋਰਟ ਹਮ ਸੁਰੱਖਿਆ ਮੰਤਰਾਲਿਆਂ (defense ministry) ਕੋ ਭੇਜਤੇ ਹੈਂ। ਕੰਪਨੀ ਕਮਾਂਡਰ ਨੇ ਯੇਹ ਫੀਡਬੈਕ ਲੇਨੇ ਕੀ ਮੇਰੀ ਡਿਊਟੀ

ਲਗਾਈ ਹੈ। ਆਪਕੀ ਹਰ ਪਰਾਬਲਮ ਕਾ ਹੱਲ ਨਿਕਾਲਨਾ ਹਮਾਰਾ ਫਰਜ਼ ਬਨਤਾ ਹੈ। ਹਮੇ ਪਤਾ ਚਲਾ ਥਾ ਕਿ ਕੁਛ ਸੂਬੇ ਬੱਚੋਂ ਕੋ ਦੀ ਜਾਨੇ ਵਾਲੀ ਰੀਫਰੈਸ਼ਮੈਟ ਕੇ ਬਟਾਲੀਅਨ ਕੋ ਕਮ ਦਾਮ ਦੇਤੇ ਹੈਂ। ਸੁਰੱਖਿਆ ਮੰਤਰਾਲਿਆਂ ਭਾਰਤ ਕੋ ਲਿਖ ਕਰ ਹਮਨੇ ਯੋਹ ਪੈਸੇ ਵਢਾਏ ਥੇ। ਹਮੇ ਪਤਾ ਚਲਾ ਥਾਂ ਕਿ ਕੁਛ ਕਾਲਜੋਂ ਮੇ ਬਹੁਤ ਸੇ ਐਨ.ਸੀ.ਸੀ. ਕੈਡਟ ਵਰਦੀ ਪਹਿਨੇ ਬਗੈਰ ਹੀ ਪਰੇਡ ਕਰਤੇ ਹੈਂ। ਇਸ ਕੇ ਬਾਰੇ ਮੇ ਵੀ ਹਮਨੇ ਸਖਤ ਹਦਾਇਤੇਂ ਜਾਰੀ ਕੀ ਥੀਂ। ਕਾਲਜੋਂ ਮੇ ਕੈਡਟੋਂ ਨੇ ‘ਬੀ’ ਔਰ ‘ਸੀ’ ਸਰਟੀਫਿਕੇਟ ਪਾਸ ਕਰਨੇ ਹੋਤੇ ਹੈ। ਆਪਕੋ ਚਾਹੀਏ ਕਿ ਆਪ ਜ਼ਿਆਦਾ ਸੇ ਜ਼ਿਆਦਾ ਕੈਡਟੋਂ ਕੋ ਯੋਹ ਸਰਟੀਫਿਕੇਟ ਕੋਰਸ ਪਾਸ ਕਰਨ ਦੀ ਤਰਫ ਪਰੇਰੇਂ। ਆਪ ਜਾਨਤੇ ਹੀ ਹੈਂ ਕਿ ‘ਸੀ’ ਸਰਟੀਫਿਕੇਟ ਪਾਸ ਕਰਨੇ ਵਾਲੋਂ ਕੋ ਫੌਜ ਮੇ ਭਰਤੀ ਕੇ ਸਮੇਂ ਪ੍ਰਾਥਮਿਕਤਾ ਮਿਲਤੀ ਹੈ। ਕਈ ਪ੍ਰਾਂਤੋ (States) ਸੇ ਖਬਰ ਆਈ ਹੈ ਕਿ ਐਨ.ਸੀ.ਸੀ. ਕੈਡਟੋਂ ਨੇ ਪੇੜ ਲਗਾਨੇ (tree plantation), ਸਫਾਈ ਅਭਿਆਨ (cleanliness drives) ਸਾਖਤਤਾ ਅਭਿਆਨ (literacy drives), ਬਾਈ ਸਾਈਕਲ ਮੁਹਿੰਮ (bi-cycle expeditions), ਏਡਜ਼ ਕੀ ਜਾਣਕਾਰੀ ਕੇ ਅਭਿਆਨ (Aids awareness programs) ਆਦਿ ਮੇਂ ਬੜ੍ਹ ਕਰ ਯੋਗਦਾਨ ਪਾਇਆ ਹੈ। ਯੋਹ ਬੜੀ ਖੁਸ਼ੀ ਕੀ ਬਾਤ ਹੈ। ਹਮ ਆਪਕੇ ਹਰ ਸਵਾਲ ਕਾ ਜਵਾਬ ਦੇਂਗੇ। ਕਿਸੀ ਕਾ ਕੋਈ ਸਵਾਲ?”

ਕੈਪਟਨ ਸਾਹਿਬ ਦੇ ਬੋਲ ਹਟਣ ਤੋਂ ਬਾਅਦ ਕੁਲਵਰਨ ਨੇ ਥੋੜ੍ਹਾ ਹਿਚਕਚਾਉਂਦੇ ਹੋਏ ਨੇ ਹੱਥ ਖੜ੍ਹਾ ਕਰ ਹੀ ਦਿੱਤਾ।

“ਕਯਾ ਪਰਾਬਲਮ ਹੈ, ਮਿਸਟਰ ਸਿੰਘ?” ਕਰਮਾਰਕਰ ਸਮੱਸਿਆ ਦਾ ਹੱਲ ਕਰਨ ਲਈ ਕਾਹਲਾ ਸੀ।

“ਸਰ, ਹਮਾਰੇ ਸੂਬੇ ਪੰਜਾਬ ਮੇਂ ਪਿਛਲੇ ਕਈ ਬਰਸ਼ੋਂ ਸੇ ਉਗਰਵਾਦ ਕੀ ਸਮੱਸਿਆ ਚਲ ਰਹੀ ਹੈ। ਯੇਹ ਆਪ ਜਾਨਤੇ ਹੀ ਹੈ। ਹਰ ਬਰਸ਼ ਰੀਪਬਲਿਕ ਡੇਅ ਔਰ ਆਜ਼ਾਦੀ ਦਿਵਸ ਪਰ ਪੇਰੈਡ ਮੇ ਹਿੱਸਾ ਲੈਨੇ ਕਾ ਬਾਈਕਾਟ ਕਰਨੇ ਕੀ ਕਾਲ ਆ ਜਾਤੀ ਹੈ। ਕਈ ਕਾਲਜੋਂ ਕੇ ਪ੍ਰਿੰਸੀਪਲ ਇਤਨੇ ਚਾਲਾਕ ਹੈ ਕਿ ਵੋਂਹ ਆਪਨੇ ਆਪ ਕੋ ਬਚਾਨੇ ਕਾ ਤੋ ਕੋਈ ਨਾ ਕੋਈ ਇੰਤਜ਼ਾਮ ਕਰ ਲੇਤੇ ਹੈ। ਸਾਰਾ ਬੋਝ ਐਨ.ਸੀ.ਸੀ. ਅਫਸਰ ਉਪਰ ਡਾਲ ਦੇਤੇ ਹੈਂ। ਪਿਛਲੀ ਵਾਰ ਜਬ ਰੀਪਬਲਿਕ ਡੇਅ ਕੇ ਬਾਈਕਾਟ ਕੀ ਕਾਲ ਆਈ ਤੋਂ ਪ੍ਰਿੰਸੀਪਲ ਤੋਂ ਕੋਈ ਬਹਾਨਾ ਬਨਾਕਰ ਸ਼ਹਿਰ ਸੇ ਬਾਹਰ ਚਲਾ ਗਯਾ। ਮੈਨੇ ਕੈਡਟੋਂ ਕੋ ਪੈਰੇਡ ਮੇ ਹਿੱਸਾ ਲੇਨੇ ਕੀ ਸਖਤ ਹਦਾਇਤ ਕੀ ਪਰੰਤੂ ਕੈਡਟ ਪਾਓਂ ਮਲਤੇ ਖੜ੍ਹੇ ਰਹੇ। ਜ਼ਾਹਰ ਯੇਹ ਹੋ ਰਹਾ ਥਾ ਕਿ ਬੋਹ ਡਰ ਕੇ ਮਾਰੇ ਹਿੱਸਾ ਨਹੀਂ ਲੇਨਾ ਚਾਹਤੇ ਥੇ। ਏ.ਕੇ.-47 ਕਾ ਸਾਇਆ ਪੰਜਾਬ ਪਰ ਮੰਡਲਾਤਾ ਆ ਰਹਾ ਥਾ। ਜਬ ਪੈਰੇਡ ਕੀ ਰਿਹਰਸਲ ਮੇ ਕੋਈ ਵੀ ਕੈਡਟ ਨਾ ਹਾਜ਼ਰ ਹੂਆ ਤੋਂ ਪੁਲਿਸ ਮੁਝੇ ਲੇਨੇ ਆ ਗਈ। ਸਿਪਾਹੀ ਬੋਲਾ ਕਿ ਮੁਝੇ ਥਾਨੇਦਾਰ ਸਾਹਿਬ ਨੇ ਬੁਲਾਇਆ ਹੈ। ਮੈਨੇ ਥਾਨੇ ਜਾਨੇ ਸੇ ਪਹਿਲੇ ਪ੍ਰਿੰਸੀਪਲ

ਸਾਹਿਬ ਕੋ ਫੋਨ ਮਿਲਾਯਾ ਤੋ ਜਵਾਬ ਮਿਲਾ : ਸਾਹਿਬ ਕਹੀਂ ਬਾਹਰ ਗਏ ਹੁਏ ਹੈ।

ਜਬ ਮੈਂ ਥਾਨੇ ਮੇ ਪਹੁੰਚਾ ਤੋਂ ਥਾਨੇਦਾਰ ਸਾਹਿਬ ਨੇ ਮੁਝੇ ਅਜੀਬ ਸਵਾਲ ਕੀਏ।

'ਆਪਕੇ ਕੈਡਟ ਪੈਰੇਡ ਕੀ ਰੀਹਰਸਲ ਮੇ ਕਿਉਂ ਨਹੀਂ ਹਾਜ਼ਰ ਹੂਏ?' ਥਾਨੇਦਾਰ ਬੋਲਾ।

'ਐਸ.ਐਚ.ਓ. ਸਾਹਿਬ, ਮੈਂ ਨੇ ਤੋ ਬੜੀ ਸਖਤ ਹਦਾਇਤ ਕੀ ਥੀ ਪਰੰਤੂ ਉਨਹੋ ਨੇ ਐਸੀ ਯੂਨੀਅਨ ਬਨਾ ਲੀ ਕਿ ਆਏ ਹੀ ਨਹੀਂ।'

'ਕੈਡਿਟੋਂ ਕੇ ਲੀਡਰ ਕਾ ਨਾਮ ਬਤਾਓ?'

'ਜੀ, ਲੀਡਰ ਤੋਂ ਕੋਈ ਨਜ਼ਰ ਨਹੀਂ ਆਇਆ।'

ਮੁਝੇ ਪੁਲਿਸ ਕੀ ਗਾੜੀ ਮੇ ਐਸੇ ਬਿਠਾ ਲੀਆ ਗਯਾ ਜੈਸੇ ਕਿ ਮੈ ਕੋਈ ਬੜਾ ਅਪਰਾਧੀ ਹੂੰ। ਸ਼ਹਿਰ ਕੇ ਲੋਗ ਮੇਰੀ ਤਰਫ ਝਾਂਖ ਰਹੇ ਥੇ। ਡੀ.ਐਸ.ਪੀ. ਨੇ ਬਾਹਰ ਧੂਪ ਮੇ ਸ਼ਹਿਰ ਕੇ ਪਾਸ ਅਪਨਾ ਦਫਤਰ ਲਗਾਯਾ ਹੂਆ ਥਾ। ਮੁਝ ਸੇ ਕੰਡਟੋਂ ਕੇ ਲੀਡਰ ਕਾ ਨਾਮ ਔਰ ਪਤਾ ਜਾਨਨਾ ਚਾਹਾ। ਮੈਂ ਨੇ ਕਿਸੇ ਵੀ ਕੈਡਟ ਕਾ ਨਾਮ ਨਹੀਂ ਲੀਆ। ਮੁਝੇ ਉਸ ਮਾਹੌਲ ਸੇ ਡਰ ਵੀ ਲੱਗ ਰਹਾ ਥਾ। ਪੰਜਾਬ ਮੇ ਪੁਲਿਸ ਕੇ ਸਾਥ ਝੂਠੇ ਮੁਕਾਬਲੇ ਬਨ ਰਹੇ ਥੇ। ਖੈਰ ਊਪਰ ਬਟਾਲੀਅਨ ਕੋ ਫੋਨ ਕਰਨੇ ਕੇ ਬਾਦ ਮੁਝੇ ਉਸੀ ਗਾੜ੍ਹੀ ਮੇ ਬਿਠਾ ਕਰ ਸ਼ਹਿਰ ਮੇ ਲਾ ਕਰ ਛੋੜ ਦੀਆ ਗਯਾ। ਮੁਝੇ ਯੇਹ ਜ਼ਰੂਰ ਕਹਾ ਗਯਾ ਥਾ ਕਿ ਬੋਹ ਮੇਰਾ ਐਨ.ਸੀ.ਸੀ. ਭੱਤਾ ਬੰਦ ਕਰਨੇ ਕੇ ਲੀਏ ਬਟਾਲੀਅਨ ਕੋ ਲਿਖੇਂਗੇ। ਐਸਾ ਹੂਆ ਨਹੀਂ ਥਾ। ਆਪ ਬਤਾਓ ਕਿ ਐਸੇ ਹਾਲਤੋਂ ਮੇ ਹਮ ਲੋਗ ਕਯਾ ਕੀਆ ਕਰੇਂ..?"

ਜਦ ਕੁਲਵਰਨ ਬੋਲ ਹੀ ਰਿਹਾ ਸੀ ਤਾਂ ਇੱਕ ਹੋਰ ਅਫਸਰ ਕੈਡੇਟ ਮੁਰਾਰੀ ਲਾਲ ਨੇ ਹੱਥ ਖੜ੍ਹਾ ਕਰ ਦਿੱਤਾ। ਆਗਿਆ ਮਿਲਣ ਤੇ ਉਹ ਕਹਿਣ ਲੱਗਾ ਪਿਆ, "ਸਰ, ਮੇਰੀ ਵੀ ਮਿਸਟਰ ਸਿੰਘ ਜੈਸੀ ਹੀ ਸਮੱਸਿਆ ਹੈ।"

"ਬੋਲੋ ਆਪ ਕੀ ਕਯਾ ਸਮੱਸਿਆ ਹੈ?"

"ਸਰ, ਮੈਂ ਬਾਰਾਮੂਲਾ, ਜੇ ਐਂਡ ਕੇ ਸੇ ਹੂੰ। ਹਮਾਰੇ ਸਾਥ ਵੀ ਬਿਲਕੁਲ ਐਸਾ ਹੀ ਹੋ ਰਹਾ ਹੈ। ਜੰਮੂ ਔਰ ਕਸ਼ਮੀਰ ਕੇ ਹਾਲਤ ਇਸ ਕਦਰ ਖਰਾਬ ਹੈਂ ਕਿ ਉਗਰਵਾਦੀ ਜਥੇਬੰਦੀਆਂ ਰੀਪਬਲਿਕ ਡੇਅ ਔਰ ਆਜ਼ਾਦੀ ਦਿਵਸ ਦਾ ਹਰ ਸਾਲ ਬਾਈਕਾਟ ਕਰ ਦੇਤੀ ਹੈਂ। ਹਮਾਰੇ ਉਪਰ ਹਰ ਯਮਯ ਖਤਰਾ ਬਨਾ ਰਹਿਤਾ ਹੈ। ਹਮਾਰੇ ਕਾਲਜ ਕਾ ਤੋਂ ਪ੍ਰਿੰਸੀਪਲ ਵੀ ਅਕਸਰ ਡਰ ਜਾਤਾ ਹੈ। ਹਮਾਰੇ ਕਾਲਜ ਕਾ ਮੇਰੇ ਸੇ ਪਹਿਲਾਂ ਐਨ.ਸੀ.ਸੀ. ਅਫਸਰ ਤੋਂ ਗੋਲੀ ਸੇ ਉਡਾ ਦੀਆਂ ਗਯਾ ਥਾ। ਬੋਹ ਜਥੇਬੰਦੀਓਂ ਕੀ ਕਾਲ ਕੀ ਪ੍ਰਵਾਹ ਨਹੀਂ ਕਰਤਾ ਥਾ। ਹਮਾਰੇ ਤੋ ਕੋਈ ਵੀ ਪ੍ਰੋਫੈਸਰ ਐਨ.ਸੀ.ਸੀ. ਅਫਸਰ ਬਨਨੇ ਕੇ ਲੀਏ ਤਿਆਰ ਹੀ ਨਹੀਂ ਥਾ। ਮੁਝੇ ਵੀ ਇਸ ਲੀਏ ਮਨਾਯਾ ਗਯਾ ਕਿ ਕਹੀਂ ਕਾਲਜ ਕੀ ਐਨ.ਸੀ.ਸੀ. ਕੀ ਯੂਨਿਟ ਹੀ ਨਾ ਟੂਟ ਜਾਏ।"

ਕੈਪਟਨ ਕਰਮਾਕਰ ਦੋਹਾਂ ਹੀ ਅਫਸਰ ਕੈਡੈਟਾਂ ਦੀਆਂ ਸ਼ਿਕਾਇਤਾਂ ਲੈ ਕੇ

ਕੰਪਨੀ ਕਮਾਂਡਰ ਬ੍ਰੀਗੇਡੀਅਰ ਮੁਕਰਜੀ ਪਾਸ ਪਹੁੰਚਿਆ। ਉਹ ਇਹਨਾਂ ਦੋਹਾਂ ਸ਼ਿਕਾਇਤਾਂ ਪ੍ਰਤੀ ਕਾਫੀ ਗੰਭੀਰ ਸੀ ਕਿਉਂਕਿ ਉਸਨੇ ਖੁਦ ਸਾਕਾ ਨੀਲਾਤਾਰਾ (Operation Blue Star) ਵਿੱਚ ਹਿੱਸਾ ਲਿਆ ਸੀ। ਉਸਦੇ ਦੋ ਸਾਥੀ ਅਫਸਰ ਇਸ ਸਾਕੇ ਦੌਰਾਨ ਮਾਰੇ ਵੀ ਗਏ ਸਨ। ਇਸ ਮੌਕੇ ਤੋਂ ਬਾਅਦ ਉਸਨੂੰ ਐਨ.ਸੀ.ਸੀ.ਓ.ਟੀ.ਐਸ. ਵਿੱਚ ਭੇਜ ਦਿੱਤਾ ਗਿਆ ਸੀ।

ਕੈਪਟਨ ਕਰਮਾਰਕਰ ਨੇ ਕੰਪਨੀ ਕਮਾਂਡਰ ਮੁਕਰਜੀ ਨਾਲ ਭੇਂਟ ਵਾਰਤਾ ਕੀਤੀ।

"ਸਰ, ਸਾਰੇ ਕੋਰਸ ਮੇ ਦੋ ਅਫਸਰ ਕੈਡੈਟ ਐਸੇ ਹੈਂ ਜਿਨਹੋ ਨੇ ਅਜੀਬ ਸਵਾਲ ਉਠਾਯਾ ਹੈ। ਉਨਕਾ ਸਵਾਲ ਮੈਂ ਆਪਕੋ ਵੀ ਬਤਾਨਾ ਚਾਹਤਾ ਹੂੰ ਤਾਂ ਕਿ ਮਸਲੇ ਕਾ ਕੋਈ ਹੱਲ ਨਿਕਾਲਾ ਜਾ ਸਕੇ," ਕਰਮਾਕਰ ਕਾਫੀ ਗੰਭੀਰ ਨਜ਼ਰ ਆਉਂਦਾ ਸੀ।

"ਬਤਾਓ ਤੋਂ ਕਯਾ ਸਵਾਲ ਹੈ ਉਨਕਾ?" ਬਰਗੇਡੀਅਰ ਨੇ ਚਸ਼ਮਿਆਂ ਦੇ ਉਪਰੋਂ ਝਾਕਦੇ ਨੇ ਪੁੱਛਿਆ।

"ਸਰ ਏਕ ਅਫਸਰ ਪੰਜਾਬ ਸੇ ਹੈ ਔਰ ਦੂਸਰਾ ਜੰਮੂ ਕਸ਼ਮੀਰ ਸੇ। ਇਨ ਦੋਨੋਂ ਸਟੇਟੋਂ ਮੇ ਉਗਰਵਾਦੀ ਜਥੇਬੰਦੀਆਂ ਗਣਤੰਤਰ ਦਿਵਸ ਔਰ ਆਜ਼ਾਦੀ ਦਿਵਸ ਕੀ ਪੈਰੇਡ ਕਾ ਬਾਈਕਾਟ ਕਰਨੇ ਕੀ ਕਾਲ ਦੇਤੀ ਰਹਿਤੀ ਹੈ। ਜਬ ਵਿਦਿਆਰਥੀ ਕੈਡੇਟ ਹਿੱਸਾ ਨਹੀਂ ਲੇਤੇ ਤੋਂ ਅਫਸਰੋਂ ਸੇ ਪੂਛ ਤਾਛ ਕੀ ਜਾਤੀ ਹੈ। ਮਾਹੌਲ ਐਸਾ ਹੈ ਕਿ ਅਫਸਰ ਖੁਦ ਵੀ ਡਰ ਜਾਤੇ ਹੈਂ।"

"ਮਿਸਟਰ ਕਰਮਾਰਕਰ, ਐਸੇ ਮਸਲੋਂ ਕਾ ਹਮਾਰੇ ਪਾਸ ਕੋਈ ਵੀ ਹੱਲ ਨਹੀਂ ਹੈ। ਫੌਜ ਮੇ ਜੋ ਆਦੇਸ਼ ਉਪਰ ਸੇ ਆਤਾ ਹੈ ਥੇਹ ਨੀਚੇ ਵਾਲੇ ਕੋ ਮਾਨਨਾ ਹੀ ਹੋਤਾ ਹੈ। ਕਾਲਜੋਂ ਮੇ ਪ੍ਰੇਸ਼ਾਨ ਐਸ.ਸੀ.ਸੀ. ਅਫਸਰੋਂ ਕੀ ਸਮੱਸਿਆ ਕਾ ਹੱਲ ਜਾ ਤੋਂ ਪੁਲਿਸ ਨਿਕਾਲੇ ਔਰ ਜਾ ਫਿਰ ਸੰਬੰਧਤ ਬਟਾਲੀਅਨ। ਹਮ ਇਸ ਮੇ ਕੁਝ ਨਹੀਂ ਕਰ ਸਕਤੇ। ਕੋਈ ਔਰ ਬਾਤ?"

"ਨੌਂ, ਸਰ।"

ਜਦ ਕਰਮਾਰਕਰ ਨੇ ਕੁਲਵਰਨ ਤੇ ਮੁਰਾਰੀ ਲਾਲ ਨੂੰ ਇਹ ਸਭ ਕੁੱਝ ਦੱਸਿਆ ਕਿ ਤਾਂ ਉਹ ਬੜੇ ਉਦਾਸ ਹੋਏ। ਉਨ੍ਹਾਂ ਦੀ ਸਮੱਸਿਆ ਦਾ ਹੱਲ ਨਾ ਤਾਂ ਓ.ਟੀ.ਐਸ. ਪਾਸ ਸੀ, ਨਾ ਉਹਨਾਂ ਦੇ ਇਲਾਕਿਆਂ ਦੀ ਬਟਾਲੀਅਨ ਪਾਸ ਸੀ ਤੇ ਨਾ ਕਿਸੇ ਹੋਰ ਪਾਸ। ਪੁਲਿਸ ਪਾਸ ਤਾਂ ਇਸਦਾ ਹੱਲ ਹੋਣਾ ਹੀ ਕੀ ਸੀ। ਰਾਤ ਨੂੰ ਬਿਸਤਰੇ ਤੇ ਪੈਣ ਸਮੇਂ ਕਰਮਾਰਕਰ ਦਾ ਇਹ ਜਵਾਬ ਉਹਨਾਂ ਦੇ ਕੰਨਾਂ ਵਿੱਚ ਗੂੰਜਦਾ ਰਿਹਾ। ਬੈਰਕ ਵਿੱਚ ਮਫਤ ਦਾ ਕੁਲਵਰਨ ਨੂੰ ਇਹ ਕਹਿਣਾ— ਮੈ ਤੋ ਆਪਕਾ ਮੁਸਲਿਮ ਭਾਈ ਹੂੰ। ਕਿਸੀ ਔਰ ਸੇ ਐਸੀ ਬਾਤ ਮੱਤ ਕਰਨਾ। ਭਾਈ ਸਾਹਿਬ, ਯੇਹ ਆਕਾ ਪੰਜਾਬ ਨਹੀਂ ਹੈ— ਇੰਜ ਲੱਗ ਰਿਹਾ ਸੀ ਜਿਵੇਂ ਉਹ ਵਿਦੇਸ਼ ਤੋਂ ਭਾਰਤ ਦੇ ਕਿਸੇ ਕੋਨੇ ਵਿੱਚ ਟੇਰਨਿੰਗ ਕਰਨ ਆਇਆ ਹੋਵੇ। ਉਹ ਆਪ ਇਤਹਾਸ ਦਾ ਪ੍ਰੋਫੈਸਰ ਸੀ। ਇਤਹਾਸ ਦੇ ਪੰਨੇ ਉਸਦੀਆਂ

ਅੱਖਾਂ ਅੱਗੇ ਘੁੰਮਣ ਲੱਗੇ, ਇਸਦੇ ਨਾਲ ਹੀ ਇਤਹਾਸ ਦੇ ਮਹੱਤਵਪੂਰਨ ਦਿਨ ਵੀ:-

ਆਰੀਆਂ ਲੋਕਾਂ ਦਾ ਭਾਰਤ ਵਿੱਚ ਆਗਮਨ....ਕੌਰਵਾਂ ਪਾਂਡਵਾਂ ਦਾ ਜ਼ਮਾਨਾ...ਰਾਮ ਚੰਦਰ ਦੇ 14 ਸਾਲਾ ਬਨਵਾਸ ਕੱਟ ਕੇ ਅਯੋਧਿਆ ਪਰਤਣ ਦਾ ਦਿਨ...ਅਸ਼ੋਕ ਦੇ ਕਲਿੰਗਾ ਦੀ ਲੜਾਈ ਤੋਂ ਬਾਅਦ ਅਹਿੰਸਾ ਤਿਆਗਣ ਦਾ ਸਮਾਂ...ਗੌਤਮ ਬੁੱਧ ਦਾ ਜਨਮ...ਹਰਸ਼ ਵਰਧਨ ਦੇ ਰਾਜ ਦੇ ਖਾਤਮੇ ਦੀ ਤਾਰੀਖ...ਮੁਹੰਮਦ ਬਿਨ ਕਾਸਿਮ ਦੇ ਸਿੰਧ ਤੇ ਹਮਲਾ ਕਰਨ ਦੀ ਤਾਰੀਖ...ਮੁਹੰਮਦ ਗੌਰੀ ਦਾ ਪਹਿਲਾ ਸੰਪੂਰਣ ਮੁਸਲਿਮ ਰਾਜਾ ਬਣਨ ਦੀ ਤਾਰੀਖ...ਬਾਬਰ ਦੇ ਭਾਰਤ ਵਿੱਚ ਆ ਕੇ ਮੁਗਲ ਰਾਜ ਸਥਾਤ ਕਰਨ ਦੀ ਤਾਰੀਖ.... ਬਾਬੇ ਨਾਨਕ ਦੀ ਜਨਮ ਤਾਰੀਖ...ਮੀਆਂ ਮੀਰ ਦੇ ਹਰਮੰਦਰ ਸਾਹਿਬ ਦੀ ਨੀਂਹ ਰੱਖਣ ਦੀ ਤਾਰੀਖ...ਭਾਈ ਮਤੀ ਦਾਸ ਤੇ ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਵਸ...ਅਹਿਮਦ ਸ਼ਾਹ ਅਬਦਾਲੀ ਦੇ ਹਰਿਮੰਦਰ ਸਾਹਿਬ ਨੂੰ ਢਹਿ ਢੇਰੀ ਕਰਨ ਦੀਆਂ ਤਾਰੀਖਾਂ...ਪੰਜਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ... ਸਾਹਿਬਜ਼ਾਦਿਆਂ ਦੇ ਨੀਹਾਂ ਵਿੱਚ ਚਿਣਨ ਦੀ ਤਾਰੀਖ...ਨੌਂਵੀਂ ਪਾਤਸ਼ਾਹੀ ਦਾ ਸ਼ਹੀਦੀ ਦਿਹਾੜਾ...ਮਾਤਾ ਗੁਜਰੀ ਦੇ ਠੰਢੇ ਬੁਰਜ ਵਿੱਚ ਸ਼ਹੀਦ ਹੋਣ ਦੀ ਤਾਰੀਖ...13 ਅਪ੍ਰੈਲ 1699...ਬੰਦਾ ਬਹਾਦਰ ਦੀ ਸਰਹੰਦ ਦੀ ਇੱਟ ਨਾਲ ਇੱਟ ਨਾਲ ਖੜਕਾਉਣ ਦੀ ਤਾਰੀਖ...ਸ਼ੇਰੇ ਪੰਜਾਬ ਦੇ ਗੱਦੀ ਤੇ ਬੈਠਣ ਦੀ ਤਾਰੀਖ...1849...1857...15 ਅਗਸਤ 1947...26 ਜਨਵਰੀ 1950, 6 ਮਾਰਚ 1971...ਸਾਕਾ ਨੀਲਾ ਤਾਰਾ...31 ਅਕਤੂਬਰ 1984...1 ਨਵੰਬਰ 84 ਦੀ ਤਾਰੀਖ...ਚਿੱਲੜ ਹੋਂਦ ਦੀ ਕਤਲੋਗਾਰਤ ਦੇ ਜ਼ਾਹਰ ਹੋਣ ਦੀ ਤਾਰੀਖ...

ਕੁਲਵਰਨ ਦਿਨ ਭਰ ਦੀ ਥਕਾਵਟ ਦੇ ਬਾਵਜੂਦ ਵੀ ਇੱਕ ਪੱਲ ਵੀ ਸੌਂ ਨਾ ਸਕਿਆ। ਸਵੇਰੇ ਚਾਰ ਵਜੇ ਚਾਹ ਵਾਲੇ ਨੇ ਆ ਚਾਹ ਦਾ ਹੋਕਾ ਦੇ ਦਿੱਤਾ। ਕੁਲਵਰਨ ਦੀਆਂ ਅੱਖਾਂ ਅੱਗੇ ਭੰਬੀਰੀਆਂ ਨੱਚ ਰਹੀਆਂ ਸਨ। ਸਾਰੀ ਬੈਰਕ ਇਕਦਮ ਜਾਗ ਪਈ। ਬੈਰਕ 'ਚੋਂ ਆਵਾਜ਼ਾਂ ਗੂੰਜ ਰਹੀਆਂ ਸਨ...ਰਾਮ ਰਾਮ...ਹਰੇ ਰਾਮ!...ਹਰੇ ਕ੍ਰਿਸ਼ਨ!...ਹਰਹਰ ਮਹਾਂਦੇਵ!...ਜੈ ਸੀਆ ਰਾਮ!...ਪਵਨਪੁੱਤ ਹਨੂੰਮਾਨ!!...ਹਾਸੇ...ਕਹਿ ਕਹੇ। ਆਜ ਕੀ ਤਾਜ਼ਾ ਖਬਰ- ਪੰਜਾਬ ਮੇ ਏਕ ਔਰ ਖ਼ੂੰਖਾਰ ਉਗਰਵਾਦੀ ਗੋਲੀ ਸੇ ਉਡਾ ਦੀਆ ਗਯਾ...!!!

ਇਸ ਬੈਰਕ ਵਿੱਚ ਕੁਲਵਰਨ ਨੇ ਅਜੇ ਹੋਰ 29 ਦਿਨ ਗੁਜ਼ਾਰਨੇ ਸਨ!!

# ਰਾਮ ਅਵਤਾਰ ਐਮ.ਬੀ.ਬੀ.ਐਸ.

ਪਿੱਛੇ ਜਿਹੇ ਮੈਂ ਆਪਣੇ ਇੱਕ ਦੋਸਤ ਹਰਬੰਸ ਲਾਲ ਨੂੰ ਦਿੱਲੀ ਫੋਨ ਕੀਤਾ ਤਾਂ ਅੱਗਿਓਂ ਫੋਨ ਚੁੱਕਿਆ ਉਸਦੇ ਲੜਕੇ ਰਾਮ ਅਵਤਾਰ ਨੇ। ਰਾਮ ਅਵਤਾਰ ਨੇ ਛੰਦ ਬੋਲਣੇ ਸ਼ੁਰੂ ਕਰ ਦਿੱਤੇ:-

"ਅੰਕਲ, ਆਪ ਮੁਝ ਸੇ ਕਮ ਹੀ ਬਾਤ ਕਰਤੇ ਹੋ। ਮੈਂ ਆਪਕੋ ਅੱਛੀ ਤਰਹ ਸੇ ਜਾਨਤਾ ਹੂੰ। ਡੈਡੀ ਮੁਝੇ ਆਪਕੇ ਬਾਰੇ ਮੇ ਅਕਸਰ ਬਤਾਤੇ ਹੀ ਰਹਿਤੇ ਹੈਂ। ਪਹਿਲੇ ਆਪ ਹਮਾਰੇ ਘਰ ਅਕਸਰ ਆਯਾ ਕਰਤੇ ਥੇ। ਉਸ ਸਮੇਂ ਮੈਂ ਛੋਟਾ ਥਾ। ਉਸਕੇ ਬਾਅਦ ਆਪ ਸਿਡਨੀ ਚਲੇ ਗਏ। ਅਬ ਸਿਡਨੀ ਸੇ ਆ ਕਰ ਜਬ ਆਪ ਦਿੱਲੀ ਏਅਰਪੋਰਟ ਪੇ ਉਤਰਤੇ ਹੋ ਹਮਾਰੇ ਘਰ ਨਹੀਂ ਆਤੇ, ਸੀਧੇ ਪੰਜਾਬ ਕੋ ਹੀ ਚਲੇ ਜਾਤੇ ਹੋ। ਅਬ ਤੋ ਮੈ ਵੀ ਪੜ੍ਹ ਲਿਖ ਕਰ ਡਾਕਟਰੀ ਕਰਨੇ ਲਗਾ ਹੂੰ। ਮੁਝੇ ਵੀ ਕਾਫੀ ਗਿਆਨ ਹੋ ਗਿਆ ਹੈ। ਮੁਝੇ ਵੀ ਐਸੀ ਐਸੀ ਚੀਜ਼ੋਂ ਕਾ ਪਤਾ ਚੱਲ ਗਯਾ ਹੈ ਜੋ ਸ਼ਾਇਦ ਆਪ ਦੂਰ ਬੈਠੇ ਨਹੀਂ ਜਾਨਤੇ ਹੋਂਗੇ। ਹਿੰਦੁਸਤਾਨ ਮੇ ਤੋ ਅਪਰਾਧ ਹੀ ਬਹੁਤ ਵਢ ਗਯਾ ਹੈ। ਆਪਕੇ ਸਿਡਨੀ ਮੇ ਤੋ ਸ਼ਾਂਤੀ ਹੀ ਰਹਿਤੀ ਹੋਗੀ। ਕਯਾ ਆਪ ਨਾਰਕੋਟੈਸਟ ਕੇ ਬਾਰੇ ਮੇ ਜਾਨਤੇ ਹੈ? ਕਯਾ ਆਪ ਸੱਜਣ ਕੁਮਾਰ ਕੋ ਜਾਨਤੇ ਹੈ? ਕਯਾ ਆਪ ਪ੍ਰਨੀਤ ਕੌਰ ਕੇ ਜਾਨਤੇ ਹੈਂ? ਕਯਾ ਕਾਂਗਰਸ ਨੇ ਹਿੰਦੁਸਤਾਨ ਕਾ ਬੇੜਾ ਗਰਕ ਨਹੀਂ ਕਰ ਦੀਆ? ਹਮੇ ਡਾਕਟਰੀ ਕੀ ਪੜ੍ਹਾਈ ਅੰਗਰੇਜ਼ੀ ਮੇ ਕਰਵਾ ਕੇ ਯੇਹ ਸਰਕਾਰੇ ਦਰਬਾਰੇ ਹਮਾਰੀ ਭਾਸ਼ਾ ਤਥਾ ਸਭਿਆਚਾਰ ਦਾ ਖਾਤਮਾ ਕਰ ਰਹੀ ਹੈਂ। ਇਹਨੋਂ ਨੇ ਸੋਚ ਰਖਾ ਹੈ ਕਿ ਅਗਰ ਕਿਸੀ ਕੌਮ ਕੋ ਖਤਮ ਕਰਨਾ ਹੋ ਤੋ ਉਸਕੀ ਭਾਸ਼ਾ ਖਤਮ ਕਰ ਦੋ....। ....ਕਯਾ ਆਪਨੇ ਇਬਰਾਹੀਮ ਦਾਊਦ ਕੇ ਬਾਰੇ ਮੇ ਸੁਨਾ ਹੈ? ਕਯਾ ਆਪਨੇ....?.....?....?"

ਡਾਕਟਰ ਲੜਕਾ ਮੈਨੂੰ ਇਵੇਂ ਊਟ ਪਟਾਂਗ ਸਵਾਲ ਕਰਦਾ ਗਿਆ ਜਿਵੇਂ ਮੈਂ ਦੁਨੀਆਂ ਤੋਂ ਦੂਰ ਪਰੇ ਕਿਸੇ ਐਸੇ ਥਾਂ ਟੰਗਿਆ ਬੈਠਾ ਹੋਵਾਂ ਜਿਹੜਾ ਮੀਡੀਏ ਦੀ ਪਹੁੰਚ ਤੋਂ ਕੱਟਿਆ ਹੋਇਆ ਹੋਵੇ।

ਲੜਕੇ ਨੂੰ ਜਵਾਬ ਵਿੱਚ ਮੈਂ ਭਾਵੇਂ ਬਹੁਤਾ ਕੁੱਝ ਨਹੀਂ ਕਹਿਣਾ ਚਾਹੁੰਦਾ ਸੀ ਫਿਰ ਵੀ ਮੈਂ ਉਹਦੇ ਮੌਰਾਂ ਤੇ ਚਾਰ ਕੁ ਟਿਕਾਉਣ ਦੀ ਠਾਣ ਹੀ ਲਈ, "ਬੇਟੇ, ਮੈਂ ਤੇਰੇ ਗਿਆਨ ਦੇ ਦਾਇਰੇ ਤੋਂ ਬੜਾ ਪ੍ਰਭਾਵਤ ਹੋਇਆ ਹਾਂ। ਤੇਰੇ ਵਿਚਾਰ ਕਾਬਲੇ ਤਾਰੀਫ਼

ਹਨ। ਮੈਂ ਨਾਰਕੋ ਟੈਸਟ ਬਾਰੇ ਹੀ ਨਹੀਂ, ਬਲਕਿ ਆਰੁਸ਼ੀ ਕਤਲ ਕਾਂਡ ਜਿਹੇ ਵਾਪਰ ਰਹੇ ਸਾਰੇ ਕਾਂਡਾ ਬਾਰੇ ਵੀ ਜਾਣਦਾ ਹਾਂ। ਮੈਂ ਸਿਰਫ ਸੱਜਣ ਕੁਮਾਰ ਬਾਰੇ ਹੀ ਨਹੀਂ ਬਲਕਿ ਭਗਤ, ਸ਼ਾਸ਼ਤਰੀ, ਮਾਕਨ ਤੇ ਟਾਈਟਲਰ ਬਾਰੇ ਵੀ ਦੇਖਦਾ ਤੇ ਪੜ੍ਹਦਾ ਰਹਿੰਦਾ ਹਾਂ। ਮੈਂ ਦਾਊਦ ਬਾਰੇ ਹੀ ਨਹੀਂ, ਬਲਕਿ ਅੰਡਰਵਰਲਡ ਦੇ ਹੋਰ ਅਨੇਕਾਂ ਸਰਗਣਿਆਂ ਬਾਰੇ ਵੀ ਜਾਣਦਾ ਹਾਂ, ਬਗੈਰਾ-ਬਗੈਰਾ...।"

ਮੈਂ ਉਹਦੀ ਮੰਜੀ ਠੋਕਣੀ ਸ਼ੁਰੂ ਕੀਤੀ ਹੀ ਸੀ ਕਿ ਉਹਦਾ ਡੈਡੀ ਹਰਬੰਸ ਲਾਲ ਬਾਹਰੋਂ ਆ ਗਿਆ ਤੇ ਫੋਨ ਉਸਨੇ ਫੜ ਲਿਆ, "ਕੀ ਹਾਲ ਏ, ਦੋਸਤਾ? ਘਰ ਹੀ ਨਹੀਂ ਮਿਲਦਾ? ਕਿੱਧਰ ਗਿਆ ਸੀ? ਤੇਰਾ ਮੁੰਡਾ ਤਾਂ ਹੁਣ ਗਲ ਥਾਣੀ ਪਜਾਮਾ ਲਾਹੁੰਦਾ ਏ। ਕਿਹੜੇ ਥਾਂ ਨੌਕਰੀ ਕਰਦਾ ਏ? ਮੈਨੂੰ ਤਾਂ ਈਹਨੇ ਇਵੇਂ ਅਜੀਬ ਅਜੀਬ ਸਵਾਲ ਕੀਤੇ ਜਿਵੇਂ ਮੈਂ ਮਨੀਮਾਜਰੇ ਦਾ ਜੱਗਰ ਹੋਵਾਂ।"

"ਕੀ ਗੱਲ ਹੋਈ? ਇਹ ਕਈ ਵਾਰ ਅਵਾਗੌਣ ਵੀ ਗੱਲਾਂ ਕਰਦਾ ਰਹਿੰਦਾ ਏ। ਇਸੀ ਕਰਕੇ ਇਹ ਕਿੱਧਰੇ ਸਰਕਾਰੀ ਨੌਕਰੀ ਵਿੱਚ ਨਹੀਂ ਜਾ ਸਕਿਆ। ਆਪਣਾ ਹੀ ਪ੍ਰਾਈਵੇਟ ਕਲੀਨਿਕ ਖੋਲ੍ਹਿਆ ਹੋਇਆ ਏ। ਉਹ ਵੀ ਚੱਜ ਨਾਲ ਨਹੀਂ ਚਲਦਾ। ਇਹਦੇ ਮਰੀਜ਼ ਇਹਦੀਆਂ ਘਤਿੱਤਾਂ ਤੇ ਕਈ ਵਾਰ ਰੀਐਕਸ਼ਨ ਕਰਦੇ ਰਹਿੰਦੇ ਹਨ। ਇੱਕ ਮਰੀਜ਼ ਦੀ ਸੁਣਨ ਸ਼ਕਤੀ ਜਾਂਦੀ ਲੱਗੀ ਤੇ ਇੱਕ ਦੀਆਂ ਅੱਖਾਂ ਦੀ ਰੌਸ਼ਨੀ ਘਟ ਗਈ। ਮਰੀਜ਼ਾਂ ਦੀਆਂ ਤੇ ਗਵਾਂਢੀਆਂ ਦੀਆਂ ਸ਼ਿਕਾਇਤਾਂ ਨੇ ਇਹਨੂੰ ਐਸਾ ਪ੍ਰੇਸ਼ਾਨ ਕੀਤਾ ਕਿ ਇਹਦਾ ਅੱਧਾ ਕੁ ਦਿਮਾਗ ਖਰਾਬ ਹੋ ਗਿਆ। ਇਸੀ ਕਰਕੇ ਇਹਨੂੰ ਮੈਂ ਤੈਨੂੰ ਕਦੀ ਨਹੀਂ ਮਿਲਾਇਆ ਸੀ। ਅੱਜ ਸਿੱਧਾ ਫੋਨ ਹੀ ਇਹਨੇ ਚੁੱਕ ਲਿਆ ਤੇ ਤੇਰੇ ਨਾਲ ਭਕਾਟ ਰਾਗ ਸ਼ੁਰੂ ਕਰ ਦਿੱਤਾ। ਗੁੱਸਾ ਨਾ ਕਰੀਂ ਦੋਸਤਾ...।"

ਮੈਥੋਂ ਉਸਦੀ ਗੱਲ ਵਿੱਚ ਹੀ ਕੱਟ ਹੋ ਗਈ, "ਭਰਾਵਾਂ, ਇਹ ਤਾਂ ਡਾਕਟਰੀ ਦੀ ਪੜ੍ਹਾਈ ਵੀ ਪੰਜਾਬੀ 'ਚ ਭਾਲਦਾ ਏ। ਇਹ ਡਿਗਰੀ ਕਿਵੇਂ ਪਾਸ ਕਰ ਗਿਐ?"

"ਤੈਨੂੰ ਪਤਾ ਹੀ ਏ, ਦਾਖਲਾ ਤਾਂ ਅਨੁਸੂਚਿਤ ਜਾਤੀ ਕੋਟੇ ਵਿੱਚ ਮਿਲ ਹੀ ਗਿਆ ਸੀ। ਇਥੇ ਬਥੇਰੀਆਂ ਸੰਸਥਾਵਾਂ ਖੁੱਲ੍ਹੀਆਂ ਹੋਈਆਂ ਹਨ ਦਾਖਲਾ ਲੈਣ ਲਈ। ਜਦ ਇਕ ਵਾਰ ਦਾਖਲਾ ਮਿਲ ਜਾਵੇ ਫਿਰ ਡਿਗਰੀ ਤਾਂ ਅਗੇਤੇ ਪਛੇਤੇ ਮਿਲ ਹੀ ਜਾਂਦੀ ਏ। ਦੋ ਸਾਲ ਵੱਧ ਹੋਏ ਜਾਂ ਘੱਟ। ਡਿਗਰੀ ਕਰ ਲਈ ਤੇ ਫਿਰ ਬਾਹਰ ਜਾਣ ਦਾ ਭੂਤ ਇਹਦੇ ਸਿਰ ਤੇ ਸਵਾਰ ਹੋ ਗਿਆ। ਤੈਨੂੰ ਪਤਾ ਹੀ ਏ ਕਿ ਬਾਹਰ ਜਾਣ ਲਈ ਅੰਗਰੇਜ਼ੀ ਦਾ ਟੈਸਟ ਪਾਸ ਕਰਨਾ ਪੈਂਦਾ ਏ। ਇਸਨੇ ਸਾਰਾ ਜ਼ੋਰ ਲਗਾ ਲਿਆ ਲੇਕਿਨ ਇਹ ਟੈਸਟ ਪਾਸ ਨਹੀਂ ਕਰ ਸਕਿਆ। ਫਿਰ ਬਾਹਰ ਦੀ ਕੋਈ ਕੁੜੀ ਲੱਭਦੇ ਰਹੇ। ਜਦ ਉਹ ਵੀ ਨਾ ਮਿਲੀ ਤਾਂ ਇਹ ਇੱਥੇ ਹੀ ਵਿਆਹ ਕਰਵਾਉਣ ਲਈ ਕਾਹਲਾ ਪੈ ਗਿਆ। ਏਥੇ ਦਿੱਲੀ ਵਿੱਚ ਹੀ ਇੱਕ ਲੜਕੀ ਦੇਖੀ। ਇਹ ਦਸਵੀਂ ਪਾਸ ਲੜਕੀ ਜੀਨ ਜਿਹੀ ਪਾ ਕੇ ਆਪ ਕਾਰ ਚਲਾ ਕੇ ਆਈ। ਬਸ ਇਹ ਉਸ ਤੇ ਇਵੇਂ ਮਰ ਗਿਐ ਜਿਵੇਂ ਬਿੱਲੀ ਦੇ ਭਾਗੀ ਮਸਾਂ

ਛਿੱਕਾ ਟੁੱਟਿਆ ਹੋਏ। ਬਿੰਦ ਪਲ 'ਚ ਹੀ ਵਿਆਹ ਹੋ ਗਿਆ। ਹੁਣ ਉਹ ਘਰ ਬੈਠੀ ਏ ਤੇ ਇਹ ਮਾੜਾ ਮੋਟਾ ਕੰਮ ਕਿੱਤਾ ਕਰੀ ਜਾ ਰਿਹਾ ਏ। ਹਰ ਵੇਲੇ ਖਰਚੇ ਤੋਂ ਟੁੱਟੇ ਰਹਿੰਦੇ ਨੇ। ਮੈਥੋਂ ਹੀ ਖਰਚਾ ਮੰਗਦਾ ਰਹਿੰਦਾ ਏ।"

"ਹਰਬੰਸ, ਮੈਂ ਤੈਨੂੰ ਇੱਕ ਗੱਲ ਕਹਾਂ। ਗੁੱਸਾ ਤਾਂ ਨਹੀਂ ਕਰੇਂਗਾ?"

"ਨਹੀ ਯਾਰ। ਮੈਂ ਤੇਰਾ ਪਹਿਲਾਂ ਕਦੀ ਗੁੱਸਾ ਕੀਤਾ ਏ? ਤੂੰ ਮੇਰਾ ਪੁਰਾਣਾ ਦੋਸਤ ਵੀ ਏਂ ਤੇ ਹਮਜਮਾਤੀ ਵੀ। ਬੋਲ ਕੀ ਕਹਿਣਾ ਚਾਹੁੰਦਾਂ ਏਂ?"

"ਸਰਕਾਰ ਨੇ ਤੁਹਾਨੂੰ ਵੱਧ ਸਹੂਲਤਾਂ ਦੇ ਕੇ ਤੁਹਾਡਾ ਫਾਇਦਾ ਵੀ ਕੀਤਾ ਹੋਇਆ ਏ ਤੇ ਤੁਹਾਡਾ ਨੁਕਸਾਨ ਵੀ ਕਰ ਰਹੀ ਏ। ਮੰਨਦੇ ਹਾਂ ਕਿ ਤੁਹਾਡੀਆਂ ਬਰਾਦਰੀਆਂ ਕਾਫ਼ੀ ਸਮੇਂ ਤੋਂ ਪਛੜੀਆਂ ਹੋਈਆਂ ਹਨ। ਤੁਹਾਨੂੰ ਆਰਥਿਕ ਸਹਾਇਤਾ ਜ਼ਰੂਰ ਮਿਲਣੀ ਚਾਹੀਦੀ ਏ। ਪਰੰਤੂ ਤੁਹਾਨੂੰ ਮੈਰਿਟ ਵਿਚ ਕੋਈ ਵੀ ਰਿਆਇਤ ਨਹੀਂ ਮਿਲਣੀ ਚਾਹੀਦੀ। ਤੁਹਾਡੀ ਨੰਬਰਾਂ ਵਿੱਚ ਰਿਆਇਤ ਹੁੰਦੀ ਏ। ਇਸੀ ਕਰਕੇ ਤੁਸੀਂ ਯੋਗ ਡਾਕਟਰ ਨਹੀਂ ਬਣ ਸਕਦੇ। ਇਸੀ ਕਰਕੇ ਤੁਸੀਂ ਬਾਹਰ ਜਾਣ ਦੇ ਅੰਗਰੇਜ਼ੀ ਟੈਸਟ ਪਾਸ ਨਹੀਂ ਕਰ ਰਹੇ। ਸਰਕਾਰ ਨੇ ਅਨੁਸੂਚਿਤ ਜਾਤਾਂ ਨੂੰ ਸਹੂਲਤਾਂ ਜਾਰੀ ਰੱਖ ਕੇ ਉਹਨਾਂ ਨੂੰ ਆਪਣਾ ਵੋਟ ਬੈਂਕ ਬਣਾਇਆ ਹੋਇਆ ਏ। ਵੱਧ ਤੋਂ ਵੱਧ ਇੰਜ ਕਹਿ ਲਵੋ, ਜਦ ਇਕ ਪੁਸ਼ਤ ਨੂੰ ਸਹੂਲਤ ਮਿਲ ਗਈ, ਫਿਰ ਉਸਦੀ ਅਗਲੀ ਪੁਸ਼ਤ ਨੂੰ ਤਾਂ ਆਰਥਿਕ ਸਹਾਇਤਾ ਵੀ ਨਹੀਂ ਮਿਲਣੀ ਚਾਹੀਦੀ, ਮੈਰਿਟ ਵਿੱਚ ਰਿਆਇਤ ਤਾਂ ਇਕ ਪਾਸੇ ਰਹੀ। ਮੈਂ ਤੈਨੂੰ ਗੈਰ ਅਨੁਸੂਚਿਤ ਜਾਂ ਜਨਰਲ ਕੈਟੇਗਰੀ ਵਿੱਚ ਐਸੇ ਲੋਕ ਵੀ ਦਿਖਾ ਦਿੰਦਾ ਹਾਂ ਜਿਹਨਾਂ ਦੀ ਆਮਦਨ ਬਹੁਤ ਹੀ ਘੱਟ ਏ। ਜੱਟਾਂ ਜਾਂ ਬ੍ਰਾਹਮਣਾਂ ਦੇ ਘਰ ਪੈਦਾ ਹੋ ਜਾਣਾ ਹਮੇਸ਼ਾ ਅਮੀਰ ਹੋਣਾ ਨਹੀਂ ਹੁੰਦਾ। ਮੈਂ ਤੈਨੂੰ ਚਾਰ ਚਾਰ ਕਨਾਲ ਜ਼ਮੀਨਾਂ ਵਾਲੇ ਜੱਟ ਵੀ ਦਿਖਾ ਸਕਦਾ ਹਾਂ। ਮੈਂ ਤੈਨੂੰ ਕੱਚੇ ਕੋਠਿਆਂ 'ਚ ਬੈਠੇ ਬਾਹਮਣ ਜਾਂ ਖੱਤਰੀ ਵੀ ਦਿਖਾ ਸਕਦਾ ਹਾਂ। ਸਰਕਾਰ ਨੂੰ ਚਾਹੀਦਾ ਏ ਕਿ ਉਹ ਅਨੁਸੂਚਿਤ ਜਾਤੀਆਂ ਵਿੱਚੋਂ ਵੀ ਬੰਦਿਆਂ ਦੀ ਛਾਂਟੀ ਕਰੇ। ਜਿਹਨੂੰ ਇੱਕ ਵਾਰ ਸਹੂਲਤ ਦੇ ਦਿੱਤੀ ਉਹਦੀ ਦੂਜੀ ਪੁਸ਼ਤ ਨੂੰ ਇਹ ਸਹੂਲਤ ਨਹੀਂ ਮਿਲਣੀ ਚਾਹੀਦੀ। ਸਰਕਾਰ ਨੂੰ ਇਹ ਨੀਤੀ ਵੀ ਤਿਆਰ ਕਰਨੀ ਚਾਹੀਦੀ ਏ ਕਿ ਪੱਛੜੀ ਸ਼੍ਰੇਣੀ ਨੂੰ ਸਿਰਫ ਆਰਥਿਕ ਸਹਾਇਤਾ ਦਿੱਤੀ ਜਾਵੇ, ਮੈਰਿਟ ਵਿੱਚ ਕੋਈ ਵੀ ਰਿਆਇਤ ਨਾ ਦਿੱਤੀ ਜਾਵੇ। ਅਗਰ ਮੈਰਿਟ ਵਿੱਚ ਰਿਆਇਤਾਂ ਲਵੋਗੇ ਤਾਂ ਤੇਰੇ ਇਸ ਲੜਕੇ ਜਿਹੇ ਹੀ ਡਾਕਟਰ ਪੈਦਾ ਹੋਣਗੇ। ਅਗਰ ਇਹ ਡਾਕਟਰ ਅੰਤਰਰਾਸ਼ਟਰੀ ਪੱਧਰ ਦੇ ਅੰਗਰੇਜ਼ੀ ਟੈਸਟ ਵੀ ਪਾਸ ਨਹੀਂ ਕਰ ਸਕਦੇ ਤਾਂ ਇਹ ਕਾਹਦੇ ਡਾਕਟਰ ਹੋਏ? ਮੇਰੇ ਹੋਰ ਵੀ ਕਈ ਅਨੁਸੂਜਿਤ ਜਾਤੀ ਦੇ ਵਾਕਫ ਹਨ ਜਿਹੜੇ ਇਹ ਟੈਸਟ ਨਹੀਂ ਪਾਸ ਕਰ ਰਹੇ।"

"ਤੇਰੀ ਗੱਲ ਵੀ ਮੈਨੂੰ ਸਾਰੀ ਦੀ ਸਾਰੀ ਸੱਚੀ ਨਹੀਂ ਲੱਗ ਰਹੀ। ਮੇਰੇ ਅਨੁਸੂਚਿਤ ਜਾਤੀ ਦੇ ਕਈ ਐਸੇ ਮੁੰਡੇ ਕੁੜੀਆਂ ਵਾਕਫ ਹਨ ਜਿਹੜੇ ਇਹ ਟੈਸਟ ਆਰਾਮ ਨਾਲ

ਪਾਸ ਕਰ ਗਏ ਤੇ ਬਾਹਰ ਜਾ ਕੇ ਸੈੱਟ ਹੋ ਗਏ ਹਨ।"

"ਹਰਬੰਸ, ਗਿਣਵੇਂ ਚੁਣਵੇਂ ਬੰਦੇ ਹਰ ਕੈਟੇਗਰੀ ਵਿੱਚ ਹੀ ਹੁੰਦੇ ਹਨ ਜਿਹੜੇ ਬੜੇ ਮਿਹਨਤੀ ਹੁੰਦੇ ਹਨ। ਮੇਰਾ ਭਾਵ ਬਹੁਗਿਣਤੀ ਤੋਂ ਏ। ਕੀ ਤੂੰ ਡਾ. ਦਾਸ ਨੂੰ ਜਾਣਦਾ ਏਂ। ਸ਼ਾਇਦ ਉਹ ਦਿੱਲੀ ਵਿੱਚ ਹੀ ਕਿਧਰੇ ਰਹਿੰਦਾ ਏ।"

"ਉਸਦਾ ਨਾਮ ਤਾ ਸੁਣਿਆ ਹੋਇਆ ਏ ਪਰੰਤੂ ਉਹਦੇ ਬਾਰੇ ਜ਼ਿਆਦਾ ਪਤਾ ਨਹੀਂ। ਤੂੰ ਹੀ ਉਹਦੇ ਬਾਰੇ ਦੱਸ ਦੇ ਕਿ ਉਹ ਕੌਣ ਏ।"

"ਡਾ. ਦਾਸ ਪੰਜਾਬ ਵਿੱਚ ਇੱਕ ਗਰੀਬ ਲੜਕਾ ਸੀ। ਉਹ ਵੀ ਅਨੁਸੂਚਿਤ ਜਾਤੀ ਨਾਲ ਸੰਬੰਧ ਰੱਖਦਾ ਏ। ਉਸਨੇ ਫਸਟ ਕਲਾਸ ਵਿੱਚ ਬੀ.ਏ. ਆਨਰਜ਼ ਅੰਗਰੇਜ਼ੀ ਪਾਸ ਕੀਤੀ। ਸ਼ਾਇਦ ਫਸਟ ਕਲਾਸ ਵਿੱਚ ਹੀ ਉਹਨੇ ਅੰਗਰੇਜ਼ੀ ਦੀ ਐਮ.ਏ. ਕੀਤੀ। ਫਿਰ ਉਹ ਦਿੱਲੀ ਵਿੱਚ ਇੱਕ ਕਾਲਜ ਵਿੱਚ ਅੰਗਰੇਜ਼ੀ ਦਾ ਲੈਕਚਰਾਰ ਲੱਗ ਗਿਆ। ਉਸਨੇ ਕੋਸ਼ਿਸ਼ ਕਰਕੇ ਅਮਰੀਕਾ ਦੀ ਇੱਕ ਫੈਲੋਸ਼ਿਪ ਪ੍ਰਾਪਤ ਕੀਤੀ। ਅਮਰੀਕਾ ਜਾ ਕੇ ਅੰਗਰੇਜ਼ੀ ਸਾਹਿਤ ਵਿੱਚ ਪੀ.ਐਚ.ਡੀ. ਕੀਤੀ ਤੇ ਉਥੇ ਇੱਕ ਯੂਨੀਵਰਸਿਟੀ ਵਿੱਚ ਪੜ੍ਹਾਉਣ ਲੱਗ ਪਿਆ। ਉਸਨੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਕਈ ਨਾਟਕ ਲਿਖੇ ਜਿਹੜੇ ਕਾਫੀ ਮਸ਼ਹੂਰ ਹੋਏ। ਮੈਂ ਇਸ ਪ੍ਰਕਾਰ ਦੇ ਬੰਦੇ ਦੀ ਬੜੀ ਕਦਰ ਕਰਦਾ ਹਾਂ। ਉਸਨੇ ਭਾਰਤ ਸਰਕਾਰ ਵੱਲੋਂ ਮਿਲਣ ਵਾਲੀ ਰਾਹਤ ਦੀ ਕੋਈ ਖਾਸ ਪ੍ਰਵਾਹ ਨਹੀਂ ਕੀਤੀ। ਬੱਚਿਆਂ ਵਿੱਚ ਐਸੀ ਭਾਵਨਾ ਪੈਦਾ ਕਰੋ ਕਿ ਉਹ ਨਿਰੇ ਸਰਕਾਰ ਦੇ ਹੀ ਟੁੱਕੜਬੋਚ ਬਣ ਕੇ ਨਾ ਰਹਿ ਜਾਣ। ਲੋਕਤੰਤਰ ਦਾ ਇਹ ਅਵਗੁਣ ਹੈ ਕਿ ਹਰ ਰਿਆਇਤ ਵੋਟਾਂ ਲੈਣ ਦੀ ਖਾਤਿਰ ਹੀ ਦਿੱਤੀ ਜਾਂਦੀ ਏ ਤੇ ਵੋਟ ਬੈਂਕ ਦੇ ਤੌਰ ਤੇ ਉਸਨੂੰ ਲੰਬੇ ਸਮੇਂ ਤੱਕ ਵਰਤਿਆ ਜਾਂਦਾ ਹੈ...।"

ਮੈਂ ਅਜੇ ਬੋਲ ਹੀ ਰਿਹਾ ਸੀ ਕਿ ਉਸਨੇ ਵਿੱਚ ਹੀ ਭੁੜਕ ਕੇ ਕਹਿਣਾ ਸ਼ੁਰੂ ਕਰ ਦਿੱਤਾ, "ਤੂੰ ਸਾਡੇ ਹੱਕਾਂ ਤੇ ਛਾਪਾ ਮਰਵਾਏਂਗਾ। ਅਗਰ ਕਿਸੇ ਨੂੰ ਸਰਕਾਰ ਕੁਝ ਦਿੰਦੀ ਏ ਤਾਂ ਤੁਹਾਡਾ ਕੀ ਢਿੱਡ ਦੁੱਖਦਾ ਏ?"

"ਹਰਬੰਸ, ਮੇਰਾ ਢਿੱਡ ਨਹੀਂ ਦੁੱਖਦਾ। ਮੇਰੇ ਵੱਲੋਂ ਜਿਹੜੀ ਮਰਜ਼ੀ ਸਹੂਲਤ ਲਈ ਜਾਵੋ। ਮੈਨੂੰ ਤਾਂ ਤੇਰੇ ਮੁੰਡੇ ਤੇ ਤਰਸ ਆਉਂਦਾ ਏ। ਐਡੀ ਵੱਡੀ ਡਿਗਰੀ ਹਾਸਲ ਕਰਕੇ ਸ਼ਹਿਰ ਦੇ ਪਛੜੇ ਇਲਾਕੇ ਵਿੱਚ ਇੱਕ ਸਾਧਾਰਣ ਜਿਹਾ ਕਲੀਨਿਕ ਖੋਲ੍ਹੀ ਬੈਠਾ ਏ। ਬਾਹਰ ਜਾਣ ਲਈ ਉਹ ਅੰਗਰੇਜ਼ੀ ਟੈਸਟਾਂ ਵਿੱਚ ਫੇਲ੍ਹ ਹੁੰਦਾ ਰਿਹਾ ਏ। ਵਿਆਹ ਕਰਵਾਉਣ ਵਿੱਚ ਵੀ ਉਹ ਪੂਰਾ ਸਫਲ ਹੋਇਆ ਨਜ਼ਰ ਨਹੀਂ ਆਉਂਦਾ ਜਿਵੇਂ ਕਿ ਤੂੰ ਆਪ ਹੀ ਦੱਸਿਆ ਏ। ਉਹਦੇ ਮਰੀਜ਼ ਉਹਦੇ ਨਾਲ ਸੰਤੁਸ਼ਟ ਨਹੀਂ। ਇਸ ਪ੍ਰਕਾਰ ਉਹਦਾ ਇਹ ਕਲਿਨਿਕ ਕਿੰਨੀ ਕੁ ਦੇਰ ਹੋਰ ਚੱਲੂ?"

"ਅੰਕਲ, ਮੈਂ ਤੁਹਾਡੀਆਂ ਸਭ ਗੱਲਾਂ ਸੁਣ ਲਈਆਂ ਹਨ। ਤੁਸੀਂ ਵੀ ਬਾਹਰ ਜਾ ਕੇ ਪੂੰਜੀਵਾਦੀ ਬਣ ਗਏ ਹੋ। ਤੁਸੀਂ ਕੌਣ ਹੁੰਦੇ ਹੋ ਸਾਡੇ ਹੱਕਾਂ ਤੇ ਛਾਪਾ ਮਾਰਨ ਵਾਲੇ?

ਸਰਕਾਰ ਸਾਨੂੰ ਦਿੰਦੀ ਏ, ਤੁਹਾਡਾ ਢਿੱਡ ਐਵੇਂ ਦੁਖੀ ਜਾਂਦਾ ਏ। ਕੌਣ ਕਹਿੰਦਾ ਏ ਕਿ ਮੈਂ ਬਾਹਰ ਜਾਣ ਲਈ ਅੰਗਰੇਜ਼ੀ ਟੈਸਟ ਵਿੱਚੋਂ ਫੈਲ ਹੋਇਆ ਹਾਂ? ਮੇਰਾ ਪਿਓ ਪਾਗਲ ਏ ਜਿਹਨੂੰ ਤੁਸੀਂ ਪੱਟੀਆਂ ਪੜ੍ਹਾ ਰਹੇ ਹੋ। ਕੌਣ ਕਹਿੰਦਾ ਏ ਕਿ ਮੇਰਾ ਕਲੀਨਿਕ ਨਹੀਂ ਚਲਦਾ? ਕੌਣ ਕਹਿੰਦਾ ਏ ਕਿ ਮੇਰਾ ਵਿਆਹ ਕਾਮਯਾਬ ਨਹੀਂ? ਕਿਹੜਾ ਸਾਡੇ ਘਰ ਵਿੱਚ ਲੜਾਈ ਪੁਆਣ ਦੀ ਕੋਸ਼ਿਸ਼ ਕਰ ਰਿਹਾ ਏ?" ਰਾਮ ਅਵਤਾਰ ਨੇ ਉੱਧਰੋਂ ਦੂਜਾ ਫੋਨ ਚੁੱਕਿਆ ਹੋਇਆ ਸੀ। ਉਸਨੇ ਸਾਡੀ ਅੱਧੀ ਕੁ ਗੱਲਬਾਤ ਸੁਣ ਲਈ ਸੀ।

ਮੈਂ ਚੁੱਪਚਾਪ ਰੀਸੀਵਰ ਰੱਖ ਦਿੱਤਾ ਤੇ ਰਾਮ ਅਵਤਾਰ ਦੀ ਮਨੋਬਿਰਤੀ ਬਾਰੇ ਸੋਚਣ ਲੱਗ ਪਿਆ। ਦਸ ਕੁ ਮਿੰਟਾਂ ਬਾਅਦ ਹਰਬੰਸ ਲਾਲ ਨੇ ਫਿਰ ਆਪਣੇ ਮੋਬਾਈਲ ਫੋਨ ਤੋਂ ਮੈਨੂੰ ਫੋਨ ਕੀਤਾ, "ਸਾਡੇ ਮੁੰਡੇ ਦੀਆਂ ਗੱਲਾਂ ਤੇ ਗੁੱਸਾ ਨਾ ਕਰੀਂ, ਦੋਸਤਾ। ਇਹ ਸਾਲਾ ਅਣਗੌਣ ਬਕਦਾ ਹੀ ਰਹਿੰਦਾ ਏ। ਇਸ ਦੀਆਂ ਸਹੇੜੀਆਂ ਲੜਾਈਆਂ ਮੇਰੇ ਲਈ ਹਮੇਸ਼ਾ ਸਿਰਦਰਦੀ ਦਾ ਕਾਰਨ ਬਣਦੀਆਂ ਰਹਿੰਦੀਆਂ ਨੇ। ਇੱਥੋਂ ਤੱਕ ਕਿ ਮੈਂ ਕਈ ਵਾਰ ਇਹਨੂੰ ਆਪਣੀ ਜਾਇਦਾਦ ਤੋਂ ਬੇਦਖਲ ਕਰਨ ਬਾਰੇ ਵੀ ਸੋਚਿਆ ਏ। ਤੈਨੂੰ ਪਤਾ ਹੈ ਕਿ ਮੈਨੂੰ ਸਰਕਾਰੀ ਕਵਾਰਟਰ ਮਿਲਿਆ ਹੋਇਆ ਏ। ਇਸ ਸਰਕਾਰੀ ਕਵਾਰਟਰ ਵਿੱਚ ਇਸ ਸਮੇਂ ਇਹ ਹੀ ਰਹਿ ਰਿਹਾ ਏ। ਸਾਲ ਕੁ ਨੂੰ ਮੈਂ ਰਿਟਾਇਰ ਹੋ ਜਾਣਾ ਏ। ਸਰਕਾਰ ਮੇਰੇ ਤੋਂ ਇਹ ਕਵਾਟਰ ਵਾਪਸ ਲੈ ਲਵੇਗੀ। ਫਿਰ ਇਹ ਘਰ ਵਿੱਚ ਆ ਕੇ ਪਰੀਵਾਰ ਸਮੇਤ ਮੇਰੇ ਨਾਲ ਹੀ ਰਹੇਗਾ। ਮੇਰੇ ਲਈ ਹੋਰ ਵੀ ਪਰੇਸ਼ਾਨੀ ਦਾ ਕਾਰਨ ਬਣ ਜਾਵੇਗਾ। ਆਪਣੀ ਮਾਂ ਨੂੰ ਵੀ ਵਾਧੂ ਤੰਗ ਕਰੇਗਾ। ਇਸਦਾ ਬੱਚਾ ਹੁਣ ਵੀ ਅਸੀਂ ਹੀ ਅੱਧਾ ਪਰਚਾ ਸੰਭਾਲਦੇ ਹਾਂ। ਕੱਲ ਨੂੰ ਉਹ ਸਾਨੂੰ ਸਾਰਾ ਹੀ ਸੰਭਾਲਣਾ ਪਿਆ ਕਰੇਗਾ। ਤੂੰ ਇਸਦੀਆਂ ਗੱਲਾਂ ਦਾ ਗੁੱਸਾ ਨਾ ਕਰੀਂ। ਬਾਕੀ ਮੈਂ ਜਿਵੇਂ ਤੈਨੂੰ ਕਿਹਾ ਸੀ, ਮੈਂ ਸੇਵਾਮੁਕਤ ਹੋ ਕੇ ਤੇਰੇ ਪਾਸ ਸਿਡਨੀ ਚੱਕਰ ਮਾਰ ਕੇ ਜਾਵਾਂਗਾ। ਤੂੰ ਮੇਰੇ ਨਾਲ ਵਾਅਦਾ ਵੀ ਕੀਤਾ ਸੀ ਕਿ ਤੂੰ ਮੈਨੂੰ ਬਾਹਰ ਚੱਕਰ ਮਾਰਨ ਲਈ ਸਪਾਂਸਰ ਕਰੇਂਗਾ।"

"ਹਰਬੰਸ ਲਾਲ, ਮੇਰੇ ਪਾਸ ਤੂੰ ਜਦ ਮਰਜ਼ੀ ਆ ਪਰ ਮੇਰਾ ਤੇਰੇ ਪਾਸ ਆਉਣਾ ਹੁਣ ਮੁਸ਼ਕਲ ਲਗਦਾ ਏ, ਕਿਉਂਕਿ ਤੇਰਾ ਮੁੰਡਾ ਬੜਾ ਗਲਤ ਬੋਲਦਾ ਏ। ਇਸ ਤਰ੍ਹਾਂ ਦਾ ਬੰਦਾ ਕਿਸੇ ਨਾਲ ਕਿਸੇ ਸਮੇਂ ਵੀ ਗਲਤ ਵਿਵਹਾਰ ਕਰ ਸਕਦਾ ਏ। ਮੈਂ ਵੀ ਹੁਣ ਘੱਟ ਹੀ ਕੰਮ ਕਰਦਾ ਹਾਂ। ਸੇਵਾਮੁਕਤ ਹੋਇਆਂ ਵਰਗਾ ਹੀ ਹਾਂ। ਜਦ ਮਰਜ਼ੀ ਸਿਡਨੀ ਆ। ਤੈਨੂੰ ਆਸਟਰੇਲੀਆ ਦੇ ਹੋਰ ਸ਼ਹਿਰ ਵੀ ਦਿਖਾਵਾਂਗਾ। ਦੋਹਾਂ ਦੇਸ਼ਾਂ ਵਿੱਚ ਬਹੁਤ ਫਰਕ ਏ। ਚੰਗਾ ਫਿਰ!"

"ਚੰਗਾ, ਜਦ ਪੰਜਾਬ ਆਵੇਂ ਤਾਂ ਜ਼ਰੂਰ ਫੋਨ ਕਰੀਂ। ਨਾਲੇ ਫੋਨ ਵੀ ਮੋਬਾਈਲ ਫੋਨ ਤੇ ਕਰਿਆ ਕਰ। ਛੱਡ ਖਹਿੜਾ ਘਰ ਦੇ ਫੋਨ ਦਾ। ਤੇਰਾ ਬਹੁਤ ਬਹੁਤ ਧੰਨਵਾਦ!"

ਇਸ ਤੋਂ ਬਾਦ ਮੈਂ ਸੋਚਿਆ ਕਿ ਆਪਣੇ ਇੱਕ ਜਨਰਲ ਕੈਟੇਗਰੀ ਦੇ ਮਿੱਤਰ ਡਾਕਟਰ ਕੁਮਾਰ ਨਾਲ ਰਾਮ ਅਵਤਾਰ ਬਾਰੇ ਆਪਣੇ ਵਿਚਾਰ ਸਾਂਝੇ ਕਰਾਂ। ਮੈਂ ਫੋਨ

ਉਸਨੂੰ ਘੁਮਾ ਦਿੱਤਾ, "ਕੁਮਾਰ ਸਾਹਿਬ, ਕੀ ਹਾਲ ਏ? ਕੰਮ ਕਾਰ ਤੋਂ ਵਿਹਲੇ ਹੋ ਗਏ ਹੋ ਜਾ ਨਹੀਂ? ਅੱਜ ਕੱਲ੍ਹ ਹਸਪਤਾਲ ਵਿੱਚ ਕਾਫੀ ਮਸਰੂਫ ਰਹਿੰਦੇ ਹੋਵੇਗੇ। ਨਾਲੇ ਤੁਹਾਡਾ ਤਾਂ ਸੁਭਾਅ ਹੀ ਬੜਾ ਮਸਰੂਫ ਰਹਿਣ ਵਾਲਾ ਏ। ਤੁਸੀਂ ਤਾਂ ਪਹਿਲਾਂ ਤੋਂ ਹੀ ਆਪਣੇ ਕਿੱਤੇ ਨਾਲ ਬੜਾ ਨਿਆਂ ਕਰਦੇ ਆਏ ਹੋ।"

ਅੱਗਿਓਂ ਜਵਾਬ ਮਿਲਿਆ, "ਅੱਜ ਕਿੱਧਰੋਂ ਫੋਨ ਕਰਨ ਲਈ ਸਮਾਂ ਕੱਢ ਲਿਆ? ਤੁਸੀਂ ਵੀ ਤਾਂ ਆਪਣੇ ਕੰਮਾਂ ਕਾਰਾਂ 'ਚ ਮਸਰੂਫ ਰਹਿੰਦੇ ਹੋ। ਨਾਲੇ ਬਾਹਰਲੇ ਦੇਸ਼ਾਂ ਵਿੱਚ ਲੋਕਾਂ ਪਾਸ ਸਮਾਂ ਕਿੱਥੇ? ਸੁਣਿਐ, ਬਾਹਰ ਤਾਂ ਦੌੜ ਹੀ ਲੱਗੀ ਰਹਿੰਦੀ ਏ। ਇੱਧਰ ਨੂੰ ਵੀ ਚੰਦ ਦਿਨਾਂ ਲਈ ਦੌੜ ਦੌੜੇ ਹੀ ਆਉਂਦੇ ਹੋ। ਪਿਛਲੀ ਵਾਰ ਤਾਂ ਮਿਲ ਕੇ ਵੀ ਨਹੀਂ ਗਏ।"

"ਕੁਮਾਰ ਸਾਹਿਬ, ਮਾਫ਼ ਕਰਨਾ ਪਿਛਲੀ ਵਾਰ ਤੁਹਾਨੂੰ ਮਿਲ ਨਹੀਂ ਸਕਿਆ। ਅਸਲ ਵਿੱਚ ਮੇਰੇ ਪਾਸ ਸਮਾਨ ਕਾਫੀ ਸੀ। ਸੋਚਿਆ ਸਮਾਨ ਦੀ ਦਿੱਲੀ ਆ ਕੇ ਚੱਕ ਥੱਲ ਕਰਨੀ ਪੈਣੀ ਸੀ। ਪੰਜਾਬ ਤੋਂ ਮੁੰਡਾ ਦਿੱਲੀ ਛੱਡਣ ਆਇਆ ਸੀ। ਵਾਪਸ ਜਾਣ ਲਈ ਬੜਾ ਕਾਹਲਾ ਸੀ। ਪਹਿਲਾਂ ਸੋਚਿਆ ਸੀ ਕਿ ਤੁਹਾਡੇ ਪਾਸ ਇੱਕ ਰਾਤ ਰਹਿ ਕੇ ਦੂਜੇ ਦਿਨ ਉਡਾਨ ਫੜਾਂਗਾ। ਫਿਰ ਮੈਂ ਇਰਾਦਾ ਬਦਲ ਲਿਆ। ਸਮਾਨ ਦੀ ਖਿੱਚ ਧੂਹ ਕਰਨੀ ਪੈਣੀ ਸੀ। ਆਉਂਦੇ ਸਿਆਲ ਵਿੱਚ ਫਿਰ ਆ ਰਿਹਾ ਹਾਂ। ਮੇਰੇ ਪਾਸ ਬਹੁਤ ਹੀ ਘੱਟ ਸਮਾਨ ਹੋਵੇਗਾ। ਤੁਹਾਡੇ ਪਾਸ ਇੱਕ ਰਾਤ ਦਿੱਲੀ ਰਹਿ ਕੇ ਫਿਰ ਪੰਜਾਬ ਜਾਵਾਂਗਾ।"

"ਕੋਈ ਗੱਲ ਨਹੀਂ, ਦੋਸਤਾ, ਮੋਸਟ ਵੈਲਕਮ। ਕਈ ਵਾਰ ਇੰਜ ਹੋ ਹੀ ਜਾਂਦਾ ਏ। ਹੋਰ ਸਭ ਪਰਿਵਾਰ ਤਾਂ ਰਾਜੀ ਬਾਜੀ ਏ?"

"ਕੁਮਾਰ, ਸਭ ਰਾਜੀ ਖੁਸ਼ੀ ਹਨ। ਮੈਂ ਤੇਰੇ ਨਾਲ ਇੱਕ ਬੰਦੇ ਬਾਰੇ ਵਿਚਾਰ ਸਾਂਝੇ ਕਰਨੇ ਚਾਹੁੰਦਾ ਹਾਂ।"

"ਇੱਕ ਬਾਰੇ ਨਹੀਂ, ਭਾਵੇਂ ਦਸਾਂ ਬਾਰੇ ਕਰ। ਫਰਮਾਓ ਤਾਂ ਸਹੀ ਉਹ ਕੌਣ ਏ?"

"ਮੇਰਾ ਇੱਕ ਦੋਸਤ ਏ ਦਿੱਲੀ ਵਿੱਚ ਹੀ। ਸ਼ਾਇਦ ਤੂੰ ਉਸਨੂੰ ਜਾਣਦਾ ਏਂ। ਉਸਦਾ ਨਾਮ ਹਰਬੰਸ ਲਾਲ ਏ। ਉਸਦਾ ਲੜਕਾ ਰਾਮ ਅਵਤਾਰ ਏ ਜਿਹੜਾ ਕਿ ਡਕਟਰ ਏ। ਅੱਜ ਕੱਲ ਤੇਰੇ ਸ਼ਹਿਰ ਵਿੱਚ ਗਾਂਧੀ ਨਗਰ ਵਿੱਚ ਕਲੀਨਿਕ ਖੋਲ੍ਹੀ ਬੈਠਾ ਏ।"

"ਉਹ, ਮੈਂ ਸਮਝ ਗਿਆ। ਮੈਂ ਤਾਂ ਉਸਨੂੰ ਅਵਤਾਰ ਰਾਮ ਹੀ ਕਹਿੰਦਾ ਹੁੰਦਾ ਸਾਂ। ਬਹੁਤ ਦੇਰ ਪਹਿਲਾਂ ਉਹਦਾ ਬਾਪ ਮੈਨੂੰ ਇੱਕ ਵਾਰ ਮਿਲਿਆ ਸੀ। ਓਹੀ ਹਰਬੰਸ ਲਾਲ ਜਿਹੜਾ ਫਾਈਨੈਂਸ ਮਹਿਕਮੇ ਵਿੱਚ ਸੈਕਸ਼ਨ ਅਫ਼ਸਰ ਲੱਗਾ ਹੋਇਆ ਏ।"

"ਹਾਂ, ਹਾਂ, ਕੁਮਾਰ ਤੂੰ ਠੀਕ ਬੁੱਝਿਆ ਏ।"

"ਉਹਦਾ ਮੁੰਡਾ ਤਾਂ ਨਿਰਾ ਪਾਗਲ ਏ। ਪਤਾ ਨਹੀਂ ਸਹੁਰਾ ਐਮ.ਬੀ.ਬੀ.ਐਸ. ਕਿਵੇਂ ਕਰ ਗਿਆ। ਹੁਣ ਤੱਕ ਕਈਆਂ ਨੂੰ ਗਲਤ ਦਵਾਈਆਂ ਦੇ ਚੁੱਕਾ ਏ। ਇੱਕ ਦੋ

ਗਾਹਕਾਂ ਤੋਂ ਤਾਂ ਉਹ ਕੁੱਟ ਵੀ ਖਾ ਚੁੱਕਾ ਏ।"

"ਕੁਮਾਰ, ਕੀ ਅਨੁਸੂਚਿਤ ਜਾਤੀਆਂ ਨੂੰ ਮਿਲਣ ਵਾਲੀਆਂ ਰਿਆਇਤਾਂ ਨੇ ਅੱਜ ਕੱਲ੍ਹ ਇਸ ਪ੍ਰਕਾਰ ਦੇ ਆਮ ਡਾਕਟਰ ਪੈਦਾ ਨਹੀਂ ਕਰ ਦਿੱਤੇ? ਕੀ ਇਸ ਪ੍ਰਕਾਰ ਦੇ ਡਾਕਟਰ ਸਾਡੇ ਸਮਾਜ ਤੇ ਕਲੰਕ ਨਹੀਂ ਹਨ?"

"ਗੱਲ ਤਾਂ ਤੇਰੀ ਠੀਕ ਏ। ਸੀਟਾਂ ਦੇ ਰਾਖਵੇਂਕਰਨ ਨੇ ਦੇਸ਼ ਵਿੱਚ ਗੰਦ ਪਾ ਦਿੱਤਾ ਏ। ਬਹੁਤ ਸਾਰੇ ਨਲਾਇਕ ਉਮੀਦਵਾਰ ਚੰਗੀਆਂ ਚੰਗੀਆਂ ਪੋਸਟਾਂ ਤੇ ਲੱਗੀ ਜਾ ਰਹੇ ਹਨ। ਇਹਨਾਂ ਨੇ ਭ੍ਰਿਸ਼ਟਾਚਾਰ ਵਿੱਚ ਵੀ ਚੋਖਾ ਹਿੱਸਾ ਪਾਇਆ ਏ। ਸਾਰਾ ਢਾਂਚਾ ਗੰਧਲਾ ਹੁੰਦਾ ਜਾ ਰਿਹਾ ਏ। ਇਸੇ ਤੋਂ ਵੀ ਉਪਰਲੀ ਇੱਕ ਹੋਰ ਗੱਲ ਸੁਣ ਲੈ, ਦੋਸਤਾ।"

"ਉਹ ਕੀ?"

"ਹੁਣ ਤਾਂ ਜਨਰਲ ਕੈਟੇਗਰੀ ਵਿੱਚ ਵੀ ਰਾਮ ਅਵਤਾਰਾਂ ਦੀ ਕੋਈ ਘਾਟ ਨਹੀਂ। ਜਿਸਨੂੰ ਪੰਜਾਬ 'ਚ ਦਾਖਲਾ ਨਹੀਂ ਮਿਲਦਾ ਉਹ ਦੂਜੇ ਮਾੜੇ ਸੂਬਿਆਂ ਵਿੱਚ ਪੈਸੇ ਦੇ ਕੇ ਦਾਖਲ ਹੋ ਜਾਂਦੇ ਹਨ। ਲੋਕ ਬਿਹਾਰ, ਯੂ.ਪੀ. ਤੇ ਕਰਨਾਟਕ ਤੋਂ ਧੜਾਧੜ ਡਿਗਰੀਆਂ ਪ੍ਰਾਪਤ ਕਰ ਰਹੇ ਹਨ। ਦੇਸ਼ ਵਿੱਚ ਇੱਕ ਹੋਰ ਲਾਂਬੂ ਵੀ ਲੱਗਾ ਹੋਇਆ ਏ।"

"ਉਹ ਕੀ?"

"ਦੇਸ਼ ਵਿੱਚ ਕੁਝ ਐਸੇ ਅਦਾਰੇ ਅਤੇ ਸੰਗਠਨ ਵੀ ਹਨ ਜਿੱਥੇ ਕੁੱਝ ਸੀਟਾਂ ਰਾਖਵੀਆਂ ਹੁੰਦੀਆਂ ਹਨ ਜਿਵੇਂ ਕਿਸੇ ਪਿੰਡ ਨੇ ਕੋਈ ਮੈਡੀਕਲ ਕਾਲਜ ਜਾਂ ਇੰਜੀਨੀਅਰਿੰਗ ਕਾਲਜ ਖੋਲ੍ਹਣ ਲਈ ਜ਼ਮੀਨ ਜਾਂ ਪੈਸੇ ਦਿੱਤੇ ਹੋਣ ਤੇ ਉਸ ਕਾਲਜ ਵਿੱਚ ਉਸ ਪਿੰਡ ਲਈ ਸਪੈਸ਼ਲ ਕੋਟਾ ਨਿਸਚਿਤ ਹੋਵੇ। ਜਿਵੇਂ ਕੋਈ ਕਿਸੇ ਧਰਮ ਜਾਂ ਬਰਾਦਰੀ ਦਾ ਸੰਗਠਨ ਹੋਵੇ ਤੇ ਉਥੇ ਉਸ ਧਰਮ ਜਾਂ ਬਰਾਦਰੀ ਦੇ ਲੋਕਾਂ ਲਈ ਕੋਟਾ ਨਿਰਧਾਰਤ ਹੋਵੇ। ਇਸ ਪ੍ਰਕਾਰ ਦੇ ਸੰਗਠਨਾਂ ਨੇ ਵੀ ਦੇਸ ਵਿੱਚ ਸੈਂਕੜੇ ਰਾਮ ਅਵਤਾਰ ਪੈਦਾ ਕਰ ਦਿੱਤੇ ਹਨ। ਕਈ ਕੇਸਾਂ ਵਿੱਚ ਰਾਜਸੀ ਆਗੂ ਆਪਣੀ ਟੰਗ ਅੜਾ ਦਿੰਦੇ ਹਨ ਤੇ ਆਪਣੇ ਰਿਸ਼ਤੇਦਾਰਾਂ ਜਾਂ ਬੱਚਿਆਂ ਨੂੰ ਦਾਖਲਾ ਦੁਆ ਦਿੰਦੇ ਹਨ। ਤੁਸੀਂ ਇਕੱਲੇ ਰਾਖਵੇਂਕਰਨ ਨੂੰ ਨਿੰਦੀ ਜਾ ਰਹੇ ਹੋ। ਅਸਲ ਵਿੱਚ ਕਰਨੇ ਵਾਲਾ ਬਹੁਤ ਕੁਝ ਏ। ਠੀਕ ਹੈ ਅਨੁਸੂਚਿਤ ਜਾਤਾਂ ਦੀ ਔਲਾਦ ਵਿੱਚ ਛਾਂਟੀ ਹੋਣੀ ਚਾਹੀਦੀ ਏ। ਜਿਹਨੇ ਇੱਕ ਵਾਰ ਲਾਭ ਲੈ ਲਿਆ ਉਸ ਦੇ ਬੱਚਿਆਂ ਨੂੰ ਇਹ ਲਾਭ ਨਹੀਂ ਮਿਲਣਾ ਚਾਹੀਦਾ। ਨਾਲੇ ਲਾਭ ਸਿਰਫ ਆਰਥਕ ਹੋਣਾ ਚਾਹੀਦਾ ਏ, ਮੈਰਿਟ ਵਿੱਚ ਰਿਆਇਤ ਦੇਣੀ ਤਾਂ ਨਿਰਾ ਲੋਕਾਂ ਦੀ ਜਾਨ ਦਾ ਖੌਅ ਏ। ਇਸ ਦੇਸ਼ ਵਿੱਚ ਕੋਈ ਡਾਕਟਰ ਅਪ੍ਰੇਸ਼ਨ ਕਰਨ ਵੇਲੇ ਕੋਈ ਔਜ਼ਾਰ ਹੀ ਸਰੀਰ ਵਿੱਚ ਛੱਡੀ ਜਾ ਰਿਹਾ ਏ, ਕੋਈ ਕਿਸੇ ਦੀ ਗਲਤ ਨਾੜੀ ਕੱਟੀ ਜਾ ਰਿਹਾ ਏ, ਕੋਈ ਕਿਸੇ ਨੂੰ ਦਵਾਈ ਹੀ ਗਲਤ ਦੇਈ ਜਾ ਰਿਹਾ ਏ ਤੇ ਕੋਈ ਕਿਸੇ ਕੇਸ ਵਿੱਚ ਪੈਸੇ ਖਾ ਕੇ ਪੁਲਿਸ ਕੇਸ ਨੂੰ ਕੱਚਾ ਪਿੱਲਾ ਬਣਾਉਣ ਵਿੱਚ ਮਦਦ

ਕਰੀ ਜਾ ਰਿਹਾ ਏ। ਇਕੱਲੇ ਡਾਕਟਰੀ ਕਿੱਤੇ ਦੀ ਹੀ ਗੱਲ ਨਹੀਂ। ਰਾਮ ਅਵਤਾਰਾਂ ਦੀ ਤਾਂ ਹੁਣ ਹਰ ਮਹਿਕਮੇ ਵਿੱਚ ਭਰਮਾਰ ਏ। ਕਿੱਧਰੇ ਨਵੇਂ ਬਣੇ ਪੁਲ ਢਹਿ ਢੇਰੀ ਹੋ ਰਹੇ ਹਨ, ਕਿੱਧਰੇ ਪੁਲਿਸ ਖੁਦ ਬਲਾਤਕਾਰਾਂ ਵਿੱਚ ਭਾਗੀਦਾਰ ਏ, ਕਿੱਧਰੇ ਨੌਕਰੀਆਂ ਦੇਣ ਵਿੱਚ ਘਪਲੇ ਹੋ ਰਹੇ ਹਨ, ਕਿੱਧਰੇ ਅਪਰਾਧੀ ਕਾਨੂੰਨ ਦੀ ਜਕੜ 'ਚੋਂ ਬਚ ਰਹੇ ਹਨ ਤੇ ਕਿੱਧਰੇ ਕੁਝ ਹੋਰ। ਦੇਸ ਵਿੱਚ ਰਾਖਵੇਂਕਰਨ ਦੇ ਸਬੰਧ 'ਚ ਅੰਦੋਲਨ ਵੀ ਚੱਲ ਰਹੇ ਹਨ। ਕਿੱਧੇਰ ਗੁੱਜਰ ਅੰਦੋਲਨ ਕਰ ਰਹੇ ਹਨ, ਕਿੱਧਰੇ ਜਾਟ ਗੱਡੀਆਂ ਮੂਹਰੇ ਲੰਮੇ ਪਏ ਹਨ ਤੇ ਕਿੱਧਰੇ ਮੰਡਲ ਕਮਿਸ਼ਨ ਦੇ ਚਰਚੇ ਹੁੰਦੇ ਰਹੇ ਹਨ...।"

ਮੈਂ ਗੱਲ ਕੱਟ ਕੇ ਬੋਲਣ ਨੂੰ ਕਾਹਲਾ ਪੈ ਗਿਆ, "ਕੁਮਾਰ ਸਾਹਿਬ, ਗੱਲ ਤਾਂ ਤੁਹਾਡੀ ਠੀਕ ਏ ਪਰੰਤੂ ਹੱਲ ਕੀ ਹੋਣਾ ਚਾਹੀਦਾ ਏ? ਭ੍ਰਿਸ਼ਟਾਰ ਨੂੰ ਨੱਥ ਕਿਵੇਂ ਪਾਈ ਜਾਵੇ। ਕੀ ਅੰਨਾ ਹਜ਼ਾਰੇ ਜਿਹੇ ਵਿਅਕਤੀ ਭ੍ਰਿਸ਼ਟਾਚਾਰ ਨੂੰ ਨੱਥ ਪਾ ਸਕਦੇ ਹਨ? ਕੀ ਲੋਕਪਾਲ ਬਿੱਲ ਬਣਨ ਨਾਲ ਦੇਸ਼ ਦਾ ਭ੍ਰਿਸ਼ਟਾਚਾਰ ਖਤਮ ਹੋ ਜਾਓ? ਅੰਨਾ ਹਜ਼ਾਰੇ ਆਪਣੇ ਜਿਹੇ ਤਿਆਗੀ ਅਤੇ ਸੱਚੇ ਸੁੱਚੇ ਹੋਰ ਬੰਦੇ ਕਿੱਥੋਂ ਲਿਆਊ? ਲੋਕਤੰਤਰ ਨੂੰ ਚੰਦ ਕੁ ਸੱਚੇ ਸੁੱਚੇ ਬੰਦੇ ਕਿਵੇਂ ਚਲਾ ਸਕਦੇ ਹਨ?"

"ਇਸ ਪ੍ਰਚਾਰ ਦੇ ਬਿੱਲਾਂ ਨੇ ਇਸ ਦੇਸ਼ ਵਿੱਚ ਬਹੁਤਾ ਕੁਝ ਨਹੀਂ ਕਰਨਾ। ਇੱਥੇ ਬੇਈਮਾਨੀ ਖ਼ੂਨ ਵਿੱਚ ਏ। ਅਗਰ ਬੇਈਮਾਨੀ ਖ਼ੂਨ ਵਿੱਚੋਂ ਨਿਕਲੇਗੀ ਤਾਂ ਭ੍ਰਿਸ਼ਟਾਚਾਰ ਘੱਟ ਵੀ ਸਕਦਾ ਏ ਤੇ ਖਤਮ ਵੀ ਹੋ ਸਕਦਾ ਏ। ਇੱਥੇ ਅਗਰ ਅਸੀਂ ਇੱਕ ਬੱਚੇ ਨੂੰ 30 ਰੁਪਏ ਦੇ ਕੇ ਦੁਕਾਨ ਤੇ ਭੇਜੀਏ ਤੇ ਕਹੀਏ ਕਿ ਮੂੰਗੀ ਦੀ ਦਾਲ ਲੈ ਆਵੇ ਤਾਂ ਉਹ 25 ਰੁਪਏ ਦੀ ਦਾਲ ਲੈ ਆਵੇਗਾ ਤੇ ਪੰਜ ਰੁਪਏ ਦਾ ਆਪਣੇ ਖਾਣ ਲਈ ਕੁੱਝ। ਬੱਚੇ ਦੀ ਪਾਲਣਾ ਪੋਸ਼ਣਾ ਹੀ ਅਜਿਹੇ ਢਾਂਚੇ ਵਿੱਚ ਹੋ ਰਹੀ ਏ ਜਿਸ ਵਿੱਚ ਹੇਰਾ ਫੇਰੀ ਏ। ਮੈਂ ਗੋਰਿਆਂ ਦੇ ਦੇਸ਼ਾਂ ਬਾਰੇ ਅਕਸਰ ਪੜ੍ਹਦਾ ਤੇ ਸੁਣਦਾ ਰਹਿੰਦਾ ਹਾਂ। ਇਹ ਚੀਜ਼ ਮੈਂ ਗੋਰਿਆਂ ਵਿੱਚ ਭੜੀ ਘੱਟ ਦੇਖੀ ਏ। ਗੋਰੀ ਲੜਕੀ ਝੱਟ ਕਹਿ ਦੇਵੇਗੀ ਕਿ ਉਸ ਨਾਲ ਜਾ ਰਿਹਾ ਲੜਕਾ ਉਸਦਾ ਮਿੱਤਰ (boy friend) ਏ। ਭਾਰਤੀ ਜਾਂ ਪੰਜਾਬੀ ਢਾਂਚੇ ਵਿੱਚ ਕਿਸੇ ਨੂੰ ਪੁੱਛੋਂ ਤਾਂ ਉਹ ਕਹੇਗੀ ਕਿ ਉਸ ਨਾਲ ਉਸਦਾ ਚਚੇਰਾ ਭਰਾ (cousin) ਏ। ਮੈਂ ਇਹ ਨਹੀਂ ਕਹਿੰਦਾ ਕਿ ਗੋਰੇ ਸੌ ਫੀਸਦੀ ਈਮਾਨਦਾਰ ਹਨ। ਹਰ ਕੌਮ ਵਿੱਚ ਹੀ ਕੁੱਝ ਨਾ ਕੁਝ ਮਾੜੇ ਅੰਸਰ ਹੁੰਦੇ ਹਨ। ਗੱਲ ਸਹੀ ਪ੍ਰਤੀਸ਼ਤ ਦੀ ਏ। ਕਿਤੇ 90% ਮਾੜੇ ਨੇ ਤੇ ਕਿਤੇ 15 ਜਾਂ 20 ਪ੍ਰਤੀਸ਼ਤ। ਜਿੱਥੇ ਉਪਰੋਂ ਥੱਲੇ ਤੱਕ ਸਭ ਭ੍ਰਿਸ਼ਟ ਹੋਣ ਉਥੇ ਭ੍ਰਿਸ਼ਟਾਚਾਰ ਵਿੱਚ ਰਹਿਣ ਦੀ ਆਦਤ ਹੀ ਪਾਉਣੀ ਪੈਂਦੀ ਏ। ਜਿੱਥੇ ਜਿੰਦਾਂ ਕਿਸੇ ਤੋਂ ਭ੍ਰਿਸ਼ਟਾਚਾਰ ਨੂੰ ਨੱਥ ਪੈਂਦੀ ਏ ਪਾ ਲਵੇ। ਅਗਰ ਨਹੀਂ ਪੈਂਦੀ ਤਾਂ ਸਿੱਟੇ ਭੁਗਤੀ ਜਾਵੇ। ਇਵੇਂ ਹੀ ਹੁੰਦਾ ਆਇਆ ਹੈ ਤੇ ਲਗਦਾ ਏ ਇਵੇਂ ਹੀ ਹੁੰਦਾ ਰਹੇਗਾ। ਇੱਥੋਂ ਤੱਕ ਕਿ ਧਰਮ ਨੇ ਵੀ ਇਸਨੂੰ ਸੁਧਾਰਨ ਵਿੱਚ ਬਹੁਤਾ ਠੋਸ ਯੋਗਦਾਨ ਨਹੀਂ ਪਾਇਆ।"

"ਚੰਗਾ, ਕੁਮਾਰ ਸਾਹਿਬ, ਤੇਰਾ ਬਹੁਤ ਬਹੁਤ ਧੰਨਵਾਦ। ਤੂੰ ਮੈਨੂੰ ਕੁੱਝ ਸਮਾਂ

ਦਿੱਤਾ। ਮਸਲੇ ਦਾ ਹੱਲ ਸਾਥੋਂ ਨਹੀਂ ਨਿਕਲਿਆ। ਫਿਰ ਕਿਤੇ ਇੱਕ ਦੋ ਹੋਰ ਦੋਸਤਾਂ ਨੂੰ ਨਾਲ ਲੈ ਕੇ ਮੈਂ ਤੇਰੇ ਨਾਲ ਖੁਲ੍ਹਾ ਸਮਾਂ ਕੱਢ ਕੇ ਬੈਠਾਂਗੇ। ਭਾਰਤ ਦੇ ਇਤਿਹਾਸ ਨੂੰ ਫੋਲਾਂਗੇ ਤੇ ਦੇਖਾਂਗੇ ਕਿ ਕੀ ਭਾਰਤ ਵਿੱਚ ਭ੍ਰਿਸ਼ਟਾਚਾਰ ਸਦੀਆਂ ਤੋਂ ਹੀ ਇੰਨਾ ਪ੍ਰਬਲ ਤਰੀਕੇ ਨਾਲ ਚਲਦਾ ਆ ਰਿਹਾ ਏ ਜਾਂ ਇਹ ਅਜੋਕੇ ਯੁੱਗ ਦੀ ਹੀ ਉਪਜ ਹੈ। ਮੈਨੂੰ ਲਗਦਾ ਹੈ ਕਿ ਅਸੀਂ ਕੋਈ ਵਧੀਆ ਹੱਲ ਜ਼ਰੂਰ ਲੱਭਾਂਗੇ। ਸੱਭਿਆਚਾਰ ਤੇ ਈਥੋਸ (ethos) ਨੂੰ ਵੀ ਹੋਰ ਖੁਰਚ ਕੇ ਦੇਖਾਂਗੇ। ਅਸ਼ੋਕ, ਅਕਬਰ ਤੇ ਰਣਜੀਤ ਸਿੰਘ ਤੇ ਰਾਜ ਸਮੇਂ ਲੋਕਾਂ ਦੀ ਹਾਲਤ ਬਾਰੇ ਵਿਚਾਰ ਕਰਾਂਗੇ। ਅੱਜ ਦੀ ਗੱਲ ਅੱਜ ਕੱਲ੍ਹ ਦੇ ਰਾਮ ਅਵਤਾਰ ਤੱਕ ਹੀ ਰਹਿਣ ਦੇਈਏ। ਬਾਕੀ ਫਿਰ ਸਹੀ।"

"ਧੰਨਵਾਦ, ਕੁਮਾਰ ਸਾਹਿਬ, ਫਿਰ ਕਿਤੇ ਤੁਹਾਡੇ ਜਿਹੇ ਕੁੱਝ ਹੋਰ ਸਿਆਣੇ ਬੰਦਿਆਂ ਨਾਲ ਬੈਠ ਕੇ ਇਸ ਮਸਲੇ ਤੇ ਡੂੰਘੀਆਂ ਵਿਚਾਰਾਂ ਕਰਾਂਗੇ। ਉਮੀਦ ਹੈ ਕਿ ਇਸ ਮਸਲੇ ਦਾ ਅੱਧ ਪਚੱਧਾ ਹੱਲ ਤਾਂ ਨਿਕਲ ਹੀ ਸਕਦਾ ਹੈ।"

"ਓ.ਕੇ।"

# ਵਿਚਾਰਾ ਵਿਲੀਅਮ !

ਮੈਂ ਸਿਡਨੀ ਵਿੱਚ ਰਹਿੰਦੇ ਹੋਏ ਨੇ ਦੇਖਿਆ ਹੈ ਕਿ ਕਈ ਗੋਰਿਆਂ ਨੇ ਆਪਣੇ ਵਰਕਪਲੇਸ (workplace) ਤੇ ਪੰਜਾਬੀਆਂ ਨਾਲ ਕੰਮ ਕਰਦੇ ਹੋਏ ਕੁੱਝ ਪੰਜਾਬੀ ਦੇ ਸ਼ਬਦ ਸਿੱਖੇ ਹੋਏ ਹਨ। ਕਈ ਵਾਰ ਉਹ ਕਿਸੇ ਭਾਰਤੀ ਜਾਂ ਪੰਜਾਬੀ ਨੂੰ ਮਿਲਦੇ ਹਨ ਤਾਂ ਸ਼ੁਗਲ ਵਿੱਚ ਇਹ ਪੰਜਾਬੀ ਦੇ ਸ਼ਬਦ ਬੋਲ ਬੋਲ ਕੇ ਖੁਸ਼ ਹੁੰਦੇ ਹਨ ਤੇ ਕਹਿੰਦੇ ਹਨ ਕਿ ਉਹਨਾਂ ਨੂੰ ਪੰਜਾਬੀ ਵੀ ਆਉਂਦੀ ਏ। ਉਹ 'ਨਮਸਤੇ' ਨੂੰ 'ਨਮਸਟੇ' ਤੇ 'ਸਤਿ ਸ੍ਰੀ ਅਕਾਲ' ਨੂੰ 'ਸੱਟ ਸੀ ਕਾਲ' ਕਹਿਣਗੇ। ਕਈ ਵਾਰ ਪੁੱਛਣਗੇ ਕਿ 'ਅੱਛਾ ਅੱਛਾ' ਦਾ ਕੀ ਮਤਲਬ ਹੁੰਦਾ ਏ। ਉਹਨਾਂ ਨੇ ਕਈ ਪੰਜਾਬੀ ਦੀਆਂ ਗਾਹਲਾਂ ਤੇ ਗੰਦੇ ਸ਼ਬਦ ਵੀ ਸਿੱਖੇ ਹੋਏ ਹਨ। ਇਹ ਗਾਹਲਾਂ ਤੇ ਗੰਦੇ ਸ਼ਬਦ ਮੈਂ ਇੱਥੇ ਬਿਆਨ ਨਹੀਂ ਕਰ ਸਕਦਾ।

ਇਹਨਾਂ ਸ਼ਬਦਾਂ ਤੋਂ ਪ੍ਰਭਾਵਤ ਹੋ ਕੇ ਇੱਕ ਗੋਰੇ ਵਿਲੀਅਮ ਨੇ ਪੰਜਾਬੀ ਭਾਸ਼ਾ ਸਿੱਖਣ ਦਾ ਮਨ ਬਣਾ ਲਿਆ। ਕੁੱਝ ਪੰਜਾਬੀ ਸਿੱਖਣ ਤੋਂ ਬਾਅਦ ਉਸਨੇ ਇੱਕ ਸੰਸਥਾ ਤੋਂ ਪੰਜਾਬੀ ਵਿੱਚ ਡਿਪਲੋਮਾ ਪਾਸ ਕਰ ਲਿਆ। ਹੁਣ ਉਹ ਪੰਜਾਬੀ ਦੀ ਇੱਕ ਡਿਗਰੀ ਪਾਸ ਕਰ ਰਿਹਾ ਸੀ। ਇੱਕ ਪੰਜਾਬੀ ਲੜਕਾ ਰਿੱਕੀ ਉਸਦਾ ਦੋਸਤ ਬਣ ਚੁੱਕਾ ਸੀ। ਰਿੱਕੀ ਨਾਲ ਉਹ ਪੰਜਾਬ ਚਲਾ ਗਿਆ। ਪੰਜਾਬੀ ਮਾਹੌਲ ਵਿੱਚ ਵਿਚਰਦੇ ਹੋਏ ਰਿੱਕੀ ਨੇ ਉਸਨੂੰ ਆਪਣੇ ਪਿੰਡ ਵਿੱਚ ਇੱਕ ਅਨਪੜ੍ਹ ਜੱਟ ਨੂੰ ਮਿਲਾ ਦਿੱਤਾ।

"ਕਿੱਦਾਂ ਬੱਲਿਆ, ਕੀ ਹਾਲ ਏ?" ਜੱਟ ਵਿਲੀਅਮ ਨੂੰ ਪੁੱਛਣ ਲੱਗਾ।

"ਕਿੱਡਾਂ ਬੱਲਿਆ?" ਵਿਲੀਅਮ ਸੋਚਾਂ 'ਚ ਪੈ ਗਿਆ ਤੇ ਰਿੱਕੀ ਨੂੰ ਪੁੱਛਣ ਲੱਗਾ, "ਇਹ 'ਕਿੱਡਾਂ ਬੱਲਿਆ' ਕੀ ਹੁੰਡਾ ਏ?"

"ਉਦਾਂ ਤੂੰ ਲਾਚੜ ਲਾਚੜ ਕੇ ਕਹਿੰਦਾ ਏਂ ਕਿ ਤੈਨੂੰ ਪੰਜਾਬੀ ਆਉਂਦੀ ਏ, ਤੈਨੂੰ 'ਕਿੱਦਾਂ ਬੱਲਿਆ' ਦੇ ਮਤਲਬ ਦਾ ਪਤਾ ਹੀ ਨਹੀਂ। 'ਕਿੱਦਾਂ' ਦਾ ਮਤਲਬ ਹੁੰਦੇ ਏ 'ਕਿਸ ਤਰ੍ਹਾਂ' ਜਾਂ 'ਕਿਵੇਂ' ਤੇ 'ਬੱਲਿਆ' ਦਾ ਭਾਵ ਹੈ 'ਮੱਲ ਜਾਂ ਮੈਨ (bloke or man)"

"ਮੱਲ ! ਇਹ 'ਮੱਲ' ਕੀ ਹੁੰਡਾ ਏ? ਇਹ ਸ਼ਬਡ ਟਾਂ ਮੈਂ ਕਡੀ ਸੁਣਿਆਂ ਹੀ ਨਹੀਂ। ਏਡਾਂ ਡੇ ਟਾਂ ਹੋਰ ਵੀ ਕਈ ਸ਼ਬਡ ਹੋਣਗੇ। ਇਹਨਾਂ ਸ਼ਬਡਾਂ ਡੀਆਂ ਪਰਟਾਂ ਡਾ ਬੰਦੇ ਨੂੰ ਕਿਵੇਂ ਪਟਾ ਲੱਗੂ?"

"ਵਿਲੀਅਮ, ਤੂੰ ਤਾਂ ਏਨਾ ਹੀ ਨਹੀਂ ਸਮਝ ਸਕਿਆ। 'ਕਿੱਦਾਂ' ਸ਼ਬਦ ਨੂੰ ਤਾਂ ਕਈ ਵਾਰ 'ਕਿੱਤਰਾਂ' ਵੀ ਕਹਿ ਦਿੱਤਾ ਜਾਂਦਾ ਏ। ਇਵੇਂ ਹੀ 'ਜਿਸ ਤਰ੍ਹਾਂ' ਜਾਂ 'ਜਿੱਦਾਂ' ਨੂੰ 'ਜਿੱਤਰਾਂ' ਵੀ ਕਹਿ ਦਿੱਤਾ ਜਾਂਦਾ ਏ। 'ਇੱਕ ਵਾਰ' ਨੂੰ 'ਕੇਰਾਂ' ਕਹਿ ਲਿਆ ਜਾਂਦਾ ਏ। ਤੁਸੀਂ ਵੀ ਤਾਂ 'ਨੀਗਰੋ' (negro) ਨੂੰ 'ਨਿੱਗਰ' (nigger) ਕਹਿ ਹੀ ਦਿੰਦੇ ਹੋ, ਨਵੇਂ ਆਏ ਪ੍ਰਵਾਸੀ ਨੂੰ ਫੌਬ (Fob-Fresh on Boat) ਕਹਿ ਦਿੰਦੇ ਹੋਏ।" ਰਿੱਕੀ ਨੇ ਵਿਲੀਅਮ ਨੂੰ ਉਦਾਹਰਣਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਮੇਰੇ ਪਾਸ ਤੈਨੂੰ ਬਿਠਾਉਣ ਲਈ ਮੰਜਾ ਤਾਂ ਹੈ ਨਹੀਂ। ਆ ਏਥੇ ਭੁੰਜੇ ਹੀ ਬੈਠ ਜਾਹ," ਇੰਨੇ ਚਿਰ ਵਿੱਚ ਜੱਟ ਬੋਲ ਪਿਆ।

"ਰਿੱਕੀ ਡੀਅਰ, ਸ਼ਬਡ 'ਮੰਜਾ' ਟਾਂ ਮੈਂ ਸੁਣਿਆ ਏ, ਆਹ 'ਭੁੰਜੇ' ਕੀ ਹੋਇਆ?"
"ਵਿਲੀਅਮ, ਤੂੰ ਕਹਿੰਦਾ ਏਂ ਕਿ ਤੈਨੂੰ ਪੰਜਾਬੀ ਬਹੁਤ ਆਉਣੀ ਸ਼ੁਰੂ ਹੋ ਗਈ ਏ, ਤੈਨੂੰ 'ਭੁੰਜੇ' ਸ਼ਬਦ ਦਾ ਮਤਲਬ ਤਾਂ ਪਤਾ ਹੀ ਨਹੀਂ। 'ਭੁੰਜੇ' ਦਾ ਅਰਥ ਹੁੰਦੇ ਏ 'ਥੱਲੇ'।"

"ਇਹਨੂੰ ਸਾਲੇ ਨੂੰ ਭੁੰਜੇ ਬਿਠਾ। ਦੇਖ ਕਿੰਨਾ ਵਧੀਆ ਰੜਾ ਪਟੱਕ ਥਾਂ ਏ", ਜੱਟ ਕਹਿਣ ਲੱਗਾ।

'ਇਹ 'ਸਾਲੇ' ਕੀ ਹੁੰਡਾ ਏ, ਇਹ 'ਰਡਾ ਪਟਕ' ਕੀ ਹੁੰਡਾ ਏ?" ਵਿਲੀਅਮ ਵਿੱਚ ਹੀ ਬੋਲ ਪਿਆ।

"ਵਿਲੀਅਮ ਤੂੰ ਪੰਜਾਬੀ ਦੇ ਥੋੜ੍ਹੇ ਜਿਹੇ ਸ਼ਬਦ ਸਿੱਖ ਕੇ ਚਾਮਲ੍ਹ ਗਿਆ ਸੀ। ਨਾ ਤੂੰ 'ਸਾਲੇ' ਸ਼ਬਦ ਦਾ ਮਤਲਬ ਸਮਝਦਾ ਏ ਤੇ ਨਾ ਹੀ 'ਰੜਾ ਪੱਟਕ' ਦਾ। ਵੈਸੇ ਤਾਂ 'ਸਾਲੇ' ਸ਼ਬਦ ਦਾ ਅਰਥ ਹੁੰਦਾ ਏ ਬ੍ਰਦਰ ਇਨ ਲਾਅ (brother-in-law) ਪਰ ਜਿਸ ਪ੍ਰਕਾਰ ਨਾਲ ਇਸ ਸ਼ਬਦ ਨੂੰ ਇਸ ਜ਼ਿਮੀਦਾਰ ਨੇ ਵਰਤਿਆ ਏ ਉਸ ਪ੍ਰਕਾਰ ਇਹ ਇੱਕ ਗਾਹਲ ਬਣ ਜਾਂਦੀ ਏ ਤੇ ਇਸਦਾ ਭਾਵ ਬਣ ਜਾਂਦਾ ਏ– ਡਿੱਕਹੈੱਡ (dickhead), 'ਰੜਾ ਪੱਟਕ' ਦਾ ਮਤਲਬ ਹੈ 'ਸਾਫ ਸੁਥਰਾ ਥਾਂ'।"

"ਰਿੰਕੀ, ਇਹ ਸ਼ਬਡ ਤਾਂ ਮੈਂ ਕਦੀ ਨਾ ਪੜ੍ਹੇ ਹਨ ਤੇ ਨਾ ਹੀ ਸੁਣੇ ਹਨ। ਬੜੀ ਅਜੀਬ ਕਿਸਮ ਡੀ ਬੋਲੀ ਏ।"

"ਵਿਲੀਅਮ, ਹਰ ਬੋਲੀ ਹੀ ਅਜੀਬ ਕਿਸਮ ਦੀ ਹੁੰਦੀ ਏ। ਤੁਹਾਡੀ ਅੰਗਰੇਜ਼ੀ ਵੀ ਸਾਡੇ ਵਾਸਤੇ ਅਜੀਬ ਕਿਸਮ ਦੀ ਹੀ ਬਣ ਜਾਂਦੀ ਏ। ਜਦ ਮੈਂ ਪਹਿਲਾਂ ਪਹਿਲਾਂ ਸਿਡਨੀ ਵਿੱਚ ਗਿਆ ਸੀ ਤਾਂ ਮੈਂ ਵੀ ਅਨੇਕਾਂ ਸ਼ਬਦ ਐਸੇ ਸੁਣੇ ਸਨ ਜਿਹੜੇ ਮੇਰੇ ਵਾਸਤੇ ਨਵੇਂ ਸਨ ਜਿਵੇਂ bloke, dickhead, karaoke, koori, shenanigans, ghols, possie, wonnabe, phishing, caboodle, revue, pollie waffle, boogiewoogie, netiquette, cabernet, aerobics, smorgasboard, jackeroo/jillaroo, pyrography....."

"ਬੱਸ ਕਰ, ਰਿੱਕੀ ਡੀਅਰ, ਤੂੰ ਤਾਂ ਬੜੇ ਨਵੇਂ ਨਵੇਂ ਸ਼ਬਡ ਯਾਡ ਕੀਟੇ ਹੋਏ ਨੇ"

ਵਿਲੀਅਮ ਰਿੱਕੀ ਦੀ ਯਾਦ ਸ਼ਕਤੀ ਤੇ ਹੈਰਾਨ ਹੋ ਗਿਆ।

"ਵਿਲੀਅਮ, ਤੂੰ ਤਾਂ ਅਜੇ ਇੱਕ ਅਨਪੜ੍ਹ ਜੱਟ ਨੂੰ ਹੀ ਮਿਲਿਆ ਏਂ। ਜੇ ਮੈਂ ਤੈਨੂੰ ਕੱਲ੍ਹ ਨੂੰ ਇੱਕ ਨਿਹੰਗ ਸਿੰਘ ਪਾਸ ਲੈ ਗਿਆ ਫਿਰ ਤੂੰ ਕੀ ਕਰੇਂਗਾ? ਉਹਨੂੰ ਕਿਵੇਂ ਸਮਝੇਂਗਾ? ਉਸਦੇ ਬੋਲੇ ਤਾਂ ਤੇਰੇ ਸਿਰ ਉਪਰਦੀ ਲੰਘ ਜਾਣਗੇ।"

"ਨਿਹੰਗ ਸਿੰਘ? ਉਹ ਕੀ ਹੁੰਡਾ ਏ?"

"ਵਿਲੀਅਮ, ਜਦ ਤੂੰ ਨਿਹੰਗ ਸਿੰਘ ਦਾ ਮਤਲਬ ਹੀ ਨਹੀਂ ਸਮਝਦਾ ਤਾਂ ਤੂੰ ਉਹਦੇ ਬੋਲੇ ਕਿਵੇਂ ਸਮਝੇਂਗਾ?"

"ਰਿੱਕੀ ਡੀਅਰ, "ਬੋਲੀ' ਟਾਂ ਹੋਈ, ਇਹ 'ਬੋਲੇ' ਕੀ ਹੋਏ?"

"ਫਿੱਟੇ ਮੂੰਹ ਤੇਰੇ। ਮੈਨੂੰ ਤਾਂ ਇੰਜ ਲਗਦਾ ਏ ਕਿ ਤੂੰ ਪੰਜਾਬੀ ਦਾ ਡਿਪਲੋਮਾ ਪਾਸ ਕਰਕੇ ਵੀ ਅਜੇ ਬੋਲੀ ਸਮਝਣ ਦੀ ਪੌੜੀ ਦੇ ਪਹਿਲੇ ਪੌਡੇ ਤੇ ਹੀ ਖ਼ੜ੍ਹਾ ਏਂ," ਰਿੱਕੀ ਵਿਲੀਅਮ ਨੂੰ ਟੁੱਟ ਕੇ ਪੈ ਗਿਆ।

"ਡੌਂਟ ਅਬਿਊਜ਼ ਮੀ (Do not abuse me), ਮੇਰੇ ਦੋਸਤ। ਮੈਂ ਤਾਂ ਯਾਰ 'ਪੌਡੇ' ਸ਼ਬਡ ਵੀ ਪਹਿਲੀ ਵਾਰ ਹੀ ਸੁਣਿਆ ਏ! ਬੋਲੇ! ਪੌਡੇ! ਨਿਹੰਗ!!" ਵਿਲੀਅਮ ਇਹ ਸ਼ਬਦ ਆਪਣੇ ਅੰਗਰੇਜ਼ੀ ਵਾਲੇ ਲਹਿਜ਼ੇ ਵਿੱਚ ਬੋਲ ਬੋਲ ਕੇ ਹੈਰਾਨ ਹੋਈ ਜਾਵੇ।

"ਆ, ਇਹਨੂੰ ਮੱਕੀ ਦਾ ਟੁੱਕ ਖਆਈਏ ਜਾਂ ਫਿਰ ਘੁਲਾੜੀ ਤੋਂ ਬਾਟੀ ਵਿੱਚ ਰਸ ਲਿਆ ਕੇ ਇਹਨੂੰ ਪੀਣ ਨੂੰ ਦੇਹ", ਜੱਟ ਬੋਲਿਆ।

"ਮੱਕੀ ਡਾ ਟੁੱਕ! ਘੁਲਾੜੀ! ਰਸ! ਬਾਟੀ! ਇਹ ਕੀ ਹੁੰਡੇ ਐ?"

ਵਿਲੀਅਮ ਸੋਚਾਂ ਵਿੱਚ ਪੈ ਗਿਆ।

"ਗੋਲਡਨ ਬਰੈੱਡ (golden bread), ਸਾਈਡਰ (cider), ਸ਼ੂਗਰਕੇਨ ਜੂਸ (sugarcane juice), ਕੋਰਸ ਕਨਟੇਨਰ (coarse container)" ਰਿੱਕੀ ਉਹਨੂੰ ਸ਼ਬਦਾਂ ਦਾ ਤਰਜਮਾ ਕਰਕੇ ਦੱਸਣ ਲੱਗ ਪਿਆ।

"ਕੀ ਇਹ ਸ਼ਬਡ ਡਿਕਸ਼ਨਰੀ ਵਿੱਚ ਹੋਣਗੇ? ਬਾਟੀ!"

" 'ਰਸ' ਤਾਂ ਸ਼ਾਇਦ ਹੋਵੇ, 'ਟੁੱਕ' ਬਾਰੇ ਮੈਂ ਕਹਿ ਨਹੀਂ ਸਕਦਾ, 'ਘੁਲਾੜੀ' ਵੀ ਸ਼ਾਇਦ ਹੋਵੇਗਾ ਹੀ, ਹੋ ਸਕਦਾ ਏ 'ਰਸ' ਦੇ ਵੀ ਕਈ ਅਰਥ ਹੋਣ", ਰਿੱਕੀ ਨੇ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਇਹ 'ਬਾਟੀ' ਕਿਸ ਟਰਾਂ ਡਾ ਵਰਟਨ ਹੁੰਡਾ ਏ?"

"ਹਰਾਮੀਆਂ, ਬਾਟੀ ਬਾਟੀ ਹੀ ਹੁੰਦੀ ਏ। ਜਦ ਤੂੰ ਉਸਨੂੰ ਦੇਖੇਂਗਾ ਤਾਂ ਹੀ ਤੈਨੂੰ ਉਸਦੀ ਸ਼ਕਲ ਦਾ ਪਤਾ ਲੱਗੇਗਾ।"

"ਦੋਸਤ, ਬਾਟੀ ਟਾਂ ਹੋਈ, ਇਹ 'ਹੜਾਮੀਆਂ' ਕੀ ਹੁੰਡਾ ਏ?" ਵਿਲੀਅਮ ਹੋਰ ਭੰਲਬਭੂਸੇ ਵਿੱਚ ਪੈ ਗਿਆ।

"ਵਿਲੀਅਮ, ਇਸ ਸ਼ਬਦ ਦਾ ਮਤਲਬ ਹੁੰਦਾ ਏ ਬਾਸਟਰਡ (bastard)। ਮੈਂ

ਤੈਨੂੰ ਐਵੇਂ ਟਾਂਚ ਕਰਦੇ ਨੇ ਤੇਰੇ ਵਾਸਤੇ ਇਹ ਸ਼ਬਦ ਵਰਤ ਦਿੱਤਾ, ਪਲੀਜ਼ ਡੌਂਟ ਮਾਈਂਡ (Please don't mind)"

"ਪਾਜੀ, ਮੈਂ ਟਾਂ ਸ਼ਬਦ 'ਹਰਾਮਜ਼ਾਦਾ' ਤੇ 'ਹਰਾਮਦਾ' ਸੁਨੇ ਸਨ। ਇਹ 'ਹੜਾਮੀਆਂ' ਟਾਂ ਇਸਦਾ ਛੋਟਾ ਰੂਪ ਲਗਦਾ ਏ। ਆਹ 'ਟਾਂਚ' ਕੀ ਹੋਇਆ?"

"ਭੈਣ ਦਿਆ ਦੀਨਿਆ, 'ਟਾਂਚ' ਸ਼ਬਦ 'ਟਿੱਚਰ' ਜਾਂ 'ਟੌਂਟ' (taunt) ਵਾਸਤੇ ਵਰਤਿਆ ਜਾਂਦਾ ਏ। ਤੂੰ ਘੰਟੇ ਦੀ ਪੰਜਾਬੀ ਸਿੱਖੀ ਏ, ਕੁੱਤੇ ਦਿਆਂ ਪੁੱਤਾ?" ਰਿੱਕੀ ਤੋਂ ਉਸ ਨੂੰ ਗਾਹਲ ਕੱਢ ਹੋ ਗਈ।

"ਪੈਨ ਡਿਆ ਡੀਨਿਆ! ਕੁੱਟੇ ਡਿਆ ਪੁੱਟਾ!!"

ਵਿਲੀਅਮ ਸੋਚੀਂ ਪੈ ਗਿਆ।

"ਵਿਲੀਅਮ, ਕਈ ਅੱਖਰ ਤੁਸੀਂ ਖਾ ਜਾਂਦੇ ਹੋ ਤੇ ਕਈ ਪੂਰੇ ਘੋਟ ਕੇ ਬੋਲਦੇ ਹੋ।"

"ਐਨੀ ਅਗਜ਼ੰਪਲ (any example)?"

"ਤੁਸੀਂ ਨਰੇਲਨ (Narellan) ਅਤੇ ਢਿੱਲਨ (Dhillon) ਕਹਿੰਦੇ ਹੋ, ਅਸੀਂ ਇਹਨਾਂ ਸ਼ਬਦਾਂ ਨੂੰ 'ਨਰੇਲਾਂ' ਅਤੇ 'ਢਿੱਲੋਂ' ਕਹਿੰਦੇ ਹਾਂ।"

ਇੰਨੇ ਨੂੰ ਉਹਨਾਂ ਕੋਲ ਘੋਨਾ ਅਮਲੀ ਆ ਢੁੱਕਿਆ।

"ਆ ਬਈ ਘੋਨਿਆ, ਅੱਜ ਤਾਂ ਸਵੇਰੇ ਸਵੇਰੇ ਹੀ ਟੱਲੀ ਹੋਇਆ ਫਿਰਦਾ ਏਂ। ਦੇਖੀਂ ਕਿਤੇ ਝੋਕ ਹੀ ਨਾ ਲੱਗ ਜਾਵੇ? ਆਹ ਖੇਸੀ ਕਦੀ ਧੋ ਵੀ ਲਿਆ ਕਰ। ਰਾਤ ਘੁਸਮੁਸੇ ਵਿੱਚ ਚਮਰੋੜੀ ਵਾਲੇ ਖੂਹ ਵੱਲ ਨੂੰ ਦੌੜਾ ਜਾ ਰਿਹਾ ਸੀ। ਕਿਤੇ ਡੋਡੇ ਤਾਂ ਨੀ ਮੁੱਕ ਗਏ ਸੀ? ਡੋਡਿਆਂ ਤੇ ਕਿੰਨੇ ਛਿੱਲੜ ਖਰਚੇ?" ਰਿੱਕੀ ਨੇ ਅਮਲੀ ਦੇ ਟਕੋਰ ਲਾਈ।

"ਟੱਲੀ! ਝੋਕ! ਖੇਸੀ! ਚਮਰੋੜੀ! ਘੁਸਮੁਸਾ! ਛਿੱਲੜ!"

ਵਿਲੀਅਮ ਤੋਂ ਇਹ ਸ਼ਬਦ ਚੰਗੀ ਤਰ੍ਹਾਂ ਬੋਲ ਹੀ ਨਾ ਹੋਣ। ਜੇ ਉਹ ਮਾੜਾ ਮੋਟਾ ਇਹਨਾਂ ਨੂੰ ਬੋਲੇ ਵੀ ਤਾਂ ਇਹਨਾ ਦਾ ਪੂਰਾ ਅਰਥ ਸਮਝ ਹੀ ਨਾ ਸਕੇ।

ਉਹ ਕਹਿਣ ਲੱਗਾ, "ਮੈਂ ਪੰਜਾਬੀ ਦਾ ਜਿੰਨਾ ਵੀ ਕੋਰਸ ਕੀਤਾ ਏ ਉਸ ਵਿੱਚ 'ਟੱਲੀ', 'ਚੋਕ', 'ਚ..ਮ..ਰੋ..ੜੀ', 'ਚਿੱਲਰ' ਆਦਿ ਸ਼ਬਡ ਤਾਂ ਮੈਂ ਕਡੀ ਪਰੇ ਹੀ ਨਹੀਂ। ਹਾਂ 'ਖੇਸੀ' ਇੱਕ ਵਾਰ ਜ਼ਰੂਰ ਪਰਿਆ ਸੀ। ਮੈਨੂੰ ਪਟਾ ਏ ਖੇਸੀ ਡੀ ਬੁੱਕਲ ਮਾਰਨ ਨਾਲ ਟੰਢ ਨਹੀਂ ਲਗਡੀ।"

"ਵਿਲੀਅਮ, ਤੂੰ ਸ਼ਬਦ 'ਬੁੱਕਲ' ਬੜਾ ਵਧੀਆ ਬੋਲਿਆ ਏ। ਮੈਂ ਹੈਰਾਨ ਹਾਂ ਕਿ ਤੈਨੂੰ ਇਸ ਸ਼ਬਦ ਦਾ ਪਤਾ ਏ। ਕੀ ਤੂੰ ਕਦੀ 'ਝੁੰਬ' ਸ਼ਬਦ ਸੁਣਿਆ ਏ?"

"ਨਾਹੀ, ਰਿੱਕੀ, ਨੈਵਰ, ਵਹੱਟ ਇਜ਼ 'ਜੁੰਬ' (What is jumb)?"

"ਵਿਲੀਅਮ, ਆਹ ਅਮਲੀ ਘੋਨੇ ਨੇ ਝੁੰਬ ਹੀ ਤਾਂ ਮਾਰਿਆ ਹੋਇਆ ਏ। ਝੁੰਬ ਦਾ ਮਤਲਬ ਹੁੰਦਾਂ ਏ ਖੇਸੀ ਨੂੰ ਸਿਰ ਦੁਆਲੇ ਨਾਗਵਲ ਵਾਂਗ ਨੂੜਨਾ।"

"ਨਾਗਵਾਲ! ਨੂਰਨਾਂ!! ਵਹੱਟ ਏ ਬਿਊਟੀਫੁੱਲ ਐਲੀਟਰੇਸ਼ਨ। (What a

beautiful alliteration!)"

ਵਿਲੀਅਮ ਬੱਸ ਦੇਖਦਾ ਹੀ ਰਹਿ ਗਿਆ। ਇੰਨੇ ਚਿਰ ਵਿੱਚ ਘੋਨੇ ਅਮਲੀ ਨੇ ਬੀੜੀ ਸੁਲਗਾ ਲਈ। ਜੱਟ ਬੋਲਿਆ, "ਘੋਨਿਆ, ਖੋਤੀ ਚੁੰਘਣੀ ਸ਼ੁਰੂ ਕਰ ਤੀ?"

"ਖੋਟੀ ਚੋਘਨੀ!" ਵਿਲੀਅਮ ਫਿਰ ਚੱਕਰ 'ਚ ਪੈ ਗਿਆ।

"ਇਹ ਨਿਹੰਗਾਂ ਦਾ ਬੋਲਾ ਏ", ਰਿੱਕੀ ਨੇ ਵਿਲੀਅਮ ਦੇ ਦਿਮਾਗ ਦੀ ਖੜੋਤ ਨੂੰ ਤੋੜਿਆ ਤੇ ਉਸਨੂੰ ਗਾਹਲ ਕੱਢ ਕੇ ਬੋਲਿਆ, "ਭੈਣ ਦਿਆ...ਕੁੱਝ ਪਤਾ ਵੀ ਲੱਗਾ ਏ? ਐਵੇਂ ਗੁੰਗੀ ਵਾਂਗ ਦੰਦ ਕੱਢੀ ਜਾਨਾ ਏ?"

"ਇਹ 'ਗੋਂਗੀ' ਕੀ ਹੁੰਡਾ ਏ?"

"ਇਹਦਾ ਮਤਲਬ ਏ ਡੰਬ (dumb)"

"ਰਿੱਕੀ, ਮੈਂ ਸ਼ਬਡ 'ਗੁੰਗਾ' ਤਾਂ ਇੱਕ ਵਾੜ ਪੜ੍ਹਿਆ ਸੀ ਪਰ 'ਗੋਂਗੀ' ਮੈਂ ਪਹਿਲੀ ਵਾਰ ਸੁਣਿਆ ਏ।"

"ਵਿਲੀਅਮ, ਛੱਡ ਯਾਰ ਇਸ ਸ਼ਬਦ ਨੂੰ। ਔਹ ਸਾਹਮਣੇ ਗੱਡਾ ਖੜ੍ਹਾ ਦਿਸਦਾ ਏ? ਜਾਹ ਗੱਡੇ ਦਾ ਜਾਤੂ ਧੂਹ ਕੇ ਲਿਆ। ਜੇ ਤੈਥੋਂ ਨਹੀਂ ਧੂਹ ਹੁੰਦਾ ਤਾਂ ਭਾਈਏ ਨੂੰ ਕਹਿ ਕਿ ਤੈਨੂੰ ਜਾਤੂ ਕੱਢ ਕੇ ਦੇਵੇ। ਨਾਲੇ ਇਹ ਦੱਸ ਕਿ ਗੱਡੇ ਦਾ ਊਠਣਾ ਕਿਹੜਾ ਹੁੰਦਾ ਏ?"

"ਬਾਈਏ ਨੂੰ ਨੂੰ, ਢੂਅਕੇ, ਜਾਟੂ! ਊਟਨਾ!!" ਇਹ ਸ਼ਬਡ ਟਾਂ ਮੈਂ ਪਹਿਲੀ ਵਾਰ ਸੁਨੇ ਨੇ।

"ਸਾਲਿਆ, ਉਥੇ ਸਿਡਨੀ 'ਚ ਮੈਨੂੰ ਕਹਿੰਦਾ ਹੁੰਦਾ ਸੀ– ਤੈਨੂੰ ਸਕੈਫੋਲਡਿੰਗ (scaffolding) ਦਾ ਅਰਥ ਨਹੀਂ ਪਤਾ, ਤੈਨੂੰ ਔਰਥੋਡੋਂਟਿਸਟ (orthodontist) ਦਾ ਅਰਥ ਨਹੀਂ ਪਤਾ, ਤੈਨੂੰ ਆਨਿੰਗਜ਼ (awnings) ਦਾ ਅਰਥ ਨਹੀਂ ਪਤਾ, ਤੈਨੂੰ ਪੋਡੀਆਟਰਿਸਟ (podiatrist) ਦਾ ਅਰਥ ਨਹੀਂ ਪਤਾ। ਫਿਰ ਤੂੰ ਨੱਕ ਜਿਹਾ ਚੜ੍ਹਾ ਕੇ ਕਹਿੰਦਾ ਹੁੰਦਾ ਸੀ–ਅਵੀਲੀਵਏਬਲ! (unbelieveable!), ਸਾਲਾ ਏਸ਼ੀਅਨ ਲਗਦਾ ਏ! (must be Asian)। ਤੂੰ ਹੁਣ ਦੱਸ ਤੈਨੂੰ ਪੰਜਾਬੀ ਸਿੱਖ ਕੇ ਵੀ ਕਿੰਨੀਆਂ ਕੁ ਚੀਜ਼ਾਂ ਦੇ ਅਰਥ ਪਤਾ ਨੇ?"

ਵਿਲੀਅਮ ਬੁੱਤ ਬਣਿਆ ਖੜ੍ਹਾ ਸੀ।

ਇੰਨੇ ਚਿਰ ਵਿੱਚ ਇੱਕ ਅਵਾਰਾ ਕੁੱਤਾ ਆ ਕੇ ਘੋਨੇ ਅਮਲੀ ਨੂੰ ਸੁੰਘਣ ਲੱਗ ਪਿਆ ਕਿਉਂਕਿ ਅਮਲੀ ਤੋਂ ਅਜੀਬ ਕਿਸਮ ਦਾ ਮੁਸ਼ਕ ਆਉਂਦਾ ਸੀ। ਅਮਲੀ ਨੇ ਕੁੱਤੇ ਨੂੰ ਦਬਕਾ ਮਾਰਿਆ ਤੇ ਗਾਲ ਕੱਢੀ, "ਤੇਰੇ ਕੁਤੀਹੜ ਦੀ...!"

"ਕੁਤੀਰ!" ਵਿਲੀਅਮ ਸੋਚੀਂ ਪੈ ਗਿਆ।

"ਕੁਤੀਰ ਨਹੀਂ, ਕੁਤੀਹੜ!" ਰਿੱਕੀ ਨੇ ਉਹਨੂੰ ਫਿਰ ਸਮਝਾਇਆ।

"ਨਿਊ ਵਰਡ ਫਾਰ ਮੀ (new word for me)!"

ਵਿੱਚ ਹੀ ਰਿੱਕੀ ਦੀ ਬੁੱਢੀ ਦਾਦੀ ਨੇ ਆਵਾਜ਼ ਮਾਰ ਦਿੱਤੀ, "ਨੀ ਕੁੜੀਓ ਬਾਹਰੋਂ ਅੰਗਰੇਜ਼ ਆਇਆ ਹੋਇਆ ਏ। ਦਧੂਨੇ 'ਚੋਂ ਦੁੱਧ ਕੱਢ ਕੇ ਲਿਆਓ ਇਹਨੂੰ ਪਿਆਣ ਲਈ। ਸਵੇਰੇ ਅਧਰੇੜਕਾ ਵੀ ਪਿਆਵਾਂਗੇ।"

"ਡ...ਡੂ...ਨਾ", 'ਦਧੂਨਾ' ਸ਼ਬਦ ਵਿਲੀਅਮ ਦੇ ਸੰਘ ਵਿੱਚ ਹੀ ਅੜ ਗਿਆ।

"ਅ...ਧ...ਰੇ...ਰ...." ਇਹ ਸ਼ਬਦ ਉਸ ਤੋਂ ਬੋਲਿਆ ਹੀ ਨਾ ਗਿਆ।

ਇੰਨੇ ਚਿਰ ਵਿੱਚ ਇਕ ਰੋਂਦਾ ਹੋਇਆ ਬੱਚਾ ਆ ਗਿਆ....

"ਊ'... ਊਂ... ਹੂੰ... ਬੇਬੇ, ਕਾਵਾਂ ਦੇ ਘੋਲੇ ਨੇ ਮੇਰੀ ਖੁੱਦੋ ਪਾੜ ਤੀ... ਊਂ.. ਊਂ.. ਮੇਰੀ ਖੁੰਡੀ ਲੈ ਕੇ ਆਪਣੇ ਵਾੜੇ ਨੂੰ ਦੌੜ ਗਿਐ... ਊਂ.. ਊਂ... ਊਂ... ਮੈਨੂੰ ਨਵੀਂ ਖੁੱਦੋ ਖੁੰਡੀ ਚਾਹੀਦੀ ਏ....।"

ਮਾਂ ਨੇ ਉਸਨੂੰ ਦਿਲਾਸਾ ਦਿੱਤਾ ਤੇ ਗਲ ਨਾਲ ਲਾਇਆ, "ਆ ਜਾਹ ਮੇਰਾ ਰਾਜਾ ਪੁੱਤ! ਘੋਲੇ ਦਾ ਤਾਂ ਮੈਂ ਖੜਗੰਤਰ ਕਰਨਾ ਹੀ ਕਰਨਾ ਏ। ਪੁੱਤ ਤੂੰ ਪਹਿਲਾਂ ਆਪਣੇ ਲੀੜੇ ਬਦਲ ਲੈ, ਫਿਰ ਰੋਟੀ ਖਾਹ, ਆਥਣ ਨੂੰ ਮੈਂ ਕਾਵਾਂ ਦੇ ਉਲਾਂਭਾ ਦੇਣ ਜਾਊਂ।"

ਵਿਲੀਅਮ ਇਕੱਲਾ ਬੁੜਬੁੜਾਉਣ ਲੱਗ ਪਿਆ, "ਕਾਵਾਂ ਡੇ ਘੋਲੇ ਣੇ! ਆਠਣ!... ਖਿੱਡੋ ਪਾਰ ਟੀ! ਖੁੰਡੀ! ਖਡਗੰਟਰ। ਲੀਡੇ!"

(....ਟ....ਨ....ਨ, ਟਣਨ-)

ਰਿੱਕੀ ਦਾ ਮੋਬਾਈਲ ਫੋਨ ਵੱਜ ਪਿਆ।

"ਕਿਵੇਂ ਐ ਵਿਲੀਅਮ? ਮਾਰਦਾ ਪੰਜਾਬੀ ਨੂੰ ਮੂੰਹ? ਬੋਲਣ ਦਾ ਨਵਾਂ ਨਵਾਂ ਚਾਅ ਹੋਣਾ", ਰਿੱਕੀ ਦੇ ਦੋਸਤ ਪਾਲੇ ਨੇ ਸਿਡਨੀ ਤੋਂ ਪੁੱਛਿਆ।

"ਪਾਲਿਆ, ਚਾਅ ਤਾਂ ਇਹਨੂੰ ਬੜਾ ਐ ਪਰ ਇਹ ਬਹੁਤ ਕੁੱਝ ਸਮਝਦਾ ਹੀ ਨਹੀਂ। ਮੈਂ ਇਹਨੂੰ ਇੱਕ ਜੱਟ, ਇੱਕ ਨਿਹੰਗ ਸਿੰਘ ਤੇ ਇੱਕ ਅਮਲੀ ਟਕਰਾਤੇ। ਇਹ ਤਾਂ ਉਹਨਾਂ ਦੀ ਬੋਲੀ ਅੱਧੀ ਪਚੱਧੀ ਵੀ ਨਹੀਂ ਸਮਝਦਾ। ਐਵੇਂ ਖੜ੍ਹਾ ਡੈਬਰਿਆਂ ਵਾਂਗ ਝਾਕਦਾ ਰਹਿੰਦਾ ਏ।"

"ਇਹ "ਡੈਂ....ਬ...ੜਿਆ...ਆ" ਕੀ ਹੁੰਡਾ ਏ?" ਵਿੱਚ ਹੀ ਵਿਲੀਅਮ ਬੋਲ ਪਿਆ।

"ਛੱਡ ਯਾਰ, ਮੈਂ ਤੈਨੂੰ ਹਰ ਸ਼ਬਦ ਦੇ ਅਰਥ ਨਹੀਂ ਸਮਝਾ ਸਕਦਾ। ਵਿਲੀਅਮ ਤੈਨੂੰ ਤਾਂ ਠੇਠ ਪੰਜਾਬੀ ਦੇ ਸਾਰੇ ਸ਼ਬਦ ਨਵੇਂ ਹੀ ਲੱਗ ਰਹੇ ਹਨ। ਤੂੰ ਨਿਹੰਗਾਂ ਦੇ ਬੋਲੇ ਤੇ ਠੇਠ ਪੰਜਾਬੀ ਦੇ ਮੁਹਾਵਰੇ ਤੇ ਕਹਾਵਤਾਂ ਕਿਵੇਂ ਸਮਝਣੀਆਂ ਸ਼ੁਰੂ ਕਰੇਂਗਾ?" ਰਿੱਕੀ ਨੇ ਵਿਲੀਅਮ ਨੂੰ ਸਵਾਲ ਕੀਤਾ।

ਪਾਲਾ ਫੋਨ ਤੇ ਹੀ ਫਿਰ ਬੋਲ ਪਿਆ, "ਰਿੱਕੀ ਮੈਂ ਇੱਕ ਬੋਲੀ ਪਾਵਾਂ? ਦੇਖੀਏ ਤਾਂ ਇਹ ਸਮਝ ਲਊ?"

"ਜਦ ਇਹ ਹੋਰ ਬਹੁਤ ਸਾਰੇ ਠੇਠ ਸ਼ਬਦ ਨਹੀਂ ਸਮਝਦਾ ਤਾਂ ਇਹ ਪੰਜਾਬੀ ਦੀ ਬੋਲੀ ਕਿਵੇਂ ਸਮਝ ਲਊ?"

"ਜ਼ਰਾ, ਟਰਾਈ ਕਰਕੇ ਤਾਂ ਦੇਖੀਏ। ਜੇ ਨਾ ਵੀ ਸਮਝੂ, ਥੋੜ੍ਹਾ ਮਨਪਰਚਾਵਾ ਤਾਂ ਹੋ ਹੀ ਜਾਊ। ਕਈ ਵਾਰ ਇਕੱਲੀ ਤਰਜ਼ ਵੀ ਮਨਪਰਚਾਵਾ ਕਰ ਦਿੰਦੀ ਏ। ਨਾਲੇ ਇਹਨੂੰ ਪੰਜਾਬੀ ਬੋਲੀਆਂ ਦੀ ਵੰਨਗੀ ਪਤਾ ਲੱਗੂ ਜੂ।"

"ਚੱਲ ਇਹ ਹਿਰਸ ਵੀ ਪੂਰੀ ਕਰ ਲੈ।"

ਪਾਲਾ ਬੋਲੀ ਪਾਉਂਦਾ ਏ :-

*ਨਿੱਕੀ ਨਿੱਕੀ ਕਣੀ ਦਾ ਮੀਂਹ ਵਰਸੇਂਦਾ ਛੜਿਆਂ ਦਾ ਢਹਿ ਗਿਆ ਕੋਠਾ।*
*ਛੜਿਓ ਨਾ ਰੋਵੋ ਥੋਡਾ ਭਰਿਆ ਜਹਾਜ਼ ਖਲੋਤਾ।*
*ਪਤਲੋ ਐ ਤੁਰਦੀ ਜਿਵੇਂ ਤੁਰਦਾ ਸੜਕ ਤੇ ਬੋਤਾ।*
*ਸੁੱਚਿਆਂ ਰੁਮਾਲਾਂ ਨੂੰ ਲਾ ਦੇ ਧੰਨ ਕੁਰੇ ਗੋਟਾ।*

ਵਿਲੀਅਮ ਨੇ ਪਹਿਲਾਂ ਬੋਲੀ ਦੀ ਤਰਜ਼ ਨੂੰ ਗੁਣਗੁਣਾਇਆ ਤੇ ਫਿਰ ਬੋਲਿਆ,

"ਥੈਕਸ, ਪਾਲਾ ਡੀਅਰ, ਵੱਹਟ ਅ ਬਿਊਟੀਫੁੱਲ ਰਹਾਈਮ। ਥੈਂਕਸ ਪਾਲਾ ਡੀਅਰ (What a beautiful rhyme! Thanks, Pala dear)

ਰਿੱਕੀ ਵਿਲੀਅਮ ਨੂੰ ਪੁੱਛਣ ਲੱਗਿਆ, "ਸੌਂਗ ਤਾਂ ਬਿਊਟੀਫੁੱਲ ਹੋਇਆ। ਇਸ ਦਾ ਮਤਲਬ ਵੀ ਸਮਝਿਆ ਕਿ ਨਹੀਂ?"

"ਲਿਟਲ ਵਿੱਟ (little bit), ਆਈ ਮਸਟ ਲਿਸਨ ਇੱਟ ਟਾਈਮ ਐਂਡ ਅਮੇਨ। (I must listen it time and again)ਇਸ ਨੂੰ ਸਮਝਣ ਲਈ ਮੈਨੂੰ ਇਸ ਨੂੰ ਵਾਰ ਵਾਰ ਸੁਣਨਾ ਪਵੇਗਾ...।"

ਵਿੱਚ ਹੀ ਰਿੱਕੀ ਬੋਲ ਪਿਆ, "ਜਦ ਮੈਂ ਤੈਨੂੰ ਸਿਡਨੀ ਵਿੱਚ ਕਹਿੰਦਾ ਹੁੰਦਾ ਸੀ ਕਿ ਕੋਈ ਗੱਲ ਦੁਬਾਰਾ ਬੋਲ ਤਾਂ ਤੂੰ ਮੈਨੂੰ ਅੰਗਰੇਜ਼ੀ ਬੋਲੀ ਵਿੱਚ ਮਾੜਾ ਸਮਝ ਕੇ ਮੇਰਾ ਮਜ਼ਾਕ ਉਡਾਉਂਦਾ ਹੁੰਦਾ ਸੀ।"

"ਮਾਈ ਡੀਅਰ ਰਿੱਕੀ। ਨਾਓ ਆਈ ਵਿੱਲ ਨੈਵਰ ਮੇਕ ਮੌਕਰੀ ਆਫ ਐਨੀ ਮਾਈਗਰੈਂਟ। ਪਲੀਜ਼। ਲੀਵ ਦਿਸ ਟਾਪਿਕ ਨਊ (My dear Ricky, now i will never make mockery of any migrant, please leave this topic now) ਹੁਣ ਤੁਸੀਂ ਛੇ ਸੱਟ ਮੁਹਾਂਵੜੇ ਤੇ ਕਹਾਵਟਾਂ ਬੋਲੋ। ਮੈਂ ਅੰਡਾਜ਼ਾ ਲਗਾਨਾ ਚਾਂਹਡਾ ਹਾਂ ਕਿ ਮੈਨੂੰ ਇਹਾਂ ਡਾ ਕਿੰਨਾ ਕੁ ਗਿਆਨ ਏ", ਵਿਲੀਅਮ ਕਹਾਵਤਾਂ ਸੁਣਨ ਨੂੰ ਕਾਹਲਾ ਪੈ ਗਿਆ।

ਰਿੱਕੀ ਨੇ ਪੈਂਦੇ ਸੱਟੇ ਅਖਾਣਾਂ ਬੋਲ ਦਿੱਤੀਆਂ, "ਜਿਹੋ ਜਿਹੀ ਨੰਦੋ ਬਾਹਮਣੀ ਓਹੋ ਜਿਹਾ ਘੁੱਦੂ ਜੇਠ; ਬਾਬੇ ਦੇ ਯਾਰ ਗਿੱਦੜ ਤੇ ਬਘਿਆੜ; ਕੋਠਾ ਉਸਰਿਆ ਤੇ ਤਖਾਣ ਵਿਸਰਿਆ; ਹੱਥੀਂ ਵਣਜ ਪਰਾਈ ਖੇਤੀ ਕਦੀ ਨਾ ਹੁੰਦੇ ਬੀਤੀਓ ਤੇਤੀ; ਖੋਤੀ

ਠਾਣੇਦਾਰ ਦਾ ਭਾੜਾ ਸੁੱਟ ਆਈ ਹੁਣ ਸਾਡੇ 'ਚ ਕਦੋਂ ਰਲੀ; ਪੁਲਿਸ ਦੇ ਕੁੱਟਿਓ ਦਾ, ਤਿਲਕ ਕੇ ਡਿਗਿਓ ਦਾ ਤੇ ਤੀਵੀਂ ਦੇ ਝਿੜਕਿਓ ਦਾ ਗੁੱਸਾ ਨਹੀਂ ਕਰੀਦਾ; ਇੱਕੋ ਹੱਟੀ ਓਹੀ ਕੁਪੱਤੀ; ਪੁੱਠਾ ਪੰਗਾ ਲੈ ਲਿਆ ਜੱਟੀਏ ਐਵੇਂ ਬੋਕ...।"

"ਬੱਸ ਬੱਸ, ਰਿੱਕੀ। ਮੈਨੂੰ ਤਾਂ ਏਹਨਾਂ ਵਿੱਚੋਂ ਕਿਸੇ ਇੱਕ ਡਾ ਵੀ ਮਟਲਬ ਨਹੀਂ ਪਤਾ", ਵਿਲੀਅਮ ਦੇ ਕੰਨਾ ਵਿੱਚ ਵਿੰਢੇ ਟਿਆਂਕਣ ਲੱਗ ਪਏ। ਉਹ ਉਤਸੁਕਤਾ ਭਰੇ ਲਹਿਜੇ ਵਿੱਚ ਬੋਲਿਆ, "ਕੀ ਇਹਨਾਂ ਕਹਾਵਟਾਂ ਦਾ ਇੰਗਲਿਸ਼ ਵਿੱਚ ਟਰਾਂਸਲੇਸ਼ਨ ਨਹੀ ਕੀਟਾ ਜਾ ਸਕਡਾ?"

"ਕੀਤਾ ਜਾ ਸਕਦਾ ਏ। ਤੈਨੂੰ ਪਤਾ ਏ ਅਨੁਵਾਦ ਕਰਨੇ ਕਿੰਨੇ ਔਖੇ ਨੇ? ਕੀ ਤੈਨੂੰ ਇਹ ਵੀ ਪਤਾ ਏ ਕਿ ਤੁਹਾਡੇ ਹੀ ਇੱਕ ਭਰਾ ਨੇ ਕੀ ਕਿਹਾ ਸੀ?"

"ਕੀ ਕਿਹਾ ਸੀ?"

"ਵਿਲੀਅਮ, ਇੱਕ ਵਾਰ ਇੱਕ ਗੋਰੇ ਨੇ ਕਿਹਾ ਸੀ- ਅਨੁਵਾਦਕ ਭਾਸ਼ਾ ਦੇ ਗੱਦਾਰ ਹਨ (Translators are the traitors of a language)"

"ਰਿੱਕੀ, ਫਿਰ ਅਸੀਂ ਟਰਾਂਸਲੇਸ਼ਨ ਕਡਦੇ ਕਿਉਂ ਹਾਂ? ਵਹੱਟ ਇਜ਼ ਦਾ ਯੂਜ਼ ਆਫ਼ ਟਰਾਂਸਲੇਟਰਜ਼ ਐਂਡ ਇੰਟਰਪਰੈਟਰਜ਼? (What is the use of translators and interpreters)?"

"ਸਿਰਫ਼ ਬੁੱਤਾ ਸਾਰਨ ਲਈ।"

"ਬੁੱਟਾਂ? ਇਹ ਬੁੱਟਾ ਕੀ ਹੁੰਡੀ ਏ?"

"ਵਿਲੀਅਮ, ਹੁੰਦੀ ਨਹੀਂ। ਕਹਿ, ਇਹ ਕੀ ਹੁੰਦਾ ਹੈ।"

"ਓ. ਕੇ. "

"ਵਿਲੀਅਮ ਡੀਅਰ, ਲੋਕਾਂ ਨੇ ਆਪਣਾ ਕੰਮ ਤਾਂ ਸਾਰਨਾ ਹੀ ਹੋਇਆ। ਅਗਰ ਦੁਨੀਆਂ ਦੇ ਲੋਕ ਲਿਖਤੀ ਭਾਸ਼ਾਵਾਂ ਤੇ ਬੋਲੀਆਂ ਦਾ ਟਰਾਂਸਲੇਸ਼ਨ ਕਰਨਗੇ ਤਾਂ ਹੀ ਉਹ ਇੱਕ ਦੂਜੇ ਨੂੰ ਸਮਝ ਸਕਣਗੇ। ਲਿਖਤੀ ਬੋਲੀ ਤੇ ਠੇਠ ਬੋਲੀ 'ਚ ਬੜਾ ਫ਼ਰਕ ਹੁੰਦਾ ਏ।"

"ਕੀ ਮਟਲਬ?"

"ਵਿਲੀਅਮ, ਜੇ ਕੋਈ ਠੇਠ ਬੋਲੀ ਦਾ ਢੁੱਕਵਾਂ ਅਨੁਵਾਦ ਕਰ ਦੇਵੇ ਤਾਂ ਉਹ ਸੱਚਮੁਚ ਹੀ ਭਾਸ਼ਾ ਦਾ ਮਾਹਰ ਹੁੰਦਾ ਏ।"

"ਐਨੀ ਅਗਜ਼ੰਪਲ (any example)?"

"ਪੰਜਾਬੀ ਦਾ ਇੱਕ ਗੀਤ ਏ। ਤੂੰ ਜਾਣਦਾ ਹੀ ਏਂ ਕਿ ਗੀਤ ਦਾ ਮਤਲਬ ਸੌਂਗ (song) ਹੁੰਦਾ ਏ।"

"ਹਾਂ, ਮੈ ਜਾਨਦਾ ਹਾਂ। ਕਿਹਰਾ ਗੀਤ ਏ ਉਹ?"

"ਗੀਤ ਦੇ ਬੋਲ ਹਨ-

ਸਾਡੀ ਲਗਦੀ ਕਿਸੇ ਨਾ ਦੇਖੀ
ਟੁੱਟਦੀ ਨੂੰ ਜੱਗ ਜਾਣਦਾ।
ਤੈਨੂੰ ਪਤਾ ਏ, ਇਸਦਾ ਕਿਸੇ ਨੇ ਕੀ ਅਨੁਵਾਦ ਕੀਤਾ ਸੀ?"

"ਰਿੱਕੀ, ਮੈਨੂੰ ਤਾਂ ਸਿਰਫ ਇੰਨਾ ਪਟਾ ਏ ਕਿ ਇਹ ਪਿਆਰ ਬਾਰੇ ਕਹੀ ਕੋਈ ਗੱਲ ਏ– ਪਿਆਰ ਚੋਰੀ ਚੋਰੀ ਸ਼ੁਰੂ ਹੋਨਾ ਤੇ ਫਿਰ ਅਚਾਨਕ ਜੱਗ ਜ਼ਾਹਰ ਹੋ ਜਾਨਾ।"

"ਵਿਲੀਅਮ, ਤੂੰ 'ਜੱਗ ਜ਼ਾਹਰ ਹੋ ਜਾਣਾ' ਸ਼ਬਦ ਬੜੇ ਵਧੀਆ ਬੋਲੇ ਹਨ। ਮਤਲਬ ਤਾਂ ਤੂੰ ਸਮਝ ਗਿਆ ਏਂ। ਇਸ ਦਾ ਟਰਾਂਸਲੇਸ਼ਨ ਕਿਵੇਂ ਕਰੇਂਗਾ?"

"ਰਿੱਕੀ ਤੂੰ ਹੀ ਦੱਸ ਦੇਹ। ਮੈ ਐਨਾ ਐਕਸਪਰਟ ਕਿੱਥੇ ਹਾਂ ਅਜੇ।"

ਇਸਦਾ ਅਨੁਵਾਦ ਕਿਸੇ ਨੇ ਇੰਜ ਕੀਤਾ ਏ– Love comes through a chink and goes out of a door."

"Beautiful ! Fantastic !! ਪਰ ਇਹ ਪੋਇਟਰੀ (poetry) ਨਹੀਂ ਬਣੀ?"

"ਮੈ ਮੰਨਦਾ ਹਾਂ ਕਿ ਇਹ ਕਵਿਤਾ ਨਹੀਂ ਬਣੀ। ਕਵਿਤਾ ਦਾ ਕਵਿਤਾ ਵਿੱਚ ਅਨੁਵਾਦ ਕਰਨਾ ਹੋਰ ਵੀ ਔਖਾ ਕੰਮ ਏ।"

"ਯੂ. ਆਰ. ਪਾਰਫੈਕਟਲੀ ਕਰੈਕਟ (you are perfectly correct)"

"ਵਿਲੀਅਮ ਤੂੰ ਹੁਣ ਟਰਾਂਸਲੇਸ਼ਨ ਦੀ ਗੱਲ ਛੱਡ, ਤੂੰ ਹੁਣ ਇਹ ਦੱਸ ਕਿ ਤੂੰ ਪੰਜਾਬੀ ਦੀਆਂ ਕਿਹੜੀਆਂ-ਕਿਹੜੀਆਂ ਕਹਾਵਤਾਂ ਜਾਣਦਾ ਏ?"

"ਵਿਲੀਅਮ, ਤੂੰ ਦੱਸ ਤੂੰ ਕਿਹੜੀਆਂ ਕਿਹੜੀਆਂ ਕਹਾਵਤਾਂ ਪੜ੍ਹੀਆਂ ਹਨ?"

"ਆਕਾਸ਼ ਤੋਂ ਡਿੱਗਿਆ ਖੰਜੂਰ ਵਿੱਚ ਅ...ਟ...ਕਿ....ਆ., ਅੱਖਾਂ ਡਾ ਟਾਰਾ, ਅੰਗੂ...ਰ ਖ...ਟੇ ਹਨ...."

"ਬੱਸ ਕਰ ਵਿਲੀਅਮ, ਇਹ ਤਾਂ ਕਿਤਾਬੀ ਮੁਹਾਵਰੇ ਹਨ। ਜਦ ਤੁਸੀਂ ਕਿਸੇ ਸਮਾਜ ਦੇ ਪੇਂਡੂ ਮਾਹੌਲ 'ਚ ਵਿਚਰਦੇ ਹੋ ਤਾਂ ਤੁਸੀਂ ਬੋਲੀ ਦੀਆਂ ਅਸਲੀ ਪਰਤਾਂ ਦੇ ਪੇਸ਼ ਆਉਂਦੇ ਹੋ। ਇਹ ਪਰਤਾਂ ਕਿਤਾਬੀ ਭਾਸ਼ਾਂ ਵਿੱਚ ਪੂਰਨ ਰੂਪ ਵਿੱਚ ਮੌਜੂਦ ਨਹੀਂ ਹੁੰਦੀਆਂ। ਅਜੇ ਤਾਂ ਤੂੰ ਕੁੱਝ ਗੰਦੀਆਂ ਕਹਾਵਤਾਂ ਨਹੀਂ ਸੁਣੀਆਂ।"

"ਗੰਡੀਆਂ ਕ...ਹਾ..ਵ...ਟਾਂ? ਉਹ ਕਿਹਰੀਆਂ ਹੁੰਡੀਆਂ ਹਨ?"

"ਵਿਲੀਅਮ, ਔਹ ਸਾਹਮਣੇ ਲੇਡੀਜ਼ ਬੈਠੀਆਂ ਹਨ। ਅਗਰ ਮੈਂ ਪਰਦੇ ਨਾਲ ਬੋਲਾਂ ਵੀ ਤੂੰ ਪਤਾ ਨੀ ਉਹਨਾਂ ਦਾ ਉੱਚੀ ਦੇਣੀ ਕੀ ਉਚਾਰਣ ਕਰ ਦੇਵੇ। ਵਿਲੀਅਮ, ਤੂੰ ਕਹਿੰਦਾ ਏਂ ਕਿ ਤੈਨੂੰ ਪੰਜਾਬੀ ਬਹੁਤ ਆਉਣੀ ਸ਼ੁਰੂ ਹੋ ਗਈ ਏ। ਜੇ ਤੂੰ ਮੈਥੋਂ ਬਗੈਰ ਇੱਥੇ ਪਿੰਡ ਵਿੱਚ ਕੁਝ ਦਿਨ ਰਹਿ ਜਾਵੇ ਤਾਂ ਪਿੰਡ ਦੇ ਨਿਆਣੇ ਤਾਂ ਤੇਰੀ ਭੂਤਨੀ ਭੁਲਾ ਦੇਣਗੇ"

"ਭੂਟਨੀ ! ਉਹ ਕੀ ਹੁੰਡਾ ਏ?"

"ਵਿਲੀਅਮ, ਮੈਂ ਤੇਰੇ ਨਾਲ ਜ਼ਿਆਦਾ ਮੱਥਾ ਨਹੀਂ ਮਾਰ ਸਕਦਾ। ਤੂੰ ਵਾਪਸ

ਸਿਡਨੀ ਨੂੰ ਹੀ ਚੱਲ। ਏਥੇ ਪੰਜਾਬ ਵਿੱਚ ਤੇਰਾ ਗੁਜ਼ਾਰਾ ਨਹੀਂ। ਹਾਂ ਇੱਕ ਗੱਲ ਜ਼ਰੂਰ ਏ।"

"ਉਹ ਕੀ?"

"ਤੂੰ ਪੰਜਾਬ ਦੇ ਸ਼ਹਿਰਾਂ ਵਿੱਚ ਰਹਿ ਸਕਦਾ ਏਂ। ਉਥੇ ਲੋਕ ਤੇਰੀ ਅੰਗਰੇਜ਼ੀ ਰਲੀ ਪੰਜਾਬੀ ਨੂੰ ਸਮਝ ਸਕਦੇ ਹਨ। ਉੱਥੇ ਤੂੰ ਲੋਕਾਂ ਦੀ ਬੋਲੀ ਵੀ ਵੱਧ ਸਮਝ ਸਕਦਾ ਏਂ। ਉਹ ਲੋਕ ਕਿਤਾਬੀ ਬੋਲੀ ਜ਼ਿਆਦਾ ਬੋਲਦੇ ਹਨ ਤੇ ਠੇਠ ਪੇਂਡੂ ਮੁਹਾਵਰਾ ਘੱਟ ਵਰਤਦੇ ਹਨ।"

"ਰਿੱਕੀ ਡੀਅਰ, ਮੈਂ ਹੈਰਾਨ ਹਾਂ ਕਿ ਤੁਸੀਂ ਸਿਡਨੀ ਵਿੱਚ ਸਾਡੀ ਬੋਲੀ ਬੋਲਦੇ ਟਾਂ ਕਾਫੀ ਠੀਕ ਲਗਦੇ ਰਹਿੰਡੇ ਹੋ। ਆਈ ਐਮ ਕਟਿੰਗ ਸੌਰੀ ਫਿੱਗਰ ਐਟ ਐਵਰੀ ਸਟੈੱਪ (I am cutting sorry figure at every step)" ਵਿਲੀਅਮ ਨੇ ਨਾਦਾਨ ਬੱਚੇ ਜਿਹਾ ਮੂੰਹ ਬਣਾਉਂਦੇ ਹੋਏ ਆਪਣਾ ਵਿਚਾਰ ਪੇਸ਼ ਕਰ ਦਿੱਤਾ।

"ਮਾਈ ਡੀਅਰ ਫਰੈਂਡ, ਪੰਜਾਬੀਜ਼ ਆਰ ਵੈਰੀ ਫਲੈਕਸੀਵਲ (Panjabis are very flexible)। ਦੇ ਮੋਲਡ ਦੈਮਸੈਵਲਜ਼ ਵੈਰੀ ਇਜ਼ੀਲੀ ਐਂਡ ਕੁਵਿੱਕਲੀ ਟੂ ਦਾ ਨੀਊ ਇਨਵਾਇਰਨਮੈਂਟਸ (They mould themselves very easily and quickly to the new environments)। ਦੇ ਕੈਨ ਸਪੀਕ ਫੋਰ ਲੈਂਗੂਏਜਜ਼ ਈਜ਼ੀਲੀ (They can speak four languages easily)"

"ਫੋਰ (four)?"

"ਯੈੱਸ (yes)"

"ਕਿਹਰੀਆਂ ਕਿਹਰੀਆਂ?"

"ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਉਰਦੂ"

"ਦੇ ਆਰ ਰੀਅਲੀ ਜੀਨੀਅਸ (They are really genius) ਮੈਨੂੰ ਟਾਂ ਚਾਰ ਬੋਲੀਆਂ ਸਿੱਖਣ ਲਈ ਸਾਰੀ ਉਮਰ ਪਰਨਾਂ ਪਊ। ਇੱਟ ਮੀਨਜ਼ ਆਈ ਹੈਵ ਟੂ ਸਪੈਂਡ ਮੈਨੀ ਯੀਅਰਜ਼ ਇਨ ਪੰਜਾਬ।" (It means I have to spend many years in Punjab)"

"ਵਿਲੀਅਮ, ਤੂੰ ਸੱਚ ਆਂਦਾ ਏਂ।"

"ਵੱਹਟ 'ਆਂਡਾ'? ਇਹ 'ਆਂਡਾ' ਕੀ ਹੁੰਡਾ ਏ?"

"ਇਹੀ ਕੁੱਝ ਜਾਨਣ ਲਈ ਹੀ ਤਾਂ ਤੈਨੂੰ ਇੱਥੇ ਕਈ ਸਾਲ ਰਹਿਣਾ ਪਵੇਗਾ। ਅਗਰ ਤੂੰ ਛੋਟੀ ਉਮਰ ਵਿੱਚ ਇੱਥੇ ਆ ਜਾਂਦਾ ਤਾਂ ਤੈਨੂੰ ਬੋਲੀ ਜਲਦੀ ਸਮਝ ਆਉਣ ਲੱਗ ਪੈਣੀ ਸੀ। ਫਿਰ ਤੂੰ ਬੋਲੀ ਬੋਲਣ ਵੀ ਵਧੀਆ ਲੱਗ ਜਾਣਾ ਸੀ। ਜਿਉਂ ਜਿਉਂ ਮਨੁੱਖ ਵੱਡਾ ਹੋ ਕੇ ਕਿਸੇ ਹਾਲਾਤ ਵਿਚੋਂ ਵਿਚਰਦਾ ਏ ਉਹਦੀ ਉਸ ਹਾਲਾਤ ਮੁਤਾਬਕ ਢਲਣ ਦੀ ਸ਼ਮਤਾ ਘਟਦੀ ਜਾਂਦੀ ਏ। ਤੂੰ ਦੱਸ, ਮੈਨੂੰ ਪੂਰੀ ਤਰ੍ਹਾਂ ਤੁਹਾਡੀ ਅੰਗਰੇਜ਼ੀ

ਕਿਵੇਂ ਸਮਝ ਆਵੇਗੀ?"

"ਤੁਸੀਂ ਹੀ ਡੱਸੋ ਇਹ ਕਿਵੇਂ ਹੋ ਸਕਡਾ ਏ?"

"ਵਿਲੀਅਮ, ਜਦ ਮੈਂ ਤੁਹਾਡੇ ਦੇਸ਼ ਦੇ ਘੱਟ ਪੜ੍ਹ ਲਿਖੇ ਲੋਕਾਂ ਦੀ, ਤੁਹਾਡੇ ਦੇਸ਼ ਦੇ ਨਸ਼ਈਆਂ (druggies) ਦੀ ਤੇ ਤੁਹਾਡੇ ਦੇਸ਼ ਦੇ ਬੱਚਿਆਂ ਦੀ ਬੋਲੀ ਸਮਝਣ ਲੱਗ ਜਾਵਾਂਗਾ ਤਾਂ ਮੈਂ ਸਮਝਾਂਗਾ ਕਿ ਮੈਨੂੰ ਤੁਹਾਡੀ ਬੋਲੀ ਸਮਝ ਆਉਣ ਲੱਗ ਪਈ ਏ। ਕਿਸੇ ਵੀ ਬੋਲੀ ਨੂੰ ਸਮਝਣ ਲਈ ਜ਼ਰੂਰੀ ਏ ਕਿ ਤੁਸੀਂ ਉਸੇ ਬੋਲੀ ਵਿੱਚ ਸੁਪਨੇ ਲਵੋ, ਉਸੇ ਬੋਲੀ ਵਿੱਚ ਗਾਹਲਾਂ ਕੱਢ ਸਕੋ, ਉਸੇ ਬੋਲੀ ਵਿੱਚ ਲੜ ਭਿੜ ਸਕੋ, ਛੋਟੇ ਬੱਚਿਆਂ ਨੂੰ ਬੋਲਦੇ ਸਮਝ ਸਕੋ।"

"ਕੀ ਭਾਸ਼ਾ ਡੀਆਂ ਡਿਗੜੀਆਂ ਪਾਸ ਕੜਨ ਨਾਲ ਬੋਲੀ ਨਹੀਂ ਸਿੱਖੀ ਜਾ ਸਕਡੀ?"

"ਸਿੱਖੀ ਜਾ ਸਕਦੀ ਏ, ਜ਼ਰੂਰ ਸਿੱਖੀ ਜਾ ਸਕਦੀ ਏ ਪਰ ਪੇਂਡੂ ਮੁਹਾਵਰਾ ਤਾਂ ਲੋਕਾਂ ਵਿੱਚੋਂ ਵਿਚਰਨ ਨਾਲ ਹੀ ਸਮਝ ਆ ਸਕਦਾ ਏ। ਜਦ ਤੱਕ ਪੇਂਡੂ ਮੁਹਾਵਰਾ ਨਹੀਂ ਆਉਂਦਾ ਉਦੋਂ ਤੱਕ ਬੋਲੀ ਦਾ ਗਿਆਨ ਹਮੇਸ਼ਾ ਹੀ ਅਧੂਰਾ ਹੁੰਦਾ ਏ।"

"ਆਈ ਐਗਰੀ ਵਿੱਦ ਯੂ, ਰਿੱਕੀ (I agree with you, Ricky) ਮੈਂ ਹੁਣ ਸਾਲ ਬਾਡ ਤੇਰੇ ਨਾਲ ਪੰਜਾਬ ਆਇਆ ਕਰਾਂਗਾ, ਪੇਂਡੂ ਲੋਕਾਂ ਨੂੰ ਮਿਲਿਆ ਕੜਾਂਗਾ। ਮੈਂ ਇਹ ਬੋਲੀ ਵੱਧ ਤੋਂ ਵੱਧ ਸਿੱਖਾਂਗਾ। ਆਈ ਹੈਵ ਪੈਸ਼ਨ ਫਾਰ ਦਿਸ ਲੈਗੂਏਜ਼ (I have passion for this language) ਵਿਲ ਯੂ ਗਾਈਡ ਸੀ?" (will you guide me?)"

"ਓ ਸ਼ੋਅਰ, ਡੌਂਟ ਵਰੀ ਐਟ ਆਲ (Oh sure, don't worry at all)"

ਇਸ ਪ੍ਰਕਾਰ ਵਿਲੀਅਮ ਇੱਕ ਮਹੀਨਾ ਪੰਜਾਬ ਵਿੱਚ ਬਿਤਾ ਕੇ ਵਾਪਸ ਰਿੱਕੀ ਨਾਲ ਸਿਡਨੀ ਆ ਗਿਆ। ਉਹ ਹੁਣ ਹਰ ਵਾਰੀ ਰਿੱਕੀ ਨਾਲ ਪੰਜਾਬ ਗੇੜਾ ਮਾਰਨ ਜਾਇਆ ਕਰੇਗਾ। ਸ਼ਾਇਦ ਉਹ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਵੀ ਆਪਣੇ ਨਾਲ ਲੈ ਕੇ ਜਾਇਆ ਕਰੇ ਤਾਂ ਕਿ ਉਹ ਬੋਲੀ ਦੇ ਪੇਂਡੂ ਮੁਹਾਂਵਰੇ ਨੂੰ ਬਚਪਨ ਤੋਂ ਹੀ ਫੜਨਾ ਸ਼ੁਰੂ ਕਰ ਦੇਣ।

# ਘੋੜਾ ਡਾਕਟਰ

ਗੁਲਜ਼ਾਰ ਸਿੰਘ ਤੇ ਸ਼ਮਿੰਦਰ ਕੌਰ ਪੰਜਾਬ ਵਿੱਚ ਦੋ ਹਾਈ ਸਕੂਲਾਂ ਵਿੱਚ ਅਧਿਆਪਕ ਸਨ। ਗੁਲਜ਼ਾਰ ਸਾਇੰਸ ਪੜ੍ਹਾਉਂਦਾ ਸੀ ਅਤੇ ਸ਼ਮਿੰਦਰ ਅੰਗਰੇਜ਼ੀ ਤੇ ਸਮਾਜਕ ਸਿੱਖਿਆ। ਨੌਕਰੀਆਂ ਵੀ ਠੀਕ ਸਨ, ਪਿੰਡ ਕੁੱਝ ਜ਼ਮੀਨ ਵੀ ਸੀ, ਇਸ ਲਈ ਗੁਜ਼ਾਰਾ ਚੰਗਾ ਚੱਲ ਰਿਹਾ ਸੀ। ਫਿਰ ਵੀ ਮਨ ਵਿੱਚ ਬਾਹਰਲੇ ਕਿਸੇ ਦੇਸ਼ ਵਿੱਚ ਨਾ ਜਾ ਸਕਣ ਦਾ ਤੌਖਲਾ ਰਹਿੰਦਾ ਸੀ। ਸੋਚਦੇ ਰਹਿੰਦੇ ਸਨ ਉਹ ਆਪ ਬਾਹਰ ਨਹੀਂ ਜਾ ਸਕੇ ਨਾ ਸਹੀ, ਆਪਣੇ ਬੱਚਿਆਂ ਨੂੰ ਅਮਰੀਕਾ, ਕੈਨੇਡਾ ਜਾਂ ਆਸਟਰੇਲੀਆ ਜਿਹੇ ਕਿਸੇ ਦੇਸ਼ ਵਿੱਚ ਜ਼ਰੂਰ ਸੈੱਟ ਕਰਨਗੇ।

ਸ਼ਮਿੰਦਰ ਦਾ ਭਰਾ ਹਰਕੰਵਲ ਸੰਨ 85 ਵਿੱਚ ਵਿਆਹ ਦੇ ਆਧਾਰ ਤੇ ਕੈਨੇਡਾ ਚਲਾ ਗਿਆ ਸੀ। ਮਿਹਨਤ ਮਸ਼ੱਕਤ ਕਰਕੇ ਉਹ ਉੱਧਰ ਚੰਗਾ ਸੈੱਟ ਹੋ ਗਿਆ ਸੀ। ਸ਼ਮਿੰਦਰ ਦੇ ਪਹਿਲਾ ਬੱਚਾ ਹੋਣ ਵਾਲਾ ਸੀ। ਦੰਪਤੀ ਨੇ ਸੋਚਿਆ ਕਿ ਸ਼ਮਿੰਦਰ ਆਪਣਾ ਜਣੇਪਾ ਕਰਵਾਉਣ ਲਈ ਹਰਕੰਵਲ ਪਾਸ ਵੈਨਕੂਵਰ ਚਲੀ ਜਾਵੇ। ਇਸ ਪ੍ਰਕਾਰ ਨਵਾਂ ਜਨਮਿਆਂ ਬੱਚਾ ਕੈਨੇਡਾ ਦਾ ਸ਼ਹਿਰੀ ਬਣ ਜਾਵੇਗਾ। ਹਰਕੰਵਲ ਨੇ ਸੈਰ ਦੇ ਬਹਾਨੇ ਸ਼ਮਿੰਦਰ ਨੂੰ ਵੈਨਕੂਵਰ ਸੱਦ ਲਿਆ। ਸ਼ਮਿੰਦਰ ਨੇ ਉੱਧਰ ਲੜਕੇ ਨੂੰ ਜਨਮ ਦਿੱਤਾ। ਲੜਕੇ ਦਾ ਨਾਮ ਸੁਖਪਾਲ ਰੱਖਿਆ ਗਿਆ। ਘਰ ਵਿੱਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ।

"ਸ਼ਮਿੰਦਰ ਤੂੰ ਤਾਂ ਕੈਨੇਡਾ ਦੇਖ ਲਿਆ, ਬੜੀ ਕਿਸਮਤ ਵਾਲੀ ਏਂ। ਮੈਂ ਤਾਂ ਖੂਹ ਦਾ ਡੱਡੂ ਹੀ ਹਾਂ, ਅਜੇ ਤੱਕ ਪੰਜਾਬ ਤੱਕ ਹੀ ਸੀਮਤ ਹਾਂ, ਸਿਰਫ ਤਿੰਨ ਚਾਰ ਵਾਰ ਹੀ ਪੰਜਾਬ ਤੋਂ ਬਾਹਰ ਗਿਆ ਹਾਂ, ਉਹ ਵੀ ਉੱਤਰੀ ਭਾਰਤ ਵਿੱਚ ਹੀ, ਕਦੇ ਦਿੱਲੀ, ਕਦੇ ਸ਼ਿਮਲਾ ਤੇ ਕਦੇ ਜੈਪੁਰ। ਸੁਣਿਐ, ਕੈਨੇਡਾ ਤਾਂ ਸੱਚਮੁੱਚ ਹੀ ਕਮਾਲ ਦੀ ਥਾਂ ਏ", ਗੁਲਜ਼ਾਰ ਨੇ ਸ਼ਮਿੰਦਰ ਦੇ ਕੈਨੇਡਾ ਬਾਰੇ ਪ੍ਰਭਾਵ ਜਾਨਣੇ ਚਾਹੇ।

"ਗੁਲਜ਼ਾਰ, ਦੇਸ ਤਾਂ ਵਧੀਆ ਏ, ਪਰੰਤੂ ਮਾਹੌਲ ਬਹੁਤਾ ਵਧੀਆ ਨਹੀਂ, ਖਾਸ ਕਰਕੇ ਬੱਚਿਆਂ ਵਾਸਤੇ। ਉਹਨਾਂ ਦੇਸ਼ਾਂ ਵਿੱਚ ਬੱਚੇ ਆਪਣੀਆਂ ਮਨਮਾਨੀਆਂ ਕਰਨ ਲੱਗ ਪੈਂਦੇ ਹਨ। ਬਹੁਤ ਸਾਰੇ ਤਾਂ ਮਾਪਿਆਂ ਦੇ ਕਾਬੂ ਵਿੱਚ ਵੀ ਨਹੀਂ ਰਹਿੰਦੇ। ਆਪਣੇ ਹਰਕੰਵਲ ਦੇ ਬੱਚਿਆਂ ਦਾ ਹਾਲ ਵੀ ਬਹੁਤਾ ਵਧੀਆ ਨਹੀਂ।"

"ਸ਼ਮਿੰਦਰ, ਇੱਥੇ ਪੰਜਾਬ ਵਿੱਚ ਕਿਹੜਾ ਹਾਲ ਬਹੁਤ ਵਧੀਆ ਏ। ਇੱਥੇ ਵੀ ਅੰਤਾਂ ਦੀਆਂ ਸਮੱਸਿਆਵਾਂ ਹਨ। ਤੂੰ ਆਪਣੇ ਸਕੂਲਾਂ ਦਾ ਹਾਲ ਦੇਖਦੀ ਹੀ ਏਂ। ਸਰਕਾਰੀ ਸਕੂਲਾਂ ਦੀ ਹਾਲਤ ਵੈਸੇ ਹੀ ਨਿਘਰਦੀ ਜਾ ਰਹੀ ਏ। ਪ੍ਰਾਈਵੇਟ ਸਕੂਲਾਂ ਵਿੱਚ ਨਿਰਾ ਦਿਖਾਵਾ ਵੱਧ ਏ, ਵਰਦੀਆਂ ਵਧੀਆ ਵਧੀਆ ਪਾਈਆਂ ਹੋਈਆਂ ਹਨ, ਬੱਚੇ ਬੱਸਾਂ ਤੇ ਬੈਠ ਕੇ ਜਾਂਦੇ ਚੰਗੇ ਲਗਦੇ ਹਨ, ਸਕੂਲਾਂ ਨੇ ਰੀਪੋਰਟ ਕਾਰਡ ਵਧੀਆ ਵਧੀਆ ਛਪਵਾਏ ਹੋਏ ਹਨ, ਬਾਹਰਲੇ ਦੇਸ਼ਾਂ ਦੀ ਨਕਲ ਕਰਕੇ ਮਾਪੇ-ਅਧਿਆਪਕ ਮਿਲਣੀਆਂ (parent-teacher meetings) ਵੀ ਹੁੰਦੀਆਂ ਹਨ, ਬੱਚਿਆਂ ਨੂੰ ਸੈਰ ਸਪਾਟੇ (excursions) ਤੇ ਲਿਜਾਇਆ ਜਾਂਦਾ ਏ, ਪੂਰਾ ਜਾਂ ਅੱਧ ਪਚੱਧਾ ਅੰਗਰੇਜ਼ੀ ਮਾਧਿਅਮ ਵੀ ਲਾਗੂ ਕੀਤਾ ਜਾਂਦਾ ਏ, ਲੋਕਾਂ ਦੀ ਦੌੜ ਦਿੱਲੀ ਦੇ ਬੋਰਡਾਂ ਨਾਲ ਮਾਨਤਾ ਪ੍ਰਾਪਤ (affiliated) ਸਕੂਲਾਂ ਵਿੱਚ ਬੱਚੇ ਦਾਖਲ ਕਰਵਾਉਣ ਲਈ ਵੀ ਲੱਗੀ ਰਹਿੰਦੀ ਏ ਪਰੰਤੂ ਅਸਲ ਵਿੱਚ ਇਹ ਸਭ ਕੁਝ ਦਿਖਾਵਾ ਜ਼ਿਆਦਾ ਲਗਦਾ ਰਹਿੰਦਾ ਏ ਕਿਉਂਕਿ ਇਹਨਾਂ ਨਮੂਨੇ ਦੇ ਸਕੂਲਾਂ ਵਿੱਚ ਬਹੁਤਿਆਂ ਨੇ ਘੱਟ ਯੋਗ ਅਧਿਆਪਕ ਰੱਖੇ ਹੋਏ ਹਨ, ਬੱਚੇ ਨੂੰ ਦਾਖਲ ਕਰਨ ਸਮੇਂ ਇਹਨਾਂ ਵਿੱਚੋਂ ਕਈ ਸਕੂਲ ਅੰਤਾਂ ਦਾ ਦਾਨ (donation) ਲੈਂਦੇ ਹਨ, ਬੋਲ ਚਾਲ ਦੀ ਅੰਗਰੇਜ਼ੀ ਦਾ ਮਿਆਰ ਕਿੱਧਰੇ ਨਜ਼ਰ ਹੀ ਨਹੀਂ ਆਉਂਦਾ, ਕਈ ਸਕੂਲ ਤਾਂ ਨਿਰੀਆਂ ਦੁਕਾਨਾਂ ਹੀ ਹਨ। ਇਹਨਾਂ ਨਾਲੋਂ ਤਾਂ ਸਾਡੇ ਇਹ ਸਰਕਾਰੀ ਸਕੂਲ ਹੀ ਚੰਗੇ ਹਨ। ਇਥੇ ਯੋਗ ਅਧਿਆਪਕ ਤਾਂ ਹਨ। ਆਪਣਾ ਸੁਖਪਾਲ ਹੁਣ ਵੱਡਾ ਹੋ ਰਿਹਾ ਏ। ਇਸ ਨੂੰ ਕਿੱਥੇ ਦਾਖਲ ਕਰਵਾਇਆ ਜਾਵੇ?"

"ਗੁਲਜ਼ਾਰ, ਇਹ ਇੱਕ ਮਸਲਾ ਏ। ਸਾਡੇ ਨੇੜੇ ਸ਼ਹਿਰ ਦੇ ਮਾਡਲ ਸਕੂਲ ਤਾਂ ਇੰਨੇ ਵਧੀਆ ਨਹੀਂ। ਇਹਨਾਂ ਵਿੱਚੋਂ ਕਈ ਸਕੂਲ ਤਾਂ ਉਹਨਾਂ ਲੋਕਾਂ ਨੇ ਖੋਲ੍ਹੇ ਹੋਏ ਹਨ ਜਿਹੜੇ ਆਪ ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀ ਲੈਣ ਦੇ ਯੋਗ ਵੀ ਨਹੀਂ। ਮੇਰਾ ਦਿਲ ਸੁਖਪਾਲ ਨੂੰ ਅੱਖਾਂ ਤੋਂ ਦੂਰ ਕਿਸੇ ਵੱਡੇ ਸਕੂਲ ਵਿੱਚ ਭੇਜਣ ਨੂੰ ਵੀ ਨਹੀਂ ਮੰਨਦਾ। ਸੁਣਿਐ, ਹੋਸਟਲਾਂ ਵਿੱਚ ਬੱਚਿਆਂ ਵਲ ਬਹੁਤਾ ਧਿਆਨ ਨਹੀਂ ਦਿੱਤਾ ਜਾਂਦਾ। ਨਾਲੇ ਆਪਣਾ ਇੱਕੋ ਇੱਕ ਬੱਚਾ ਏ। ਉਹਨੂੰ ਵੀ ਅੱਖਾਂ ਤੋਂ ਦੂਰ ਕਰ ਦੇਈਏ, ਕਿੰਨੀ ਅਜੀਬ ਗੱਲ ਏ!"

"ਫਿਰ ਇਹਨੂੰ ਕਿੱਥੇ ਦਾਖਲ ਕਰਵਾਈਏ?"

"ਮੈਂ ਤਾਂ ਇਹੀ ਕਹਾਂਗੀ, ਮੇਰੇ ਆਪਣੇ ਸਕੂਲ ਦੇ ਪਾਸ ਹੀ ਇੱਕ ਮਾਡਲ ਸਕੂਲ ਏ। ਪਹਿਲਾਂ ਇਸ ਨੂੰ ਉੱਥੇ ਦਾਖਲ ਕਰਵਾ ਦਿੰਦੇ ਹਾਂ, ਬਾਦ ਵਿੱਚ ਹਾਈ ਸਕੂਲ ਵਿੱਚ ਇਹ ਮੇਰੇ ਪਾਸ ਹੀ ਰਹੇਗਾ। ਖੁਦ ਘਰ ਪੜ੍ਹਾਈ ਵੱਲ ਜ਼ਿਆਦਾ ਧਿਆਨ ਦਿੰਦੇ ਰਹਾਂਗੇ। ਤੁਸੀਂ ਸਾਇੰਸ ਪੜ੍ਹਾਈ ਜਾਇਓ ਤੇ ਮੈਂ ਅੰਗਰੇਜ਼ੀ ਵੱਲ ਧਿਆਨ ਦਿੰਦੀ ਰਹਾਂਗੀ, ਘਰ ਵਿੱਚ ਕੰਪਿਊਟਰ ਰੱਖ ਲਵਾਂਗੇ। ਛੋਟੀ ਉਮਰ ਤੋਂ ਕੰਪਿਊਟਰ ਮੁਹਾਰਤ ਹਾਸਲ ਕਰਦਾ

ਰਹੂ।"

"ਕੀ ਹਾਈ ਸਕੂਲ ਦੀ ਪੜ੍ਹਾਈ ਤੋਂ ਬਾਅਦ ਇਹਨੂੰ ਕੈਨੇਡਾ ਨਾ ਭੇਜ ਦੇਈਏ? ਉਧਰਦਾ ਨਾਗਰਿਕ ਤਾਂ ਇਹ ਹੈ ਹੀ। ਕਿੰਨੀ ਵਧੀਆ ਗੱਲ ਏ ਕਿ ਇਹ ਐਸੇ ਦੇਸ਼ ਵਿੱਚ ਚਲਾ ਜਾਵੇਗਾ ਜਿੱਥੇ ਅਸੀਂ ਨਹੀਂ ਸਨ ਜਾ ਸਕੇ।"

"ਮੈਂ ਉਧਰਦਾ ਮਾਹੌਲ ਵੀ ਦੇਖ ਆਈ ਹਾਂ। ਅਗਰ ਬੱਚੇ ਨੂੰ ਹੱਥੋਂ ਗੁਆਣਾ ਹੈ ਤਾਂ ਉਸਨੂੰ ਇਕੱਲੇ ਨੂੰ ਉੱਧਰ ਭੇਜਿਓ।"

"ਕੀ ਹਰਕੰਵਲ ਇਸ ਨੂੰ ਉੱਧਰ ਸੰਭਾਲਣ ਵਿੱਚ ਸਾਡੀ ਮਦਦ ਨਹੀਂ ਕਰ ਸਕਦਾ? ਆਖਰ, ਤੇਰਾ ਭਰਾ ਏ।"

"ਨਹੀਂ, ਉਹ ਇੰਨੀ ਵੱਡੀ ਜ਼ਿੰਮੇਵਾਰੀ ਲੈਣ ਯੋਗਾ ਨਹੀਂ। ਜਿੱਦਾਂ ਦੇ ਆਪ ਕੰਮ ਕਰਦਾ ਏ, ਉਦਾਂ ਦੇ ਕੰਮਾਂ ਵਿੱਚ ਇਹਨੂੰ ਲਗਾ ਦੇਵੇਗਾ। ਤੁਹਾਨੂੰ ਪਤਾ ਹੀ ਏ, ਹਰਕੰਵਲ ਦੇ ਸਟੈਂਡਰਡ ਦਾ। ਇੱਧਰ ਚੱਜ ਨਾਲ ਪੜ੍ਹਿਆ ਨਹੀਂ, ਐਮ. ਏ. ਕਰਦਾ ਕਰਦਾ ਉੱਧਰ ਨੂੰ ਦੌੜ ਗਿਐ, ਉਹ ਵੀ ਅਨਪੜ੍ਹ ਜਿਹੀ ਕੁੜੀ ਨਾਲ ਵਿਆਹ ਕਰਵਾ ਕੇ। ਤੁਸੀਂ ਜਾਣਦੇ ਹੀ ਹੋ, ਉਹਦੀ ਘਰ ਵਾਲੀ ਮਸਾਂ ਉਧਰ ਦੀਆਂ 5-7 ਜਮਾਤਾਂ ਹੀ ਪੜ੍ਹੀ ਹੋਈ ਏ। ਦੋਵੇਂ ਫੈਕਟਰੀ ਵਿੱਚ ਮਜ਼ਦੂਰੀ ਕਰਕੇ ਮੱਛੀਓਂ ਮਾਸ ਹੋਏ ਰਹਿੰਦੇ ਨੇ। ਆਪਣੇ ਦੋਹਾਂ ਬੱਚਿਆਂ ਵੱਲ ਵੀ ਚੱਜ ਨਾਲ ਧਿਆਨ ਨਹੀਂ ਦੇਂਦੇ। ਉਹ ਸੁਖਪਾਲ ਨੂੰ ਕੀ ਸੰਭਾਲਣਗੇ? ਸਾਨੂੰ ਸੁੱਖ ਦੀ ਪਾਲਣਾ ਪੋਸ਼ਣਾ ਇਸ ਨੂੰ ਆਪਣੇ ਪਾਸ ਰੱਖ ਕੇ ਵਧੀਆ ਕਰਨੀ ਚਾਹੀਦੀ ਏ। ਜਦ ਵੱਡਾ ਹੋ ਜਾਵੇਗਾ ਤਾਂ ਦੇਖਾਂਗੇ।"

ਮਾਪਿਆਂ ਨੇ ਸੁੱਖ ਨੂੰ ਆਪਣੇ ਪਾਸ ਰੱਖਕੇ ਹੀ ਦਸਵੀਂ ਜਮਾਤ ਪਾਸ ਕਰਵਾਈ। ਦਸਵੀਂ ਵਿੱਚ ਉਸਦੇ ਨੰਬਰ ਚੰਗੇ ਆ ਗਏ। ਬਾਹਰਵੀਂ ਜਮਾਤ ਪਾਸ ਕਰਵਾਉਣ ਲਈ ਉਸਨੂੰ ਨੇੜਲੇ ਕਾਲਜ ਵਿੱਚ ਭੇਜਿਆ ਗਿਆ। ਮਾਪਿਆਂ ਨੇ ਸੌ ਫੀਸਦੀ ਸੋਚਿਆ ਹੋਇਆ ਸੀ ਕਿ ਬੱਚੇ ਨੂੰ ਹਰ ਹਾਲਤ ਵਿੱਚ ਐਮ.ਬੀ.ਬੀ.ਐਸ. ਵਿਚ ਦਾਖਲਾ ਮਿਲਣਾ ਚਾਹੀਦਾ ਏ। ਦਾਖਲਾ ਟੈਸਟ ਦਿੱਤਾ, ਸੁੱਖ ਪਾਸ ਹੋਣ ਤੋਂ ਕਾਫੀ ਥੱਲੇ ਰਹਿ ਗਿਆ। ਕੁੱਝ ਪ੍ਰਾਈਵੇਟ ਸਿਖਲਾਈ ਲੈ ਕੇ ਫਿਰ ਟੈਸਟ ਦਿੱਤਾ। ਬੱਚਾ ਦੂਸਰੀ ਵਾਰ ਵੀ ਪਾਸ ਨਾ ਕਰ ਸਕਿਆ ਕਿਉਂਕਿ ਐਮ.ਬੀ.ਬੀ.ਐਸ. ਦੀਆਂ ਸੀਟਾਂ ਬੜੀਆਂ ਹੀ ਘੱਟ ਸਨ। ਜਨਰਲ ਕੈਟੇਗਰੀ (general category) 'ਚ ਹੋਣ ਕਰਕੇ ਚੁਣ ਹੋਣਾ ਹੋਰ ਵੀ ਕਠਿਨ ਸੀ।

ਆਖਰਕਾਰ ਢੇਰ ਸਾਰੇ ਪੈਸੇ ਖਰਚ ਕਰਕੇ ਸੁੱਖ ਨੂੰ ਕਰਨਾਟਕ ਦੇ ਇੱਕ ਮੈਡੀਕਲ ਕਾਲਜ ਵਿੱਚ ਦਾਖਲ ਕਰਵਾਇਆ ਗਿਆ। ਮਾਂ ਪਿਓ ਦੇ ਮਨ ਵਿੱਚ ਸੀ ਬੱਚੇ ਨੂੰ ਡਾਕਟਰ ਬਣਾਉਣਾ ਹੀ ਬਣਾਉਣਾ ਏ। ਡਾਕਟਰੀ ਦੀ ਪੜ੍ਹਾਈ ਚਲਦੀ ਰਹੀ, ਨਾਲ ਨਾਲ ਇਸ਼ਕ ਮੁਸ਼ਕ ਦੀ ਪੜ੍ਹਾਈ ਵੀ ਸ਼ੁਰੂ ਹੋ ਗਈ। ਲੜਕੀ ਮੋਨਾ ਪਟਿਆਲੇ ਦੇ ਕੋਹਲੀ ਖਾਨਦਾਨ 'ਚੋਂ ਸੀ। ਉਹ ਵੀ ਉੱਥੇ ਉਸੇ ਕਾਲਜ ਵਿੱਚ ਹੀ ਐਮ.ਬੀ.ਬੀ.ਐੱਸ. ਕਰਨ ਗਈ ਹੋਈ ਸੀ। ਗੁਲਜ਼ਾਰ ਤੇ ਸ਼ਮਿੰਦਰ ਨੂੰ ਇਸ ਕਹਾਣੀ ਦਾ ਪਤਾ ਲੱਗਣਾ ਹੀ ਸੀ।

"ਸ਼ਮਿੰਦਰ, ਮੈਂ ਤੈਨੂੰ ਕਿਹਾ ਸੀ ਕਿ ਸੁੱਖ ਨੂੰ ਦਸਵੀਂ ਕਰਵਾਉਣ ਤੋਂ ਬਾਅਦ ਕੈਨੇਡਾ ਭੇਜ ਦਈਏ, ਤੂੰ ਮੰਨੀ ਨਹੀਂ ਸੀ। ਆਹ ਦੇਖ ਲਿਐ, ਹੁਣ ਜੋ ਚੰਦ ਚੜ੍ਹਿਐ ਫਿਰਦੇ? ਕਹਿੰਦੀ ਸੀ, ਕੈਨੇਡਾ ਜਾ ਕੇ ਸਾਡੇ ਹੱਥੋਂ ਨਿਕਲ ਜਾਵੇਗਾ? ਹੁਣ ਫੜ ਲੈ ਉਹਨੂੰ ਆਪਣੇ ਹੱਥਾਂ 'ਚ! ਅਸੀਂ ਚੀਮੇ ਜੱਟ ਹਾਂ, ਉਹ ਭਾਪਿਆਂ ਨਾਲ ਪੇਚੇ ਪਾਈ ਫਿਰਦੈ। ਤੂੰ ਮੇਰੀ ਇੱਕ ਨੀ ਮੰਨੀ। ਉਦੋਂ ਕੈਨੇਡਾ ਚਲਾ ਜਾਂਦਾ ਤਾਂ ਹੁਣ ਤੱਕ ਸੈੱਟ ਹੋ ਜਾਂਦਾ। ਵਿਆਹ ਵੀ ਕਿੱਧਰੇ ਚੰਗੇ ਥਾਂ ਹੋ ਜਾਂਦਾ। ਛੋਟੀ ਉਮਰ ਵਿੱਚ ਉੱਧਰ ਸੈੱਟ ਹੋਣਾ ਵੈਸੇ ਵੀ ਸੌਖਾ ਹੁੰਦੈ। ਤੂੰ ਹੀ ਮੁੰਡੇ ਨੂੰ ਵਿਗਾੜਨ ਲਈ ਜ਼ਿੰਮੇਵਾਰ ਏ,"

"ਗੁਲਜ਼ਾਰ, ਕੁੱਝ ਚੀਜ਼ਾਂ ਦਾ ਆਦਮੀ ਅੰਦਾਜ਼ਾ ਹੀ ਨਹੀਂ ਲਗਾ ਸਕਦਾ। ਮਨੁੱਖ ਸੋਚਦਾ ਕੁੱਝ ਹੋਰ ਏ, ਹੋ ਕੁੱਝ ਹੋਰ ਜਾਂਦਾ ਏ। ਵਿਆਹ ਸ਼ਾਦੀਆਂ ਦੇ ਮਾਮਲੇ ਵਿੱਚ ਤਾਂ ਅਕਸਰ ਇੰਜ ਹੁੰਦਾ ਏ। ਅਗਰ ਉਧਰ ਚਲਾ ਜਾਂਦਾ ਸ਼ਾਇਦ ਕੋਈ ਦੂਸਰੇ ਦੇਸ਼ ਦੀ ਮਿਲ ਜਾਂਦੀ। ਮਾਪੇ ਹੋਰ ਤਰ੍ਹਾਂ ਸੋਚਦੇ ਹਨ ਤੇ ਬੱਚੇ ਆਪਣੀ ਹੀ ਤਰ੍ਹਾਂ ਸੋਚਣ ਲੱਗ ਜਾਂਦੇ ਹਨ। ਆਪਣੀ ਗਲਤੀ ਦਾ ਅਹਿਸਾਸ ਬੱਚਿਆਂ ਨੂੰ ਕਈ ਵਾਰ ਹੁੰਦਾ ਹੀ ਨਹੀਂ। ਕਈ ਤਾਂ ਅੰਤਰਜਾਤੀ ਵਿਆਹਾਂ ਨੂੰ ਗਲਤੀ ਮੰਨਦੇ ਹੀ ਨਹੀਂ।"

"ਸ਼ਮਿੰਦਰ, ਛੱਡ ਇਸ ਪ੍ਰਕਾਰ ਦੀ ਲੈਕਚਰਬਾਜ਼ੀ ਨੂੰ। ਹੁਣ ਦੱਸ ਕਰਨਾ ਕੀ ਏ? ਮੈਨੂੰ ਨਹੀਂ ਲਗਦਾ ਕਿ ਉਹ ਪਿੱਛੇ ਮੁੜੇ। ਉਹ ਉੱਥੇ ਹੀ ਵਿਆਹ ਕਰਵਾ ਕੇ ਰਹੇਗਾ। ਅਗਰ ਮਨ੍ਹਾਂ ਕਰਾਂਗੇ ਤਾਂ ਉਹ ਸਾਡੇ ਖਿਲਾਫ ਬਗਾਵਤ ਵੀ ਕਰ ਸਕਦਾ ਏ। ਇਸ ਪ੍ਰਕਾਰ ਦੇ ਪਹਿਲੇ ਪਹਿਲੇ ਵਿਆਰ ਕਦੀ ਪਿੱਛੇ ਨਹੀਂ ਹਟਦੇ ਹੁੰਦੇ।"

"ਇਸ ਪ੍ਰਕਾਰ ਦੇ ਕੇਸਾਂ ਵਿੱਚ ਬਿਹਤਰ ਇਹੀ ਹੁੰਦੀ ਏ ਕਿ ਬੱਚਿਆਂ ਦੀ ਗੱਲ ਮੰਨ ਲਈ ਜਾਵੇ। ਅਗਰ ਨਾ ਮੰਨੋ ਹੋਣਾ ਫਿਰ ਵੀ ਓਹੀ ਕੁਝ ਹੁੰਦਾ ਏ। ਜਿਵੇਂ ਕਹਿੰਦੇ ਏ ਓਵੇਂ ਹੀ ਹੋਣ ਦਿਓ। ਦੋਨੋਂ ਡਾਕਟਰ ਬਣ ਜਾਣਗੇ। ਪੜ੍ਹਾਈ ਤਾਂ ਦੋਹਾਂ ਦੀ ਬਰਾਬਰ ਹੈ ਹੀ। ਇਹ ਵੀ ਤਾਂ ਚੰਗੀ ਗੱਲ ਏ। ਹੋ ਸਕਦਾ ਏ, ਜੱਟਾਂ ਵਿੱਚ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਲੱਭਣੀ ਔਖੀ ਹੋ ਜਾਂਦੀ। ਅੱਜ ਕੱਲ੍ਹ ਬਥੇਰੇ ਇੰਟਰ ਕਾਸਟ ਵਿਆਹ ਵੀ ਤਾਂ ਹੋਈ ਹੀ ਜਾ ਰਹੇ ਨੇ..."

"ਸ਼ਮਿੰਦਰ, ਇਹ ਤਾਂ ਤੂੰ ਮੇਰਾ ਐਵੇਂ ਮੂੰਹ ਚੋਪੜ ਰਹੀ ਏਂ। ਅੰਦਰੋਂ ਤਾਂ ਤੂੰ ਵੀ ਖੁਸ਼ ਨਹੀਂ। ਜਦ ਖੀਰ ਵਿੱਚ ਸੁਆਹ ਪੈ ਹੀ ਗਈ ਤਾਂ ਤੂੰ ਤੇ ਮੈਂ ਕੁੱਝ ਵੀ ਨਹੀਂ ਕਰ ਸਕਦੇ। ਦੂਜੀ ਗੱਲ ਡਾਕਟਰ ਬਣਨ ਦੀ ਏ। ਪੰਜਾਬ ਵਿੱਚ ਮੈਰਿਟ ਦੇ ਆਧਾਰ ਤੇ ਇਹਨਾਂ ਨੂੰ ਦਾਖਲਾ ਨਹੀਂ ਮਿਲਿਆ। ਅੰਤਾਂ ਦੇ ਪੈਸੇ ਖਰਚ ਕੇ ਦੂਜਿਆਂ ਸੂਬਿਆਂ ਵਿੱਚ ਜਾ ਕੇ ਡਿਗਰੀਆਂ ਲੈ ਰਹੇ ਨੇ। ਇਹ ਡਿਗਰੀਆਂ ਪੰਜਾਬ 'ਚ ਨੌਕਰੀ ਲੈਣ ਲਈ ਕਿੰਨੀਆਂ ਕੁ ਸਹਾਈ ਹੋਣਗੀਆਂ? ਨੌਕਰੀਆਂ ਤਾਂ ਇੱਥੇ ਚੰਗੇ ਮੈਰਿਟ ਵਾਲੇ ਬੱਚਿਆਂ ਨੂੰ ਵੀ ਨਹੀਂ ਮਿਲ ਰਹੀਆਂ। ਇਹਨਾਂ ਬਾਹਰੋਂ ਰਿਆਇਤੀ ਲਈਆਂ ਡਿਗਰੀਆਂ ਨੂੰ ਇਥੇ ਪੰਜਾਬ 'ਚ ਕੌਣ ਪੁੱਛੂ? ਰਹਿੰਦੀ ਖੂੰਹਦੀ ਕਸਰ ਰਾਖਵੇਂਕਰਣ ਨੇ ਕੱਢੀ ਹੋਈ ਹੈ। ਜਿੱਧਰ

ਦੇਖੋ ਓਹੀ ਕੁਰਸੀਆਂ ਤੇ ਬੈਠੇ ਨੇ। ਬਣਾ ਲਈਂ ਇਹਨਾਂ ਨੂੰ ਡਾਕਟਰ। ਡਾਕਟਰ ਬਣਾਉਣਾ ਸੀ ਤਾਂ ਪਹਿਲਾਂ ਤੋਂ ਹੀ ਇਹ ਦੇਖਣਾ ਚਾਹੀਦਾ ਸੀ ਕਿ ਬੱਚੇ ਵਿੱਚ ਡਾਕਟਰ ਬਣਨ ਦੀ ਸ਼ਮਤਾ ਹੈ ਵੀ ਏ। ਬੱਚੇ ਨੂੰ ਹਮੇਸ਼ਾ ਉਸ ਲਾਈਨ ਵਿੱਚ ਪਾਉਣਾ ਚਾਹੀਦਾ ਏ ਜਿਸ ਵਿੱਚ ਉਸ ਦਾ ਮਨੋਬਲ ਉੱਚਾ ਰਹੇ। ਜੇ ਕੋਈ ਬੱਚਾ ਚੰਗਾ ਖਿਡਾਰੀ ਬਣਦਾ ਨਜ਼ਰ ਆਵੇ ਤਾਂ ਉਸ ਨੂੰ ਡਾਕਟਰੀ ਵਿੱਚ ਅਵਾਗੌਣ ਝੋਕਣ ਦਾ ਕੀ ਫਾਇਦਾ? ਜੇ ਕਿਸੇ ਦੀ ਇਤਹਾਸ ਵਿੱਚ ਦਿਲਚਸਪੀ ਏ ਤਾਂ ਉਸਨੂੰ ਇਤਹਾਸ ਪੜ੍ਹਨ ਦਿਓ। ਹੋ ਸਕਦਾ ਏ ਉਹ ਇਤਹਾਸ ਵਿੱਚ ਕੋਈ ਵੱਡਾ ਨਾਮਣਾ ਖੱਟ ਲਵੇ। ਸ਼ਮਿੰਦਰ, ਅਸੀਂ ਸੁੱਖ ਨੂੰ ਐਵੇਂ ਡਾਕਟਰੀ ਲਾਈਨ ਵਿੱਚ ਨੂੰ ਧੂੰਗ ਧੂੰਗ ਕੇ ਤੁੰਨਿਆ ਸੀ। ਉਸਦਾ ਜੀਅ ਇਧਰ ਨੂੰ ਜਾਣ ਨੂੰ ਬਿਲਕੁਲ ਵੀ ਨਹੀਂ ਸੀ ਕਰਦਾ। ਤੈਨੂੰ ਪਤਾ ਹੀ ਏ, ਜਦ ਉਹ ਦਾਖਲਾ ਟੈਸਟ ਪਾਸ ਕਰਨ ਵਿੱਚ ਅਸਫਲ ਰਿਹਾ ਸੀ ਤਾਂ ਉਸਦਾ ਮਨੋਬਲ ਗਿਰ ਗਿਆ ਸੀ।"

"ਹੁਣ ਛੱਡੋ, ਇਸ ਪ੍ਰਕਾਰ ਦੀਆਂ ਸੋਚਾਂ ਨੂੰ। ਡਿਗਰੀ ਤਾਂ ਇਹ ਕਰ ਹੀ ਰਹੇ ਹਨ। ਅਗਰ ਸਰਕਾਰੀ ਨੌਕਰੀ ਨਹੀਂ ਲੱਗ ਸਕਣਗੇ ਤਾਂ ਆਪਣਾ ਕਲੀਨਿਕ ਖੋਲ੍ਹ ਲੈਣਗੇ।"

"ਆਪਣੇ ਕਲੀਨਿਕ ਚਲਾਉਣੇ ਸੌਖੇ ਐ? ਔਹ ਬਖਤਾਵਰ ਸਿੰਘ ਦੇ ਮੁੰਡੇ ਨੇ ਖੋਲ੍ਹਿਆ ਹੀ ਸੀ। ਛੇ ਕੁ ਮਹੀਨਿਆਂ ਵਿੱਚ ਹੀ ਬੰਦ ਕਰਕੇ ਘਰ ਆ ਵੜਿਐ। ਹੁਣ ਕੱਛਾਂ ਵਜਾਉਂਦਾ ਫਿਰਦੈ। ਬਾਹਰ ਜਾਣ ਲਈ ਕਮਰ ਕਸੇ ਕਰੀ ਫਿਰਦੈ।"

ਆਖਰ ਸੁੱਖ ਤੇ ਮੋਨਾ ਦਾ ਵਿਆਹ ਕਰ ਦਿੱਤਾ ਗਿਆ। ਦੋਨਾਂ ਨੇ ਨੌਕਰੀ ਲੱਭਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਨੌਕਰੀ ਨਾ ਮਿਲੀ। ਫਿਰ ਕੈਨੇਡਾ ਜਾਣ ਬਾਰੇ ਸੋਚਿਆ ਜਾਣ ਲੱਗ ਪਿਆ। ਅੰਗਰੇਜ਼ੀ ਦੇ ਟੈਸਟ ਦਿੱਤੇ ਪਰੰਤੂ ਉਹ ਵੀ ਉਹਨਾਂ ਤੋਂ ਪਹਿਲੀ ਵਾਰ ਪਾਸ ਨਾ ਹੋਏ। ਇਹ ਟੈਸਟ ਪਾਸ ਕਰਨ ਤੇ ਦੁਆਰਾ ਮਿਹਨਤ ਨਾ ਕੀਤੀ। ਜਲਦਬਾਜ਼ੀ ਵਿਚ ਇਹ ਸੋਚਿਆ ਗਿਆ ਕਿ ਸੁੱਖ ਇਕੱਲਾ ਹੀ ਕੈਨੇਡਾ ਚਲਾ ਜਾਵੇ। ਉਹ ਇੰਜ ਕਰ ਸਕਦਾ ਸੀ ਕਿਉਂਕਿ ਉਹ ਕੈਨੇਡਾ ਦਾ ਨਾਗਰਿਕ ਸੀ। ਮਾਂ ਪਿਓ ਨੂੰ ਲਗਦਾ ਸੀ ਕਿ ਉਹ ਉੱਧਰ ਜਾ ਕੇ ਕੁੱਝ ਸਮੇਂ ਵਿੱਚ ਕਿਸੇ ਕਿੱਤੇ ਵਿੱਚ ਪੈ ਜਾਵੇਗਾ। ਮੋਨਾ ਬਾਦ ਵਿੱਚ ਚਲੀ ਜਾਵੇਗੀ।

ਕੈਨੇਡਾ ਵਿੱਚ ਪਹੁੰਚਣ ਤੇ ਸੁੱਖ ਨੂੰ ਸਾਰਾ ਸਿਸਟਮ ਹੀ ਅਜੀਬ ਲੱਗਿਆ। ਪਹਿਲਾਂ ਤਾਂ ਉਸਨੂੰ ਪਤਾ ਹੀ ਨਾ ਲੱਗੇ ਕਿ ਉਹ ਕੀ ਕਰੇ। ਉਸ ਦਾ ਮਨ ਥਾਲੀ ਦੇ ਪਾਣੀ ਵਾਂਗ ਡੋਲੀ ਜਾਵੇ। ਜਾ ਕੇ ਡਰਾਵਿੰਗ ਟੈਸਟ ਪਾਸ ਕਰਨੇ ਪਏ। ਸੋਚ ਕੇ ਉਹ ਡਾਕਟਰੀ ਕਿਤੇ ਵਿੱਚ ਜਾਣ ਲਈ ਗਿਆ ਸੀ ਪਰੰਤੂ ਉਸਨੂੰ ਮਹਿਸੂਸ ਇਵੇਂ ਹੋਈ ਜਾਵੇ ਉਹ ਉੱਥੇ ਕੰਪਾਉਂਡਰ ਵੀ ਨਹੀਂ ਸੀ ਲੱਗ ਸਕਦਾ। ਜਦ ਉਸਨੇ ਉੱਥੇ ਭਾਰਤ ਜਿਹੇ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਵਕੀਲ ਆਦਿ ਸਕਿਊਰਿਟੀ ਦੀਆਂ ਨੌਕਰੀਆਂ ਅਤੇ ਟੈਕਸੀ ਤੇ ਟਰੱਕ ਡਰਾਈਵਰੀਆਂ ਕਰਦੇ ਦੇਖੇ ਤਾਂ

ਉਸਨੂੰ ਉਸਦੀ ਕਲਪਨਾ ਵਿਚਲੀ ਕਸਤੂਰੀ ਨਿਰੀ ਹਿੰਗ ਮਹਿਸੂਸ ਹੋਣ ਲੱਗ ਪਈ। ਚਾਵਾਂ ਤੇ ਲਾਡਾਂ ਨਾਲ ਪਲਿਆ ਅਤੇ ਬੜੇ ਸੁਖਾਵੇਂ ਹਾਲਾਤਾਂ ਵਿੱਚ ਰਿਹਾ ਸੁੱਖ ਮਹੀਨਾ ਕੁ ਇੱਕ ਫੈਕਟਰੀ ਦੇ ਗੇਟ ਤੇ ਸਕਿਉਰਿਟੀ ਗਾਰਡ ਦੇ ਤੌਰ ਤੇ ਸਾਰੀ ਸਾਰੀ ਰਾਤ ਪਹਿਰਾ ਦੇ ਕੇ ਅੱਕ ਥੱਕ ਗਿਆ ਤੇ ਮੁੜ ਪੰਜਾਬ ਵਾਪਸ ਜਾਣ ਬਾਰੇ ਸੋਚਣ ਲੱਗ ਪਿਆ।

"ਮੈਂ ਵਾਪਸ ਆ ਰਿਹਾ ਹਾਂ", ਉਸ ਨੇ ਮੋਨਾ ਨੂੰ ਫੋਨ ਮਾਰਿਆ।

"ਇੱਧਰ ਆ ਕੇ ਕੀ ਕਰੋਗੇ? ਕਲੀਨਿਕ ਚਲਾ ਲਓਗੇ? ਕੀ ਮੰਮੀ ਪਾਪਾ ਤੁਹਾਡੇ ਇਸ ਵਿਚਾਰ ਨਾਲ ਸਹਿਮਤ ਹੋਣਗੇ? ਤੁਹਾਡੇ ਜਨਮ ਸਮੇਂ ਮੰਮੀ ਥੋੜ੍ਹੇ ਚਿਰ ਲਈ ਡਾਲਰਾਂ ਦੀ ਝਲਕ ਦੇਖ ਕੇ ਆਏ ਸਨ। ਉਹਨਾਂ ਦੀਆਂ ਗੱਲਾਂ ਤੋਂ ਪਤਾ ਲਗਦਾ ਏ ਕਿ ਉਹਨਾਂ ਨੂੰ ਉਸ ਸਮੇਂ ਰੁਪਿਆ ਬੜਾ ਮਾੜਾ ਲੱਗਣ ਲੱਗ ਪਿਆ ਸੀ", ਮੋਨਾ ਨੇ ਫੋਨ ਪਾਪਾ ਨੂੰ ਫੜਾਉਂਦੇ ਹੋਏ ਕਿਹਾ।

"ਬਰਖੁਰਦਾਰ, ਕਿਵੇਂ ਗੁਜ਼ਰ ਰਹੀ ਏ? ਦਿਲ ਨਹੀਂ ਲਗਦਾ? ਮੈਨੂੰ ਪਹਿਲਾਂ ਹੀ ਪਤਾ ਸੀ ਕਿ ਇੰਜ ਹੀ ਹੋਵੇਗਾ। ਵਿਹਲੀਆਂ ਖਾਣ ਵਾਲਿਆਂ ਅਤੇ ਲਾਡਾਂ ਮੁਲਾਰਾਂ ਨਾਲ ਪਾਲਿਆਂ ਨਾਲ ਇਵੇਂ ਹੀ ਹੁੰਦਾ ਏ," ਗੁਲਜ਼ਾਰ ਨੇ ਖਰੀਆਂ ਖਰੀਆਂ ਸੁਣਾ ਕੇ ਰੇਖ 'ਚ ਮੇਖ ਠੋਕ ਦਿੱਤੀ।

"ਪਾਪਾ, ਤੁਸੀਂ ਸਭ ਬੇਪਕੂਫ ਹੋ। ਇੱਥੇ ਉਹ ਲੋਕ ਜਲਦੀ ਪੂਰੀਆਂ ਪਾਉਂਦੇ ਹਨ ਜਿਹੜੇ ਇੱਧਰ ਨੂੰ ਛੋਟੀ ਉਮਰ ਵਿੱਚ ਆ ਜਾਣ। ਜਦ ਮੈਂ ਇੱਧਰ ਦਾ ਜਨਮ ਤੋਂ ਹੀ ਨਾਗਰਿਕ ਸਾਂ ਤਾਂ ਤੁਸਾਂ ਮੈਨੂੰ ਹੁਣ ਤੱਕ ਇੰਡੀਆ ਵਿੱਚ ਕਿਉਂ ਡੱਕ ਛੱਡਿਐ? ਮੇਰਾ ਸੁਨਹਿਰੀ ਸਮਾਂ ਤੁਸਾਂ ਖਰਾਬ ਕਰ ਦਿੱਤਾ। ਮਾਰੋ ਗੋਲੀ ਡਾਕਟਰੀ ਨੂੰ। ਇੱਧਰ ਤਾਂ ਸਾਧਾਰਨ ਨੌਕਰੀਆਂ ਲਈ ਵੀ ਕਾਫੀ ਉੱਚੀ ਸਕਿੱਲ (skill) ਚਾਹੀਦੀ ਏ। ਇੱਥੇ ਤਾਂ ਮੋਚੀ, ਰਾਜ ਮਿਸਤਰੀ (bricklayer), ਲੱਕੜਹਾਰਾ (tree climber), ਡਾਕੀਆ ਤੇ ਬਹਿਰਾ (waiter) ਲੱਗਣ ਲਈ ਵੀ ਕੋਰਸ ਕਰਨੇ ਪੈਂਦੇ ਹਨ। ਜਿਹੜਾ ਸ਼ੁਰੂ ਤੋਂ ਹੀ ਡਾਕਟਰੀ ਦਾ ਫਤੂਰ ਮਨ ਵਿੱਚ ਬਿਠਾਂ ਦਿੱਤਾ ਇਹ ਹੋਰ ਕੁਝ ਵੀ ਨਹੀਂ ਕਰਨ ਦਿੰਦਾ। ਅਗਰ ਟੈਕਸੀ ਚਲਾਉਣ ਵਲ ਵਧਦਾ ਹਾਂ ਤਾਂ ਹੋਰ ਵੀ ਪਰੇਸ਼ਾਨ ਹੋ ਜਾਂਦਾ ਹਾਂ। ਇੱਥੇ ਪੁਰਾਣੇ ਆਏ ਹੋਏ ਨਿਰੇ ਦਸਵੀਂ ਪਾਸ ਜਾਂ ਦਸਵੀਂ ਫੇਲ੍ਹ ਟਰੱਕ ਚਲਾ ਰਹੇ ਹਨ, ਟੈਕਸੀ ਚਲਾ ਰਹੇ ਹਨ, ਫੈਕਟਰੀਆਂ ਵਿੱਚ ਮਜ਼ਦੂਰੀ ਕਰ ਰਹੇ ਹਨ ਤੇ ਖੇਤਾਂ ਵਿੱਚ ਫਲ ਤੋੜ ਰਹੇ ਹਨ। ਕੀ ਇੱਕ ਡਾਕਟਰ ਵੀ ਇਹੀ ਕੰਮ ਕਰੇ? ਡਾਕਟਰੀ ਦੇ ਕੋਰਸ ਨੂੰ ਦੁਹਰਾਣਾ ਅਸੰਭਵ ਲਗਦਾ ਏ। ਇਹ ਦੇਸ਼ ਭਾਰਤ ਜਿਹੇ ਦੇਸ਼ਾਂ ਤੋਂ ਪ੍ਰਾਪਤ ਕੀਤੀਆਂ ਡਿਗਰੀਆਂ ਨੂੰ ਮੰਨਦੇ ਹੀ ਨਹੀ। ਮੈਂ ਵਾਪਸ ਆ ਰਿਹਾ ਹਾਂ। ਇੱਥੇ ਜ਼ਲੀਲ ਹੋਣ ਨਾਲੋਂ ਪੰਜਾਬ ਵਿੱਚ ਕੋਈ ਆਪਣਾ ਕੰਮ ਖੋਲ੍ਹ ਲੈਣਾ ਹੀ ਠੀਕ ਏ।"

ਜਦ ਹਰਕੰਵਲ ਦੇ ਜ਼ੋਰ ਦੇਣ ਤੇ ਵੀ ਉਹ ਉੱਥੇ ਰਹਿਣ ਲਈ ਤਿਆਰ ਨਾ

ਹੋਇਆ ਤਾਂ ਹਰਕੰਵਲ ਨੇ ਉਸਨੂੰ ਆਪਣੀ ਮਰਜ਼ੀ ਕਰ ਲੈਣ ਦਿੱਤੀ। ਸੁੱਖ ਵਾਪਸ ਪੰਜਾਬ ਆ ਗਿਆ। ਮਾਪਿਆਂ ਨਾਲ ਬਹਿਸ ਤੋਂ ਬਾਅਦ ਉਸਨੇ ਮੋਨਾ ਨੂੰ ਨਾਲ ਲੈ ਕੇ ਨਾਲ ਦੇ ਸ਼ਹਿਰ ਵਿੱਚ ਕਲੀਨਿਕ ਖੋਲ੍ਹ ਲਿਆ। ਦੋਨੋਂ ਸਵੇਰ ਤੋਂ ਸ਼ਾਮ ਤੱਕ ਕਲੀਨਿਕ ਤੇ ਬੈਠੇ ਰਹਿੰਦੇ। ਗਾਹਕ ਬੜੇ ਹੀ ਘੱਟ ਆਉਂਦੇ। ਸ਼ਹਿਰ ਵਿੱਚ ਤਿੰਨ ਚਾਰ ਕਲੀਨਿਕ ਬੜੇ ਹੀ ਯੋਗ ਡਾਕਟਰਾਂ ਦੇ ਸਨ। ਉੱਥੇ ਮਰੀਜ਼ਾਂ ਦੀ ਭੀੜ ਲੱਗੀ ਰਹਿੰਦੀ। ਲੋਕਾਂ ਨੂੰ ਰਿਆਇਤੀ ਲਈਆਂ ਡਿਗਰੀਆਂ ਦੇ ਵਜ਼ਨ ਦਾ ਪਤਾ ਲੱਗ ਹੀ ਜਾਂਦਾ ਏ। ਦੂਜੀ ਗੱਲ ਇਹ ਕਿ ਕਿਸੇ ਵੀ ਕਾਰੋਬਾਰ ਨੂੰ ਖੜ੍ਹਾ ਕਰਨ ਲਈ ਸਬਰ ਤੇ ਇੰਤਜ਼ਾਰ ਦੀ ਵੀ ਲੋੜ ਹੁੰਦੀ ਏ। ਚੱਟੀ ਤੋਂ ਹੱਟੀ ਬਣਦੀ ਏ ਤੇ ਫਿਰ ਹੱਟੀ ਤੋਂ ਖੱਟੀ। ਐਵੇਂ ਤਾਂ ਨਹੀਂ ਚਲਦੇ ਕਾਰੋਬਾਰ ਪਗੜੀਆਂ ਲੈ ਕੇ ਵੇਚੇ ਜਾਂਦੇ ਹਨ। ਇਸੇ ਕਰਕੇ ਲਾਲੇ ਆਪਣਾ ਅੱਡਾ ਗੱਡਾ ਥੋੜ੍ਹੇ ਕੀਤੇ ਨਹੀਂ ਛੱਡਦੇ। ਪੁਸ਼ਤ ਦਰ ਪੁਸ਼ਤ ਆਪਣੇ ਬੱਚਿਆਂ ਨੂੰ ਹੱਟੀ ਤੇ ਬਿਠਾਉਂਦੇ ਰਹਿੰਦੇ ਨੇ।

ਦੋਵੇਂ ਸੁੱਖ ਤੇ ਮੋਨਾ ਸਾਲ ਭਰ ਕਲੀਨਿਕ ਤੇ ਬੈਠ ਬੈਠ ਕੇ ਥੱਕ ਹਾਰ ਗਏ। ਆਖਰ ਇਸ ਪ੍ਰਕਾਰ ਦੀਆਂ ਫਿਰ ਵਿਚਾਰਾਂ ਹੋਣ ਲੱਗੀਆਂ ਕਿ ਵਾਪਸ ਕੈਨੇਡਾ ਹੀ ਜਾਇਆ ਜਾਵੇ, ਡਾਕਟਰੀ ਦੀ ਲਾਈਨ ਨੂੰ ਛੱਡ ਦਿੱਤਾ ਜਾਵੇ ਤੇ ਕੁੱਝ ਹੋਰ ਕੀਤਾ ਜਾਵੇ। ਇਸ ਸੰਬੰਧ ਵਿੱਚ ਹਰਕੰਵਲ ਨਾਲ ਵੀ ਬੜੀਆਂ ਗੰਭੀਰ ਵਿਚਾਰਾਂ ਕੀਤੀਆਂ ਗਈਆਂ।

ਹਰਕੰਵਲ ਨੇ ਦੱਸਿਆ, "ਜਿਹੜਾ ਕੈਨੇਡਾ ਅਤੇ ਆਸਟਰੇਲੀਆ ਜਿਹੇ ਦੇਸ਼ਾਂ ਵਿੱਚ ਆ ਕੇ ਕੁਝ ਸਮਾਂ ਬਿਤਾ ਜਾਵੇ ਉਹ ਮੁੜ ਭਾਰਤ ਜਿਹੇ ਦੇਸ਼ਾਂ ਵਿੱਚ ਬਹੁਤ ਘੱਟ ਟਿਕਦਾ ਏ। ਭਾਵੇਂ ਇਹਨਾਂ ਵਿਕਸਤ ਦੇਸ਼ਾਂ ਵਿੱਚ ਵੀ ਕਈ ਛੋਟੇ ਛੋਟੇ ਮਸਲੇ ਹਨ ਪਰੰਤੂ ਭਾਰਤ ਜਿਹੇ ਦੇਸ਼ ਤਾਂ ਗੰਭੀਰ ਮਸਲਿਆਂ ਨਾਲ ਭਰੇ ਪਏ ਹਨ। ਐਵੇਂ ਇਹ ਸੋਚੀ ਜਾਣਾ ਕਿ ਬੱਚਾ ਇੱਧਰ ਆ ਕੇ ਵਿਗੜ ਜਾਵੇਗਾ ਜਾਂ ਇਕੱਲਾ ਦੁਕੱਲਾ ਇਧਰ ਰਹਿ ਕੇ ਔਖਾ ਹੋਵੇਗਾ, ਸਭ ਨਿਰਮੂਲ ਤੇ ਨਿਰਆਧਾਰ ਗੱਲਾਂ ਹਨ। ਅਸਲੀ ਹੱਲ ਬੱਚੇ ਨੂੰ ਇੱਧਰ ਭੇਜਣ ਵਿੱਚ ਹੀ ਏ। ਇਹਨਾਂ ਦੇਸ਼ਾਂ ਵਿੱਚੀਂ ਵਿਚਰਿਆ ਬੱਚਾ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਪ੍ਰਕਾਰ ਦੀ ਮਾਰ ਨਹੀਂ ਖਾਂਦਾ। ਇਸ ਲਈ ਸੁੱਖ ਨੂੰ ਵਾਪਸ ਇੱਧਰ ਭੇਜੋ, ਡੜੀ ਡਾਕਟਰੀ ਦਾ ਖਹਿੜਾ ਛੱਡੋ, ਕੁਝ ਹੋਰ ਕਰਨ ਬਾਰੇ ਸੋਚੋ। ਅਗਰ ਡਾਕਟਰ ਹੀ ਬਣਨਾ ਏ ਤਾਂ ਇੱਧਰ ਕਈ ਸਾਲ ਪੜ੍ਹਾਈ ਵਿੱਚ ਲਗਾਉਣੇ ਪੈਣਗੇ। ਮੇਰੇ ਨਾਲ ਇੱਕ ਮਿਸਰ ਦੇਸ਼ ਦਾ ਡਾਕਟਰ ਟੈਕਸੀ ਚਲਾ ਰਿਹਾ ਏ। ਪਹਿਲਾਂ ਉਸਦੇ ਸਿਰ ਤੇ ਵੀ ਇੱਧਰ ਆ ਕੇ ਡਾਕਟਰੀ ਪਾਸ ਕਰਨ ਦਾ ਭੂਤ ਸੁਆਰ ਹੋਇਆ ਸੀ। ਡਾਕਟਰੀ ਪਾਸ ਕਰਦਾ ਕਰਦਾ ਆਪਣੇ ਸਿਰ 50000 ਡਾਲਰ ਦਾ ਕਰਜ਼ਾ ਚੜ੍ਹਾ ਬੈਠਾ। ਇਹ ਕੋਰਸ ਕਰਨ ਤੋਂ ਬਾਅਦ ਵੀ ਉਹ ਮੈਡੀਕਲ ਲਾਈਨ ਵਿੱਚ ਨੌਕਰੀ ਨਾ ਲੈ ਸਕਿਆ। ਹੁਣ ਟੈਕਸੀ ਚਲਾ ਚਲਾ ਕੇ ਤੇ ਸਕਿਊਰਿਟੀ ਦੀਆਂ ਜਾਬਾਂ ਕਰ ਕਰ ਕੇ ਕਰਜ਼ਾ ਵੀ ਵਾਪਿਸ

ਕਰ ਰਿਹਾ ਏ ਤੇ ਆਪਣੇ ਘਰ ਦੀਆਂ ਕਿਸ਼ਤਾਂ ਵੀ ਉਤਾਰ ਰਿਹਾ ਏ। ਇਹਨਾਂ ਦੇਸ਼ਾਂ ਵਿੱਚ ਯੂਨੀਵਰਸਿਟੀਆਂ ਆਖਰ ਕਾਰ ਡਿਗਰੀ ਦੇ ਹੀ ਦਿੰਦੀਆਂ ਹਨ ਕਿਉਂਕਿ ਬੰਦੇ ਨੇ ਪੈਸਾ ਖਰਚ ਕੀਤਾ ਹੁੰਦਾ ਏ। ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਨੌਕਰੀ ਲੈਣ ਲਈ ਫਿਰ ਕਈ ਪ੍ਰਕਾਰ ਦੇ ਟੈਸਟ ਹੁੰਦੇ ਹਨ। ਇਹਨਾਂ ਵਿੱਚ ਪੂਰੀ ਪੈਂਦੇ ਪੈਂਦੇ ਹੋਰ ਕਈ ਸਾਲ ਲੱਗ ਜਾਂਦੇ ਹਨ। ਇੰਨੀ ਲੰਬੀ ਇੰਤਜ਼ਾਰ ਕਰਦਾ ਹੋਇਆ ਬੰਦਾ ਅੰਤਾਂ ਦਾ ਪਰੇਸ਼ਾਨ ਹੋ ਜਾਂਦਾ ਏ। ਨਾਲ ਹੀ ਨਾਲ ਉਸਦੀ ਉਮਰ ਵੀ ਵਧਦੀ ਜਾਂਦੀ ਏ। ਬੰਦਾ ਆਪਣੇ ਆਪ ਨੂੰ ਹੀਣਾ ਵੀ ਮਹਿਸੂਸ ਕਰਨ ਲੱਗ ਪੈਂਦਾ ਏ। ਇਹ ਦੇਸ਼ ਵੈਸੇ ਵੀ ਵੱਧ ਉਮਰ ਵਾਲੇ ਬੰਦੇ ਨੂੰ ਬੜੀ ਸੋਚ ਸਮਝ ਕੇ ਪੱਕੀ ਨੌਕਰੀ ਤੇ ਰੱਖਦੇ ਹਨ। ਬਿਹਤਰ ਇਹ ਹੈ ਕਿ ਇੱਧਰ ਘੱਟ ਉਮਰ ਵਿੱਚ ਆ ਜਾਵੋ, ਇੱਧਰ ਦੇ ਸਿਸਟਮ ਵਿੱਚ ਢਲਦੇ ਢਲਦੇ ਪੜ੍ਹਾਈ ਕਰੋ, ਭਾਰਤ ਤੋਂ ਕੀਤੀ ਪੜ੍ਹਾਈ ਨੂੰ ਭੁੱਲ ਜਾਵੋ ਤੇ ਭਾਰਤ ਵਿਚਲੇ ਰੁਤਬੇ ਦਾ ਫਤੂਰ ਵੀ ਮਨ ਤੋਂ ਲਾਹ ਦੇਵੋ। ਇਧਰ ਆ ਕੇ ਕੋਈ ਹੋਰ ਕੰਮ ਕਰਨ ਲੱਗ ਜਾਵੋ। ਇੱਧਰ ਕੰਮ ਔਖੇ ਜਾਂ ਸੌਖੇ ਜ਼ਰੂਰ ਹਨ ਪਰੰਤੂ ਪੈਸੇ ਸਭ ਕੰਮਾਂ ਵਿੱਚ ਹੀ ਬਣ ਜਾਂਦੇ ਹਨ। ਥਾਲੀ ਵਿੱਚ ਪਰੋਸਿਆ ਹੋਇਆ ਰੁਤਬਾ ਇੱਧਰ ਨਹੀਂ ਮਿਲਦਾ। ਇਧਰ ਸਿਫਾਰਸ਼ਾਂ ਵੀ ਨਹੀਂ ਚਲਦੀਆਂ।"

ਗੁਲਜ਼ਾਰ ਦੇ ਮਨ ਵਿੱਚ ਮੈਡੀਕਲ ਕਿੱਤੇ ਦੇ ਡਾਕਟਰਾਂ ਤੋਂ ਇਲਾਵਾ ਹੋਰ ਕਿੱਤਿਆਂ ਨਾਲ ਸੰਬੰਧਤ ਡਾਕਟਰ ਆਉਣੇ ਸ਼ੁਰੂ ਹੋ ਗਏ। ਉਸ ਤੋਂ ਉਹਨਾਂ ਬਾਰੇ ਪੜਚੋਲ ਕਰਨ ਤੋਂ ਵੀ ਨਾ ਰਹਿ ਹੋਇਆ, "ਹਰਕੰਵਲ, ਇੱਥੋਂ ਪੰਜਾਬ 'ਚੋਂ ਹੋਰ ਵੀ ਵਥੇਰੇ ਇੰਜੀਨੀਅਰ, ਪ੍ਰੋਫੈਸਰ, ਵਕੀਲ ਆਦਿ ਕੈਨੇਡਾ ਤੇ ਆਸਟਰੇਲੀਆ ਜਿਹੇ ਦੇਸ਼ਾਂ ਨੂੰ ਜਾ ਰਹੇ ਹਨ। ਇਹਨਾਂ ਬਾਰੇ ਤੇਰਾ ਕੀ ਖਿਆਲ ਏ? ਜਦ ਇੱਧਰੋਂ ਵੱਡਾ ਰੁਤਬਾ ਛੱਡ ਕੇ ਇਹ ਵਿਕਸਤ ਦੇਸ਼ਾਂ ਵਿੱਚ ਸੈੱਟ ਹੁੰਦੇ ਹਨ ਤਾਂ ਇਹ ਕਿਵੇਂ ਮਹਿਸੂਸ ਕਰਦੇ ਹਨ?"

"ਜੀਜਾ ਜੀ, ਇਹਨਾਂ ਨੂੰ ਵੀ ਮਨ ਹੀ ਮਾਰਨਾ ਪੈਂਦਾ ਏ। ਜਾਬਾਂ ਨੀਵੀਆਂ ਹੀ ਕਰਨੀਆਂ ਪੈਂਦੀਆਂ ਹਨ ਪਰੰਤੂ ਕੰਮ ਕਰਨ ਦਾ ਚੌਗਿਰਦਾ (working conditions) ਭਾਰਤ ਵਿੱਚ ਕੰਮ ਕਰਨ ਦੇ ਚੌਗਿਰਦੇ ਤੋਂ ਬਿਹਤਰ ਹੈ। ਇੱਧਰ ਜੀਹਜ਼ੂਰੀ, ਚਾਪਲੂਸੀ, ਅਫਸਰੀ ਰੋਅਬ ਦਾਅਬ, ਜਗੀਰਦਾਰੀ ਸੋਚ, ਅਫਸਰੀ ਜਲੌਅ (awe and grandeur), ਫੋਕੀ ਪ੍ਰਸ਼ੰਸਾ, ਕੁਣਵਾ ਪ੍ਰਸਤੀ, ਫੋਕਾ ਤੇ ਰੋਅਬਪਾਊ ਯੂਨੀਅਨਵਾਦ, ਚਮਚਿਆਂ ਦੀਆਂ ਡਾਰਾਂ, ਘਟੀਆ ਤੇ ਕਮੀਨੀ ਸਿਆਸਤ ਆਦਿ ਜਿਹੀਆਂ ਪ੍ਰਵਿਰਤੀਆਂ ਬਹੁਤ ਹੀ ਘੱਟ ਨਜ਼ਰ ਆਉਂਦੀਆਂ ਹਨ। ਤੁਹਾਨੂੰ ਆਪਣੇ ਗੁਆਂਢ ਵਿੱਚ ਰਹਿੰਦੇ ਇੱਕ ਡਾਕਟਰ ਦੀ ਗੱਲ ਦੱਸਦਾ ਹਾਂ। ਮੁਹੱਲੇ ਵਾਲਿਆਂ ਉਸ ਦਾ ਨਾਮ ਘੋੜਾ ਡਾਕਟਰ ਰੱਖਿਆ ਹੋਇਆ ਏ। ਉਹ ਉੱਤਰੀ ਭਾਰਤ ਵਿੱਚ ਕਿਸੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹੁੰਦਾ ਸੀ। ਪੀ.ਐਚ.ਡੀ.ਏ.। ਬੜੀਆਂ ਗੱਪਾਂ ਮਾਰੂ— 'ਮੈਂ ਉਥੇ ਗਜ਼ਟਡ ਅਫਸਰ ਸਾਂ। ਕਾਗਜ਼ ਤਸਦੀਕ ਕਰਵਾਉਣ ਲਈ ਘਰ ਵਿੱਚ ਲੋਕਾਂ ਦੀਆਂ ਡਾਰਾਂ ਲੱਗੀਆਂ ਰਹਿੰਦੀਆਂ ਸਨ, ਸਰਕਾਰੀ ਜੀਪ ਮਿਲੀ ਹੋਈ ਸੀ, ਨੌਕਰ ਚਾਕਰ ਸਨ, ਲੋਕ ਖਾਣ

ਪੀਣ ਦੀਆਂ ਚੀਜ਼ਾਂ ਐਵੇਂ ਹੀ ਘਰ ਸੁੱਟ ਜਾਇਆ ਕਰਦੇ ਸਨ। ਜਦ ਪਿੰਡ ਜਾਂਦਾ ਸਾਂ ਤਾਂ ਲੋਕ ਡੰਗਰਾਂ ਦੀਆਂ ਬਿਮਾਰੀਆਂ ਦਾ ਇਲਾਜ ਪੁੱਛਣ ਆ ਜਾਇਆ ਕਰਦੇ ਸਨ।' ਉਹ ਇੱਥੇ ਆ ਕੇ ਕਣਕ ਦੇ ਖੇਤ ਲੱਭਦਾ ਰਿਹਾ। ਦੋ ਕੁ ਮਹੀਨੇ ਬਾਅਦ ਜਦ ਮਸਾਂ ਕਿਤੇ ਉਹਨੂੰ ਕਣਕ ਦਿਸੀ ਤਾਂ ਹਰਬਲ ਦੀ ਇੱਕ ਦੁਕਾਨ ਤੇ ਨਿੱਕੀ ਜਿਹੀ ਸ਼ੀਸ਼ੀ ਵਿੱਚ। ਉਹ ਸੋਚਦਾ ਸੀ ਕਿ ਉਸਨੂੰ ਇੱਥੇ ਵੀ ਕੋਈ ਡੰਗਰਾਂ ਦੀਆਂ ਬਿਮਾਰੀਆਂ ਬਾਰੇ ਪੁੱਛੇਗਾ। ਪਰ ਉਸਨੂੰ ਤਾਂ ਇੱਥੇ ਕਿਸੇ ਸਿਆਣਿਆਂ ਤੱਕ ਨਹੀਂ। ਉਹ ਹਫਤੇ ਵਿੱਚ ਤਿੰਨ ਦਿਨ ਕਿਸੇ ਬੈਂਕ ਮੂਹਰੇ ਸਕਿਉਰਿਟੀ ਗਾਰਡ ਲੱਗਾ ਰਿਹਾ ਤੇ ਤਿੰਨ ਦਿਨ ਕਿਸੇ ਚਿਕਨ ਫੈਕਟਰੀ ਵਿੱਚ ਕੁੱਕੜਾਂ ਦੀਆਂ ਘੰਡੀਆਂ ਕੱਟਦਾ ਰਿਹਾ।"

"ਹਰਕੰਵਲ, ਭਾਰਤ ਵਿੱਚ ਤਾਂ ਕਈ ਪ੍ਰੋਫੈਸਰ ਨਿਰੇ ਅਖੌਤੀ ਡਾਕਟਰ ਵੀ ਹਨ। ਨਾਮ ਨਾਲ ਡਾਕਟਰ ਸ਼ਬਦ ਲਗਾਉਣਾ ਇੱਕ ਫੈਸ਼ਨ ਹੀ ਬਣ ਗਿਆ ਏ। ਡਿਗਰੀਆਂ ਖਰੀਦ ਵੀ ਲਈਆਂ ਜਾਂਦੀਆਂ ਹਨ। ਪੜ੍ਹੇ-ਲਿਖੇ ਲੋਕਾਂ ਤੇ ਇਹਨਾਂ ਡਾਕਟਰਾਂ ਦਾ ਰੋਅਬ ਦਾਅਬ ਘੱਟ ਹੀ ਚਲਦਾ ਏ। ਅਨਪੜ੍ਹ ਤੇ ਅਰਧ ਪੜ੍ਹੇ-ਲਿਖੇ ਲੋਕਾਂ ਨੂੰ ਇਹ ਡਾਕਟਰ ਬੜੇ ਵੱਡੇ ਵਿਦਵਾਨ ਲਗਦੇ ਰਹਿੰਦੇ ਹਨ।"

"ਗੱਲ ਤੁਹਾਡੀ ਠੀਕ ਏ। ਭਾਰਤ ਜਿਹੇ ਅਰਧ ਵਿਕਸਤ ਦੇਸ਼ਾਂ ਦੇ ਇਕੱਲੇ ਡਾਕਟਰਾਂ ਦਾ ਹੀ ਇਹ ਹਾਲ ਨਹੀਂ। ਅਗਰ ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਜਿਹੇ ਦੇਸ਼ਾਂ ਦੇ ਸਮੁੱਚੇ ਵਿੱਦਿਅਕ ਢਾਂਚੇ ਦੀ ਭਾਰਤ ਜਿਹੇ ਦੇਸ਼ਾਂ ਦੇ ਵਿੱਦਿਅਕ ਢਾਂਚੇ ਨਾਲ ਤੁਲਨਾ ਕਰਕੇ ਦੇਖੀ ਜਾਵੇ ਤਾਂ ਭਾਰਤ ਜਿਹੇ ਦੇਸ਼ਾਂ ਦੀਆਂ ਹੋਰ ਡਿਗਰੀਆਂ ਵੀ ਕਾਫੀ ਨੀਵੀਂਆਂ ਰਹਿ ਜਾਂਦੀਆਂ ਹਨ। ਭਾਰਤ ਵਿੱਚ ਡਿਪਲੋਮੇ ਨੂੰ ਛੋਟੀ ਜਿਹੀ ਯੋਗਤਾ ਸਮਝਿਆ ਜਾਂਦਾ ਏ। ਵਿਕਸਤ ਦੇਸਾਂ ਵਿੱਚ ਡਿਪਲੋਮੇ ਤੋਂ ਪਹਿਲਾਂ ਵੀ ਦੋ ਤਿੰਨ ਸਰਟੀਫਿਕੇਟ ਕੋਰਸ ਕਰਾਏ ਜਾਂਦੇ ਹਨ। ਡਿਪਲੋਮੇ ਦਾ ਮਿਆਰ ਤਾਂ ਉੱਚਾ ਹੈ ਹੀ। ਇੱਥੋਂ ਤੱਕ ਕਿ ਸਰਟੀਫਿਕੇਟ ਕੋਰਸ ਵੀ ਚੰਗੇ ਮਿਆਰੀ ਹਨ। ਇੱਥੋਂ ਦੇ ਡਿਪਲੋਮੇ ਮੂਹਰੇ ਭਾਰਤ ਜਿਹੇ ਦੇਸ਼ਾਂ ਦੀਆਂ ਬੈਚੂਲਰ ਡਿਗਰੀਆਂ ਵੀ ਫਿੱਕੀਆਂ ਜਿਹੀਆਂ ਹੀ ਲਗਦੀਆਂ ਰਹਿੰਦੀਆਂ ਹਨ। ਚਲੋ ਛੱਡੋ ਹੁਣ ਇਹਨਾਂ ਗੱਲਾਂ ਨੂੰ, ਫੇਰ ਕਿਤੇ ਸਹੀ।"

ਹਰਕੰਵਲ ਦੀਆਂ ਇਹਨਾਂ ਸਿੱਧ ਪਧਰੀਆਂ ਤੇ ਸੱਚੀਆਂ ਗੱਲਾਂ ਨੇ ਗੁਲਜ਼ਾਰ ਤੇ ਸ਼ਮਿੰਦਰ ਦੇ ਦਿਮਾਗ ਸਾਫ਼ ਕਰ ਦਿੱਤੇ। ਆਖਰ ਫੈਸਲਾ ਕੀਤਾ ਗਿਆ ਕਿ ਸੁੱਖ ਇੱਕ ਵਾਰ ਫਿਰ ਵੈਨਕੂਵਰ ਜਾਵੇ ਤੇ ਆਪਣੀ ਕਿਸਮਤ ਅਜ਼ਮਾਈ ਕਰੇ।

ਸੁੱਖ ਫਿਰ ਹਰਕੰਵਲ ਪਾਸ ਪਹੁੰਚ ਗਿਆ। ਹਰਕੰਵਲ ਨੇ ਫਿਰ ਉਸਨੂੰ ਖਰੀਆਂ ਖਰੀਆਂ ਸੁਣਾਈਆਂ, "ਦੇਖ ਸੁਖ, ਜੋ ਪਿੱਛੇ ਹੋ ਗਿਆ ਸੋ ਹੋ ਗਿਆ। ਬੇਸ਼ੱਕ ਮੈਡੀਕਲ ਲਾਈਨ ਵਿੱਚ ਜਾਣ ਲਈ ਕੋਸ਼ਿਸ਼ ਕਰੀ ਜਾਹ ਪਰ ਪਹਿਲਾਂ ਤਾਂ ਤੈਨੂੰ ਹੋਰ ਇੱਕਾ ਦੁੱਕਾ ਕੰਮ ਕਰਨੇ ਹੀ ਪੈਣਗੇ। ਅਗਰ ਨਹੀਂ ਕਰੇਂਗਾ ਤਾਂ ਤਬਾਹ ਹੋ ਜਾਵੇਂਗਾ। ਤੈਨੂੰ ਪਤਾ ਹੋਣਾ ਚਾਹੀਦਾ ਏ ਕਿ ਨਿਰੀ ਤ੍ਰੇਲ ਚੱਟਿਆਂ ਤ੍ਰੇਹ ਨਹੀਂ ਮਿਟਦੀ।"

“ਅੰਕਲ ਤੁਸੀਂ ਹੀ ਦੱਸੋ ਕਿ ਮੈਂ ਕੀ ਕਰਾਂ?”

“ਸੁੱਖ, ਤੂੰ ਟਰੱਕ ਚਲਾਉਣ ਦਾ ਲਾਈਲੈਂਸ ਲੈ ਲਾ। ਬੜੇ ਸੁਹਣੇ ਪੈਸੇ ਨੇ ਇਸ ਕਿੱਤੇ ਵਿੱਚ। ਅਗਰ ਇੰਜ ਨਹੀਂ ਕਰਨਾ ਤਾਂ ਚਾਰ ਪੰਜ ਸਾਲ ਲਗਾਤਾਰ ਟੈਕਸੀ ਚਲਾ ਲੈ। ਫਿਰ ਭਾਵੇਂ ਜਾਇਦਾਦ ਖਰੀਦਣ ਵੇਚਣ (Real Estate) ਦਾ ਕੋਰਸ ਕਰ ਲਵੀਂ। ਤੂੰ ਫਿਰ ਭਾਰਤੀ ਰੈਸਟੋਰੈਂਟ ਵੀ ਖੋਲ੍ਹ ਸਕਦਾ ਏਂ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਸ ਨਵੇਂ ਦੇਸ਼ ਵਿੱਚ ਤੈਨੂੰ ਖੜ੍ਹਨਾ ਆਉਣਾ ਚਾਹੀਦਾ ਏ। ਜਦ ਬੰਦਾ ਖੜ੍ਹਾ ਹੋਣਾ ਸਿੱਖ ਗਿਆ, ਫਿਰ ਉਹ ਬੈਠ ਵੀ ਜਾਊ। ਬੈਠਣ ਤੋਂ ਬਾਦ ਤਾਂ ਉਹ ਆਰਾਮ ਨਾਲ ਸੌਣਾ ਵੀ ਸਿੱਖ ਜਾਂਦਾ ਏ। ਤੈਨੂੰ ਪਤਾ ਏ ਕਿ ਤੈਨੂੰ ਮੋਨਾ ਨੂੰ ਵੀ ਆਪਣੇ ਪਾਸ ਬੁਲਾਉਣਾ ਹੀ ਪੈਣਾ ਏ। ਅਗਰ ਤੂੰ ਸਾਲ ਦੋ ਸਾਲ ਕਮਾਈ ਕਰੇਂਗਾ ਤਾਂ ਹੀ ਤੂੰ ਉਸ ਨੂੰ ਇਥੇ ਆਪਣੇ ਪਾਸ ਬੁਲਾ ਕੇ ਰੱਖ ਸਕੇਂਗਾ। ਤੁਸੀਂ ਦੋਨੋਂ ਮੈਡੀਕਲ ਲਾਈਨ ਨਾਲ ਸੰਬੰਧ ਰੱਖਦੇ ਹੋ। ਕੋਈ ਛੋਟਾ ਮੋਟਾ ਕੋਰਸ ਕਰਕੇ ਤੁਸੀਂ ਕਿਸੇ ਕਲੀਨੀਕਲ ਲੈਬੋਰਟਰੀ ਵਿੱਚ ਵੀ ਜਾਬ ਲੈ ਸਕਦੇ ਹੋ। ਮੇਰਾ ਇੱਕ ਵਾਕਫ਼ ਪਾਕਿਸਤਾਨ ਤੋਂ ਫਾਰਮੇਸੀ ਦੀ ਮਾਸਟਰ ਡਿਗਰੀ ਕਰਕੇ ਆਇਆ ਸੀ। ਜਦ ਇੱਥੇ ਪਹੁੰਚਿਆ ਹੀ ਸੀ ਤਾਂ ਉਹ ਬੜੀ ਹਵਾ ਵਿੱਚ ਸੀ। ਉਹ ਸੋਚਦਾ ਸੀ ਕਿ ਉਹ ਥੋੜ੍ਹੇ ਸਮੇਂ ਵਿੱਚ ਹੀ ਇੱਥੇ ਦਵਾਈ ਵਿਕਰੇਤਾ (pharmacist) ਦੀ ਜਾਬ ਤੇ ਲੱਗ ਜਾਵੇਗਾ। ਤਿੰਨ ਚਾਰ ਸਾਲ ਹੋ ਗਏ ਉਹ ਅਜੇ ਤੱਕ ਦਵਾਈਆਂ ਪੈਕ ਕਰਨ ਦਾ ਕੰਮ ਹੀ ਕਰ ਰਿਹਾ ਏ। ਉਸਦੀ ਇੱਥੋਂ ਦੇ ਟੈਸਟ ਪਾਸ ਕਰਨ ਦੀ ਸਪੀਡ ਬੜੀ ਹੀ ਧੀਵੀਂ ਏ।”

ਹਰਕੰਵਲ ਦੇ ਸੁਝਾਅ ਤੇ ਅਮਲ ਕਰਦੇ ਹੋਏ ਸੁੱਖ ਨੇ ਟੈਕਸੀ ਦਾ ਕੋਰਸ ਕਰ ਲਿਆ ਤੇ ਟੈਕਸੀ ਚਲਾਉਣ ਲੱਗ ਪਿਆ। ਜਦ ਪੰਜਾਬ ਵਿੱਚ ਗੁਲਜ਼ਾਰ ਤੇ ਸ਼ਮਿੰਦਰ ਨੂੰ ਕੋਈ ਪੁੱਛਦਾ ਕਿ ਲੜਕਾ ਕੈਨੇਡਾ ਵਿੱਚ ਕੀ ਕਰਦਾ ਏ ਤਾਂ ਉਹ ਝੂਠੀ ਮੂਠੀ ਕਹਿ ਦਿੰਦੇ ਕਿ ਉਸ ਨੇ 5-6 ਟੈਕਸੀਆਂ ਪਾਈਆਂ ਹੋਈਆਂ ਹਨ ਤੇ ਇਹਨਾਂ ਨੂੰ ਚਲਾਉਣ ਲਈ ਡਰਾਈਵਰ ਰੱਖੇ ਹੋਏ ਹਨ। ਇੰਜ ਕਹਿ ਕੇ ਉਹ ਆਪਣੀ ਭਾਰਤੀ ਸੋਚ ਨੂੰ ਪੱਠੇ ਪਾ ਰਹੇ ਹੁੰਦੇ ਸਨ। ਆਂਢੀ ਗੁਆਂਢੀ ਤੇ ਦੋਸਤ ਮਿੱਤਰ ਇਸ ਪ੍ਰਕਾਰ ਦੇ ਵਿਚਾਰਾਂ ਨਾਲ ਸਹਿਮਤ ਵੀ ਹੋ ਜਾਂਦੇ ਸਨ। ਉਹਨਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਕਿ ਕੈਨੇਡਾ ਅਤੇ ਆਸਟਰੇਲੀਆ ਜਿਹੇ ਦੇਸ਼ਾਂ ਵਿੱਚ ਟੈਕਸੀ ਪੰਜਾਬ ਦੀ ਟੈਕਸੀ ਵਾਂਗ ਨਹੀਂ ਚਲਦੀ। ਉਹਨਾਂ ਨੂੰ ਇਸ ਗੱਲ ਦਾ ਪਤਾ ਹੀ ਨਹੀਂ ਕਿ ਉਥੇ ਮਾਲਕਾਂ ਨੂੰ ਡਰਾਈਵਰਾਂ ਨਾਲੋਂ ਵੀ ਵੱਧ ਪ੍ਰੇਸ਼ਾਨ ਰਹਿਣਾ ਪੈਂਦਾ ਏ।

ਟੈਕਰੀ ਵਿੱਚ ਘੱਟ ਪੈਸੇ ਬਣਦੇ ਦੇਖ ਕੇ ਸੁੱਖ ਨੇ ਭਾਰੇ ਵਾਹਣ (heavey vehicle) ਦਾ ਲਸੰਸ ਲੈ ਲਿਆ। ਉਹ ਲੰਬੇ ਰੂਟ ਤੇ ਭਾਰੇ ਭਾਰੇ ਟਰੱਕ ਚਲਾਉਣ ਲੱਗ ਪਿਆ। ਟਰੱਕ ਚਲਾਉਂਦੇ ਚਲਾਉਂਦੇ ਇੱਕ ਦਿਨ ਅਚਾਨਕ ਉਹਨੂੰ ਆਪਣਾ ਇੱਕ ਪੁਰਾਣਾ ਹਮਜਮਾਤੀ ਗੁਰਕੀਰਤ ਮਿਲ ਗਿਆ। ਗੁਰਕੀਰਤ ਦੇ ਆਪਣੇ ਚਾਰ ਟਰੱਕ ਸਨ।

“ਸੁਖਪਾਲ, ਤੂੰ ਇੱਧਰ ਕਿਵੇਂ? ਤੂੰ ਤਾਂ ਡਾਕਟਰੀ ਪਾਸ ਕਰਦਾ ਹੁੰਦਾ ਸੀ। ਮੈਂ ਤਾਂ ਸਮਝਿਆ ਤੂੰ ਕਿਤੇ ਡਾਕਟਰ ਲੱਗਾ ਹੋਵੇਂਗਾ। ਤੈਨੂੰ ਟਰੱਕ ਚਲਾਉਂਦੇ ਨੂੰ ਦੇਖ ਕੇ ਮੈਨੂੰ ਹੈਰਾਨੀ ਹੋ ਰਹੀ ਏ,” ਗੁਰਕੀਰਤ ਹੈਰਾਨ ਵੀ ਹੋਇਆ ਤੇ ਅੰਤਾਂ ਦਾ ਖੁਸ਼ ਵੀ। ਖੁਸ਼ ਇਸ ਕਰਕੇ ਕਿ ਉਸਨੂੰ ਪਰਦੇਸ ਵਿੱਚ ਆਪਣਾ ਇੱਕ ਪੁਰਾਣਾ ਹਮਜਮਾਤੀ ਮਿਲ ਪਿਆ ਸੀ।

“ਦੇਖ ਗੁਰਕੀਰਤ, ਮੈਂ ਬੜੇ ਠੇਡੇ ਖਾਧੇ ਹਨ। ਸ਼ੁਰੂ ਵਿੱਚ ਮੇਰੇ ਮਾਪਿਆਂ ਨੇ ਮੈਨੂੰ ਮਾੜੀ ਮੋਟੀ ਵੀ ਕੋਈ ਤਕਲੀਫ ਝੱਲਣ ਦੀ ਆਦਤ ਨਹੀਂ ਪੈਣ ਦਿੱਤੀ। ਅੰਤਾਂ ਦੇ ਸੁੱਖਾਂ ’ਚ ਮੈਨੂੰ ਪਾਲਿਆ। ਮੈਂ ਮਾੜੇ ਮੋਟੇ ਦੁੱਖ ਮੂਹਰੇ ਵੀ ਘਾਬਰ ਜਾਂਦਾ ਸੀ। ਦੂਜਾ ਮੇਰੇ ਮਾਪਿਆਂ ਨੇ ਮੇਰੇ ਮਨ ਵਿੱਚ ਹਮੇਸ਼ਾ ਰੁਤਬੇ ਦਾ ਫਤੂਰ ਭਰੀ ਰੱਖਿਆ। ਉਹ ਹਮੇਸ਼ਾ ਇਹੀ ਕਹਿੰਦੇ ਸਨ ਕਿ ਡਾਕਟਰ ਹੀ ਬਣਨਾ ਹੈ, ਇਸ ਤੋਂ ਘੱਟ ਕੁੱਝ ਨਹੀਂ। ਮੇਰੇ ਦਿਮਾਗ ਵਿੱਚ ਡਾਕਟਰੀ ਦੀ ਡਿਗਰੀ ਪਾਸ ਕਰਨ ਦਾ ਐਸਾ ਕੀੜਾ ਵੜਿਆ ਕਿ ਇਸਨੇ ਮੈਨੂੰ ਆਮ ਜਿਹੇ ਕੰਮ ਕਿੱਤੇ ਕਰਨ ਤੋਂ ਹਮੇਸ਼ਾ ਰੋਕੀ ਰੱਖਿਆ। ਤੁਸੀਂ ਲੋਕ ਘੱਟ ਪੜ੍ਹਕੇ ਮੌਕੇ ਸਿਰ ਇਧਰ ਨੂੰ ਆ ਗਏ। ਮਿਹਨਤਾਂ, ਮੁਸ਼ੱਕਤਾਂ ਕਰਕੇ ਬੜੇ ਵਧੀਆ ਸੈੱਟ ਹੋ ਗਏ। ਅਸੀਂ ਉੱਧਰੋਂ ਡਿਗਰੀ ਪਾਸ ਕਰਕੇ ਕੀ ਖਟਿਐ। ਸਮਾਂ, ਪੈਸੇ ਤੇ ਸ਼ਕਤੀ ਫਜ਼ੂਲ ਹੀ ਖਰਚ ਕੀਤੀ। ਤੂੰ ਦੇਖ ਲੈ, ਅਸੀਂ ਦੋਨੋਂ ਹਮਉਮਰ ਹਾਂ। ਤੂੰ ਕਿੱਥੇ ਤੇ ਮੈਂ ਕਿੱਥੇ। ਤੂੰ ਸੈੱਟ ਹੋ ਚੁੱਕਾ ਏ, ਮੈਂ ਅਜੇ ਸੈੱਟ ਹੋਣ ਦੀ ਪੌੜੀ ਦੇ ਸਭ ਤੋਂ ਹੇਠਲੇ ਪੌਡੇ ਤੇ ਖੜ੍ਹਾ ਹਾਂ।”

“ਸੁਖਪਾਲ, ਵਿਆਹ ਵੀ ਤਾਂ ਤੂੰ ਹੀ ਆਪਣੀ ਮਰਜ਼ੀ ਨਾਲ ਕਰਵਾਇਆ ਏ। ਸਾਨੂੰ ਤਾਂ ਨਰੜ ਹੀ ਦਿੱਤਾ ਗਿਐ। ਡਾਕਟਰਨੀ ਵੀ ਤਾਂ ਤੂੰ ਹੀ ਲਈ ਫਿਰਦਾ ਏਂ। ਕਿਸੇ ਨੂੰ ਕਿਸੇ ਪਾਸੇ ਫਾਇਦਾ, ਕਿਸੇ ਨੂੰ ਕਿਸੇ ਪਾਸੇ।”

“ਗੁਰਕੀਰਤ, ਡਾਕਟਰਨੀ ਕੀ ਕਰੂ? ਉਹਨੂੰ ਵੀ ਇੱਧਰ ਆ ਕੇ ਕਿਸੇ ਸਟੋਰ ਵਿੱਚ ਹੀ ਧੱਕੇ ਖਾਣੇ ਪੈਣਗੇ। ਪੜ੍ਹਾਈ ਪੜ੍ਹਾਈ ਤਾਂ ਖਤਮ ਹੋ ਗਈ। ਇੱਧਰ ਆ ਕੇ ਗਊ ਗਧਾ ਬਰਾਬਰ ਹੀ ਨਹੀਂ ਹੁੰਦੇ ਬਲਕਿ ਅਕਸਰ ਗਧਾ ਗਊ ਤੋਂ ਵੱਧ ਪੂਜਨੀਕ ਅਤੇ ਲਾਭਦਾਇਕ ਬਣ ਜਾਂਦਾ ਏ।”

“ਨਹੀਂ ਯਾਰ, ਐਸੀ ਗੱਲ ਤਾਂ ਨਹੀਂ। ਤੇਰੀ ਤਰੱਕੀ ਕਰਨ ਦੀ ਰਫ਼ਤਾਰ ਇੱਧਰ ਵੀ ਸਾਡੇ ਨਾਲੋਂ ਜ਼ਿਆਦਾ ਹੀ ਰਹਿਣੀ ਏ ਕਿਉਂਕਿ ਤੂੰ ਅੰਗਰੇਜ਼ੀ ਦਾ ਵੀ ਸਾਡੇ ਤੋਂ ਵੱਧ ਮਾਹਰ ਏ ਤੇ ਤੇਰੇ ਪਾਸ ਡਾਕਟਰੀ ਦੀ ਯੋਗਤਾ ਵੀ ਹੈ। ਥੋੜ੍ਹੀ ਦੇਰ ਬਾਅਦ ਤੇਰੀ ਘਰਵਾਲੀ ਨੇ ਇੱਧਰ ਦੀਆਂ ਮੁਹਾਰਤਾਂ ਨੂੰ ਜਲਦੀ ਫੜਨ ਲੱਗ ਜਾਣਾ ਏ। ਤੁਸੀਂ ਇੱਧਰ ਦੇ ਮਾਹੌਲ ਵਿੱਚ ਢਲਣਾ ਵੀ ਬੜੀ ਤੇਜ਼ੀ ਨਾਲ ਏ। ਤੂੰ ਕੁੱਝ ਸਾਲ ਹੀ ਸਾਥੋਂ ਪਿੱਛੇ ਏਂ, ਫਿਰ ਤੂੰ ਸਾਥੋਂ ਅੱਗੇ ਨਿਕਲ ਜਾਣਾ ਏ। ਮੌਕੇ ਸਿਰ ਪੜ੍ਹੇ ਹੋਏ ਚਾਰ ਅੱਖਰ ਜ਼ਿੰਦਗੀ ਵਿੱਚ ਹਮੇਸ਼ਾ ਕੰਮ ਆਉਂਦੇ ਹੁੰਦੇ ਨੇ। ਘਬਰਾ ਨਾ। ਜਦ ਤੂੰ ਇਥੋਂ ਦੇ ਸਿਸਟਮ ਨੂੰ ਸਮਝ ਲੈਣਾ ਏ ਤਾਂ ਤੇਰੀ ਤਰੱਕੀ ਦੀ ਰਫਤਾਰ ਸਾਡੇ ਜਿਹੇ ਜੱਟ ਬੂਟਾਂ ਤੋਂ ਕਿਤੇ ਜ਼ਿਆਦਾ ਵਧ

ਜਾਣੀ ਏ। ਮੇਰਾ ਇੱਕ ਪੜ੍ਹਿਆ ਲਿਖਿਆ ਦੋਸਤ ਤੇ ਉਸਦੀ ਪੜ੍ਹੀ ਲਿਖੀ ਘਰਵਾਲੀ ਦਸ ਕੁ ਸਾਲ ਪਹਿਲਾਂ ਜਰਮਨੀ ਗਏ ਸਨ। ਰੈਸਟੋਰੈਂਟ ਚਲਾਉਣ ਦੇ ਕਿੱਤੇ ਵਿੱਚ ਪੈ ਗਏ। ਇਸ ਸਮੇਂ ਪੂਰੇ ਮਾਲਾਮਾਲ ਹਨ। ਤੇਰੇ ਕੋਲ ਤੈਨੂੰ ਸੈੱਟ ਕਰਨ ਲਈ ਮੋਰਨੀ ਵਰਗੀ ਸਾਡੀ ਭਾਬੀ ਵੀ ਆ, ਦੋਸਤਾ। ਇਸ ਲਈ ਘਬਰਾ ਨਾ। ਬੱਸ ਚਾਰ ਪੰਜ ਸਾਲਾਂ ਦੀ ਹੀ ਗੱਲ ਏ। ਫਿਰ ਤੂੰ ਸਾਡੇ ਵਰਗਿਆਂ ਨੂੰ ਨੀਵੇਂ ਸਮਝਿਆ ਕਰਨਾ ਏ।"

"ਗੁਰਕੀਰਤ, ਤੂੰ ਤਾਂ ਐਵੇਂ ਮਜ਼ਾਕ ਕਰੀ ਜਾਨਾ ਏ। ਤੇਰੀ ਪਹਿਲਾਂ ਵਾਲੀ ਆਦਤ ਅਜੇ ਤੱਕ ਵੀ ਨਹੀਂ ਗਈ।"

"ਦੋਸਤਾ, ਇਹ ਮਜ਼ਾਕ ਨਹੀਂ, ਸੋਲਾਂ ਆਨੇ ਸੱਚ ਏ। ਅੱਖੀਂ ਦੇਖਿਆ ਹੋਇਆ ਤੇ ਤੇਰੇ ਜਿਹੇ ਕਈਆਂ ਦਾ ਹੰਢਾਇਆ ਹੋਇਆ ਸੱਚ।"

"ਅੱਛਾ?"

# ਲਾਡੀ ਫਾਡੀ

ਲਾਡੀ ਤੇ ਫਾਡੀ ਦੋਨੋਂ ਹਾਈ ਸਕੂਲ ਵਿੱਚ ਦਾਖਲ ਹੋਏ। ਲਾਡੀ ਦਾ ਪਿਓ ਉਸੇ ਸਕੂਲ ਦਾ ਹੈੱਡਮਾਸਟਰ ਸੀ ਤੇ ਫਾਡੀ ਦੀ ਮਾਂ ਨੇੜੇ ਦੇ ਪਿੰਡ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਨਰਸ। ਮੈਂ ਲਾਡੀ ਦੀ ਮਾਂ ਅਤੇ ਫਾਡੀ ਦੇ ਪਿਓ ਦੀ ਇਸ ਕਰਕੇ ਕੋਈ ਗੱਲ ਨਹੀਂ ਕਰ ਰਿਹਾ ਕਿਉਂਕਿ ਲਾਡੀ ਦੀ ਮਾਂ ਤਾਂ ਘਰੇਲੂ ਔਰਤ ਸੀ ਤੇ ਫਾਡੀ ਦਾ ਪਿਓ ਮਰ ਚੁੱਕਾ ਸੀ। ਨਾਲੇ ਮੈਂ ਦੋਹਾਂ ਅਹੁਦਿਆਂ ਦੀ ਗੱਲ ਵੀ ਇਸ ਲਈ ਕੀਤੀ ਹੈ ਕਿਉਂਕਿ ਇਹਨਾਂ ਦੋਹਾਂ ਅਹੁਦਿਆਂ ਨੇ ਹੀ ਉਹਨਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਂਦਾ ਸੀ। ਹੈੱਡਮਾਸਟਰ ਦਾ ਲੜਕਾ ਹੋਣ ਕਰਕੇ ਲਾਡੀ ਦੀ ਸਕੂਲ ਵਿੱਚ ਪੂਰੀ ਠੁੱਕ ਸੀ। ਉਹ ਫਾਡੀ ਦੇ ਨੇੜੇ ਇਸ ਕਰਕੇ ਆ ਗਿਆ ਕਿਉਂਕਿ ਪਿੰਡ ਦੇ ਉਸ ਸਕੂਲ ਵਿੱਚ ਸ਼ਾਇਦ ਹੀ ਹੋਰ ਕੋਈ ਐਸਾ ਲੜਕਾ ਸੀ ਜਿਸ ਦੇ ਮਾਂ ਜਾਂ ਪਿਓ ਕਿਸੇ ਚੰਗੇ ਅਹੁਦੇ ਤੇ ਹੋਣ। ਬਹੁਤੇ ਬੱਚਿਆਂ ਦੇ ਮਾਤਾ ਪਿਤਾ ਖੇਤੀ ਕਰਦੇ ਸਨ ਜਾਂ ਫਿਰ ਕੁੱਝ ਐਸੇ ਬੱਚੇ ਸਨ ਜਿਹੜੇ ਅਨੁਸੂਚਿਤ ਜਾਤੀਆਂ ਨਾਲ ਸੰਬੰਧ ਰੱਖਦੇ ਸਨ ਤੇ ਉਹਨਾਂ ਦੇ ਮਾਪੇ ਜ਼ਿਮੀਦਾਰਾਂ ਦੇ ਖੇਤਾਂ ਵਿੱਚ ਮਜ਼ਦੂਰੀ ਕਰਦੇ ਸਨ। ਖੇਤੀ ਦਾ ਕਿੱਤਾ ਕਰਨ ਵਾਲੇ ਮਾਪੇ ਜ਼ਿਆਦਾਤਰ ਅਨਪੜ੍ਹ ਹੀ ਸਨ। ਅਨਪੜ੍ਹ ਅਤੇ ਨੀਂਵ-ਮੱਧਵਰਗੀ ਹੋਣ ਕਰਕੇ ਉਹ ਆਪਣੇ ਬੱਚਿਆਂ ਨੂੰ ਬਹੁਤਾ ਬਣਾ ਸੁਆਰ ਕੇ ਸਕੂਲ ਨਹੀਂ ਭੇਜਿਆ ਕਰਦੇ ਸਨ। ਨਾਲੇ ਖੇਤੀ ਦੇ ਕਿੱਤੇ ਵਿੱਚੋਂ ਉਹਨਾਂ ਨੂੰ ਬਹੁਤੀ ਆਮਦਨ ਵੀ ਨਹੀਂ ਸੀ ਹੁੰਦੀ। ਇਸ ਲਈ ਇਹਨਾਂ ਖੇਤੀਬਾੜੀ ਕਰਨ ਵਾਲਿਆਂ ਦੇ ਬੱਚਿਆਂ ਦੇ ਕੱਪੜੇ ਵੀ ਬਹੁਤੇ ਮਾਡਰਨ ਨਹੀਂ ਹੋਇਆ ਕਰਦੇ ਸਨ। ਸਕੂਲ ਵਿੱਚ ਸਿਰਫ ਦੋ ਜੋੜੀਆਂ ਸਭ ਤੋਂ ਵੱਧ ਫਬਦੀਆਂ ਵੀ ਸਨ ਤੇ ਅਜੀਬ ਵੀ ਲੱਗਦੀਆਂ ਸਨ- ਇੱਕ ਲਾਡੀ ਫਾਡੀ ਦੀ ਤੇ ਇੱਕ ਗਿਆਨੀ ਮਾਸਟਰ ਅਤੇ ਸ਼ਾਸ਼ਤਰੀ ਮਾਸਟਰ ਦੀ। ਸ਼ਾਸ਼ਤਰੀ ਸ੍. ਮਹਿੰਗਾ ਸਿੰਘ ਅੰਮ੍ਰਿਤਧਾਰੀ ਸੀ ਤੇ ਗਿਆਨੀ ਮਾਸਟਰ ਪ੍ਰੇਮ ਚੰਦ ਦਾੜ੍ਹੀ ਮੁੱਛਾਂ ਸਫਾ ਚੱਟ। ਸ਼ਾਇਦ ਪੰਜਾਬ ਦਾ ਇਹ ਇਕੋ ਇੱਕ ਸਕੂਲ ਸੀ ਜਿੱਥੇ ਗਿਆਨੀ ਮਾਸਟਰ ਤੇ ਸਾਸ਼ਤਰੀ ਮਾਸਟਰ ਆਪਣੇ ਮਜ਼ਮੂਨ ਤੋਂ ਵਿਰੋਧੀ ਦਿਖ ਵਾਲੇ ਹੋਣ।

ਲਾਡੀ ਦਾ ਪਿਓ ਹੈੱਡਮਾਸਟਰ ਪਿਆਰਾ ਸਿੰਘ ਉਹਨਾ ਸਮਿਆਂ ਵਿੱਚ ਨਵੇਂ ਨਕੋਰ ਬਾਈਸਾਈਕਲ ਤੇ ਸਕੂਲ ਆਇਆ ਕਰਦਾ ਸੀ। ਕਈ ਦੇਰ ਤਾਂ ਉਸਨੇ ਇਸ

ਬਾਈਸਾਈਕਲ ਦੇ ਡੰਡਿਆਂ ਉਪਰੋਂ ਉਹ ਕਾਗਜ਼ ਵੀ ਨਹੀਂ ਸਨ ਲਾਹੇ ਜਿਹੜੇ ਇਸ ਨੂੰ ਖਰੀਦਣ ਸਮੇਂ ਦੁਕਾਨ 'ਚੋਂ ਲੱਗੇ ਲਗਾਏ ਆਏ ਸਨ। ਬੇਸ਼ੱਕ ਉਦੋਂ ਟਾਂਵੇ ਟਾਂਵੇ ਲੋਕਾਂ ਪਾਸ ਸਕੂਟਰ ਹੋਣੇ ਵੀ ਸ਼ੁਰੂ ਹੋ ਗਏ ਸਨ ਫਿਰ ਵੀ ਹੈੱਡਮਾਸਟਰ ਸਾਹਿਬ ਬਾਈਸਾਈਕਲ ਨੂੰ ਹੀ ਪਸੰਦ ਕਰਦੇ ਸਨ। ਉਸਦੇ ਇੰਜ ਕਰਨ ਦੇ ਦੋ ਮੁੱਖ ਕਾਰਣ ਸਨ-ਇੱਕ ਤਾਂ ਉਹ ਸਕੂਟਰ ਸਿੱਖਣ ਤੋਂ ਡਰਦੇ ਸਨ ਤੇ ਇਸ ਨੂੰ ਹੱਡੀ ਤੋੜ (bone breaker) ਕਿਹਾ ਕਰਦੇ ਸਨ, ਦੂਜੇ ਉਹ ਸੋਚਦੇ ਸਨ ਕਿ ਅਗਰ ਸਕੂਟਰ ਖਰੀਦ ਵੀ ਲਿਆ ਜਾਵੇ ਤਾਂ ਲਾਡੀ ਦਾ ਧਿਆਨ ਪੜ੍ਹਾਈ ਵੱਲੋਂ ਘੱਟ ਜਾਵੇਗਾ ਤੇ ਸਕੂਟਰ ਵੱਲ ਹੋ ਜਾਵੇਗਾ। ਸਕੂਲ ਨੂੰ ਜਾਂਦੇ ਸਮੇਂ ਉਹ ਬਾਈਸਾਈਕਲ ਦੇ ਮੂਹਰਲੇ ਡੰਡੇ ਤੇ ਲਾਡੀ ਨੂੰ ਬਿਠਾ ਕੇ ਲਿਆਇਆ ਕਰਦੇ ਸਨ। ਰਾਹ ਵਿੱਚ ਉਹ ਲਾਡੀ ਨੂੰ ਜਾਂ ਤਾਂ ਹਿਸਾਬ ਦੇ ਫਾਰਮੂਲੇ ਪੁੱਛਿਆ ਕਰਦੇ ਸਨ ਤੇ ਜਾਂ ਫਿਰ ਅੰਗਰੇਜ਼ੀ ਵਿਆਕਰਣ ਦੀਆਂ ਮੁੱਢਲੀਆਂ ਪਰਤਾਂ। ਇੱਕ ਦਿਨ ਪਹਿਲਾਂ ਦਿੱਤਾ ਹੋਇਆ ਫਾਰਮੂਲਾ ਜੇ ਲਾਡੀ ਨਾ ਦੱਸ ਸਕੇ ਤਾਂ ਉਹ ਸਾਈਕਲ ਤੋਂ ਉੱਤਰ ਕੇ ਖੜ੍ਹ ਜਾਇਆ ਕਰਦੇ ਸਨ ਤੇ ਲਾਡੀ ਦੇ ਇੱਕ ਦੋ ਚਪੇੜਾਂ ਵੀ ਜੜ ਦਿਆ ਕਰਦੇ ਸਨ। ਇੰਜ ਕਰਨ ਨਾਲ ਲਾਡੀ ਦਾ ਹਿਸਾਬ ਦੇ ਅੰਗਰੇਜ਼ੀ ਚੰਗੇ ਹੁੰਦੇ ਗਏ। ਉਸ ਸਮੇਂ ਪੰਜਾਬ ਦੇ ਸਕੂਲਾਂ ਵਿੱਚ ਇਹ ਦੋ ਮਜ਼ਮੂਨ ਹੀ ਸਾਰੀ ਪੜ੍ਹਾਈ ਦਾ ਧੁਰਾ ਹੋਇਆ ਕਰਦੇ ਸਨ। ਜਿਸ ਬੱਚੇ ਦੇ ਇਹ ਦੋ ਮਜ਼ਮੂਨ ਚੰਗੇ ਹੋਣ ਉਸ ਬੱਚੇ ਨੂੰ ਹੁਸ਼ਿਆਰ ਮੰਨਿਆ ਜਾਂਦਾ ਸੀ।

ਦੂਜੇ ਪਾਸੇ ਫਾਡੀ ਵੱਲ ਉਸਦੀ ਪੜ੍ਹਾਈ ਦੇ ਸੰਬੰਧ ਵਿੱਚ ਨਿੱਜੀ ਧਿਆਨ ਦੇਣ ਵਾਲਾ ਕੋਈ ਨਹੀਂ ਸੀ। ਉਸਦੀ ਮਾਂ ਨੂੰ ਤਾਂ ਬਸ ਇਹੀ ਚਾਅ ਹੁੰਦਾ ਸੀ ਕਿ ਉਸਦਾ ਬੱਚਾ ਹੈੱਡਮਾਸਟਰ ਦੇ ਲੜਕੇ ਦਾ ਦੋਸਤ ਸੀ। ਲਾਡੀ ਦਾ ਪਹਿਰਾਵਾ ਚੰਗਾ ਹੋਇਆ ਹੀ ਕਰਦਾ ਸੀ ਕਿਉਂਕਿ ਉਹ ਹੈੱਡਮਾਸਟਰ ਦਾ ਲੜਕਾ ਸੀ। ਫਾਡੀ ਵੀ ਘਰੋਂ ਖਾਂਦਾ ਪੀਂਦਾ ਸੀ। ਉਹ ਲਾਡੀ ਦੀ ਨਕਲ ਵੀ ਕਰਦਾ ਹੀ ਸੀ। ਇਸ ਲਈ ਉਹ ਵੀ ਚੰਗੇ ਕੱਪੜੇ ਹੀ ਪਹਿਨਦਾ ਸੀ। ਉਸ ਦੀ ਮਾਂ ਦੀ ਇੱਛਾ ਵੀ ਹਮੇਸ਼ਾ ਇਹੀ ਹੁੰਦੀ ਸੀ ਕਿ ਉਹ ਹੈੱਡਮਾਸਟਰ ਦੇ ਲੜਕੇ ਵਾਂਗ ਬਣ ਸੰਵਰ ਕੇ ਸਕੂਲੇ ਜਾਵੇ। ਉਹ ਹਸਪਤਾਲ ਵਿੱਚ ਆਪਣੇ ਕੰਮ ਵਿੱਚ ਮਸਰੂਫ ਰਹਿੰਦੀ ਸੀ। ਉਹ ਫਾਡੀ ਦੀ ਪੜ੍ਹਾਈ ਬਾਰੇ ਕਦੇ ਘੱਟ ਹੀ ਕੁੱਝ ਪੁੱਛਿਆ ਕਰਦੀ ਸੀ। ਹਾਂ, ਫਾਡੀ ਦੇ ਲਾਡੀ ਜਿਹੇ ਸੁਹਣੇ ਕੱਪੜੇ ਪਹਿਨੇ ਹੋਏ ਦੇਖ ਕੇ ਉਹ ਅੰਤਾਂ ਦੀ ਪ੍ਰਸੰਨ ਹੋਇਆ ਹੀ ਕਰਦੀ ਸੀ। ਪਿੰਡ ਦੇ ਆਮ ਲੋਕ ਵੀ ਲਾਡੀ ਫਾਡੀ ਦਾ ਵੱਧ ਸਤਿਕਾਰ ਕਰਿਆ ਕਰਦੇ ਸਨ ਕਿਉਂਕਿ ਉਹ ਉਹਨਾਂ ਦੀਆਂ ਨਜ਼ਰਾਂ ਵਿੱਚ ਅਫਸਰਾਂ ਦੇ ਬੱਚੇ ਸਨ।

ਹਾਈ ਸਕੂਲ ਦੀ ਪੜ੍ਹਾਈ ਦੇ ਸਿੱਟੇ ਲਾਡੀ ਵਾਸਤੇ ਚੰਗੇ ਨਿਕਲੇ ਤੇ ਫਾਡੀ ਵਾਸਤੇ ਦਰਮਿਆਨੇ। ਦੋਨਾਂ ਨੇ ਕਾਲਜ ਵਿੱਚ ਦਾਖਲ ਹੋਣ ਬਾਰੇ ਸੋਚਿਆ। ਲਾਡੀ ਨੂੰ ਤਾਂ ਇੱਕ ਕਾਲਜ ਵਿੱਚ ਇਕਦਮ ਦਾਖਲਾ ਮਿਲ ਗਿਆ ਪਰੰਤੂ ਫਾਡੀ ਨੂੰ ਇੱਥੇ

ਦਾਖਲਾ ਨਾ ਮਿਲਿਆ। ਫਾਡੀ ਦੀ ਦਿਲੀ ਇੱਛਾ ਇਹ ਸੀ ਕਿ ਉਹ ਹਮੇਸ਼ਾ ਹੀ ਲਾਡੀ ਦੇ ਨਾਲ ਨਾਲ ਹੀ ਰਹੇ। ਜਦ ਫਾਡੀ ਨੂੰ ਇੱਥੇ ਦਾਖਲਾ ਨਾ ਮਿਲਿਆ ਤਾਂ ਉਸਦਾ ਦਿਲ ਟੁੱਟ ਗਿਆ। ਲਾਡੀ ਨੇ ਉਸਨੂੰ ਹੌਸਲਾ ਦਿੱਤਾ। ਉਸਨੇ ਉਸਨੂੰ ਸਲਾਹ ਦਿੱਤੀ, "ਤੂੰ ਇਵੇਂ ਕਰ, ਇਸ ਸ਼ਹਿਰ ਵਿੱਚ ਹੀ ਆਰਟ ਅਤੇ ਕਰਾਫਟ ਦਾ ਕੋਰਸ ਸ਼ੁਰੂ ਕਰ ਲੈ। ਇੰਜ ਆਪਾਂ ਹਰ ਰੋਜ਼ ਮਿਲਦੇ ਰਿਹਾ ਕਰਾਂਗੇ। ਜੇ ਤੂੰ ਕਿੱਧਰੇ ਦੂਰ ਚਲਾ ਗਿਆ ਤਾਂ ਆਪਣਾ ਮਿਲਣਾ ਗਿਲਣਾ ਮੁਸ਼ਕਲ ਹੋ ਜਾਵੇਗਾ।"

ਇਸ ਪ੍ਰਕਾਰ ਲਾਡੀ ਬੀ.ਐਸ.ਸੀ. ਕਰਦਾ ਰਿਹਾ ਤੇ ਫਾਡੀ ਆਰਟ ਅਤੇ ਕਰਾਫਟ ਦਾ ਕੋਰਸ। ਬੀ.ਐਸ.ਸੀ. ਤੋਂ ਬਾਅਦ ਲਾਡੀ ਚੰਡੀਗੜ੍ਹ ਜਾ ਕੇ ਐਮ.ਐਸ.ਸੀ. ਕਰਨ ਲੱਗ ਪਿਆ। ਫਿਰ ਤਾਂ ਫਾਡੀ ਦਾ ਦਿਲ ਸੱਚਮੁੱਚ ਹੀ ਟੁੱਟ ਗਿਆ। ਉਸਨੇ ਆਰਟ ਅਤੇ ਕਰਾਫਟ ਦਾ ਕੋਰਸ ਤਾਂ ਪੂਰਾ ਕਰ ਲਿਆ ਪਰੰਤੂ ਆਰਟ ਅਧਿਆਪਕ ਦੀ ਨੌਕਰੀ ਉਸ ਨੂੰ ਬੜੀ ਛੋਟੀ ਮਹਿਸੂਸ ਹੋਈ। ਵੈਸੇ ਉਹ ਆਪਣੀ ਮਾਂ ਤੋਂ ਦਵਾਈਆਂ ਬਾਰੇ ਵੀ ਕੁੱਝ ਜਾਣਕਾਰੀ ਪ੍ਰਾਪਤ ਕਰਦਾ ਹੀ ਰਹਿੰਦਾ ਸੀ। ਮਰੀਜ਼ਾਂ ਦੇ ਟੀਕੇ ਲਗਾਉਣੇ ਤਾਂ ਉਸ ਵਾਸਤੇ ਆਮ ਜਿਹੀ ਗੱਲ ਸੀ। ਫਿਰ ਉਸਨੇ ਆਪਣੀ ਮਾਂ ਦੀ ਸਹਾਇਤਾ ਨਾਲ ਕਿਤਿਓਂ ਮਾੜਾ ਮੋਟਾ ਆਰ.ਐਮ.ਪੀ. ਬਣਨ ਲਈ ਲਾਈਸੈਂਸ ਵੀ ਲੈ ਲਿਆ। ਮਾਂ ਸੇਵਾਮੁਕਤ ਹੋ ਕੇ ਛੇਤੀ ਹੀ ਪੂਰੀ ਹੋ ਗਈ। ਫਾਡੀ ਨੇ ਉਸੇ ਪਿੰਡ ਵਿੱਚ ਕਲੀਨਿਕ ਖੋਲ੍ਹ ਲਿਆ। ਲੜਕੀਆਂ ਨੇ ਗਰਭਪਾਤ ਦਾ ਕੰਮ ਉਸ ਨੇ ਆਪਣੀ ਮਾਂ ਤੋਂ ਸਿੱਖ ਹੀ ਲਿਆ ਸੀ। ਇਸ ਕੰਮ ਵਿੱਚ ਉਹ ਕੁੱਝ ਵਧ ਹੀ ਦਿਲਚਸਪੀ ਲੈਣ ਲੱਗਾ ਪਿਆ ਸੀ। ਇਸਦੇ ਦੋ ਕਾਰਨ ਸਨ- ਇੱਕ ਤਾਂ ਇਸ ਵਿੱਚ ਪੈਸਾ ਚੰਗਾ ਸੀ, ਦੂਜਾ ਇਹ ਕੰਮ ਕਰਕੇ ਲੜਕੀਆਂ ਨੂੰ ਫੁਸਲਾਉਣਾ ਉਸਦਾ ਸ਼ੁਗਲ ਬਣ ਗਿਆ ਸੀ। ਜਿਹੜੀਆਂ ਕੰਵਾਰੀਆਂ ਲੜਕੀਆਂ ਉਸ ਤੋਂ ਗਰਭਪਾਤ ਕਰਵਾਉਂਦੀਆਂ ਸਨ, ਉਹਨਾਂ ਵਿੱਚੋਂ ਕਈ ਉਸ ਦੀ ਚੁੰਗਲ ਵਿੱਚ ਵੀ ਫਸ ਜਾਂਦੀਆਂ ਸਨ। ਭਾਵੇਂ ਇੰਜ ਕਰਨ ਨਾਲ ਪਿੰਡ ਅਤੇ ਲਾਗਲੇ ਇਲਾਕੇ ਵਿੱਚ ਉਸ ਦੀ ਕੁੱਝ ਬਦਨਾਮੀ ਵੀ ਹੁੰਦੀ ਪਰੰਤੂ ਲੋਕ ਉਸ ਦੇ ਸਿਰ ਘੱਟ ਹੀ ਆਉਂਦੇ ਸਨ ਕਿਉਂਕਿ ਲੋਕਾਂ ਨੂੰ ਉਸ ਤੱਕ ਕੰਮ ਪੈਂਦੇ ਹੀ ਰਹਿੰਦੇ ਸਨ। ਉਹ ਲੋਕਾਂ ਤੋਂ ਦਵਾ ਦਾਰੂ ਦੇ ਕਈ ਵਾਰ ਘੱਟ ਪੈਸੇ ਵੀ ਲੈ ਲੈਂਦਾ ਸੀ।

ਉੱਧਰ ਲਾਡੀ ਦੀਆਂ ਤਾਂ ਪੌਂ ਬਾਰਾਂ ਹੀ ਸਨ। ਉਹ ਚੰਡੀਗੜ੍ਹ ਹੋਸਟਲ ਵਿੱਚ ਰਹਿ ਕੇ ਐਮ.ਐਸ.ਸੀ. ਤਾਂ ਕਰ ਹੀ ਗਿਆ ਸੀ। ਉਸਤੋਂ ਬਾਅਦ ਉਸਨੂੰ ਬੈਂਕ ਵਿੱਚ ਨੌਕਰੀ ਵੀ ਮਿਲ ਗਈ ਸੀ। ਭਾਵੇਂ ਸ਼ੁਰੂ ਵਿੱਚ ਇਹ ਕਲਰਕੀ ਹੀ ਸੀ ਪਰੰਤੂ ਛੇਤੀ ਹੀ ਉਸਦੇ ਅਫਸਰ ਬਣਨ ਦੇ ਆਸਾਰ ਸਨ। ਉਸਨੂੰ ਪਿਛੋਕੜ ਤਾਂ ਚੰਗਾ ਮਿਲਿਆ ਹੀ ਸੀ। ਉਹ ਖੁਦ ਵੀ ਪੈਰਾਂ ਤੇ ਖੜ੍ਹਾ ਹੋ ਹੀ ਗਿਆ ਸੀ। ਵਿਆਹ ਦੀ ਮੰਡੀ ਵਿੱਚ ਵੀ ਉਸਦੀ ਮੰਗ ਕਾਫੀ ਵੱਧ ਗਈ ਸੀ। ਕਈ ਲੜਕੀਆਂ ਦੇ ਮਾਪੇ ਉਸਨੂੰ ਤੇ ਉਸਦੇ ਸੇਵਾਮੁਕਤ ਪਿਓ ਨੂੰ ਮਿਲਦੇ ਪਰੰਤੂ ਉਹ ਵਿਆਹ ਅਜੇ ਕੁਝ ਪਿੱਛੇ ਪਾਈ ਜਾ ਰਿਹਾ

ਸੀ। ਉਹ ਕਿਸੇ ਜ਼ਿਆਦਾ ਅਨੁਕੂਲ ਰਿਸ਼ਤੇ ਦੀ ਭਾਲ ਵਿੱਚ ਸੀ। ਆਖਰ ਇਹ ਰਿਸ਼ਤਾ ਮਿਲ ਹੀ ਗਿਆ। ਉਸਦਾ ਇੱਕ ਦੋਸਤ ਕੈਨੇਡਾ ਵਿੱਚ ਆਪਣੇ ਪੈਰ ਜਮਾ ਚੁੱਕਾ ਸੀ। ਉਸਨੇ ਵਿੱਚ ਪੈਕੇ ਉਸਦਾ ਰਿਸ਼ਤਾ ਆਪਣੀ ਕੈਨੇਡਾ ਵਿੱਚ ਰਹਿੰਦੀ ਚਚੇਰੀ ਭੈਣ ਨਾਲ ਕਰਵਾ ਦਿੱਤਾ। ਇਸ ਪ੍ਰਕਾਰ ਲਾਡੀ ਛੇਤੀਂ ਹੀ ਵਿਆਹ ਦੇ ਆਧਾਰ ਤੇ ਕੈਨੇਡਾ ਚਲਾ ਗਿਆ।

ਉਨ੍ਹਾਂ ਦਿਨਾਂ ਵਿੱਚ ਹੀ ਪੰਜਾਬ ਸਰਕਾਰ ਨੇ ਡਾਕਟਰਾਂ ਦੀਆਂ ਜਾਲ੍ਹੀ ਦੁਕਾਨਾਂ ਤੇ ਸ਼ਿਕੰਜਾ ਕੱਸ ਦਿੱਤਾ। ਫਾਡੀ ਦਾ ਲਾਇਸੈਂਸ ਜਾਲ੍ਹੀ ਜਿਹਾ ਹੀ ਸੀ। ਉਸਦਾ ਕਲੀਨਿਕ ਬੰਦ ਹੋ ਗਿਆ। ਸਧਾਰਨ ਜਿਹਾ ਵਿਆਹ ਉਹ ਹੁਣ ਤੱਕ ਕਰਵਾ ਹੀ ਚੁੱਕਾ ਸੀ। ਉਸਦੇ ਇੱਕ ਲੜਕਾ ਵੀ ਹੋ ਗਿਆ ਸੀ। ਉਸਦਾ ਗੁਜ਼ਾਰਾ ਔਖਾ ਹੋਣਾ ਸ਼ੁਰੂ ਹੋ ਗਿਆ। ਜਿੱਥੇ ਉਹ ਰਹਿੰਦੇ ਸੀ ਉਥੇ ਮਕਾਨ ਉਸਨੂੰ ਕਿਸੇ ਨੇ ਮੁਫਤ ਹੀ ਦਿੱਤਾ ਹੋਇਆ ਸੀ। ਪਿੰਡ ਵਿੱਚ ਪੁਰਾਣੀ ਪੈਂਠ ਪਈ ਹੋਣ ਕਰਕੇ ਕਈ ਚੀਜ਼ਾਂ ਅਜੇ ਵੀ ਮੁਫਤ ਹੀ ਮਿਲ ਜਾਂਦੀਆਂ ਸਨ। ਗੁਪਤ ਦਵਾ ਦਾਰੂ ਕਰਨ ਦਾ ਵੀ ਥੋੜ੍ਹਾ ਬਹੁਤਾ ਮੌਕਾ ਮਿਲਦਾ ਹੀ ਰਹਿੰਦਾ ਸੀ। ਜਦ ਤੰਗੀ ਜ਼ਿਆਦਾ ਹੋਣ ਲੱਗੀ ਤਾਂ ਉਸਨੇ ਇੱਕ ਟਰੱਕਾਂ ਦੇ ਸਪੇਅਰ ਪਾਰਟਰਸ ਦੀ ਦੁਕਾਨ ਤੇ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ। ਪੁਰਜ਼ਿਆਂ ਨਾਲ ਉਸਦੀ ਵਾਕਫੀਅਤ ਪੈਣ ਲੱਗੀ। ਕੁਝ ਦਿਨ ਦੁਕਾਨ ਤੇ ਬੈਠਣ ਨਾਲ ਉਸ ਨੂੰ ਪੁਰਜ਼ੇ ਵੇਚਣ ਦਾ ਸਲੀਕਾ ਆਉਣਾ ਸ਼ੁਰੂ ਹੋ ਗਿਆ।

ਦੁਕਾਨਦਾਰ ਨੇ ਥੋੜ੍ਹੀ ਤਨਖਾਹ ਵੀ ਦੇਣੀ ਸ਼ੁਰੂ ਕਰ ਦਿੱਤੀ। ਆਦਤ ਹਮੇਸ਼ਾ ਬਾਂਕਾ ਸ਼ੌਕੀਨ ਬਣਕੇ ਰਹਿਣ ਦੀ ਸੀ। ਬਣ ਸੰਵਰ ਕੇ ਬਾਜ਼ਾਰ ਵਿੱਚ ਇੱਕ ਦੋ ਚੱਕਰ ਮਾਰਨੇ ਉਸਦੀ ਪਹਿਲਾਂ ਤੋਂ ਹੀ ਆਦਤ ਸੀ। ਦੁਕਾਨ ਦੇ ਨਾਲ ਲਗਦੇ ਬਿਜਲੀ ਦੀਆਂ ਮੋਟਰਾਂ ਬੰਨ੍ਹਣ ਵਾਲੇ ਮੁੰਡੇ ਰੇਲੂ ਨੂੰ ਕਹਿ ਦੇਣਾ ਕਿ ਉਸਦੇ ਗਾਹਕਾਂ ਦਾ ਵੀ ਕੁੱਝ ਸਮਾਂ ਖਿਆਲ ਰੱਖੇ ਉਹ ਘੰਟੇ ਕੁ ਬਾਅਦ ਬਾਜ਼ਾਰ ਦੀ ਗੇੜੀ ਮਾਰ ਕੇ ਆ ਜਾਵੇਗਾ। ਘੰਟੇ ਲਈ ਗਏ ਗਏ ਨੇ ਕਈ ਵਾਰ ਦੋ ਤਿੰਨ ਘੰਟੇ ਲਗਾ ਆਉਣੇ। ਮਾਲਕ ਨੂੰ ਇਹ ਸਭ ਕੁਝ ਪਤਾ ਲਗਦਾ ਗਿਆ। ਉਸ ਨੇ ਫਾਡੀ ਨੂੰ ਕਈ ਚੇਤਾਵਨੀਆਂ ਦਿੱਤੀਆਂ ਪਰੰਤੂ ਉਹਨਾਂ ਦਾ ਉਸਤੇ ਅਸਰ ਕੁੱਝ ਨਾ ਹੋਇਆ। ਆਖਰਕਾਰ ਕੰਮ ਤੋਂ ਛੁੱਟੀ ਹੋ ਗਈ। ਇਸ ਤੋਂ ਬਾਅਦ ਫਾਡੀ ਨੇ ਸ਼ਹਿਰ ਦੇ ਟੈਕਸੀ ਸਟੈਂਡ ਤੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਕੋਸ਼ਿਸ਼ ਸੀ ਕਿ ਕੋਈ ਟੈਕਸੀ ਡਰਾਈਵਰ ਹੀ ਰੱਖ ਲਵੇ। ਇੱਕ ਮਾਲਕ ਨੇ ਉਸ ਨੂੰ ਡਰਾਈਵਰ ਰੱਖ ਲਿਆ। ਮਹੀਨਾ ਕੁ ਫਾਡੀ ਨੇ ਈਮਾਨਦਾਰੀ ਨਾਲ ਕੰਮ ਕੀਤਾ। ਕੰਮ ਵਿੱਚ ਅਕਸਰ ਰਾਤ ਪੈ ਜਾਂਦੀ ਸੀ। ਉਹ ਰਾਤ ਦੇ ਕੰਮ ਤੋਂ ਅੱਕ ਗਿਆ। ਦਿੱਲੀ ਜਿਹੇ ਸ਼ਹਿਰਾਂ ਨੂੰ ਸਵਾਰੀ ਲਿਜਾਂਦੇ ਸਮੇਂ ਟੈਕਸੀ ਦੋ ਵਾਰ ਕਿੱਧਰੇ ਵੱਜ ਗਈ। ਮਾਲਕ ਤੇ ਗਾਹਕ ਦੋਹਾਂ ਨੇ ਹੀ ਬੜਾ ਬੁਰਾ ਮਨਾਇਆ। ਇੱਕ ਅੱਧ ਜਨਾਨੀ ਸਵਾਰੀ ਨਾਲ ਉਹ ਮਾੜਾ ਮੋਟਾ ਬਦਸਲੂਕ ਵੀ ਕਰ ਬੈਠਾ। ਮਾਲਕ ਨੂੰ ਪਤਾ ਲੱਗਾ ਤਾਂ ਉਸਨੇ ਇਸ ਨੂੰ ਬਹੁਤ ਹੀ

ਮਾੜਾ ਸਮਝਿਆ। ਦੋ ਕੁ ਵਾਰ ਮਾਲਕ ਨੇ ਗੱਡੀ ਦਾ ਤੇਲ ਅਚਾਨਕ ਚੈੱਕ ਕੀਤਾ। ਉਸਨੂੰ ਤੇਲ ਘੱਟ ਲੱਗਿਆ। ਇਹ ਸਭ ਕੁਝ ਦੇਖਦੇ ਹੋਏ ਉਸਨੇ ਫਾਡੀ ਦੀ ਗੱਡੀ ਤੋਂ ਛੁੱਟੀ ਕਰ ਦਿੱਤੀ। ਫਾਡੀ ਫਿਰ ਸੜਕ ਤੇ ਆ ਗਿਆ। ਸ਼ਰਾਬ ਪੀਣ ਦੀ ਆਦਤ ਉਸ ਨੂੰ ਪੈ ਹੀ ਗਈ ਸੀ। ਸ਼ਰਾਬ ਪੀ ਕੇ ਸਾਥੀ ਡਰਾਈਵਰਾਂ ਨਾਲ ਉਸਦੇ ਮਾੜੇ ਮੋਟੇ ਝਗੜੇ ਹੁੰਦੇ ਹੀ ਰਹਿੰਦੇ ਸਨ। ਹੁਣ ਸ਼ਰਾਬ ਪੀ ਕੇ ਉਸਦੇ ਪਿੰਡ ਵਿੱਚ ਵੀ ਝਗੜੇ ਹੋਣ ਲੱਗ ਪਏ। ਘਰ ਦੀ ਤੰਗੀ ਅਤੇ ਸ਼ਰਾਬ ਦੀ ਘਰ ਵਿੱਚ ਬਹੁਤਾਤ ਹੋਣ ਕਰਕੇ ਉਸਦੀ ਘਰਵਾਲੀ ਉਮਰ ਤੋਂ ਪਹਿਲਾਂ ਹੀ ਅੱਧ ਬੁੱਢੀ ਲੱਗਣ ਲੱਗ ਪਈ। ਉਹ ਉਸ ਨਾਲ ਜਿੰਨਾ ਸਮਾਂ ਵੀ ਰਹੀ ਵਿਚਾਰੀ ਅੱਡੀਆਂ ਖੁਰਚਦੀ ਰਹੀ ਪਰ ਉਸਨੂੰ ਪੰਜੇਬਾਂ ਨਾ ਜੁੜੀਆਂ। ਉਸਦੇ ਇੱਕ ਲੜਕੀ ਵੀ ਹੋ ਗਈ। ਦੋਨੋਂ ਬੱਚੇ ਸਾਧਾਰਣ ਜਿਹੇ ਸਕੂਲ ਵਿੱਚ ਪੜ੍ਹਨ ਪਾਏ ਹੋਏ ਸਨ। ਹੁਣ ਫਾਡੀ ਦੇ ਦਿਮਾਗ ਵਿੱਚ ਅਕਸਰ ਖਿਆਲ ਆਉਂਦੇ :-

ਜੇ ਮੈਂ ਕਿੱਧਰੇ ਡਰਾਇੰਗ ਅਧਿਆਪਕ ਲੱਗਾ ਹੁੰਦਾ ਤਾਂ ਕਿੰਨਾ ਚੰਗਾ ਹੁੰਦਾ....ਜਿਹੜੀਆਂ ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀਆਂ ਪਹਿਲਾਂ ਛੋਟੀਆਂ ਲਗਦੀਆਂ ਹੁੰਦੀਆਂ ਹਨ ਸਮਾਂ ਪੈਣ ਤੇ ਉਹੀ ਠੀਕ ਗੁਜ਼ਾਰਾ ਕਰਨ ਲਾਇਕ ਹੋ ਜਾਂਦੀਆਂ ਹਨ....ਭੀਰੇ ਨੇ ਮੇਰੇ ਨਾਲ ਆਰਟ ਅਤੇ ਕਰਾਫਟ ਦਾ ਕੋਰਸ ਕੀਤਾ ਸੀ, ਅੱਜ ਉਹ ਮਹੀਨੇ ਦੀ 25000 ਰੁਪਏ ਤਨਖਾਹ ਲੈ ਰਿਹਾ ਏ....ਜਦ ਉਹ ਨੌਕਰੀ ਤੇ ਲੱਗਾ ਸੀ ਤਾਂ ਉਸਦੀ ਤਨਖਾਹ 400 ਰੁਪਏ ਸੀ....ਤਨਖਾਹ ਦੇ ਨਵੇਂ ਗਰੇਡ ਲਾਗੂ ਹੁੰਦੇ ਹੀ ਰਹਿੰਦੇ ਹਨ....ਜੇ ਮਹਿੰਗਾਈ ਵਧ ਰਹੀ ਏ ਤਾਂ ਤਨਖਾਹਾਂ ਵੀ ਬਥੇਰੀਆਂ ਵੱਧ ਰਹੀਆਂ ਹਨ....ਨਵੇਂ ਗਰੇਡ ਲਾਗੂ ਹੁੰਦੇ ਸਮੇਂ ਭੀਰਾ ਕਈ ਵਾਰ ਕਈ ਕਈ ਹਜ਼ਾਰ ਰੁਪਏ ਬਕਾਇਆਂ ਦੇ ਰੂਪ ਵਿੱਚ ਵੀ ਲੈ ਚੁੱਕਾ ਏ....ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਵੀ ਮਿਲਦੀਆਂ ਹੀ ਰਹਿੰਦੀਆਂ ਹਨ...ਭੀਰੇ ਦੇ ਬੱਚੇ ਵੀ ਬੜੇ ਵਧੀਆਂ ਸਕੂਲ ਵਿੱਚ ਪੜ੍ਹ ਰਹੇ ਹਨ....ਲਗਾਤਾਰ ਕਿਸੇ ਸਿਸਟਮ ਵਿੱਚ ਪਏ ਰਹਿਣ ਦੀ ਬਰਕਤ ਹੋਰ ਹੀ ਹੁੰਦੀ ਏ....ਰਿਟਾਇਰ ਹੋਣ ਤੇ ਪੈਨਸ਼ਨ, ਗਰੈਚੂਇਟੀ ਅਤੇ ਫੰਡ ਵੀ ਮਿਲ ਜਾਂਦਾ ਏ....ਮੈਂ ਦਿਨਾਂ ਮਹੀਨਿਆਂ ਵਿੱਚ ਲੱਖਪਤੀ ਬਣਨ ਬਾਰੇ ਸੋਚਿਆ ਸੀ... ਇਹ ਮੇਰੀ ਗਲਤੀ ਸੀ....ਸਾਭੀ ਨੇ ਵੀ ਮੇਰੇ ਵਾਂਗ ਹੀ ਕਰਨ ਦੀ ਕੋਸ਼ਿਸ਼ ਕੀਤੀ ਸੀ.... ਲੱਖਾਂ ਰੁਪਏ ਟਰੈਵਲ ਏਜੰਟ ਨੂੰ ਦੇ ਕੇ ਬਾਹਰ ਨੂੰ ਚੜ੍ਹ ਗਿਆ ਸੀ....ਰਾਹ ਵਿੱਚ ਹੀ ਫੜ ਹੋ ਗਿਆ ਸੀ....ਅਗਰ ਓਨੇ ਪੈਸੇ ਲਾ ਕੇ ਇੱਥੇ ਹੀ ਕੋਈ ਕੰਮ ਖੋਲ੍ਹ ਲੈਂਦਾ ਤਾਂ ਉਹਨੇ ਵਧੀਆ ਰਹਿਣਾ ਸੀ....ਮੈਂ ਲਾਡੀ ਤੇ ਆਸਾਂ ਰੱਖਦਾ ਰਿਹਾ....ਸ਼ਾਇਦ ਉਹ ਹੀ ਮੈਨੂੰ ਕਿਸੇ ਤਰ੍ਹਾਂ ਕੈਨੇਡਾ ਮੰਗਵਾ ਲਵੇਗਾ....ਬਾਹਰ ਮੰਗਵਾਉਣ ਦੇ ਵੀ ਤਾਂ ਕੋਈ ਕਾਇਦੇ ਕਾਨੂੰਨ ਹੁੰਦੇ ਨੇ....ਕੋਈ ਐਵੇਂ ਤਾਂ ਨਹੀਂ ਕਿਸੇ ਨੂੰ ਉੱਧਰ ਨੂੰ ਸੱਦ ਸਕਦਾ....ਮੈਂ ਸਿੰਗਾਪੁਰ ਨੂੰ ਜਹਾਜ਼ ਚੜ੍ਹਕੇ ਵੀ ਐਵੇਂ ਪੇਸੇ ਖਰਾਬ ਕੀਤੇ ਸਨ....ਬੱਸ ਐਵੇਂ ਜਹਾਜ਼ ਤੇ ਚੜ੍ਹਨ ਦਾ ਸ਼ੌਕ ਸੀ....ਅਖੇ ਸਿੰਗਾਪੁਰ ਵਿੱਚ ਚੀਜ਼ਾਂ ਸਸਤੀਆਂ ਨੇ....ਫਰੀ ਪੋਰਟ ਏ....ਜਿਹੜੇ ਚਾਰ ਪੈਸੇ ਕੋਲ ਹੋਏ

ਸੀ ਉਹ ਉੱਥੇ ਜਾ ਕੇ ਖਰਾਬ ਕਰ ਆਂਦੇ....ਹੁਣ ਪਚਵੰਜਾ ਨੂੰ ਢੁੱਕਣ ਲੱਗਾ ਹਾਂ....ਅਜੇ ਤੱਕ ਨੰਗ ਬੈਠਾ ਹਾਂ....ਮੇਰਾ ਮਨ ਹਮੇਸ਼ਾ ਥਾਲੀ ਦੇ ਪਾਣੀ ਵਾਂਗ ਡੋਲਦਾ ਰਿਹਾ ਏ....।

ਜਦ ਲਾਡੀ ਕੈਨੇਡਾ ਤੋਂ ਛੁੱਟੀ ਕੱਟਣ ਪੰਜਾਬ ਆਇਆ ਤਾਂ ਮੈਂ ਉਸਨੂੰ ਕਹਿ ਬੈਠਾ,"ਦੋਸਤਾ, ਕੁਝ ਆਪਣੇ ਹਮਜਮਾਤੀ ਦਾ ਵੀ ਸੋਚ। ਸਕੂਲ ਸਮੇਂ ਤੋਂ ਹੀ ਤੁਸੀਂ ਦੋਨੋਂ ਲੰਗੋਟੀਏ ਯਾਰ ਹੁੰਦੇ ਸੀ। ਹੁਣ ਤੱਕ ਵਿਚਾਰਾ ਭੁੱਖ ਨੰਗ ਨਾਲ ਖੇਡ ਰਿਹਾ ਏ। ਤੂੰ ਤਾਂ ਹੁਣ ਪੈਸੇ ਵਿੱਚ ਖੇਡਦਾ ਏਂ। ਅਗਰ ਤੂੰ ਉਹਨੂੰ ਬਾਹਰ ਨਹੀਂ ਕੱਢ ਸਕਦਾ ਤਾਂ ਉਸਦੇ ਮੁੰਡੇ ਬਾਰੇ ਹੀ ਕੁਝ ਸੋਚ ਲੈ।"

ਅੱਗੋਂ ਉਹ ਬੋਲਿਆ, "ਕੋਈ ਕਿਸੇ ਲਈ ਓਨਾ ਜ਼ਿਆਦਾ ਨਹੀਂ ਕਰ ਸਕਦਾ ਜਿੰਨਾ ਕੋਈ ਆਪਣੇ ਆਪ ਲਈ ਕਰ ਸਕਦਾ ਏ। ਨਾਲੇ ਬਾਹਰ ਜਾਣ ਸਮੇਂ ਬੰਦੇ ਮੂਹਰੇ ਕੁੱਝ ਕਰਨ ਕਰਾਉਣ ਲਈ ਆਪਣੇ ਰਿਸ਼ਤੇਦਾਰਾਂ ਦੀ ਹੀ ਲਾਈਨ ਲੱਗੀ ਹੁੰਦੀ ਏ। ਜੇ ਇਹਨਾਂ ਰਿਸ਼ਤੇਦਾਰਾਂ ਨੂੰ ਛੱਡ ਕੇ ਕੋਈ ਕਿਸੇ ਦੋਸਤ ਮਿੱਤਰ ਦਾ ਸੋਚਣ ਲੱਗ ਜਾਵੇ ਤਾਂ ਇਹਨਾਂ ਸਾਰਿਆਂ ਤੋਂ ਤਾਹਨੇ ਮਿਹਣੇ ਸੁਣੇਗਾ ਤੇ ਗਾਹਲਾਂ ਖਾਵੇਗਾ। ਜਦ ਕਿਸੇ ਦਾ ਕੋਈ ਦੋਸਤ ਬਾਹਰ ਨੂੰ ਤੁਰਦਾ ਏ ਤਾਂ ਉਸਨੂੰ ਇਹ ਗਲਤ ਫਹਿਮੀ ਹੋ ਜਾਂਦੀ ਏ ਕਿ ਉਹ ਉੱਥੇ ਜਾ ਕੇ ਉਹਦੇ ਬਾਰੇ ਵੀ ਕੁਝ ਸੋਚੇਗਾ। ਉਹ ਬਾਹਰ ਪੈਰ ਰੱਖਣ ਨੂੰ ਹੀ ਪੈਸਿਆਂ ਨਾਲ ਮਾਲਾਮਾਲ ਹੋਣ ਦੇ ਬਰਾਬਰ ਸਮਝਣ ਲੱਗਾ ਪੈਂਦਾ ਏ। ਉਹ ਇਹ ਕਿਆਸ ਹੀ ਨਹੀਂ ਕਰਦਾ ਕਿ ਬਾਹਰ ਪਹੁੰਚ ਕੇ ਸੈੱਟ ਹੋਣ ਨੂੰ ਵੀ ਚੋਖਾ ਸਮਾਂ ਲੱਗ ਜਾਂਦਾ ਏ। ਬਾਹਰਲੀ ਵੱਡੀ ਕਰੰਸੀ ਜਦ ਰੁਪਈਆਂ ਵਿੱਚ ਤਬਦੀਲ ਹੋ ਕੇ ਪੰਜਾਬ ਪਹੁੰਚਦੀ ਏ ਉਹ ਵੀ ਲੋਕਾਂ ਦੇ ਤੌਰ ਭੌਰ ਚੁੱਕ ਦਿੰਦੀ ਏ। ਕਈ ਬੰਦੇ ਬਾਹਰ ਜਾ ਕੇ ਕਿਰਾਏ ਦੇ ਮਕਾਨ ਵਿੱਚ ਹੀ ਬੈਠੇ ਰਹਿੰਦੇ ਹਨ। ਜਿਹੜੇ ਥੋੜ੍ਹੇ ਜਿਹੇ ਪੈਸੇ ਆਪਣੇ ਖਰਚੇ ਤੋਂ ਬਾਅਦ ਬਚਦੇ ਹਨ ਉਹ ਪਿੱਛੇ ਨੂੰ ਪੰਜਾਬ ਭੇਜ ਦਿੰਦੇ ਹਨ। ਜਦ ਇੱਕ ਹਜ਼ਾਰ ਡਾਲਰ ਦਾ 60-62000 ਰੁਪਈਆ ਬਣ ਕੇ ਪੰਜਾਬ ਕਿਸੇ ਪਾਸ ਪਹੁੰਚਦਾ ਏ ਤਾਂ ਉਹ ਤਾਂ ਆਪਣੇ ਆਪ ਨੂੰ ਗਾਜੀਆਣੇ ਦਾ ਕੁੰਡਾ ਸਿਹੁੰ ਸਮਝਣ ਲੱਗ ਪੈਂਦਾ ਏ। ਮੈਂ ਉਸ ਲਈ ਕੀ ਕਰ ਸਕਦਾ ਹਾਂ। ਉਸਨੂੰ ਆਪਣਾ ਕਿਰਦਾਰ ਆਪ ਹੀ ਠੀਕ ਰੱਖਣਾ ਚਾਹੀਦਾ ਸੀ। ਜਦ ਕਹਿੰਦੇ ਹੁੰਦੇ ਸੀ ਕਿ ਕਿਸੇ ਸਕੂਲ ਵਿੱਚ ਅਧਿਆਪਕ ਲੱਗ ਜਾਹ ਤਾਂ ਕਹਿੰਦਾ ਹੁੰਦਾ ਸੀ-400 ਰੁਪਏ ਵੀ ਕੋਈ ਤਨਖਾਹ ਏ। ਇੰਨੇ ਪੈਸੈ ਤਾਂ ਮੇਰੀ ਮਾਂ ਇੱਕ ਕੇਸ ਵਿੱਚੋਂ ਕਮਾ ਲੈਂਦੀ ਏ। ਅਗਲੇ ਆਉਂਦੇ ਆ, ਅੰਦਰੋਗਤੀ ਗਰਭਪਾਤ ਕਰਵਾਉਂਦੇ ਆ ਤੇ ਪੰਜ ਸੱਤ ਸੌ ਦੇ ਕੇ ਚਲੇ ਜਾਂਦੇ ਆ। ਕਈਆਂ ਦੇ ਘਰੋਂ ਬਾਅਦ ਵਿੱਚ ਖਾਣ ਪੀਣ ਦਾ ਸਮਾਨ ਵੀ ਆਉਂਦਾ ਰਹਿੰਦਾ ਏ। ਕਈ ਟੱਬਰ ਦੇਸੀ ਘਿਓ ਦੇ ਜਾਂਦੇ ਆ। ਇੱਕ ਦੇ ਅਮਰੂਦਾਂ ਦੇ ਬਾਗ ਆ, ਉਹ ਅਮਰੂਦ ਦਿੰਦੇ ਰਹਿੰਦੇ ਆ। ਬਾਸਮਤੀ ਦੇ ਚਾਵਲਾਂ ਦੀ ਬੋਰੀ ਮੁਫਤ ਆ ਜਾਂਦੀ ਏ'- ਇੱਕ ਵਾਰ ਮੇਰੇ ਕੋਲ ਫਾਡੀ ਚੰਡੀਗੜ੍ਹ ਹੋਸਟਲ ਵਿੱਚ ਆ ਗਿਆ। ਪੰਦਰਾਂ ਦਿਨ ਹੋਸਟਲ ਵਿੱਚ ਐਵੇਂ ਹੀ ਮੇਰੇ ਨਾਲ ਰਹਿੰਦਾ ਰਿਹਾ। ਮੇਰੇ ਸਾਥੀ ਪੁੱਛਣ-ਇਹ

ਦੋਸਤ ਕਿੱਥੇ ਪੜ੍ਹਦਾ ਏ? ਆਪਣੇ ਆਪ ਹੀ ਜਵਾਬ ਦੇਈ ਜਾਵੇ ਕਿ ਉਹ ਜਲੰਧਰ ਕਿਸੇ ਕਾਲਜ ਵਿੱਚ ਐਮ.ਏ. ਕਰ ਰਿਹਾ ਏ। ਜਲੰਧਰ ਦੂਜੀ ਯੂਨੀਵਰਸਿਟੀ ਵਿੱਚ ਪੈਂਦਾ ਏ। ਉਸ ਯੂਨੀਵਰਸਿਟੀ ਵਿੱਚ ਉਸ ਸਮੇਂ ਛੁੱਟੀਆਂ ਚੱਲ ਰਹੀਆਂ ਸਨ। ਦੋਸਤਾਂ ਨੇ ਸੋਚਿਆ ਕਿ ਉਹ ਮੇਰੇ ਪਾਸ ਕੁੱਝ ਛੁੱਟੀਆਂ ਬਿਤਾਉਣ ਆਇਆ ਹੋਵੇਗਾ। ਇੰਜ ਝੂਠ ਬੋਲ ਬੋਲ ਕੇ ਵੀ ਕਦੀ ਜ਼ਿੰਦਗੀ ਸੈੱਟ ਹੁੰਦੀ ਏ? ਕਦੀ ਫੋੜਾ ਫੂਕਾਂ ਮਾਰਿਆਂ ਵੀ ਰਾਜੀ ਹੋਇਆ ਏ? ਗਿਆ ਸਿੰਗਾਪੁਰ ਨੂੰ, ਕਹੀ ਜਾਵੇ ਉਹ ਕੈਨੇਡਾ ਜਾ ਰਿਹਾ ਏ। ਲੋਕਾਂ ਦੀਆਂ ਅੱਖਾਂ ਵਿੱਚ ਧੂੜ ਝੋਕਣਾ ਉਸਦੀ ਆਦਤ ਰਹੀ ਏ। ਪਿਛਲੀ ਵਾਰੀ ਜਦ ਮੈਂ ਪੰਜਾਬ ਆਇਆ ਸੀ ਤਾਂ ਮੈਂ ਆਪਣੀ ਕਾਰ ਉਸ ਨੂੰ ਸੰਭਾਲ ਗਿਆ ਸੀ। ਜਦ ਹੁਣ ਸਾਲ ਬਾਅਦ ਫਿਰ ਪੰਜਾਬ ਆਇਆ ਤਾਂ ਦੇਖਦਾ ਹਾਂ ਕਿ ਕਾਰ ਤੇ ਚਾਰੇ ਹੀ ਟਾਇਰ ਖਤਮ ਹਨ। ਚਾਰੇ ਬਦਲਣੇ ਪਏ। ਬਾਹਰਲੇ ਕਿਸੇ ਲਈ ਕਿੰਨਾ ਕੁ ਕਰ ਸਕਦੇ ਹਨ?"

ਮੈਂ ਉਸਦੀਆਂ ਇਹ ਗੱਲਾਂ ਸੁਣ ਕੇ ਨਿਰੁੱਤਰ ਹੋ ਗਿਆ। ਦੋਹਾਂ ਦੀ ਦੋਸਤੀ ਤਾਂ ਅਜੇ ਵੀ ਚਲਦੀ ਜਾ ਰਹੀ ਏ ਪਰ ਹੁਣ ਇਹ ਦੋਸਤੀ ਚਾਕਰੀ ਵਿੱਚ ਬਦਲਦੀ ਜਾ ਰਹੀ ਏ। ਜਦ ਉਹ ਕੈਨੇਡਾ ਤੋਂ ਆਉਂਦਾ ਏ ਤਾਂ ਫਾਡੀ ਉਸਨੂੰ ਦਿੱਲੀ ਤੋਂ ਪੰਜਾਬ ਲਿਆਉਣ ਦਾ ਕੰਮ ਕਰਦਾ ਏ। ਉਸਨੂੰ ਇਹ ਵੀ ਲਾਲਚ ਹੁੰਦਾ ਏ ਕਿ ਦਿੱਲੀਓਂ ਪੰਜਾਬ ਆਉਂਦੇ ਸਮੇਂ ਬਾਹਰਲੀ ਵਿਸਕੀ ਤਾਂ ਪੀਣ ਨੂੰ ਮਿਲ ਹੀ ਜਾਊ, ਕੁਝ ਹੋਰ ਤੋਹਫੇ ਵੀ ਮਿਲ ਜਾਣਗੇ। ਛੁੱਟੀ ਦੌਰਾਨ ਉਹ ਲਾਡੀ ਨੂੰ ਕਾਰ ਤੇ ਇੱਧਰ ਉੱਧਰ ਘੁਮਾਉਣ ਦਾ ਕੰਮ ਵੀ ਕਰਦਾ ਰਹਿੰਦਾ ਏ। ਫਿਰ ਉਹ ਉਸ ਨੂੰ ਦਿੱਲੀ ਜਾ ਕੇ ਏਅਰਪੋਰਟ ਤੇ ਚੜ੍ਹਵਾ ਆਉਂਦਾ ਏ। ਚੜ੍ਹਨ ਵੇਲੇ ਲਾਡੀ ਉਸ ਤੇ ਤਰਸ ਖਾ ਕੇ ਕਦੀ ਉਸ ਨੂੰ ਆਪਣੀ ਜੈਕਟ ਖੋਲ੍ਹ ਕੇ ਦੇ ਦਿੰਦਾ ਏ, ਕਦੀ ਘੜੀ ਲਾਹ ਕੇ ਫੜਾ ਦਿੰਦਾ ਏ ਤੇ ਕਦੀ ਹਜ਼ਾਰ ਰੁਪਏ ਵੀ ਦੇ ਦਿੰਦਾ ਏ। ਇੰਜ ਟਾਟ ਦੀ ਜੁੱਲੀ ਨੂੰ ਫਿਰ ਥੋੜ੍ਹੇ ਸਮੇਂ ਲਈ ਰੇਸ਼ਮ ਦੇ ਬਖੀਏ ਲੱਗਣ ਲੱਗ ਪੈਂਦੇ ਹਨ। ਉਸਦੇ ਵਾਪਸ ਚਲੇ ਜਾਣ ਬਾਅਦ ਫਾਡੀ ਬਸ ਝੂਰਦਾ ਰਹਿੰਦਾ ਏ। ਟਿਕ ਕੇ ਕੰਮ ਕਿੱਤਾ ਨਾ ਉਸਨੇ ਪਹਿਲਾਂ ਕਦੀ ਕੀਤਾ ਏ ਤੇ ਨਾ ਹੀ ਹੁਣ ਕਰ ਰਿਹਾ ਏ। ਕੈਨੇਡਾ ਵਿੱਚ ਲਾਡੀ ਦੇ ਬੱਚਿਆਂ ਦੇ ਰਹਿਣ ਸਹਿਣ ਦੇ ਢੰਗ ਅਤੇ ਤਰੀਕਿਆਂ ਨੇ ਵੀ ਫਾਡੀ ਨੂੰ ਦਿਮਾਗੀ ਤੌਰ 'ਤੇ ਝੰਜੋੜ ਕੇ ਰੱਖ ਦਿੱਤਾ ਏ। ਉਸਨੇ ਲਾਡੀ ਦੀਆਂ ਲਿਆਂਦੀਆਂ ਕਈ ਡੀ.ਵੀ.ਡੀਆਂ ਦੇਖੀਆਂ। ਉਸਨੂੰ ਆਪਣਾ ਤੇ ਆਪਣੇ ਬੱਚਿਆਂ ਦਾ ਜੀਵਨ ਪੱਧਰ ਬਹੁਤ ਨੀਵਾਂ ਮਹਿਸੂਸ ਹੋਇਆ। ਕਦੀ ਕਦੀ ਸੋਚਾਂ ਪਿਆ ਹੋਇਆ ਉਹ ਦੋਹਾਂ ਦੇਸ਼ਾਂ ਦੀ ਤੁਲਨਾ ਕਰਨ ਲੱਗ ਪੈਂਦਾ ਏ :-

ਇਹ ਸਾਡੇ ਦੇਸ਼ ਨੂੰ ਹੀ ਕਿਉਂ ਦੁਗਾੜਾ ਵੱਜਾ ਹੋਇਆ ਏ?....ਇੱਥੋਂ ਹਰ ਕੋਈ ਕਿਉਂ ਦੌੜਨਾ ਚਾਹੁੰਦਾ ਏ?....ਕੀ ਇੱਥੇ ਰਹਿ ਕੇ ਕੋਈ ਖੁਸ਼ ਵੀ ਏ?....ਹਾਂ, ਕੁੱਝ ਲੋਕ ਖੁਸ਼ ਹਨ....ਲੀਡਰ, ਵੱਡੇ ਅਫਸਰ ਤੇ ਵੱਡੇ ਵਪਾਰੀ....ਨਹੀਂ, ਸ਼ਾਇਦ ਇਹ ਵੀ ਖੁਸ਼ ਨਹੀਂ ਹਨ....ਅਗਰ ਇਹ ਆਪਣੇ ਵੱਡੇ ਜੁਗਾੜ ਛੱਡ ਕੇ ਉੱਧਰ ਚਲੇ ਵੀ ਜਾਣ ਤਾਂ

ਇਹ ਉੱਧਰ ਜਾ ਕੇ ਕੀ ਕਰਨਗੇ?....ਉੱਧਰ ਦੀ ਚਮਕ ਦਮਕ ਤਾਂ ਇਹਨਾਂ ਤੇ ਇੱਧਰ ਆਪਣੇ ਵੱਡੇ ਜੁਗਾੜਾਂ ਵਿੱਚ ਬੈਠਿਆਂ ਤੇ ਵੀ ਅਸਰ ਕਰਦੀ ਰਹਿੰਦੀ ਏ ਪਰ ਇਹਨਾਂ ਨੂੰ ਪਤਾ ਏ ਕਿ ਉੱਧਰ ਜਾਕੇ ਇਹਨਾਂ ਨੂੰ ਆਪਣੇ ਸ਼ੀਸ਼ੇ ਦੇ ਘਰਾਂ ਵਿੱਚੋਂ ਬਾਹਰ ਨਿਕਲਣਾ ਪੈਣਾ ਏ...ਇਹ ਸ਼ੀਸ਼ੇ ਦੇ ਘਰਾਂ ਦੇ ਇੰਨੇ ਆਦੀ ਹੋ ਚੁੱਕੇ ਹਨ ਕਿ ਇਹ ਉੱਧਰ ਜਾ ਕੇ ਛੇਤੀਂ ਦੇਣੀ ਇਸ ਪ੍ਰਕਾਰ ਦੇ ਘਰ ਉਸਾਰਨ ਬਾਰੇ ਸੋਚ ਵੀ ਨਹੀਂ ਸਕਦੇ....ਸੁਣਿਐ, ਉੱਧਰ ਤਾਂ ਪਹਿਲਾਂ ਆਮ ਮਨੁੱਖ ਬਣ ਕੇ ਰਹਿਣਾ ਪੈਂਦੇ....ਹਾਂ ਲੰਬਾ ਸਮਾਂ ਮਿਹਨਤ ਕਰਕੇ ਸ਼ੀਸ਼ੇ ਦੇ ਘਰ ਵੀ ਉਸਾਰੇ ਜਾ ਸਕਦੇ ਹਨ....ਜੇ ਇਹ ਅਫਸਰ, ਲੀਡਰ ਤੇ ਬਿਜ਼ਨੈਸਮੈਂਨ ਇੱਥੇ ਪੂਰੇ ਖੁਸ਼ ਹੋਣ ਤਾਂ ਇਹ ਆਪਣੀ ਔਲਾਦ ਨੂੰ ਬਾਹਰ ਭੇਜਣ ਲਈ ਹਰ ਸਮੇਂ ਕਾਹਲੇ ਨਾ ਰਹਿਣ....ਉਹ ਜਾਣਦੇ ਹਨ ਕਿ ਜਵਾਨ ਤਬਕਾ ਉੱਧਰ ਜਾਕੇ ਜਲਦੀ ਸੈੱਟ ਹੋ ਜਾਂਦਾ ਏ...ਇਸੇ ਕਰਕੇ ਬਲਜੀਤ ਸਿੰਘ ਐਸ.ਐਸ.ਪੀ., ਹਜ਼ਾਰਾ ਸਿੰਘ ਐਮ.ਐਲ.ਏ. ਤੇ ਗਿਰਧਾਰੀ ਲਾਲ ਕਰਿਆਨੇ ਵਾਲੇ ਨੇ ਆਪਣੇ ਲੜਕੇ ਉੱਧਰ ਨੂੰ ਤੋਰ ਦਿੱਤੇ ਹਨ....ਜਦ ਆਪ ਉਹਨਾਂ ਪਾਸ ਗੇੜਾ ਮਾਰਨ ਜਾਂਦੇ ਹਨ ਤਾਂ ਇਹ ਲਾਚੜੇ ਫਿਰਦੇ ਹੁੰਦੇ ਹਨ....ਮਹੀਨਾ ਕੁ ਉੱਧਰ ਰਹਿ ਕੇ ਜਦ ਵਾਪਿਸ ਆਉਂਦੇ ਹਨ ਤਾਂ ਉੱਧਰ ਦੀਆਂ ਸਿਫ਼ਤਾਂ ਕਰਦੇ ਥੱਕਦੇ ਨਹੀ....ਭਾਵੇਂ ਇਹ ਆਪਣੇ ਆਪ ਨੂੰ ਉੱਧਰ ਦੇ ਹਾਣ ਦਾ ਨਹੀਂ ਵੀ ਸਮਝਦੇ ਫਿਰ ਵੀ ਇਹ ਉੱਧਰ ਆਪਣਾ ਬੂਟਾ ਲਗਾਉਣ ਬਾਰੇ ਜ਼ਰੂਰ ਲੋਚਦੇ ਰਹਿੰਦੇ ਹਨ....ਨਾਲੇ ਇੱਕ ਹੋਰ ਗੱਲ ਵੀ ਏ....ਇੱਧਰ ਇਹਨਾਂ ਪਾਸ ਪੂਰੀ ਤਾਕਤ ਏ, ਪੈਸਾ ਏ, ਨੌਕਰ ਚਾਕਰ ਹਨ....ਇਹਨਾਂ ਦੀ ਇੱਧਰ ਪੂਰੀ ਆਓ ਭਗਤ ਹੁੰਦੀ ਏ....ਸਾਡਾ ਦੇਸ ਤਾਂ ਆਮ ਲੋਕਾਂ ਲਈ ਮਾੜਾ ਏ....ਇਸ ਤਰ੍ਹਾਂ ਦੇ ਵੱਡੇ ਲੋਕਾਂ ਨੂੰ ਖਾਲਸ ਚੀਜ਼ਾਂ ਮਿਲ ਹੀ ਜਾਂਦੀਆਂ ਹਨ....ਮਿਲਾਵਟ ਨਾਲ ਤਾਂ ਆਮ ਲੋਕ ਘੋਲ ਕਰ ਰਹੇ ਹਨ....ਅਫਸਰ ਮੂਹਰੇ ਤਾਂ ਖਾਲਸ ਚੀਜ਼ਾਂ ਦਾ ਚੜ੍ਹਾਵਾਂ ਚੜ੍ਹਦਾ ਏ....ਲੀਡਰ ਨੂੰ ਚੋਟੀ ਦੀ ਚੁਣੀ ਹੋਈ ਚੀਜ਼ ਮਿਲਦੀ ਏ....ਬਿਜ਼ਨੈੱਸਮੈਨ ਪੈਸੇ ਦੇ ਜ਼ੋਰ ਨਾਲ ਚੁਣੀ ਹੋਈ ਖਾਲਸ ਚੀਜ਼ ਆਪਣੇ ਘਰ ਵਰਤਦਾ ਏ, ਲੋਕਾਂ ਨੂੰ ਭਾਵੇਂ ਉਹ ਗਰਮ ਮਸਾਲੇ ਵਿੱਚ ਘੋੜਿਆ ਦੀ ਲਿੱਦ ਮਿਲਾ ਕੇ ਤੇ ਘਿਓਂ ਵਿੱਚ ਗਰੀਸ ਮਿਲਾ ਕੇ ਵੇਚੀ ਜਾਵੇ....ਨਾਲੇ ਭਾਰਤ ਵਿੱਚ ਕਾਰੋਬਾਰ ਕਰਕੇ ਦੁਕਾਨਦਾਰ ਨੂੰ ਇੱਕ ਹੋਰ ਲਾਭ ਵੀ ਏ....ਇੱਥੇ ਜਨਸੰਖਿਆ ਅੰਤਾਂ ਦੀ ਏ....ਕਾਰੋਬਾਰ ਵੀ ਵੱਧ ਉੱਥੇ ਚੱਲੂ ਜਿੱਥੇ ਜਨਸੰਖਿਆ ਵੱਧ ਹੋਊ....ਆਸਟਰੇਲੀਆ ਜਿਹੇ ਘੱਟ ਆਬਾਦੀ ਵਾਲੇ ਦੇਸ਼ ਵਿੱਚ ਭਾਰਤੀ ਮੂਲ ਦੇ ਕਾਰੋਬਾਰ ਦੀਆਂ ਦੁਕਾਨਾਂ ਅਕਸਰ ਅਸਫਲ ਹੋ ਜਾਂਦੀਆਂ ਹਨ....ਕੀ ਹੋਇਆ ਜੇ ਇਹਨਾਂ ਦੇਸ਼ਾਂ ਦੀ ਕਰੰਸੀ ਵੱਡੀ ਏ....ਜੇ ਭਾਰਤ ਜਿਹੇ ਵੱਧ ਆਬਾਦੀ ਵਾਲੇ ਦੇਸ਼ ਵਿੱਚ ਮਾਲ ਹੀ ਪੰਜਾਹ ਗੁਣਾ ਜ਼ਿਆਦਾ ਵਿਕ ਜਾਵੇ ਤਾਂ ਕਮਾਈ ਤਾਂ ਉੱਥੇ ਹੀ ਪਹੁੰਚ ਜਾਂਦੀ ਏ...।

ਲਾਡੀ ਸੱਚਮੁੱਚ ਲਾਡੀ ਸੀ ਤੇ ਹੁਣ ਵੀ ਲਾਡੀ ਹੀ ਏ ਪਰੰਤੂ ਫਾਡੀ ਫਾਡੀ ਰਹਿੰਦਾ ਚਲਾ ਗਿਆ ਏ। ਹੁਣ ਤਾਂ ਉਹ ਸੱਚਮੁੱਚ ਹੀ ਫਾਡੀ ਏ। ਉਸਨੂੰ ਹਰ ਸਮੇਂ ਇਹ

ਹੀ ਝੋਰਾ ਰਹਿੰਦਾ ਏ ਕੀ ਉਹ ਫਾਡੀਆਂ ਵਾਲੀ ਜ਼ਿੰਦਗੀ ਬਸਰ ਕਰਦਾ ਹੋਇਆ ਹੀ ਇਸ ਦੁਨੀਆਂ ਤੋਂ ਕੂਚ ਕਰ ਜਾਵੇਗਾ। ਉਮਰ ਦੇ ਸੱਠਵੇਂ ਸਾਲ ਵਿੱਚ ਫਾਡੀ ਇਹ ਗੱਲ ਜ਼ਰੂਰ ਦਿਲੋਂ ਮਹਿਸੂਸ ਕਰਨ ਲੱਗ ਪਿਆ ਏ ਕਿ ਜੇ ਉਹ ਥੋੜ੍ਹੀ ਜਿਹੀ ਵੀ ਸਮਝਦਾਰੀ ਵਰਤਦਾ ਤਾਂ ਸ਼ਾਇਦ ਉਹ ਇੰਨਾ ਫਾਡੀ ਨਾ ਬਣਦਾ ਜਿੰਨਾ ਉਹ ਇਸ ਸਮੇਂ ਹੈ।

*(ਲੇਖਨੁਮਾ ਕਹਾਣੀ)*

# ਭਾੜਾ

ਟੈਕਸੀ ਚਾਲਕ ਕ੍ਰਿਸਟਿਨਾ ਪੈਰਾਮੈਟਾ (Parramatta) ਦੀਆਂ ਕਚਹਿਰੀਆਂ ਪਾਸੋਂ ਲੰਘ ਰਹੀ ਸੀ। ਦੋ ਗੋਰੀਆਂ ਸਵਾਰੀਆਂ ਨੇ ਉਸਨੂੰ ਹੱਥ ਦਿੱਤਾ ਤੇ ਉਹ ਰੁਕ ਗਈ। ਦੋਨੋਂ ਸਵਾਰੀਆਂ ਉਸਦੀ ਟੈਕਸੀ ਦੀ ਪਿਛਲੀ ਸੀਟ ਤੇ ਬੈਠ ਗਈਆਂ।

"ਕਿੱਥੇ ਜਾ ਰਹੇ ਹੋ?" ਕ੍ਰਿਸਟਿਨਾ ਨੇ ਟੈਕਸੀ ਦੇ ਮੂਹਰੇ ਲੱਗੇ ਸ਼ੀਸ਼ੇ ਵਿੱਚੋਂ ਦੇਖਦੇ ਹੋਏ ਉਹਨਾਂ ਨੂੰ ਸਵਾਲ ਕੀਤਾ।

"ਟੈਲੋਪੀਆ (Telopea)"

ਕ੍ਰਿਸਟਿਨਾ ਨੇ ਟੈਕਸੀ ਤੋਰ ਲਈ। ਅਜੇ ਦੋ ਕੁ ਮਿੰਟ ਹੀ ਗੁਜ਼ਰੇ ਸਨ ਕਿ ਉਹਨਾਂ ਦੋਹਾਂ ਸਵਾਰੀਆਂ ਵਿੱਚੋਂ ਇੱਕ ਜਣੀ ਕ੍ਰਿਸਟਿਨਾ ਨੂੰ ਸਿਸਕੀਆਂ ਲੈਂਦੀ ਹੋਈ ਮਹਿਸੂਸ ਹੋਈ। ਨਾਲ ਬੈਠੀ ਦੂਜੀ ਇਸਤਰੀ ਉਸ ਨੂੰ ਦਿਲਾਸਾ ਦਿੰਦੀ ਹੋਈ ਚੁੱਪ ਕਰਾ ਰਹੀ ਸੀ।"

"ਕੀ ਤੁਸੀਂ ਠੀਕ ਠਾਕ ਤਾਂ ਹੋ?" ਕ੍ਰਿਸ਼ਟਿਨਾ ਵਧੀਆ ਗ੍ਰਾਹਕ ਸੇਵਾ (customer service) ਦੀ ਭਾਵਨਾ ਨਾਲ ਬੋਲੀ, "ਕੀ ਹੋਇਆ? ਇਹ ਰੋ ਕਿਉਂ ਰਹੀ ਏ?"

"ਡਰਾਈਵਰ ਸਾਹਿਬਾ, ਕੀ ਦੱਸੀਏ? ਇਹਦੇ ਨਾਲ ਅੱਜ ਬੁਰੀ ਹੋਈ ਏ। ਅਸੀਂ ਪੈਰਾਮੈਟਾ ਦੀ ਅਦਾਲਤ ਵਿੱਚੋਂ ਆ ਰਹੀਆਂ ਹਾਂ। ਜੱਜ ਨੇ ਇਸਦੇ ਖਿਲਾਫ ਫੈਸਲਾ ਸੁਣਾ ਦਿੱਤਾ। ਫੈਸਲਾ ਸੁਣਕੇ ਇਹ ਬਹੁਤ ਪ੍ਰੇਸ਼ਾਨ ਹੋ ਗਈ। ਹੁਣ ਤਾਂ ਇਹ ਰੋਣ ਹੀ ਲੱਗ ਪਈ।"

"ਕੇਸ ਕਿਹੋ ਜਿਹਾ ਸੀ? ਕੀ ਕੋਈ ਘਰੇਲੂ ਝਗੜਾ ਸੀ? ਮੁਆਫ ਕਰਨਾ, ਵੈਸੇ ਮੈਨੂੰ ਤੁਹਾਡੇ ਨਿੱਜੀ ਮਾਮਲਿਆਂ ਵਿੱਚ ਦਖਲ ਨਹੀਂ ਦੇਣਾ ਚਾਹੀਦਾ।"

"ਨਹੀਂ, ਐਸੀ ਤਾਂ ਕੋਈ ਗੱਲ ਨਹੀਂ। ਸਾਨੂੰ ਖੁਸ਼ੀ ਹੈ ਕਿ ਤੁਸੀਂ ਸਾਡੇ ਨਾਲ ਹਮਦਰਦੀ ਜ਼ਾਹਰ ਕੀਤੀ ਏ। ਮੇਰੀ ਇਸ ਸਾਥਣ ਦੇ ਆਪਣੇ ਪ੍ਰੇਮੀ (boy friend) ਨਾਲ ਬੜੇ ਵਧੀਆ ਸੰਬੰਧ ਸਨ ਪਰ......।"

"ਕੀ ਮਤਲਬ? ਤੁਸੀਂ ਗੱਲ ਕਰਨ ਤੋਂ ਰੁਕ ਕਿਉਂ ਗਏ? ਕੀ ਹੁਣ ਤੁਅਲਕਾਤ ਖਰਾਬ ਹੋ ਗਏ ਨੇ?"

"ਹਾਂ, ਡਰਾਈਵਰ ਸਾਹਿਬਾ, ਕੁੱਝ ਇੰਜ ਹੀ ਹੋ ਗਿਆ ਏ। ਅੱਜ ਇਹਨਾਂ ਦੇ

ਤੁਆਲਕਾਤ ਵਿਗੜ ਗਏ ਹਨ। ਵੈਸੇ ਲੰਬੇ ਸਮੇਂ ਤੋਂ ਇਹਨਾਂ ਦੇ ਸੰਬੰਧ ਬੜੇ ਹੀ ਵਧੀਆ ਰਹੇ ਹਨ।"

"ਕੀ ਮਤਲਬ?"

"ਇਹ ਆਪਣੇ ਪ੍ਰੇਮੀ ਨਾਲ ਤਿੰਨ ਕੁ ਸਾਲਾਂ ਤੋਂ ਰਹਿ ਰਹੀ ਸੀ। ਉਹ ਇਸਨੂੰ ਬਹੁਤ ਹੀ ਪਿਆਰ ਕਰਦਾ ਸੀ।"

"ਫਿਰ ਇਹ ਅਦਾਲਤ ਵਿੱਚ ਕਿਉਂ ਗਈ?"

"ਇਹ ਕਾਰਲਿੰਗਫੋਰਡ (Carlingford) ਵਿਖੇ ਰਹਿੰਦੀ ਏ, ਕਾਰਲਿੰਗਫੋਰਡ ਦੇ ਨੇੜੇ ਟਿਲੋਪੀਆ ਵਿਖੇ।"

"ਹਾਂ ਠੀਕ ਏ। ਹੁਣ ਤੁਸੀਂ ਉੱਥੇ ਹੀ ਤਾਂ ਜਾ ਰਹੇ ਹੋ। ਇਹ ਤਾਂ ਦੱਸ ਹੋਇਆ ਕੀ ਏ?"

"ਕੁੱਝ ਮਹੀਨੇ ਪਹਿਲਾਂ ਇਸ ਲੜਕੀ ਨੇ ਟੈਲੋਪੀਆ ਤੋਂ ਫੇਅਰਫੀਲਡ (Fairfield) ਵਾਸਤੇ ਟੈਕਸੀ ਫੜੀ ਸੀ। ਜਦ ਇਹ ਫੇਅਰਫੀਲਡ ਦੇ ਨੇੜੇ ਪਹੁੰਚੀ ਟੈਕਸੀ ਦੇ ਮੀਟਰ ਤੇ ਭਾੜਾ 50 ਡਾਲਰ ਹੋ ਗਿਆ ਸੀ। ਇਸ ਦੀ ਜੇਬ ਵਿੱਚ ਧੇਲਾ ਵੀ ਨਹੀਂ ਸੀ। ਇਸਨੂੰ ਇਹ ਪਤਾ ਵੀ ਸੀ ਕਿ ਇਸ ਪਾਸ ਪੈਸੇ ਨਹੀਂ ਸਨ। ਇਸਨੇ ਭਾੜਾ ਦੇਣ ਦੀ ਥਾਂ ਤੇ ਆਪਣੇ ਆਪ ਨੂੰ ਹੀ ਡਰਾਈਵਰ ਅੱਗੇ ਪੇਸ਼ ਕਰ ਦਿੱਤਾ...।"

"ਆਪਣੇ ਆਪ ਨੂੰ ਪੇਸ਼ ਕਰ ਦਿੱਤਾ?" ਕ੍ਰਿਸਟਿਨਾ ਨੇ ਇਹ ਕਹਿ ਕੇ ਟੈਕਸੀ ਇੱਕ ਦਮ ਰੋਕ ਲਈ ਤੇ ਬੜੇ ਧਿਆਨ ਨਾਲ ਦੋਹਾਂ ਸਵਾਰੀਆਂ ਵੱਲ ਦੇਖਿਆ, "ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਮੇਰੇ ਨਾਲ ਵੀ ਧੋਖਾ ਕਰਨ ਬਾਰੇ ਸੋਚਿਆ ਹੋਇਆ ਏ। ਤੁਸੀਂ ਮੈਨੂੰ ਵੀ ਟੈਕਸੀ ਦਾ ਭਾੜਾ ਨਹੀਂ ਦੇਣਾ। ਕ੍ਰਿਪਾ ਕਰਕੇ ਮੇਰੀ ਟੈਕਸੀ ਤੋਂ ਉਤਰ ਜਾਓ। ਅਗਰ ਜਾਣਾ ਹੈ ਤਾਂ ਮੈਨੂੰ ਪੈਸੇ ਪਹਿਲਾਂ ਹੀ ਦੇ ਦਿਓ।"

"ਪਲੀਜ਼, ਸਾਨੂੰ ਗਲਤ ਨਾ ਸਮਝੋ। ਦੱਸੋਂ ਕਿੰਨੇ ਪੈਸੇ ਦੇਈਏ। ਅਸੀਂ ਹੁਣੇ ਹੀ ਦੇਣ ਨੂੰ ਤਿਆਰ ਹਾਂ।"

"30 ਡਾਲਰ।"

"ਆਹ ਲੈ 30 ਡਾਲਰ ਤੇ ਟੈਕਸੀ ਨੂੰ ਅੱਗੇ ਤੋਰ।"

ਕ੍ਰਿਸਟਿਨਾ ਨੇ ਭਾੜਾ ਲੈ ਲਿਆ ਤੇ ਮੀਟਰ ਬੰਦ ਕਰ ਦਿੱਤਾ। ਉਹ ਫਿਰ ਉਹਨਾਂ ਦੀਆਂ ਗੱਲਾਂ ਵਿੱਚ ਦਿਲਚਸਪੀ ਲੈਣ ਲੱਗ ਪਈ।

"ਫਿਰ ਕੀ ਹੋਇਆ?" ਕ੍ਰਿਸਟਿਨਾ ਨੇ ਪੁੱਛਿਆ।

"ਮੇਰੀ ਇਸ ਸਾਥਣ ਦੀ ਉਸ ਟੈਕਸੀ ਡਰਾਈਵਰ ਨੂੰ ਆਪਣੇ ਆਪ ਨੂੰ ਪੇਸ਼ ਕਰਨ ਦੀ ਸਕੀਮ ਕਾਮਯਾਬ ਹੋ ਗਈ। ਡਰਾਈਵਰ ਟੈਕਸੀ ਨੂੰ ਇੱਕ ਇਕਾਂਤ ਜਗ੍ਹਾ ਤੇ ਲੈ ਗਿਆ। ਉੱਥੇ ਇਹਨਾਂ ਦੋਹਾਂ ਨੇ ਖੂਬ ਮਜ਼ੇ ਕੀਤੇ। ਉਸ ਸਮੇਂ ਇਹ ਲੜਕੀ ਕਲਪਨਾ ਵੀ ਨਹੀਂ ਕਰ ਸਕਦੀ ਸੀ ਕਿ ਇਸ ਇੱਕੋਂ ਇੱਕ ਮਿਲਣੀ ਨਾਲ ਇਸ ਨੂੰ ਗਰਭ ਠਹਿਰਨਾ ਸ਼ੁਰੂ ਹੋ ਜਾਵੇਗਾ। ਇਸਦੇ ਆਪਣੇ ਪ੍ਰੇਮੀ (boy friend) ਨਾਲ ਲੰਮੇ ਸਮੇਂ ਤੋਂ

ਸਰੀਰਕ ਸੰਬੰਧ ਚਲਦੇ ਆ ਹੀ ਰਹੇ ਸਨ। ਮਹੀਨੇ ਕੁ ਬਾਅਦ ਇਸ ਨੇ ਆਪਣੇ ਪ੍ਰੇਮੀ ਨੂੰ ਦੱਸਿਆ ਕਿ ਇਹ ਗਰਭਵਤੀ ਹੋਣ ਵਲ ਵਧ ਰਹੀ ਸੀ। ਇਸਦਾ ਪ੍ਰੇਮੀ ਬੜਾ ਖੁਸ਼ ਹੋਇਆ। ਉਸਨੇ ਇਸ ਵਲ ਹੋਰ ਵੀ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਬੱਚੇ ਦੇ ਜਨਮ ਹੋਣ ਤੱਕ ਇਹਨਾਂ ਦੇ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਪਰੰਤੂ ਬੱਚਾ ਹੁੰਦੇ ਸਾਰ ਹੀ ਇੱਕ ਅਜੀਬ ਗੱਲ ਹੋਈ।"

"ਉਹ ਕੀ?" ਕ੍ਰਿਸਟਿਨਾ ਜਾਨਣ ਲਈ ਕਾਹਲੀ ਪੈ ਗਈ।

"ਇਹਦੇ ਅਤੇ ਇਹਦੇ ਪ੍ਰੇਮੀ ਦੇ ਅਚਾਨਕ ਸੰਬੰਧ ਖਰਾਬ ਹੋ ਗਏ। ਬੋਲ ਚਾਲ ਬੰਦ ਹੋ ਗਈ।"

"ਕਿਉਂ? ਅਚਾਨਕ ਇੰਜ ਕਿਵੇਂ ਹੋ ਸਕਦਾ ਸੀ?"

"ਕਿਉਂਕਿ ਬੱਚੇ ਦਾ ਰੰਗ ਕਾਲਾ ਸੀ। ਬੱਚੇ ਦਾ ਰੰਗ ਨਾ ਇਹਦੇ ਰੰਗ ਜਿਹਾ ਤੇ ਨਾ ਹੀ ਇਸਦੇ ਪ੍ਰੇਮੀ ਦੇ ਰੰਗ ਜਿਹਾ ਚਿੱਟਾ ਸੀ। ਇਹਨੇ ਆਪਣੇ ਪਰੇਮੀ ਨੂੰ ਬਥੇਰਾ ਸਮਝਾਇਆ ਕਿ ਰੰਗ ਵਿੱਚ ਕਈ ਕਾਰਨਾਂ ਕਰਕੇ ਫਰਕ ਪੈ ਸਕਦਾ ਹੈ ਪਰੰਤੂ ਉਹ ਇਹਦੇ ਨਾਲ ਬਿਲਕੁਲ ਵੀ ਸਹਿਮਤ ਨਾ ਹੋਇਆ। ਇਹ ਉਸ ਤੋਂ ਖਰਚਾ ਲੈਣ ਲਈ ਅਦਾਲਤ ਵਿੱਚ ਚਲੀ ਗਈ। ਅੱਜ ਅਦਾਲਤ ਦੇ ਫੈਸਲੇ ਦਾ ਆਖਰੀ ਦਿਨ ਸੀ। ਇਹਦੇ ਵਕੀਲ ਨੇ ਜੱਜ ਨੂੰ ਬਥੇਰਾ ਯਕੀਨ ਦੁਆਣ ਦੀ ਕੋਸ਼ਿਸ਼ ਕੀਤੀ ਕਿ ਬੱਚਾ ਇਹਦੇ ਪ੍ਰੇਮੀ ਦਾ ਹੀ ਏ। ਪਰ ਦੂਜੇ ਪਾਸੇ ਵਾਲੇ ਵਕੀਲ ਨੇ ਨੱਕ ਤੇ ਮੱਖੀ ਤੱਕ ਬਹਿਣ ਨਾ ਦਿੱਤੀ। ਉਹਨੇ ਇਹ ਸਿੱਧ ਕਰਨ ਲਈ ਸਾਰਾ ਜ਼ੋਰ ਲਗਾ ਦਿੱਤਾ ਕਿ ਬੱਚਾ ਇਹਦੇ ਪ੍ਰੇਮੀ ਨਾ ਨਹੀਂ ਏ, ਇਹ ਕਿਸੇ ਹੋਰ ਦਾ ਏ। ਜਦ ਫੈਸਲਾ ਸੁਣਾਉਣਾ ਅਸੰਭਵ ਹੋ ਗਿਆ ਤਾਂ ਜੱਜ ਨੇ ਬੱਚੇ ਦਾ ਡੀ.ਐਨ.ਏ. ਕਰਵਾਉਣ ਦਾ ਹੁਕਮ ਦੇ ਦਿੱਤਾ। ਜਦ ਡੀ.ਐਨ.ਏ. ਦਾ ਨਤੀਜਾ ਸਾਹਮਣੇ ਆਇਆ ਤਾਂ ਇਸਦੇ ਵਕੀਲ ਨੂੰ ਮੂੰਹ ਦੀ ਖਾਣੀ ਪਈ। ਬੱਚਾ ਸੱਚਮੁੱਚ ਹੀ ਕਿਸੇ ਹੋਰ ਦਾ ਸਾਬਤ ਹੋ ਗਿਆ। ਜਦ ਜੱਜ ਨੂੰ ਕੇਸ ਦਾ ਸਹੀ ਮਾਅਨਿਆਂ ਵਿੱਚ ਪਤਾ ਲੱਗਾ ਤਾਂ ਪਤਾ ਉਹਨੇ ਕੀ ਕਿਹਾ?"

"ਕੀ?"

"ਉਹਨੇ ਕਿਹਾ-ਤੂੰ ਕਿਸੇ ਪਾਸ ਆਪਣੇ ਆਪ ਨੂੰ ਸਿਰਫ 50 ਡਾਲਰ ਖਾਤਰ ਵੇਚ ਦਿੱਤਾ। ਅਦਾਲਤ ਤੇਰੇ ਜਿਹਿਆਂ ਦੀ ਕੀ ਰਾਖੀ ਕਰ ਸਕਦੀ ਏ?"

"ਇਹ ਤਾਂ ਬੜਾ ਮਾੜਾ ਹੋਇਆ", ਟੈਲੋਪੀਆ ਜਾ ਕੇ ਟੈਕਸੀ ਖੜ੍ਹੀ ਕਰਦੀ ਕ੍ਰਿਸਟਿਨਾ ਨੇ ਇਹ ਕਹਿ ਕੇ ਉਹਨਾਂ ਨਾਲ ਹਮਦਰਦੀ ਪ੍ਰਗਟਾਈ।

ਧੁਰ ਅੰਦਰੋਂ ਕ੍ਰਿਸਟਿਨਾ ਨੇ ਉਸ ਲੜਕੀ ਲਈ ਘ੍ਰਿਣਾ ਮਹਿਸੂਸ ਕੀਤੀ। ਉਸਨੂੰ ਕੋਈ ਘ੍ਰਿਣਾ ਨਹੀਂ ਕਰੇਗਾ ਤਾਂ ਹੋਰ ਕੀ ਕਰੇਗਾ? ਉਸਨੇ ਆਪਣੇ ਪ੍ਰੇਮੀ ਨੂੰ ਧੋਖਾ ਦਿੱਤਾ ਸੀ। ਜੱਜ ਨੇ ਆਪਣੇ ਅਤਿ ਆਧੁਨਿਕ ਵਿਗਿਆਨਕ ਫੈਸਲੇ (most scientific verdict) ਰਾਹੀਂ ਉਸਦੇ ਧੋਖੇ ਦੇ ਪੋਲ ਖੋਲ੍ਹ ਦਿੱਤੇ ਸਨ।

*(ਮਿੰਨੀ ਕਹਾਣੀ)*

# ਹੈੱਡਮਾਸਟਰ ਸਾਹਿਬ

ਇਹ ਸੰਨ 65-66 ਦੀਆਂ ਗੱਲਾਂ ਹਨ। ਉਸ ਸਮੇਂ ਪੰਜਾਬ ਵਿੱਚ ਅੱਜ ਵਾਂਗ ਨਿੱਜੀ ਮਾਡਲ ਸਕੂਲ ਕਿਧਰੇ ਬਹੁਤ ਹੀ ਘੱਟ ਨਜ਼ਰ ਆਉਂਦੇ ਸਨ। ਸਰਕਾਰੀ ਸਕੂਲ ਹੀ ਵਿੱਦਿਆ ਦੇ ਥੰਮ੍ਹ ਹੋਇਆ ਕਰਦੇ ਸਨ। ਇਹਨਾਂ ਸਕੂਲਾਂ ਦੇ ਮਾਸਟਰ ਮਾਪਿਆਂ ਲਈ ਵੀ ਤੇ ਉਹਨਾਂ ਦੇ ਬੱਚਿਆਂ ਲਈ ਵੀ ਦੇਵਤਾ ਸਮਾਨ ਹੋਇਆ ਕਰਦੇ ਸਨ। ਇਹਨਾਂ ਮਾਸਟਰਾਂ ਦੇ ਹੱਥ ਵਿੱਚ ਸੋਟੀ ਤਾਂ ਅਕਸਰ ਹੋਇਆ ਹੀ ਕਰਦੀ ਸੀ। ਇੱਕ ਪੁਲਿਸ ਦੇ ਥਾਣੇਦਾਰ ਜਿਹਾ ਰੋਅਬ ਦਾਅਬ ਹੋਇਆ ਕਰਦਾ ਸੀ ਇਹਨਾਂ ਮਾਸਟਰਾਂ ਤੇ ਮੁਣਸ਼ੀਆਂ ਦਾ। ਕਈ ਮਾਪੇ ਆਪਣੇ ਬੱਚਿਆਂ ਹੱਥ ਇਹਨਾਂ ਮਾਸਟਰਾਂ ਵਾਸਤੇ ਦੁੱਧ ਦਾ ਕੁਮੰਡਲ, ਵਧੀਆ ਛਲੀਆਂ ਦੇ ਦੋਧੇ, ਲੱਸੀ ਦਾ ਡੋਲੂ ਤੇ ਪਤਾਸ਼ਾ ਕਮਾਦ ਦੇ ਗੰਨੇ ਤੇ ਰਸ ਭੇਜਣ ਵਿੱਚ ਫਖਰ ਮਹਿਸੂਸ ਕਰਿਆ ਕਰਦੇ ਸਨ। ਅਗਰ ਕਿਸੇ ਬੱਚੇ ਨੂੰ ਮਾਸਟਰ ਕੁੱਝ ਲਿਆਉਣ ਲਈ ਕਹੇ ਤਾਂ ਉਹ ਬੱਚਾ ਮਾਣ ਮਹਿਸੂਸ ਕਰਿਆ ਕਰਦਾ ਸੀ। ਇੱਥੋਂ ਤੱਕ ਕਿ ਜੇ ਮਾਸਟਰ ਕਿਸੇ ਬੱਚੇ ਦੀ ਆਪਣਾ ਬਾਈ ਸਾਈਕਲ ਧੋਣ, ਪੂੰਝਣ ਤੇ ਉਸਦੇ ਗਿੰਮਾਂ ਤੇ ਮਿੱਟੀ ਦਾ ਤੇਲ ਲਗਾਉਣ ਦੀ ਡਿਊਟੀ ਲਗਾ ਦੇਵੇ ਤਾਂ ਬੱਚਾ ਆਪਣੇ ਆਪ ਨੂੰ ਬਾਕੀ ਬੱਚਿਆਂ ਤੋਂ ਉੱਚਾ ਸਮਝਣ ਲੱਗ ਜਾਂਦਾ ਸੀ। ਜਿਹਨ੍ਹਾਂ ਬੱਚਿਆਂ ਨੂੰ ਸਕੂਲ ਤੋਂ ਦੂਸਰੇ ਨੇੜਲੇ ਪਿੰਡ ਵਿੱਚ ਪੈਂਦੇ ਸਕੂਲ ਨੂੰ ਕੋਈ ਰੁੱਕਾ ਦੇ ਕੇ ਭੇਜਿਆ ਜਾਂਦਾ ਸੀ ਉਹ ਤਾਂ ਆਪਣੇ ਆਪ ਨੂੰ ਮਾਸਟਰ ਦੇ ਖਾਸ ਹੀ ਚਹੇਤੇ ਸਮਝਣ ਲੱਗ ਪੈਂਦੇ ਸਨ। ਇੱਕ ਤਾਂ ਸਕੂਲ ਤੋਂ ਪਰੇ ਦੂਜੇ ਪਿੰਡ ਘੁੰਮ ਫਿਰ ਆਉਣਾ ਤੇ ਨਾਲ ਆਪਣੇ ਆਪ ਨੂੰ ਮਾਸਟਰਾਂ ਦੀ ਨਜ਼ਰ ਵਿੱਚ ਉੱਚਾ ਬੱਚਾ ਸਮਝਣ ਲੱਗ ਜਾਣਾ।

ਮੈਂ ਇੱਕ ਮਿਡਲ ਸਕੂਲ ਦਾ ਸੱਤਵੀਂ ਜਮਾਤ ਦਾ ਬੱਚਾ ਸਾਂ। ਸਾਡਾ ਹੈੱਡਮਾਸਟਰ ਸਰਵਣ ਸਿੰਘ ਸੀ। ਰੰਗ ਗੋਰਾ, ਅੱਖਾਂ ਬਿੱਲੀਆਂ, ਹਲਕੀ ਬਦਾਮੀ ਰੰਗ ਦੀ, ਸੁਹਣੀ ਬੰਨ੍ਹੀ ਹੋਈ ਪਗੜੀ, ਪਗੜੀ ਵਿੱਚ ਸਫੈਦ ਫਿਫਟੀ, ਲਿਸ਼ਕਦੀ ਕਰੀਮ ਰੰਗ ਦੀ ਕਮੀਜ਼, ਕਰੀਜ਼ ਬੰਨ੍ਹ ਕੇ ਪਹਿਨੀ ਹੋਈ ਕਾਲੀ ਪਤਲੂਨ, ਪੈਰਾਂ ਵਿੱਚ ਸਾਫ ਸੁਥਰੇ ਸਾਬਰ ਦੇ ਬੂਟ, ਹੱਥਾਂ ਵਿੱਚ ਪੋਰੀਆਂ ਵਾਲੀ ਤਿੰਨ ਕੁ ਫੁੱਟੀ ਬੈਂਤ, ਮੁੱਛਾਂ ਕੁੱਤੇ ਦੀ ਪੂਛ ਵਾਂਗ ਵਲਦਾਰ ਖੜ੍ਹੀਆਂ, ਸਾਹਣ ਜਿਹੀ ਫੈਲਰ ਫੈਲਰ ਕੇ ਪਲਾਂਘਾਂ ਪੁੱਟਦੀ ਤੋਰ। ਸਕੂਲ ਦੇ ਇੱਕ ਕਮਰੇ

ਦੀ ਕੰਧ ਨੀਹਾਂ ਤੋਂ ਥੋੜ੍ਹੀ ਉੱਚੀ ਭਰੀ ਹੋਈ ਹੁੰਦੀ ਸੀ। ਸਰਦੀਆਂ ਦੇ ਦਿਨਾਂ ਵਿੱਚ ਸਾਡੀ ਕਲਾਸ ਅਕਸਰ ਇਸ ਕਮਰੇ ਵਿੱਚ ਲੱਗਿਆ ਕਰਦੀ ਸੀ। ਕਦੀ ਕਦੀ ਕੋਈ ਅਧਿਆਪਕ ਦਫਤਰ ਵਿੱਚ ਕਿਸੇ ਕੰਮ ਵਿੱਚ ਰੁੱਝਾ ਹੋਣ ਕਰਕੇ ਪੀਰੀਅਡ ਖਾਲੀ ਵੀ ਛੱਡ ਦਿੰਦਾ ਸੀ। ਇਸ ਹਾਲਤ ਵਿੱਚ ਵੀ ਬੱਚਿਆਂ ਨੇ ਉਸ ਅੱਧ ਉਸਰੇ ਹੋਏ ਕਮਰੇ ਦੇ ਅੰਦਰ ਹੀ ਰਹਿਣਾ ਹੁੰਦਾ ਸੀ। ਭਾਵੇਂ ਮੌਨੀਟਰ ਜਮਾਤ ਦੀ ਦੇਖ ਭਾਲ ਵੀ ਕਰਦਾ ਹੋਵੇ ਫਿਰ ਵੀ ਮਾਸਟਰ ਤੋਂ ਬਗੈਰ ਬੱਚੇ ਅਕਸਰ ਥੋੜ੍ਹਾ ਸ਼ੋਰ ਸ਼ਰਾਬਾ ਤਾਂ ਕਰਦੇ ਹੀ ਹੁੰਦੇ ਹਨ। ਕਈ ਵਾਰ ਬੱਚਿਆਂ ਨੂੰ ਪਤਾ ਵੀ ਨਾ ਲੱਗਣਾ, ਹੈੱਡਮਾਸਟਰ ਨੇ ਉਸ ਅੱਧ ਉਸਰੀ ਹੋਈ ਕੰਧ ਦੇ ਬਾਹਰ ਕੋਨੇ ਤੇ ਖੜ੍ਹਾ ਹੋਣਾ ਤੇ ਬੜੀ ਸੰਗੀਤਮਈ ਆਵਾਜ਼ ਵਿੱਚ ਕਹਿਣਾ-ਓਏ ਖੋਂਤਿਓ! ਨੱਕ 'ਚੋਂ ਕੱਢੀ ਹੋਈ ਲੰਮੀ ਹੇਕਦਾਰ ਆਵਾਜ਼ ਉਸਨੇ ਇੰਨੀ ਲੈਅ ਅਤੇ ਸੁਰ ਵਿੱਚ ਕੱਢਣੀ ਕਿ ਸੁਣ ਕੇ ਬੱਚਿਆਂ ਨੇ ਸੁਸਰੀ ਵਾਂਗ ਸੌਂ ਜਾਣਾ। ਬੱਚਿਆਂ ਨੇ ਕਈ ਅਧਿਆਪਕਾਂ ਦੇ ਮਜ਼ਾਕੀਆਂ ਨਾਮ ਵੀ ਪਾਏ ਹੋਏ ਹੁੰਦੇ ਸਨ ਜਿਵੇਂ ਡਰਾਇੰਗ ਪੜ੍ਹਾਉਣ ਵਾਲੇ ਧਰਮ ਸਿੰਘ ਦਾ ਨਾਮ ਟੀਪੂ ਰੱਖਿਆ ਹੁੰਦਾ ਸੀ ਤੇ ਸ਼ਾਸ਼ਤਰੀ ਰਮੇਸ਼ ਚੰਦਰ ਦਾ ਨਾਮ ਕਾਚੂ ਰੱਖਿਆ ਹੋਇਆ ਹੁੰਦਾ ਸੀ। ਇੱਕ ਵਾਰ ਇੱਕ ਬੱਚੇ ਨੂੰ ਸਕੂਲ ਵਿੱਚੋਂ ਕੱਢ ਦਿੱਤਾ ਗਿਆ। ਇਸ ਤੋਂ ਕੁੱਝ ਦਿਨ ਬਾਅਦ ਇਸ ਬੱਚੇ ਦਾ ਬੜਾ ਭਰਾ ਸਕੂਲ ਦੇ ਨਾਲ ਲਗਦੀ ਨਹਿਰ ਦੇ ਦੂਜੇ ਪਾਸੇ ਪੈਂਦੀ ਪਟੜੀ ਤੇ ਬਾਈ ਸਾਈਕਲ ਭਜਾਈ ਜਾਂਦਾ ਉੱਚੀ ਉੱਚੀ 'ਟੀਪੂ' 'ਟੀਪੂ' ਕਹਿੰਦਾ ਹੋਇਆ ਗੁਜ਼ਰ ਗਿਆ। ਨਹਿਰ ਪਾਣੀ ਨਾਲ ਭਰੀ ਹੋਈ ਸੀ। ਸਕੂਲ ਵਾਲੇ ਨਾ ਉਸਦਾ ਕੁੱਝ ਵਿਗਾੜ ਸਕੇ ਤੇ ਨਾ ਹੀ ਉਸਨੂੰ ਫੜਨ ਲਈ ਉਸ ਮਗਰ ਬੱਚੇ ਭਜਾ ਸਕੇ। ਉਹ ਕਈ ਵਾਰ ਇੰਜ ਕਰਦਾ ਹੋਇਆ ਉਥੋਂ ਲੰਘਿਆ ਲੇਕਿਨ ਉਸਦਾ ਕੋਈ ਵੀ ਵਾਲ ਤੱਕ ਵਿੰਗਾ ਨਾ ਕਰ ਸਕਿਆ। ਇਹ ਬੜਾ ਲੇਟ ਪਤਾ ਲੱਗਾ ਕਿ ਇਹ ਇੰਜ ਕਰਨ ਵਾਲਾ ਛੋਕਰਾ ਉਸੇ ਬੱਚੇ ਦਾ ਵੱਡਾ ਭਰਾ ਸੀ ਜਿਸ ਨੂੰ ਸਕੂਲ ਵਿੱਚੋਂ ਟੀਪੂ ਮਾਸਟਰ ਨੇ ਕੱਢਵਾਇਆ ਸੀ।

ਉਹਨਾਂ ਦਿਨਾਂ ਵਿੱਚ ਹੀ ਸਾਡੇ ਹੈੱਡਮਾਸਟਰ ਦੀ ਬਦਲੀ ਹੋ ਗਈ। ਨਵਾਂ ਹੈੱਡਮਾਸਟਰ ਮਲਕੀਅਤ ਸਿੰਘ ਆਇਆ। ਸਿਰੋਂ ਮੋਨਾ, ਦਾੜ੍ਹੀ ਸਫ਼ਾਚੱਟ, ਵਾਲ ਉੱਪਰ ਨੂੰ ਕਡੇਰਨੇ ਵਾਂਗ ਖੜ੍ਹੇ ਖੜ੍ਹੇ, ਚਿਹਰਾ ਗੋਲ, ਕੱਦ ਮਧਰਾ, ਗੁੱਟ ਤੇ ਸੁਨਹਿਰੀ ਚੇਨ ਵਾਲੀ ਘੜੀ, ਪੈਰਾਂ 'ਚ ਕਾਲੀ ਗੁਰਗਾਬੀ, ਸਰਦੀਆਂ ਨੂੰ ਬੰਦ ਗਲੇ ਵਾਲਾ ਕੋਟ, ਅੱਖਾਂ ਤੇ ਨਜ਼ਰ ਦੀਆਂ ਐਨਕਾਂ, ਤੋਰ ਖੜ੍ਹਵੀ ਖੜ੍ਹਵੀਂ ਜਿਹੀ। ਉਹ ਊਨੇ ਤੋਂ ਆਇਆ ਸੀ। ਉਹਨੇ ਆਉਂਦੇ ਸਾਰ ਹੀ ਸਕੂਲ ਨੂੰ ਸੂਲੀ ਤੋਂ ਟੰਗ ਦਿੱਤਾ। ਉਸ ਸਮੇਂ ਤੱਕ ਅਸੀਂ ਅੱਠਵੀਂ ਜਮਾਤ ਵਿੱਚ ਹੋ ਗਏ ਸਾਂ। ਸਾਡੀ ਜਮਾਤ ਵਿੱਚ ਆਉਂਦੇ ਸਾਰ ਉਸਨੇ ਇਸ ਪ੍ਰਕਾਰ ਬਚਨ ਬਿਲਾਸ ਕੀਤੇ:-

"ਉਸ ਹਰਾਮਜ਼ਾਦੇ ਨੇ ਸਕੂਲ ਦਾ ਭੱਠਾ ਬਿਠਾ ਦਿੱਤਾ! ਸਾਲਾ ਬਿੱਲਾ ਸ਼ੌਕੀਨੀਆਂ

ਕਰਨ ਯੋਗਾ ਹੀ ਸੀ! ਬੋਰਡ ਦੇ ਪਰਚੇ ਆ! ਪਤਾ ਲੱਗਾ ਜਮਾਤ ਨੂੰ ਕੁੱਝ ਵੀ ਨਹੀਂ ਆਉਂਦਾ! ਲਗਦੈ ਸਾਰੀ ਜਮਾਤ ਹੀ ਫੇਲ੍ਹ ਹੋ ਜੂ! ਦੇਖੂੰਗਾ ਹੁਣ ਕਿਹੜਾ ਕੰਮ ਕਰਕੇ ਨਹੀਂ ਲਿਆਉਂਦਾ! ਮੌਨੀਟਰ ਕੌਣ ਏ?"

ਮੈਂ ਹੱਥ ਖੜ੍ਹਾ ਕਰ ਦਿੱਤਾ।

"ਤੈਨੂੰ ਮੌਨੀਟਰ ਕਿਹਨੇ ਬਣਾਇਆ, ਓਏ ਵਿਸਾਖਿਆ ਜਿਹਾ?"

"ਜੀ, ਹੈੱਡਮਾਸਟਰ ਸਾਹਿਬ ਨੇ।"

"ਜਿਹੋ ਜਿਹਾ ਹੈੱਡਮਾਸਟਰ, ਉਹੋ ਜਿਹਾ ਹੀ ਮੌਨੀਟਰ। ਕੁੱਝ ਆਉਂਦਾ ਵੀ ਏ ਕਿ ਸਾਲੇ ਬਿੱਲੇ ਦੀਆਂ ਵਗਾਰਾਂ ਹੀ ਕਰਦਾ ਰਿਹੈਂ?"

"…"

ਕੱਢੋ ਅੰਗਰੇਜ਼ੀ ਦੀ ਕਿਤਾਬ? ਪੜ੍ਹ ਓ ਮੌਨੀਟਰਾ ਚੌਥਾ ਪਾਠ।"

ਇੰਡੀਆ ਇਜ਼ ਏ ਗਰੇਟ ਕੰਟਰੀ.... (India is a great Country)... ਮੈਂ ਬੜੀ ਤੇਜੀ ਨਾਲ ਪਹਿਲਾ ਲੰਬਾ ਸਾਰਾ ਫਿਕਰਾ ਪੜ੍ਹਤਾ।

"ਕਾਕਾ, ਤੂੰ ਤਾਂ ਤੇਜ ਲਗਨਾ ਏ, ਬੜਾ ਸੁਹਣਾ ਪੜ੍ਹਿਐ, ਆਈਂਦਾ ਕੇ ਲੀਏ ਵੀ ਤੂੰ ਹੀ ਮੌਨੀਟਰ ਰਹੇਂਗਾ।"

"ਲਿਖੋ ਪੰਜ ਫਿਕਰੇ। ਬਣਾਓ ਇਹਨਾਂ ਦੀ ਅੰਗਰੇਜ਼ੀ। ਦੇਖੀਏ ਤੁਹਾਨੂੰ ਟਰਾਂਸਲੇਸ਼ਨ ਕਿੰਨਾ ਕੁ ਆਉਂਦਾ ਏ।"

ਉਹ ਲਿਖਾਉਣ ਲੱਗ ਪਿਆ ਤੇ ਬੱਚੇ ਲਿਖਣ ਲੱਗ ਪਏ। ਬਣਾਓ ਇਹਨਾਂ ਦੀ ਅੰਗਰੇਜ਼ੀ ਦਸ ਮਿੰਟਾਂ ਵਿੱਚ। ਪੰਦਰਾਂ ਕੁ ਮਿੰਟਾਂ ਬਾਅਦ ਉਹ ਬੱਚਿਆਂ ਦੀਆਂ ਕਾਪੀਆਂ ਚੈੱਕ ਕਰਨ ਲੱਗ ਪਿਆ। ਤੀਹ ਬੱਚਿਆਂ ਦੀ ਜਮਾਤ ਵਿੱਚੋਂ ਦਸ ਕੁ ਦਾ ਕੰਮ ਬਹੁਤ ਹੀ ਮਾੜਾ ਸੀ।

"ਉੱਠ ਓਏ ਮੌਨੀਟਰਾਂ, ਪੰਜ ਡੰਡੇ ਨਹਿਰ ਦੇ ਕੰਢਿਓਂ ਤੋੜ ਕੇ ਲਿਆ," ਪਹਿਲਾਂ ਹੈੱਡਮਾਸਟਰ ਆਪਣੀ ਬੈਂਤ ਸ਼ਾਇਦ ਆਪਣੇ ਨਾਲ ਹੀ ਲੈ ਗਿਆ ਸੀ।

ਮੈਂ ਭੱਜਾ ਗਿਆ ਤੇ ਨਹਿਰ ਦੇ ਕੰਢੇ ਤੋਂ ਅਕੜੇ ਦੀਆਂ ਪੰਜ ਲਚਕੀਲੀਆਂ ਜਿਹੀਆਂ ਕਰੂਬਲਾਂ ਵਾਲੇ ਡੰਡੇ ਤੋੜ ਲਿਆਇਆ। ਅਗਰ ਮੈਂ ਸਖਤ ਡੰਡੇ ਲਿਆਉਂਦਾ ਤਾਂ ਛੁੱਟੀ ਵੇਲੇ ਇਹਨਾਂ ਫਸੇ ਹੋਏ ਮੁੰਡਿਆਂ ਨੇ ਮੇਰੀ ਭੁਗਤ ਸੁਆਰ ਦੇਣੀ ਸੀ। ਮੈਨੂੰ ਇਹਨਾਂ ਦੇ ਗੁੱਸੇ ਦਾ ਪਤਾ ਸੀ।

"ਕੁੱਤੀ ਦਿਆ ਪੁੱਤਾ, ਆਹ ਡੰਡੇ ਐ," ਡੰਡੇ ਮੈਥੋਂ ਫੜਦੇ ਸਾਰ ਹੈੱਡਮਾਸਟਰ ਕੜਕ ਕੇ ਬੋਲਿਆ।

"ਜੀ…।"

ਉਸਨੇ ਠਾਹ ਕਰਦਾ ਇੱਕ ਡੰਡਾ ਮੇਰੇ ਇੱਕ ਮੋਢੇ ਤੇ ਮਾਰਿਆ। ਉਹ ਟੁੱਟ ਕੇ

ਖਿੱਲਰ ਗਿਆ। ਫਿਰ ਦੂਜੇ ਡੰਡੇ ਠਾਹ ਕਰਕੇ ਮੇਰੇ ਦੂਜੇ ਮੋਢੇ ਅਤੇ ਮੌਰਾਂ ਤੇ ਮਾਰੇ ਤੇ ਉਹ ਵੀ ਟੁੱਟ ਕੇ ਖਿੱਲਰ ਗਏ।

"ਦੌੜ ਜਾਹ ਵਾਪਸ, ਪੰਜ ਜੜ੍ਹਾਂ ਵਾਲੇ ਸਖਤ ਡੰਡੇ ਵੱਢ ਕੇ ਲਿਆ।"

"ਜੀ, ਸਖਤ ਡੰਡੇ ਵੱਢਣ ਲਈ ਮੇਰੇ ਪਾਸ ਦਾਤੀ ਜਾਂ ਛੁਰੀ ਨਹੀਂ?"

"ਹਰਾਮਜ਼ਾਦੇ, ਇਹ ਵੀ ਕੋਈ ਪੁੱਛਣ ਆਲੀ ਗੱਲ ਏ। ਸਕੂਲ ਦੇ ਮਾਲੀ ਕਾਲੀਚਰਨ ਕੋਲ ਜਾਹ", ਉਹ ਕੜਕਿਆ।

ਮੈਂ ਕਾਲੀਚਰਨ ਤੋਂ ਦਾਤੀ ਲਈ ਤੇ ਨਹਿਰ ਤੇ ਜਾ ਕੇ ਅਕੜੇ ਦੀਆਂ ਪੰਜ ਸਖਤ ਜੜ੍ਹਾਂ ਦੇ ਡੰਡੇ ਤੋੜ ਕੇ ਲਿਆਂਦੇ ਤੇ ਹੈੱਡਮਾਸਟਰ ਨੂੰ ਦੇ ਦਿੱਤੇ। ਉਸਦਾ ਕੁੱਟਣ ਦਾ ਤਰੀਕਾ ਆਪਣੀ ਹੀ ਕਿਸਮ ਦਾ ਸੀ। ਪਹਿਲਾਂ ਉਹ ਬੱਚੇ ਨੂੰ ਮੂਹਰੇ ਆਪਣੇ ਕੋਲ ਸੱਦਦਾ ਸੀ। ਇੱਕ ਇੱਕ ਹੱਥ ਤੇ ਸਾਰੇ ਜ਼ੋਰ ਨਾਲ ਇੱਕ ਇੱਕ ਸੋਟੀ ਮਾਰਦਾ ਕਹਿੰਦਾ ਸੀ। ਬੱਚਾ ਪਿੱਛਲ ਪੈਰੀਂ ਪਿੱਛੇ ਨੂੰ ਹਟਦਾ ਜਾਂਦਾ ਸੀ ਲੇਕਿਨ ਉਹ ਆਪਣੀ ਠਾਹ ਠਾਹ ਜਾਰੀ ਰੱਖਦਾ ਸੀ। ਕਮਰੇ ਦੇ ਪਿਛਲੇ ਪਾਸੇ ਜਾਕੇ ਬੱਚਾ ਦੂਜੀ ਰੋਅ ਵਿੱਚੀਂ ਕਮਰੇ ਦੇ ਮੂਹਰਲੇ ਪਾਸੇ ਨੂੰ ਪਿਛੱਲ ਪੈਰੀਂ ਪਿੱਛੇ ਹਟਦਾ ਜਾਂਦਾ ਸੀ। ਜਦ ਉਹ ਤੀਜੀ ਅਤੇ ਚੌਥੀ ਡੈਸਕਾਂ ਦੀ ਕਤਾਰ ਵਿੱਚੋਂ ਦੀ ਹੁੰਦਾ ਹੋਇਆ ਕਮਰੇ ਦੇ ਪਿਛਲੇ ਖੂੰਜੇ ਪਹੁੰਚ ਜਾਂਦਾ ਸੀ ਤਾਂ ਹੈੱਡਮਾਸਟਰ ਉਹਦੇ ਸਰੀਰ ਤੇ ਹਰ ਪਾਸੇ ਸੋਟੀਆਂ ਵਰਾਂਦਾ ਰਹਿੰਦਾ ਸੀ। ਜਦ ਬੱਚਾ ਮੂਧੇ ਮੂੰਹ ਉਹਦੇ ਪੈਰਾਂ ਤੇ ਡਿੱਗ ਪੈਂਦਾ ਸੀ ਤਾਂ ਕਿਤੇ ਉਹ ਉਸਦਾ ਕੁਟਾਪਾ ਕਰਨਾ ਬੰਦ ਕਰਦਾ ਹੁੰਦਾ ਸੀ। ਸਾਰੇ ਡੰਡੇ ਖਖੜੀਆਂ ਹੋ ਕੇ ਟੁੱਟ ਜਾਇਆ ਕਰਦੇ ਸਨ। ਇੰਜ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਤਾਂ ਹੋ ਹੀ ਜਾਇਆ ਕਰਦਾ ਸੀ। ਡੰਡੇ ਲੈਣ ਮੈਂ ਹੀ ਜਾਂਦਾ ਸਾਂ। ਜਿਨ੍ਹਾਂ ਦੇ ਡੰਡੇ ਵਰ੍ਹਦੇ ਸਨ ਉਹ ਮੈਨੂੰ ਸਕੂਲੋਂ ਵਾਪਸ ਆਉਂਦੇ ਨੂੰ ਬਹੁਤ ਹੀ ਘੱਟ ਬੁਲਾਇਆ ਕਰਦੇ ਸਨ, ਕੁੱਝ ਕਹਿਣਾ ਤਾਂ ਦੂਰ ਦੀ ਗੱਲ ਰਹੀ। ਉਹ ਡਰਦੇ ਸਨ। ਅਗਰ ਕੁੱਝ ਕਹਿ ਦਿੱਤਾ ਤਾਂ ਉਹਨਾਂ ਦੀ ਹੈੱਡਮਾਸਟਰ ਪਾਸੋਂ ਸਵੇਰੇ ਅਸੈਂਬਲੀ ਵਿੱਚ ਹੀ ਸ਼ਾਮਤ ਆ ਜਾਣੀ ਹੁੰਦੀ ਸੀ। ਮੈਂ ਭਾਵੇਂ ਆਪਣੇ ਡਰ ਦੇ ਮਾਰੇ ਉਹਨਾਂ ਨਾਲ ਘੱਟ ਹੀ ਅੱਖ ਮਿਲਾਂਦਾ ਸੀ ਪਰ ਉਹ ਸੋਚਦੇ ਸਨ ਕਿ ਖੋਤੀ ਥਾਣੇਦਾਰ ਦਾ ਭਾੜਾ ਸੁੱਟ ਆਈ, ਉਹਨਾਂ 'ਚ ਕਦੋਂ ਰਲੀ। ਇੱਕ ਮੁੰਡੇ ਦਾ ਨਾਂ ਸੀ ਬਲਕਾਰ। ਵੈਸੇ ਉਹਨੂੰ ਸਾਰੇ ਕਾਰਾ ਕਾਰਾ ਕਹਿ ਕੇ ਬੁਲਾਉਂਦੇ ਸਨ। ਕੁੱਟ ਉਹਦੇ ਅਕਸਰ ਪੈਂਦੀ ਹੀ ਹੁੰਦੀ ਸੀ। ਇੱਕ ਵਾਰ ਉਸਨੇ ਆਪਣੇ ਕੱਛੇ ਅਤੇ ਝੱਗੇ ਹੇਠਾਂ ਦੋ ਦੋ ਤੌਲੀਏ ਆਪਣੇ ਸਰੀਰ ਨਾਲ ਲਪੇਟ ਕੇ ਬੰਨ੍ਹ ਲਏ। ਉਸਨੇ ਕੁੱਟ ਖਾਂਦੇ ਸਮੇਂ ਆਪਣੇ ਹੱਥ ਅੱਗੇ ਨੂੰ ਕਰਨੇ ਬੜੀ ਛੇਤੀਂ ਬੰਦ ਕਰ ਦਿੱਤੇ। ਜਦ ਹੈੱਡਮਾਸਟਰ ਨੇ ਉਸਦੇ ਮੌਰਾਂ ਅਤੇ ਚਿਤੜਾਂ ਤੇ ਸੋਟੀਆਂ ਮਾਰਨੀਆਂ ਸ਼ੁਰੂ ਕੀਤੀਆਂ ਤਾਂ ਸੋਟੀ ਦੀ ਆਵਾਜ਼ ਇਵੇਂ ਆਵੇ ਜਿਵੇਂ ਕਿਸੇ ਬਲਦ ਦੇ ਝੁੱਲ ਤੇ ਸੋਟੀ ਮਾਰਨ ਨਾਲ ਆਉਂਦੀ ਹੁੰਦੀ ਏ। ਹੈੱਡਮਾਸਟਰ ਨੂੰ ਸ਼ੱਕ ਪੈ ਗਿਆ ਕਿ ਦਾਲ ਵਿੱਚ ਕੁਝ

ਕਾਲਾ ਹੈ। ਉਸਨੇ ਕਾਰੇ ਦੀ ਪੈਂਟ ਅਤੇ ਕਮੀਜ਼ ਖੁੱਲ੍ਹਵਾ ਕੇ ਦੇਖਿਆ ਤਾਂ ਸਚਾਈ ਸਾਹਮਣੇ ਆ ਗਈ। ਪਹਿਲਾਂ ਉਹਦੇ ਤੌਲੀਏ ਖੁਲ੍ਹਵਾਏ। ਫਿਰ ਉਹਦਾ ਅਸਲੀ ਕੁਟਾਪਾ ਸ਼ੁਰੂ ਕੀਤਾ। ਪਹਿਲਾਂ ਹੱਥ ਭੰਨੇ ਤੇ ਫਿਰ ਸਰੀਰ ਦੇ ਬਾਕੀ ਹਿੱਸੇ। ਕਾਰੇ ਨੇ ਦੁਆਰਾ ਕਦੀ ਵੀ ਇਸ ਪ੍ਰਕਾਰ ਦਾ ਕਾਰਾ ਕਰਨ ਦਾ ਹੀਆ ਨਾ ਕੀਤਾ।

ਫਿਰ ਹੈੱਡਮਾਸਟਰ ਨੇ ਇੱਕ ਹੋਰ ਤਰੀਕਾ ਵਰਤਣਾ ਸ਼ੁਰੂ ਕਰ ਦਿੱਤਾ। ਉਹ ਸਾਨੂੰ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਪੜ੍ਹਾਉਂਦਾ ਸੀ। ਉਸਨੇ ਓਵਰ-ਟਾਈਮ ਲਗਾਉਣਾ ਸ਼ੁਰੂ ਕਰ ਦਿੱਤਾ। ਸਕੂਲ ਖਤਮ ਹੁੰਦੇ ਸਾਰ ਉਸਨੇ ਕਹਿਣਾ ਕਿ ਉਹ ਨੇੜਲੇ ਸ਼ਹਿਰ ਨੂੰ ਚੱਲਿਆ ਏ, ਵਾਪਸ ਆ ਕੇ ਸ਼ਾਮ ਨੂੰ ਪੰਜ ਵਜੇ ਅੰਗਰੇਜ਼ੀ ਦੀ ਵਿਆਕਰਣ ਦਾ ਕੁੱਝ ਤੇ ਸਮਾਜਿਕ ਸਿੱਖਿਆ ਦਾ ਕੋਈ ਪਾਠ ਸੁਣੇਗਾ। ਖੇਡ ਦੇ ਮੈਦਾਨ ਵਿੱਚ ਤੇ ਨਹਿਰ ਦੇ ਕੰਢੇ ਬੈਠ ਕੇ ਸਾਰੀ ਜਮਾਤ ਫਿਕਰੇ ਬਣਾਉਂਦੀ ਰਹਿੰਦੀ ਅਤੇ ਸਮਾਜਿਕ ਸਿੱਖਿਆ ਦੇ ਪਾਠ ਨੂੰ ਰੱਟੇ ਲਗਾਉਂਦੀ ਰਹਿੰਦੀ। ਡੰਡੇ ਦਾ ਡਰ ਸਭ ਦੇ ਸਿਰਾਂ ਤੇ ਮੰਡਲਾਂਦਾ ਰਹਿੰਦਾ। ਸ਼ਹਿਰੋਂ ਆ ਕੇ ਬਹੁਤੀ ਵਾਰ ਉਹ ਦਿੱਤਾ ਹੋਇਆ ਕੰਮ ਸੁਣਦਾ ਹੀ ਹੁੰਦਾ ਸੀ, ਕਦੀ ਭਾਵੇਂ ਨਾ ਸੁਣੇ। ਸਾਨੂੰ ਸਕੂਲੋਂ ਘਰ ਪਹੁੰਚਦਿਆਂ ਨੂੰ ਅਕਸਰ ਥੋੜ੍ਹਾ ਥੋੜ੍ਹਾ ਹਨੇਰਾ ਹੋ ਜਾਂਦਾ ਸੀ।

ਮੈਂ ਮੌਨੀਟਰ ਹੁੰਦਾ ਹੋਇਆ ਕਈ ਵਾਰ ਚਾਮਲ੍ਹ ਵੀ ਜਾਂਦਾ ਸਾਂ। ਸ਼ੇਖੀ ਵਿੱਚ ਵੀ ਆ ਜਾਂਦਾ ਸਾਂ। ਕਈ ਦਰਮਿਆਨੇ ਜਿਹੇ ਜਮਾਤੀਆਂ ਨੂੰ ਲਗਦਾ ਹੁੰਦਾ ਸੀ ਕਿ ਮੈਂ ਹੈੱਡਮਾਸਟਰ ਤੋਂ ਕੁੱਛ ਪੁੱਛਣ ਦਾ ਹੀਆ ਵੀ ਕਰ ਸਕਦਾ ਸਾਂ। ਇੱਕ ਮੁੰਡਾ ਮੱਘਰ ਦਾਸ ਹੁੰਦਾ ਸੀ। ਉਹ ਗਣਿਤ ਵਿੱਚ 'ਧਵਨੀ' (fraction) ਸ਼ਬਦ ਨੂੰ ਬੜਾ ਘੋਟ ਕੇ 'ਧਵੰਨੀ' ਕਹਿੰਦਾ ਹੁੰਦਾ ਸੀ। ਇਸ ਲਈ ਬਾਕੀਆਂ ਨੇ ਉਸਦਾ ਨਾਮ ਹੀ ਧਵੰਨੀ ਪਾ ਲਿਆ ਸੀ। ਉਹ ਥੋੜ੍ਹਾ ਸ਼ਰਾਰਤੀ ਵੀ ਸੀ। ਇੱਕ ਦਿਨ ਮੈਨੂੰ ਕਹਿਣ ਲੱਗਾ:-

"ਤੈਨੂੰ ਅਸੀਂ ਮੌਨੀਟਰ ਤਾਂ ਮੰਨਾਂਗੇ ਜੇ ਤੂੰ ਹੈੱਡਮਾਸਟਰ ਤੋਂ ਚਾਰ ਫਿਕਰਿਆਂ ਦੀ ਅੰਗਰੇਜ਼ੀ ਪੁੱਛਣ ਦਾ ਹੌਸਲਾ ਕਰੇਂ।"

"ਕਿਹੜੇ ਫਿਕਰਿਆਂ ਦੀ?" ਮੈਂ ਸ਼ੇਖੀ ਵਿੱਚ ਆ ਗਿਆ।

"ਮੈਂ ਫਿਕਰੇ ਬੋਲ ਦਿੰਦਾ ਹਾਂ," ਮੱਘਰ ਬੋਲਿਆ।

"ਬੋਲ", ਮੈਂ ਕਿਹਾ।

"ਲੈ ਫਿਰ—

1. ਚੁਆਨੀ ਘਸਦੀ ਘਸਦੀ ਘਸ ਗਈ।
2. ਘੁੰਮਦਿਆਂ ਘੁੰਮਦਿਆਂ ਘੁਮੇਟਾ ਆ ਗਿਆ।
3. ਤੂੰ ਪਾਈ ਮੈਂ ਬੁੱਝੀ, ਕਾਣੀ ਅੱਖ ਨਾ ਰਹਿੰਦੀ ਗੁੱਝੀ।
4. ਗਿਰਝਾਂ ਗਾਲ੍ਹੜ ਦੇਵਣ ਦਾਦ

ਉੱਲੂ ਗਾਉਣ ਬਸੰਤ ਬਹਾਰ।"

"ਡਰ ਤਾਂ ਮੈਨੂੰ ਵੀ ਲਗਦਾ ਏ ਪਰ..."

"ਪਰ ਕੀ? ਮੌਨੀਟਰ ਹੋ ਕੇ ਵੀ ਐਵੇਂ ਡਰੀ ਜਾਨੈ।"

"ਤੈਨੂੰ ਇਹ ਫਿਕਰੇ ਦਿੱਤੇ ਕੀਹਨੇ?"

"ਮੇਰੇ ਬੜੇ ਭਰਾ ਨੇ।"

"ਕਿਉਂ?"

"ਉਹ ਦੇਖਣਾ ਚਾਹੁੰਦਾ ਏ ਕਿ ਜਿਹੜੇ ਮਾਸਟਰ ਆਪਣੇ ਆਪ ਨੂੰ ਖੱਬੀ ਖਾਨ ਸਮਝਦੇ ਐ ਕੀ ਉਹ ਇਹਨਾਂ ਫਿਕਰਿਆਂ ਦੀ ਅੰਗਰੇਜ਼ੀ ਬਣਾ ਦੇਣਗੇ? ਉਹ ਇੰਦਾਂ ਦੀਆਂ ਘਤਿੱਤਾਂ ਕਰਦਾ ਹੀ ਰਹਿੰਦਾ ਏ। ਤੂੰ ਪੁੱਛ ਕੇ ਤਾਂ ਦੇਖੀਂ?"

ਦੂਜੇ ਦਿਨ ਜਦ ਪੀਰੀਅਡ ਅੱਧਾ ਕੁ ਲੰਘ ਗਿਆ ਤਾਂ ਮੈਂ ਪੁੱਛਣ ਦਾ ਹੌਸਲਾ ਕਰ ਹੀ ਲਿਆ :-

"ਜੀ, ਸਾਨੂੰ ਇਹਨਾਂ ਫਿਕਰਿਆਂ ਦੀ ਅੰਗਰੇਜ਼ੀ ਪਤਾ ਨਹੀਂ ਲਗਦੀ,"

ਮੈਂ ਲਿਖ ਕੇ ਫਿਕਰੇ ਹੈੱਡਮਾਸਟਰ ਵਲ ਕਰ ਦਿੱਤੇ।

ਉਸਨੇ ਦੇਖੇ ਤੇ ਮੈਨੂੰ ਰੋਹ ਭਰੇ ਮਜ਼ਾਕੀਆਂ ਲਹਿਜ਼ੇ 'ਚ ਕਹਿਣ ਲੱਗਾ, "ਅੱਛਾ, ਤੂੰ ਹੁਣ ਆਪਣੇ ਆਪ ਨੂੰ ਆਪਣੇ ਉਸਤਾਦਾਂ ਤੋਂ ਵੀ ਉਪਰ ਸਮਝਣ ਲੱਗ ਪਿਐਂ। ਮਾਸਟਰਾਂ ਦੇ ਇਮਤਿਹਾਨ ਲੈਣ ਦਾ ਵੀ ਹੌਸਲਾ ਕਰਨ ਲੱਗ ਪਿਐਂ। ਆ ਜਾਹ ਉਰੇ ਨੂੰ, ਆ ਜਾ ਪਤੰਦਰਾ, ਜਦ ਗਧਾ ਮਸਤੀ ਵਿੱਚ ਆਉਂਦਾ ਏ ਤਾਂ ਸੁਆਤੇ ਲਿਟਦਾ ਏ, ਆ ਤੈਨੂੰ ਦੱਸਾਂ ਫਿਕਰਿਆਂ ਦੀ ਅੰਗਰੇਜ਼ੀ, ਕੁੱਤੇ ਦਿਆਂ ਪੁੱਤਾ!"

ਉਹਨੇ ਡੰਡਾ ਫੜਿਆ, ਮੇਰੇ ਕਦੀ ਹੱਥਾਂ ਤੇ, ਕਦੀ ਪਿੱਠ ਤੇ ਕਦੀ ਮੌਰਾਂ ਤੇ ਵਰਖਾ ਲਾ ਦਿੱਤੀ। ਉਸ ਦਿਨ ਸਕੂਲ ਟਾਈਮ ਤੋਂ ਬਾਅਦ ਘਰ ਆਉਣ ਵੇਲੇ ਉਹ ਮੁੰਡੇ ਬੜੇ ਹੀ ਖੁਸ਼ ਸਨ ਜਿਹਨਾਂ ਦੀ ਮੇਰੇ ਲਿਆਂਦੇ ਹੋਏ ਡੰਡਿਆਂ ਨਾਲ ਰੋਜ਼ ਮੁਰੰਮਤ ਹੋਇਆ ਕਰਦੀ ਸੀ। ਧਵੰਨੀ ਨੇ ਇਹ ਚਲਾਕੀ ਚੱਲੀ ਸੀ ਜਾ ਸੱਚਮੁੱਚ ਉਹ ਹੈੱਡਮਾਸਟਰ ਦੀ ਪ੍ਰੀਖਿਆ ਲੈਣੀ ਚਾਹੁੰਦਾ ਸੀ- ਇਹ ਅੰਦਾਜ਼ਾ ਮੈਂ ਨਹੀਂ ਲਗਾ ਸਕਿਆ।

ਦਸੰਬਰ ਦੀਆਂ ਬੜੇ ਦਿਨਾਂ ਦੀਆਂ ਛੁੱਟੀਆਂ ਤੋਂ ਪਹਿਲਾਂ ਹੈੱਡਮਾਸਟਰ ਨੇ ਇੱਕ ਸਪੈਸ਼ਲ ਅੰਗਰੇਜ਼ੀ ਦਾ ਪਰਚਾ ਰੱਖਿਆ। ਇਸ ਪਰਚੇ ਦੀਆਂ ਖੂਬ ਤਿਆਰੀਆਂ ਚੱਲ ਰਹੀਆਂ ਸਨ। ਮੈਨੂੰ ਅਚਾਨਕ ਸ਼ੱਕ ਪੈ ਗਿਆ ਕਿ ਉਹ ਪਰਚੇ ਵਿੱਚ ਟਰਾਂਸਲੇਸ਼ਨ (translation) ਦੇ ਬਹੁਤੇ ਵਿਸਮਕ ਚਿੰਨ੍ਹ ਵਾਲੇ ਫਿਕਰੇ (exclamatory sentences) ਸੈੱਟ ਕਰੇਗਾ। ਇਹ ਫ਼ਿਕਰੇ ਬਾਕੀਆਂ ਤੋਂ ਕੁੱਝ ਮੁਸ਼ਕਲ ਸਨ ਤੇ ਉਹ ਸੈਸ਼ਨ ਦੇ ਆਖਰ ਵਿੱਚ ਇਹਨਾਂ ਵੱਲ ਵਿਸ਼ੇਸ਼ ਧਿਆਨ ਦੇ ਰਿਹਾ ਸੀ। ਮੈਂ ਇਹਨਾਂ ਫ਼ਿਕਰਿਆਂ ਨੂੰ ਘਰ ਬੈਠ ਕੇ ਰੱਟਾ ਚਾੜ੍ਹ ਲਿਆ। ਜਦ ਪਰਚਾ ਦੇਖਿਆ ਤਾਂ ਸੱਚਮੁੱਚ ਹੀ

ਉਸ ਵਿੱਚ ਇਹੀ ਫ਼ਿਕਰੇ ਬਹੁਤੇ ਸੈੱਟ ਕੀਤੇ ਹੋਏ ਸਨ। ਪਹਿਲਾਂ ਫਿਕਰਾ ਸੀ- ਕਿੰਨਾ ਸੁਹਣਾ ਫੁੱਲ ਹੈ! ਮੈਂ ਰੱਟਾ ਲਾਏ ਹੋਏ ਸਾਰੇ ਫ਼ਿਕਰੇ ਪਰਚੇ ਵਿੱਚ ਚੇਪ ਦਿੱਤੇ। ਮੈਨੂੰ ਪੂਰਾ ਯਕੀਨ ਸੀ ਕਿ ਮੇਰੇ ਸਾਰੇ ਦੇ ਸਾਰੇ ਪੰਦਰਾਂ ਫ਼ਿਕਰੇ ਠੀਕ ਸਨ। ਕੋਸ਼ਿਸ਼ ਹੁੰਦੀ ਸੀ ਕਿ ਜਮਾਤ ਵਿੱਚੋਂ ਹਮੇਸ਼ਾ ਪਹਿਲੇ ਨੰਬਰ ਤੇ ਆਵਾਂ। ਇੱਕ ਤਖਾਣਾ ਦਾ ਮੁੰਡਾ ਵੀ ਨੰਬਰਾਂ ਵਿੱਚ ਮੇਰੇ ਨੇੜੇ ਤੇੜੇ ਹੀ ਰਹਿੰਦਾ ਸੀ ਪਰ ਮੈਥੋਂ ਉੱਪਰ ਕਦੀ ਨਹੀਂ ਸੀ ਟੱਪਿਆ। ਮੈਨੂੰ ਹਮੇਸ਼ਾ ਉਹਦਾ ਫਿਕਰ ਪਿਆ ਰਹਿੰਦਾ ਸੀ।

ਉਸ ਦਿਨ ਸਾਡੀ ਜਮਾਜ ਦੇ ਮੁੰਡਿਆਂ ਦੀ ਡਿਊਟੀ ਫੁੱਲਾਂ ਦੀਆਂ ਕਿਆਰੀਆਂ ਵਿੱਚ ਪਾਣੀ ਪਾਉਣ ਦੀ ਸੀ। ਪਾਣੀ ਨਹਿਰ ਵਿੱਚੋਂ ਭਰਕੇ ਬਾਲਟੀਆਂ ਰਾਹੀਂ ਲਿਆਉਣਾ ਸੀ। ਦਸੰਬਰ ਮਹੀਨੇ ਦੇ ਅੱਧ ਵਿੱਚ ਧੁੱਪ ਬੜੀ ਵਧੀਆ ਲਗ ਰਹੀ ਸੀ। ਪਾਣੀ ਨਾਲ ਭਰੀ ਹੋਈ ਨਹਿਰ ਦੇ ਨੇੜੇ ਜਾ ਕੇ ਕੁੱਝ ਕੁੱਝ ਠੰਢ ਮਹਿਸੂਸ ਹੁੰਦੀ ਸੀ। ਜਦ ਪਾਣੀ ਦੀ ਬਾਲਟੀ ਭਰਨ ਤੋਂ ਬਾਅਦ ਖੇਡ ਦੇ ਮੈਦਾਨ ਵਿੱਚੋਂ ਦੀ ਲੰਘਦੇ ਹੋਏ ਜਾਈਦਾ ਸੀ ਤਾਂ ਧੁੱਪੇ ਤੁਰਨਾ ਬੜਾ ਹੀ ਚੰਗਾ ਲਗਦਾ ਸੀ। ਬਾਲਟੀ ਦੋ ਮੁੰਡਿਆਂ ਨੇ ਇੱਕ ਇੱਕ ਪਾਸਿਓਂ ਫੜ ਕੇ ਚੁੱਕੀ ਹੋਈ ਹੁੰਦੀ ਸੀ। ਮੇਰੇ ਨਾਲ ਉਸ ਦਿਨ ਪਾਖਰ ਰਾਮ ਦੀ ਡਿਊਟੀ ਸੀ। ਮੈਂ ਅਤੇ ਪਾਖਰ ਨੇ ਨਹਿਰ 'ਚੋਂ ਬਾਲਟੀ ਭਰੀ ਤੇ ਉੱਪਰ ਨੂੰ ਚੜ੍ਹੇ। ਅਜੇ ਥੱਲੇ ਖੇਡ ਦੇ ਮੈਦਾਨ ਵੱਲ ਨੂੰ ਉਤਰਨ ਹੀ ਲੱਗੇ ਸਾਂ ਕਿ ਖਿੱਚੋਤਾਣ ਵਿੱਚ ਬਾਲਟੀ ਸਾਡੇ ਹੱਥੋਂ ਛੁੱਟ ਕੇ ਜ਼ਮੀਨ ਤੇ ਡਿਗ ਪਈ। ਪਾਣੀ ਡੁੱਲ ਗਿਆ, ਥੋੜ੍ਹਾ ਖੜਾਕਾ ਵੀ ਹੋਇਆ। ਦੂਰ ਪਰੇ ਹੈੱਡਮਾਸਟਰ ਬੈਠਾ ਸੀ। ਉਸਨੇ ਸਾਨੂੰ ਸੋਟੀ ਨਾਲ ਇਸ਼ਾਰਾ ਕੀਤਾ। ਇਵੇਂ ਲੱਗਾ ਜਿਉਂ ਉਹ ਕਹਿ ਰਿਹਾ ਹੋਵੇ- ਪੁੱਤਰੋ, ਆ ਜਾਓ, ਤੁਹਾਨੂੰ ਬਾਲਟੀ ਫੜਨੀ ਸਿਖਾਵਾਂ! ਅਸੀਂ ਅੰਤਾਂ ਦੇ ਡਰ ਗਏ। ਪਾਖਰ ਤਾਂ ਕੰਬਣ ਹੀ ਲੱਗ ਪਿਆ। ਕਹਿਣ ਲੱਗਾ- ਅੱਜ ਤਾਂ ਪੂਰਾ ਖੜਕੰਤਰ ਹੋਊ। ਮੈਂ ਖਾਲੀ ਬਾਲਟੀ ਹੱਥ ਵਿੱਚ ਫੜੀ ਹੋਈ ਸੀ ਤੇ ਪਾਖਰ ਮੇਰੇ ਪਿੱਛੇ ਪਿੱਛੇ ਤੁਰ ਰਿਹਾ ਸੀ। ਅਸੀਂ ਹੈੱਡਮਾਸਟਰ ਦੇ ਨੇੜੇ ਪਹੁੰਚੇ।

"ਹਰਾਮੀਆ, ਪਤਾ ਪਾਖਰ ਕੌਣ ਹੁੰਦੈ?"

"...."

'ਪ' ਦਾ ਮਤਲਬ ਹੁੰਦਾ ਏ 'ਪੈਰ', ਤੇ 'ਖਰ' ਦਾ ਮਤਲਬ ਹੁੰਦਾ ਏ 'ਗਧਾ'। ਯਾਨੀ ਗਧੇ ਦਾ ਪੈਰ।"

ਮੈਨੂੰ ਸਮਝ ਆ ਆਵੇ ਉਸਦਾ ਇਹ ਕੱਢਿਆ ਹੋਇਆ ਅਰਥ ਠੀਕ ਸੀ ਜਾਂ ਗਲਤ।

"ਬਿੱਲਿਆ, ਬਹੁਤ ਡਰ ਲਗਦੈ?" ਉਹ ਮੈਨੂੰ ਕਈ ਵਾਰ ਬਿੱਲਾ ਕਹਿ ਕੇ ਬੁਲਾ ਲੈਂਦਾ ਸੀ।

ਮੈਂ ਸੋਚਿਆ ਹੁਣ ਸੋਟੀ ਸਾਡੇ ਤੇ ਹੀ ਟੁੱਟੂ ਪਰ ਨਹੀਂ।

"ਬਿੱਲਿਆ, ਤੇਰੇ ਪਰਚੇ ਵਿੱਚੋਂ 70 ਨੰਬਰ ਆਏ ਐ। ਮੈਂ ਕਾਫੀ ਸਖਤ ਮਾਰਕਿੰਗ ਕਰਦਾ ਹੁੰਨਾ। ਤੂੰ ਸਾਰੀ ਜਮਾਤ ਵਿੱਚੋਂ ਪਹਿਲੇ ਨੰਬਰ ਤੇ ਏਂ। ਸ਼ਾਬਾਸ਼! ਪੁੱਤਰੋ ਜਾਓ, ਪਾਓ ਬੂਟਿਆਂ ਨੂੰ ਪਾਣੀ। ਸ਼ਾਬਾਸ਼!" ਹੈੱਡਮਾਸਟਰ ਦੇ ਇਹ ਸ਼ਬਦ ਸਾਨੂੰ ਸਾਡੇ ਅੰਦਾਜ਼ੇ ਤੋਂ ਬਿਲਕੁਲ ਉਲਟ ਮਹਿਸੂਸ ਹੋਏ।

ਸੋਚਿਆ ਕੁਝ ਸੀ ਤੇ ਹੋਇਆ ਕੁੱਝ ਹੋਰ। ਅਸੀਂ ਬੜੇ ਖੁਸ਼ ਹੋਏ। ਬਾਲਟੀ ਡਿਗਣ ਬਾਰੇ ਹੈੱਡਮਾਸਟਰ ਨੇ ਕੋਈ ਗੱਲ ਹੀ ਨਹੀਂ ਕੀਤੀ। ਹੋਰ ਈ ਸੁਹਾਵਣੀ ਖ਼ਬਰ ਸੁਣਾ ਤੀ। ਦੂਜੇ ਦਿਨ ਜਮਾਤ ਵਿੱਚ ਪਰਚੇ ਵੰਡੇ ਗਏ। ਮੇਰੀ ਬੜੀ ਤਾਰੀਫ਼ ਹੋਈ। ਤਖਾਣਾ ਦਾ ਮੁੰਡਾ 65 ਨੰਬਰ ਲੈ ਕੇ ਦੂਜੇ ਨੰਬਰ ਤੇ ਰਿਹਾ। ਉਸਦੀ ਵੀ ਸੁਹਣੀ ਤਾਰੀਫ਼ ਹੋਈ। ਜਿਹਨਾਂ ਦੇ ਘੱਟ ਨੰਬਰ ਆਏ ਉਹਨਾਂ ਤੇ ਤਾਂ ਹੈੱਡਮਾਸਟਰ ਨੇ 10 ਡੰਡੇ ਤੋੜੇ ਹੀ।

ਸਾਡੇ ਸਾਲਾਨਾ ਇਮਤਿਹਾਨ ਫਰਵਰੀ ਮਾਰਚ ਵਿੱਚ ਹੋਣੇ ਸਨ। ਸਾਨੂੰ ਹੁਕਮ ਚਾੜ੍ਹ ਦਿੱਤਾ ਗਿਆ– "ਆਪਣੇ ਬਿਸਤਰੇ ਲੈ ਆਓ, ਰਾਤ ਸਕੂਲ ਵਿੱਚ ਹੀ ਰਿਹਾ ਕਰੋਗਾ, ਸਵੇਰੇ ਉੱਠ ਕੇ ਘਰ ਰੋਟੀ ਖਾਣ ਜਾਇਆ ਕਰੋਗੇ, ਛੁੱਟੀਆਂ ਵਿੱਚ ਇਵੇਂ ਅਸਾਨੀ ਨਾਲ ਹੋ ਜਾਇਆ ਕਰੇਗਾ, ਛੁੱਟੀਆਂ ਤੋਂ ਬਾਅਦ ਵੀ ਜਨਵਰੀ ਵਿੱਚ ਇਵੇਂ ਹੀ ਚੱਲੇਗਾ, ਰੋਟੀ ਖਾ ਕੇ ਜਲਦੀ ਸਕੂਲ ਵਾਪਸ ਆ ਜਾਇਆ ਕਰੋਗੇ, ਜਿਨ੍ਹਾਂ ਪਾਸ ਬਾਈਸਾਈਕਲ ਨਹੀਂ, ਉਹ ਇੱਕ ਦੂਜੇ ਨੂੰ ਨਾਲ ਬਿਠਾ ਕੇ ਲਿਆਇਆ ਕਰਨਗੇ।"

ਇੱਕ ਕਮਰੇ ਵਿੱਚ ਝੋਨੇ ਦੀ ਪਰਾਲੀ ਵਿਛਾ ਦਿੱਤੀ ਗਈ। ਉਸ ਉੱਤੇ ਸਾਡੇ ਬਿਸਤਰੇ ਲਗਵਾ ਦਿੱਤੇ ਗਏ। ਕਮਰੇ ਦੇ ਮੱਧ ਵਿੱਚ ਇੱਕ ਮੇਜ਼ ਤੇ ਮਿੱਟੀ ਦੇ ਤੇਲ ਨਾਲ ਜਲਣ ਵਾਲਾ ਗੈਸ ਰੱਖ ਦਿੱਤਾ ਗਿਆ। ਹਨੇਰਾ ਹੋਣ ਤੇ ਇਹ ਗੈਸ ਸਕੂਲ ਦਾ ਚੌਕੀਦਾਰ ਜਾਲ ਦਿਆ ਕਰਦਾ ਸੀ। ਉਹਨਾਂ ਦਿਨਾਂ ਵਿੱਚ ਉਸ ਪਿੰਡ ਵਿੱਚ ਅਜੇ ਬਿਜਲੀ ਨਹੀਂ ਸੀ ਆਈ। ਵੈਸੇ ਵੀ ਉਸ ਸਮੇਂ ਪੰਜਾਬ ਦੇ ਬਹੁਤੇ ਪਿੰਡ ਅਜੇ ਬਿਜਲੀ ਤੋਂ ਬਗੈਰ ਹੀ ਸਨ। ਉਸ ਸਮੇਂ ਪਿੰਡਾਂ ਦੀਆਂ ਲਿੰਕ ਸੜਕਾਂ ਵੀ ਅਜੇ ਕੱਚੀਆਂ ਹੀ ਸਨ।

ਰਾਤ ਪੈਣ ਤੇ ਹੈੱਡਮਾਸਟਰ ਨੇ ਕੰਬਲ ਦੀ ਬੁੱਕਲ ਮਾਰ ਕੇ ਸਾਡੇ ਕਮਰੇ ਵਿੱਚ ਆ ਜਾਣਾ ਤੇ ਕਮਰੇ ਦੇ ਮੱਧ ਵਿੱਚ ਇੱਕ ਬਿਸਤਰੇ ਤੇ ਉਸਨੇ ਬੈਠ ਜਾਣਾ। ਅਸੀਂ ਸਭ ਨੇ ਆਪਣੇ ਬਿਸਤਰਿਆਂ ਵਿੱਚ ਬੈਠੇ ਹੋਣਾ। ਫਿਰ ਹੋ ਜਾਣੇ ਸ਼ੁਰੂ ਅੰਗਰੇਜ਼ੀ ਵਿਆਕਰਣ ਤੇ ਸਮਾਜਿਕ ਸਿੱਖਿਆ ਦੇ ਪਾਠ। ਅੰਗਰੇਜ਼ੀ ਦੇ ਟੈਨਸਾਂ (tenses) ਨੂੰ ਰਗੜਾ ਲਗਵਾਇਆ ਜਾਣਾ, ਕ੍ਰਿਆ (verb) ਦੀਆਂ ਫਾਰਮਾਂ ਨੂੰ ਰੱਟੇ ਲਗਵਾਏ ਜਾਣੇ, ਵਿਸ਼ੇਸ਼ਣ (adjective) ਦੀਆਂ ਡਿਗਰੀਆਂ ਦੀ ਸ਼ਾਮਤ ਆਈ ਰਹਿਣੀ, ਨਾਂਵ (noun) ਦਾ ਅਰਥ ਪੰਜਾਬੀ ਵਿੱਚ ਦੱਸਣਾ ਤੇ ਫਿਰ ਇਸਦੀਆਂ ਕਿਸਮਾਂ ਸਮਝਾਉਣੀਆਂ। ਸ਼ਾਸ਼ਤਰੀ ਮਾਸਟਰ ਨੇ ਸੰਗਿਆ ਦਾ ਅਰਥ ਹਿੰਦੀ ਵਿੱਚ ਲਿਖਵਾਇਆ ਹੋਇਆ ਹੁੰਦਾ ਸੀ ਜਿਹੜਾ ਕਿ ਮੈਨੂੰ ਅੱਜ ਤੱਕ ਯਾਦ ਏ— ਕਿਸੀ ਵਿਅਕਤੀ, ਵਸਤੂ ਅਥਵਾ ਸਥਾਨ

ਕੇ ਨਾਮ ਕੋ ਸੰਗਿਆ ਕਹਿਤੇ ਹੈਂ ਜੈਸੇ ਕਮਲਾ, ਰਮੇਸ਼, ਜਲੰਧਰ, ਮੇਜ਼ ਆਤਿਆਦੀ। ਉਸ ਸਮੇਂ ਭਾਵੇਂ ਇਸ ਪ੍ਰਕਾਰ ਦੀਆਂ ਪ੍ਰੀਭਾਸ਼ਾਵਾਂ ਨੂੰ ਰੱਟਾ ਹੀ ਲਗਾਇਆ ਜਾਂਦਾ ਸੀ, ਫਿਰ ਵੀ ਇਹ ਬਹੁਤ ਲਾਭਦਾਇਕ ਹੁੰਦਾ ਸੀ। ਜਦ ਬੱਚਾ ਜਵਾਨ ਹੋ ਕੇ ਕਾਲਜ ਅਤੇ ਯੂਨੀਵਰਸਿਟੀ ਵਿੱਚ ਜਾਂਦਾ ਹੈ ਤਾਂ ਉਸਨੂੰ ਇਸ ਰੱਟੇ ਦੇ ਅਰਥ ਵੀ ਸਮਝ ਆਉਣ ਲੱਗ ਪੈਂਦੇ ਸਨ। ਕਈ ਲੋਕ ਰੱਟੇ ਜਾਂ ਘੋਟੇ ਨੂੰ ਖਾਮਖਾਹ ਨਿੰਦੀ ਜਾਣਗੇ। ਰੱਟਾਂ ਜਾਂ ਘੋਟਾ ਅਗਰ ਲੱਗ ਜਾਵੇ ਤਾਂ ਇਹ ਕੋਈ ਮਾੜੀ ਚੀਜ਼ ਨਹੀਂ। ਇਸ ਰੱਟੇ ਦੇ ਪਿੱਛੇ ਮਨੁੱਖ ਦੀ ਸਮਝ ਵੀ ਕੰਮ ਕਰ ਰਹੀ ਹੁੰਦੀ ਹੈ। ਮਿਸਾਲ ਦੇ ਤੌਰ ਤੇ ਮੇਰੇ ਕਾਲਜ ਦੇ ਦਿਨਾਂ ਵਿੱਚ ਜਦ ਵੀ ਕਾਲਜ ਵਿੱਚ ਗੁਰਪੁਰਬ ਮਨਾਇਆ ਜਾਂਦਾ ਸੀ ਤਾਂ ਕੋਈ ਨਾ ਕੋਈ ਧਰਮ ਪ੍ਰਚਾਰਕ ਜ਼ਰੂਰ ਸੱਦਿਆ ਜਾਂਦਾ ਸੀ। ਇੱਕ ਵਾਰ ਡਾ. ਹਰਨਾਮ ਸਿੰਘ ਸ਼ਾਨ ਨੂੰ ਬੁਲਾਇਆ, ਫਿਰ ਡਾ. ਤਾਰਨ ਸਿੰਘ ਨੂੰ ਸੱਦਿਆ, ਫਿਰ ਇੱਕ ਵਾਰ ਚੰਡੀਗੜ੍ਹ ਤੋਂ ਪ੍ਰੋ: ਰਾਮ ਸਿੰਘ ਨੂੰ ਬੁਲਾਇਆ। ਤਾਰਨ ਸਿੰਘ ਦੇ ਸਮੇਂ ਪ੍ਰਿੰਸੀਪਲ ਨੇ ਮੈਨੂੰ ਇੱਕ ਵਿਦਿਆਰਥੀ ਦੇ ਤੌਰ ਤੇ ਕੁੱਝ ਬੋਲਣ ਲਈ ਤਿਆਰ ਕਰਨ ਨੂੰ ਕਿਹਾ। ਮੈਂ ਸਿੱਖ ਇਤਿਹਾਸ ਦੀ ਅੰਗਰੇਜ਼ੀ ਮਾਧਿਅਮ ਵਾਲੀ ਇੱਕ ਕਿਤਾਬ 'ਚੋਂ ਗੁਰਬਾਣੀ ਦੇ 'ਮੂਲਮੰਤਰ' ਨੂੰ ਰੱਟਾ ਲਗਾ ਲਿਆ। ਬਹੁਤ ਵੱਡੀ ਸਟੇਜ ਲੱਗੀ ਹੋਈ ਸੀ। ਜਦ ਮੈਂ ਮੂਲਮੰਤਰ ਟਿਕਾ ਕੇ ਜਬਾਨੀ ਅੰਗਰੇਜ਼ੀ ਵਿੱਚ ਸਮਝਾਇਆ ਤਾਂ ਇਸਦੀ ਬੜੀ ਸ਼ਲਾਘਾ ਹੋਈ। ਇਸ ਰੱਟੇ ਵਿੱਚੋਂ ਵੀ ਮੈਨੂੰ ਜਪੁਦੀ ਸਾਹਿਬ ਦਾ ਸਾਰਅੰਸ਼ ਸਮਝ ਆ ਗਿਆ। ਇਹ ਮੈਨੂੰ ਅੱਜ ਤੱਕ ਨਹੀਂ ਭੁੱਲਿਆ। ਇੰਸੀ ਤਰ੍ਹਾਂ ਹੈੱਡਮਾਸਟਰ ਦੁਆਰਾ ਲਗਵਾਏ ਗਏ ਰੱਟੇ ਵੀ ਮੇਰੇ ਅਤੇ ਮੇਰੇ ਜਮਾਤੀਆਂ ਦੀ ਸਦੀਵੀ ਯਾਦਸ਼ਤ ਦਾ ਹਿੱਸਾ ਬਣ ਗਏ। ਕਿਸੀ ਵੀ ਮਜ਼ਮੂਨ ਦੀਆਂ ਮੁੱਢਲੀਆਂ ਚੀਜ਼ਾਂ ਨੂੰ ਰੱਟੇ ਲਗਾਉਣੇ ਕੋਈ ਮਾੜੀ ਗੱਲ ਨਹੀਂ। ਇਹਨਾਂ ਮੁੱਢਲੀਆਂ ਪ੍ਰੀਭਾਸ਼ਾਵਾਂ (primary definitions) ਉਪਰ ਉਸਾਰੀਆਂ ਜਾਣ ਵਾਲੀਆਂ ਇਮਾਰਤਾਂ ਦੀਆਂ ਇੱਟਾਂ ਸਿਖਿਆਰਥੀ ਆਪਣੀ ਆਮ ਸੂਝ ਬੂਝ ਨਾਲ ਲਗਾ ਸਕਦਾ ਹੈ। ਨਾਲੇ ਭਾਸ਼ਾ ਗਣਿਤ ਵਾਂਗ ਨਹੀਂ ਹੁੰਦੀ। ਭਾਸ਼ਾ ਵਿੱਚ ਤਾਂ ਇੱਕ ਪੱਧਰ ਤੱਕ ਨਿਯਮ ਕੰਮ ਕਰਦੇ ਹਨ। ਬਾਅਦ ਵਿੱਚ ਸਮਝ ਤੋਂ ਵੀ ਕਾਫ਼ੀ ਕੰਮ ਲੈਣਾ ਹੁੰਦਾ ਹੈ। ਭਾਸ਼ਾ ਵਿੱਚ ਪ੍ਰਤੀਕਾਂ ਦੀ ਵਰਤੋਂ ਦੀ ਵੀ ਵਿਸ਼ੇਸ਼ ਮਹੱਤਤਾ ਹੁੰਦੀ ਹੈ।

ਫਿਰ ਇੱਕ ਦਿਨ ਅਚਾਨਕ ਇਹ ਖਬਰ ਆਈ ਕਿ ਹੈੱਡਮਾਸਟਰ ਨੂੰ ਦਿਲ ਦਾ ਦੌਰਾ ਪੈ ਗਿਆ, ਉਹ ਹਸਪਤਾਲ ਵਿੱਚ ਦਾਖਲ ਸੀ। ਸਕੂਲ ਵਿੱਚ, ਖਾਸ ਕਰਕੇ ਸਾਡੀ ਜਮਾਤ ਵਿੱਚ, ਖੁਸ਼ੀ ਦੀ ਲਹਿਰ ਦੌੜ ਗਈ। ਨਲਾਇਕ ਬੱਚੇ ਤਾਂ ਖੁਸ਼ੀ ਵਿੱਚ ਪਾਗਲ ਹੋਏ ਫਿਰਨ। ਕਹਿਣ ਮਾਰ ਜਾਵੇ ਤਾਂ ਚੰਗਾ ਏ, ਅਗਰ ਨਹੀਂ ਮਰਦਾ ਤਾਂ ਘੱਟ ਤੋਂ ਘੱਟ ਉਦੋਂ ਤੱਕ ਠੀਕ ਨਾ ਹੋਵੇ ਜਦ ਤੱਕ ਸਾਲਾਨਾ ਇਮਤਿਹਾਨ ਨਾ ਹੋ ਜਾਣ। ਮੋਹਰੀ ਅਤੇ ਸੋਖਾ ਸਭ ਤੋਂ ਵੱਧ ਨਲਾਇਕ ਸਨ। ਉਹ ਦੋਨੋਂ ਸਕੂਲ ਤੋਂ ਕੁੱਝ ਦੂਰ ਇੱਕ ਰੌਜ਼ੇ ਤੇ ਗਏ,

ਮੱਥਾ ਟੇਕਿਆ ਤੇ ਸੁੱਖਣਾ ਸੁੱਖੀ–"ਜੇ ਹੈੱਡਮਾਸਟਰ ਮਰ ਜਾਵੇ ਤਾਂ ਅਸੀਂ ਸਾਰੀ ਜਮਾਤ ਨੂੰ ਪ੍ਰਸ਼ਾਦ (ਪਤਾਸ਼ੇ) ਵੰਡਾਂਗੇ।"

ਦੂਜੇ ਦਿਨ ਮੋਹਰੀ ਸਕੂਲ ਆਇਆ ਹੀ ਨਹੀਂ। ਸੋਖਾ ਕਹਿਣ ਲੱਗਾ, "ਮੋਹਰੀ ਬੀਮਾਰ ਏ, ਉਸਨੂੰ ਰਾਤ ਨੂੰ ਸੁੱਤੇ ਪਏ ਨੂੰ ਹੈੱਡਮਾਸਟਰ ਦਾ ਭੂਤ ਡਰਾਉਂਦਾ ਰਿਹੈ, ਉਹਦੀ ਮਾਂ ਦੱਸਦੀ ਸੀ ਕਿ ਉਹ ਉੱਚੀ ਉੱਚੀ ਬੁੜਬੜਾਉਂਦਾ ਰਿਹੈ, ਕਹੀ ਜਾਵੇ:– ਮਾਸਟਰ ਜੀ, ਮਾਰ ਸੁੱਟਿਐ, ਹਾਏ ਓਏ ਮਰ ਗਿਐ, ਮਾਂ ਮੈਨੂੰ ਬਚਾ ਲੈ, ਹਾਏ ਮੇਰਾ ਗੁੱਟ ਟੁੱਟ ਗਿਐ, ਹਾਏ ਮੇਰੀ ਪਿੱਠ ਤੇ ਲਾਸ਼ਾਂ ਪੈ ਗਈਆਂ, ਮਾਂ ਮੈਨੂੰ ਬਚਾ ਲੈ, ਮਾਂ ਮੈਨੂੰ ਬਚਾ ਲੈ, ਹਾਏ ਮੈਨੂੰ ਭੂਤ ਖਾਣ ਲੱਗਾ! ਮਾਂ ਨੇ ਅੱਧ ਸੁੱਤੇ ਨੂੰ ਝੰਜੋੜ ਕੇ ਗਲੇ ਨਾਲ ਲਾ ਲਿਆ। ਅੱਖਾਂ ਖੋਲ੍ਹੀਆਂ। ਆਲੇ ਦੁਆਲੇ ਦੇਖਿਆ। ਮਾਂ ਦੀ ਛਾਤੀ ਨਾਲ ਲੱਗ ਕੇ ਜ਼ੋਰ ਜ਼ੋਰ ਦੀ ਰੋਂਦਾ ਰਿਹਾ। ਮਾਂ ਨੇ ਮਸਾਂ ਚੁੱਪ ਕਰਾਇਆ। ਮਾਂ ਜਿਹੜੀ ਅਕਸਰ ਗੁੱਸੇ ਵਿੱਚ ਆ ਕੇ ਸ਼ਰਾਰਤੀ ਪੁੱਤ ਨੂੰ ਕਹਿੰਦੀ ਹੁੰਦੀ ਸੀ– ਰੱਬ ਕਰੇ ਮਾਸਟਰ ਤੇਰੀ ਚਮੜੀ ਉਧੇੜ ਦੇਣ ਹੁਣ ਮੋਮ ਹੋਈ ਬੈਠੀ ਸੀ। ਅੱਖਾਂ ਵਿੱਚੋਂ ਅੱਥਰੂ ਛਮ ਛਮ ਬਹਿ ਰਹੇ ਸਨ। ਕਹੀ ਜਾਵੇ–'ਮੈਂ ਮੰਨਦੀ ਆਂ ਕਿ ਪਸ਼ੂ ਦੀ ਮੋਕ ਦਾ ਤੇ ਸਰਕਾਰ ਦੇ ਘੂਰੇ ਦਾ ਮਸੋਸ ਤਾਂ ਨਹੀਂ ਕਰਨਾ ਚਾਹੀਦੈ ਪਰ ਫਿਰ ਵੀ ਜ਼ੁਲਮ ਦੀ ਕੋਈ ਹੱਦ ਵੀ ਤਾਂ ਹੋਣੀ ਚਾਹੀਦੀ ਏ। ਮੁੰਡਾ ਤਾਂ ਥੇਹ ਪੈਣੇ ਮਾਸਟਰ ਦੇ ਕੁੱਟ ਕੁੱਟ ਕੇ ਛਿਤਰਕੁੱਟ ਬਣਾਤਾ, ਪਾਗਲ ਈ ਕਰਤਾ, ਜੇ ਡਮਾਕ ਨਹੀਂ ਕੰਮ ਕਰਦਾ ਤਾਂ ਭਲਾ ਨਿਆਣੇ ਦਾ ਕੀ ਕਸੂਰ? ਧੂਣੀ ਵਾਲੇ ਸਾਧ ਦੇ ਡੇਰੇ ਜਾ ਕੇ ਪਹਿਲਾਂ ਮੁੰਡੇ ਦੇ ਡਮਾਕ ਦੇ ਪੜਦੇ ਖੁਲਵਾਉਣੇ ਪੈਣਗੇ, ਫਿਰ ਸਭ ਕੁੱਝ ਠੀਕ ਹੋ ਜਾਊ। ਸਾਧ ਬੜਾ ਈ ਕਰਨੀ ਵਾਲਾ ਐ। ਸੁਣਿਐ, ਦੂਜੇ ਨਿਆਣਿਆਂ ਦੀਆਂ ਮਾਵਾਂ ਵੀ ਸਾਧ ਦੇ ਡੇਰੇ ਜਾ ਕੇ ਆਈਆਂ ਨੇ। ਉਨ੍ਹਾਂ ਦੀ ਸੁੱਖਣਾ ਕਰਕੇ ਈ ਹੈੱਡਮਾਸਟਰ ਨੂੰ ਦੌਰਾ ਪਿਆ ਏ। ਲਗਦਾ ਹੁਣ ਬਚਦਾ ਨਹੀਂ।'

ਭਾਵੇਂ ਕਈ ਦਿਨ ਕਈ ਪ੍ਰਕਾਰ ਦੀਆਂ ਅਫਵਾਹਾਂ ਫੈਲਦੀਆਂ ਰਹੀਆਂ ਪਰੰਤੂ ਬੱਚਿਆਂ ਦੇ ਮਨ ਵਿੱਚ ਉਸ ਦਾ ਡਰ ਇੰਨਾ ਭਾਰੂ ਸੀ ਕਿ ਰਾਤ ਨੂੰ ਬਿਸਤਰਿਆਂ ਤੇ ਪੜ੍ਹਨ ਦਾ ਕੰਮ ਜਾਰੀ ਰਿਹਾ। ਸਿਰਫ਼ ਮੋਹਰੀ ਹੀ ਗੈਰ-ਹਾਜ਼ਰ ਸੀ। ਬਾਕੀ ਕਿਸੇ ਨੇ ਛੁੱਟੀ ਕਰਕੇ ਘਰ ਬੈਠਣ ਦਾ ਹੀਆ ਨਾ ਕੀਤਾ। ਸਕੂਲ ਦਾ ਮਾਲੀ ਰੋਜ਼ ਗੈਸ ਬਾਲਦਾ ਰਿਹਾ। ਬੱਚੇ ਆਪਣੇ ਪਾਠ ਪੜ੍ਹਦੇ ਰਹੇ। ਨਲਾਇਕ ਮਨ ਹੀ ਮਨ ਵਿੱਚ ਸੋਚਦੇ ਰਹੇ ਕਿ ਉਹਨਾਂ ਦੀ ਸੁੱਖਣਾ ਜ਼ਰੂਰ ਪੂਰੀ ਹੋਵੇਗੀ, ਮੌਤ ਦੀ ਖਬਰ ਜ਼ਰੂਰ ਆਵੇਗੀ। ਜਦ ਤੱਕ ਇਹ ਖਬਰ ਨਾ ਆਈ ਉਦੋਂ ਤੱਕ ਸਭ ਚੁੱਪ ਸਨ। ਜਿਉਂ ਜਿਉਂ ਦਿਨ ਬੀਤਦੇ ਗਏ, ਸੁੱਖਣਾ ਸੁੱਖਣ ਵਾਲੇ ਵਧ ਡਰਨ ਲੱਗ ਪਏ। ਜੇ ਬਚ ਕੇ ਆ ਗਿਆ ਤਾਂ ਉਸਨੂੰ ਸੁੱਖਣਾ ਸੁੱਖਣ ਦੀ ਖਬਰ ਤਾਂ ਜ਼ਰੂਰ ਮਿਲ ਹੀ ਜਾਊ। ਹਰਾਮਜ਼ਾਦਾ ਮੌਨੀਟਰ ਤਾਂ ਇਹ ਖਬਰ ਉਹਨੂੰ ਜ਼ਰੂਰ ਦੇਊ। ਫਿਰ ਤਾਂ ਉਹ ਸਾਡਾ ਘਾਣ ਬਚਾ ਪੀੜ ਦੇਊ। ਜੇ ਮਰ ਗਿਆ ਤਾਂ ਅਸੀਂ

ਮੌਨੀਟਰ ਦੇ ਚਿੱਤੜ ਕੁੱਟ ਕੁੱਟ ਕੇ ਬਾਂਦਰ ਦੇ ਥੱਲੇ ਅਰਗੇ ਕਰ ਦਿਆਂਗੇ।

ਦਸ ਕੁ ਦਿਨਾਂ ਵਿੱਚ ਹੈੱਡਮਾਸਟਰ ਠੀਕ ਹੋ ਕੇ ਆ ਗਿਆ। ਥੋੜ੍ਹਾ ਜਿਹਾ ਵੀ ਸਿਰ ਚੁੱਕਣ ਵਾਲੇ ਬਚੇ ਸੁਸਰੀ ਵਾਂਗ ਸੌਂ ਗਏ ਸਨ। ਉਹ ਪਹਿਲਾਂ ਤੋਂ ਵੀ ਵਧ ਡਰੇ ਹੋਏ ਸਨ। ਸੁੱਖਣਾ ਸੁੱਖਣ ਵਾਲਿਆਂ ਦੇ ਨਾਮ ਹੈੱਡਮਾਸਟਰ ਕੋਲ ਪਹੁੰਚ ਚੁੱਕੇ ਸਨ। ਮੈਨੂੰ ਲਗਦਾ ਸੀ ਕਿ ਹੁਣ ਉਹ ਮੈਨੂੰ ਦਸ ਵੀਹ ਇਕੱਠੇ ਡੰਡੇ ਤੋੜ ਕੇ ਲਿਆਉਣ ਦਾ ਹੁਕਮ ਚਾੜ੍ਹਨ ਹੀ ਵਾਲਾ ਸੀ। ਹੋ ਸਕਦਾ ਏ, ਮੌਤ ਦੇ ਮੂੰਹ 'ਚੋਂ ਨਿਕਲ ਕੇ ਉਸਦੇ ਮਨ ਵਿੱਚ ਕੁੱਝ ਤਬਦੀਲੀ ਆ ਗਈ ਹੋਵੇ। ਇਸ ਸਭ ਕੁੱਝ ਦਾ ਪਤਾ ਅਗਲੇ ਹਫ਼ਤੇ ਲੱਗਣਾ ਸੀ।

*(ਲੇਖ ਨੁਮਾ ਕਹਾਣੀ)*

# ਮਤਾ

ਲਹਿੰਬਰ ਸਿੰਘ ਨੂੰ ਕੈਨੇਡਾ ਤੋਂ ਦਲੀਪਾ ਰਾਮ ਦਾ ਫੋਨ ਆ ਗਿਆ।

– ਕੀ ਹਾਲ ਏ, ਵੀਰੇ?

– ਵਾਹ ਰੇ ਦਲੀਪਾ ਰਾਮ। ਬੜੀ ਦੇਰ ਬਾਅਦ ਯਾਦ ਕੀਤਾ। ਹੋਰ ਸਭ ਸੁੱਖ ਸਾਂਦ ਤਾਂ ਹੈ? ਬਾਹਰਲੇ ਕਦੀ ਕਦਾਈਂ ਯਾਦ ਕਰਦੇ ਨੇ, ਹਮੇਸ਼ਾ ਕੰਮਾਂ ਕਾਰਾਂ ਵਿਚ ਹੀ ਫਸੇ ਰਹਿੰਦੇ ਨੇ। ਹੋਰ ਪਿੰਡ ਦੇ ਬਾਕੀ ਸਾਰੇ ਲੋਕ ਠੀਕ ਤਾਂ ਹਨ?

– ਵੀਰੇ, ਵਾਹਿਗੁਰੂ ਦੀ ਕ੍ਰਿਪਾ। ਸਭ ਠੀਕ ਏ। ਹੁਣ ਤਾਂ ਸਾਰਾ ਸਰੀ ਦਾ ਇਲਾਕਾ ਪੰਜਾਬੀਆਂ ਨਾਲ ਹੀ ਭਰ ਗਿਐ। ਇੰਝ ਲੱਗੀ ਜਾ ਰਿਹਾ ਜਿਵੇਂ ਪੰਜਾਬ ਦੇ ਪਿੰਡਾਂ ਵਿਚ ਕਿਸੇ ਨੇ ਰਹਿਣਾ ਹੀ ਨਹੀਂ। ਥੋੜ੍ਹੇ ਦਿਨ ਹੋਏ ਸੇਵਾ ਸਿਹੁੰ ਦੇ ਦੋਵੇਂ ਮੁੰਡੇ ਭੀਰਾ ਤੇ ਗੁਰਬਖਸ਼ ਵੀ ਆ ਗਏ। ਚੱਕੀ ਆਲਿਆਂ ਦਾ ਮੱਘਰ ਪਹਿਲਾਂ ਹੀ ਵਿਆਹ ਕਰਵਾ ਕੇ ਏਥੇ ਪਹੁੰਚ ਗਿਆ ਸੀ।

– ਓਏ ਦਲੀਪਿਆ, ਸੇਵਾ ਸਿਹੁੰ ਦੇ ਮੁੰਡੇ ਤਾਂ ਹੋਏ ਪਰ ਆਹ ਮੱਘਰ ਨੂੰ ਪਤਾ ਨਹੀਂ ਕੀਹਨੇ ਕੁੜੀ ਦੇ ਤੀ। ਲੋਕ ਰਿਸ਼ਤੇ ਪਤਾ ਨੀ ਕਿੱਥੋਂ ਲੱਭ ਲੈਂਦੇ ਨੇ। ਕੁੜੀਆਂ ਤਾਂ ਮੁੰਡਿਆਂ ਲਈ ਐਧਰੋਂ ਜਾਂਦੀਆਂ ਦੇਖੀਆਂ। ਆਹ ਮੱਘਰ ਜਿਹੇ ਭੋਂਦੂਆਂ ਨੂੰ ਪਤਾ ਨੀ ਕੌਣ ਪਸੰਦ ਕਰ ਲੈਂਦਾ।

– ਬਾਈ ਸਿਹਾਂ, ਬਹੁਤੇ ਰਿਸ਼ਤੇ ਅੱਗੇ ਤੋਂ ਅੱਗੇ ਅੰਗੜੀਆਂ ਸੰਗੜੀਆਂ ਰਾਹੀਂ ਹੋ ਜਾਂਦੇ ਨੇ। ਲੋਕਾਂ ਨੇ ਪੱਕਾ ਇਹੀ ਠਾਣਿਆ ਹੋਇਐ ਕਿ ਆਪਣਾ ਹੀ ਦੂਰ ਨੇੜੇ ਦਾ ਰਿਸ਼ਤੇਦਾਰ ਬਾਹਰ ਕੱਢਿਆ ਜਾਵੇ ਜਾਂ ਫਿਰ ਵੱਧ ਜਰਾਦਾਤਾਂ ਵਾਲੇ ਮਾਹਰਕੇ ਮਾਰੀ ਜਾਂਦੇ ਨੇ। ਮੱਘਰ ਹੁਰਾਂ ਦੀ ਚੱਕੀ ਚੰਗੀ ਚੱਲ ਪਈ, ਚਾਰ ਪੈਸੇ ਕੋਲ ਹੋਗੇ। ਕੁੜੀ ਵਾਲਿਆਂ ਸੋਚਿਆ ਕਿ ਮੁੰਡੇ ਦੇ ਘਰਦਿਆਂ ਪਾਸ ਪੈਸੇ ਹੈਗੇ ਨੇ। ਮਕਾਨ ਮੱਘਰ ਦੇ ਪਿਉ ਨੇ ਪਹਿਲਾਂ ਹੀ ਚੰਗਾ ਬਣਾ ਲਿਆ ਸੀ। ਘਰ ਮੂਹਰੇ ਹਮੇਸ਼ਾ ਕਾਰ ਖੜ੍ਹੀ ਰਹਿੰਦੀ ਸੀ। ਅੱਛਰ ਸਿਹੁੰ ਦੇ ਕਾਲੇ ਨੇ ਵਿਚ ਪੈ ਕੇ ਰਿਸ਼ਤਾ ਕਰਾਤਾ।

– ਸਾਲੇ ਨੂੰ ਕੁੜੀ ਚੰਗੀ ਸੁਨੱਖੀ ਟਕਰਾ ਤੀ। ਆਪ ਤਾਂ ਮੱਘਰ ਨੂੰ ਨਲੀ ਵੀ ਪੂੰਝਣੀ ਨਹੀਂ ਸੀ ਆਉਂਦੀ ਹੁੰਦੀ। ਸਕੂਲ ਦਾ ਤਾਂ ਸਾਲੇ ਨੇ ਮੂੰਹ ਤੱਕ ਨਹੀਂ ਸੀ ਦੇਖਿਆ। ਘੋੜੇ ਜਿੱਡਾ ਹੋ ਗਿਆ ਸੀ, ਗਲੀਆਂ 'ਚ ਕੱਛਾ ਪਾ ਕੇ ਹੀ ਤੁਰਿਆ ਫਿਰਦਾ

ਹੁੰਦਾ ਸੀ।

– ਇਹੀ ਆਵਾ ਇਧਰ ਪੰਜਾਬ 'ਚ ਊਤਿਆ ਹੋਇਆ ਏ। ਜਿਹੜਾ ਵੀ ਕੈਨੇਡਾ ਤੋਂ ਪੈਂਟੜੀ ਜੇਹੀ ਪਾ ਕੇ ਇੱਧਰ ਨੂੰ ਆਉਂਦਾ ਏ ਉਹੀ ਬੀ.ਏ. ਪਾਸ ਕੁੜੀ ਲੈ ਤੁਰਦਾ ਏ। ਐਧਰ ਦੇ ਪੜ੍ਹਿਆ ਲਿਖਿਆਂ ਤੇ ਨੌਕਰੀ ਪੇਸ਼ਾ ਮੁੰਡਿਆਂ ਲਈ ਤਾਂ ਕੈਨੇਡਾ ਵਾਲੇ ਕੋਈ ਚੱਜ ਦੀ ਕੁੜੀ ਛੱਡਦੇ ਹੀ ਨਹੀਂ। ਇੱਧਰ ਪੜ੍ਹਿਆਂ ਲਿਖਿਆਂ ਨੂੰ ਤਾਂ ਹੁਣ ਡਫਰੇ ਹੀ ਟਕਰਦੇ ਨੇ। ਕਈ ਪੜ੍ਹੇ ਲਿਖੇ ਤਾਂ ਲੱਭਦੇ ਲੱਭਦੇ ਕੁਆਰੇ ਹੀ ਰਹਿ ਜਾਂਦੇ ਨੇ। ਕੋਈ ਜ਼ਮਾਨਾ ਹੁੰਦਾ ਸੀ ਜਦ ਨੌਕਰੀ ਪੇਸ਼ਾ ਬੰਦਾ ਚੋਣਵੀਂ ਕੁੜੀ ਲੱਭ ਕੇ ਵਿਆਹ ਕਰਵਾਉਂਦਾ ਸੀ। ਹੁਣ ਤਾਂ ਦਲੀਪਿਆ, ਪੰਜਾਬ ਦੇ ਭਾਂਡੇ ਵਿਕਗੇ। ਪੰਜਾਬੀਆਂ ਦਾ ਤਾਂ ਹੁਣ ਬਸ ਸਰ ਹੀ ਗਿਐ। ਕੁਝ ਤਾਂ ਕੁੜੀਆਂ ਜੰਮਣ ਤੋਂ ਪਹਿਲਾਂ ਹੀ ਮਾਰੀ ਜਾਂਦੇ ਨੇ। ਜੋ ਵਿਚਾਰੀਆਂ ਬਚ ਜਾਂਦੀਆਂ ਨੇ ਉਨ੍ਹਾਂ ਵਿਚੋਂ ਚੋਣਵੀਆਂ ਬਾਹਰਲੇ ਖਿੱਚ ਕੇ ਲੈ ਜਾਂਦੇ ਨੇ। ਬੋਤੀ ਆਲਿਆਂ ਦਾ ਨਿੱਕੂ ਪੈਂਤੀ ਸਾਲਾਂ ਦਾ ਹੋ ਗਿਐ, ਅਜੇ ਕੁਆਰਾ ਹੀ ਏ। ਨੌਕਰੀ ਵੀ ਵਧੀਆ ਚਾਲੀ ਹਜ਼ਾਰ ਮਹੀਨੇ ਦੀ ਕਰਦਾ ਏ। ਦੇਖਣ ਪਾਖਣ ਨੂੰ ਵੀ ਚੰਗਾ ਏ। ਫਿਰ ਵੀ ਵਧੀਆ ਰਿਸ਼ਤਾ ਕੋਈ ਨਹੀਂ ਮਿਲ ਰਿਹਾ। ਮਾੜਿਆਂ ਨੂੰ ਉਹ ਪਸੰਦ ਨਹੀਂ ਕਰਦਾ....।

– ਲਹਿੰਬਰ ਸਿਹਾਂ, ਐਨੀਆਂ ਗੱਲਾਂ ਫੋਨ ਤੇ ਨਹੀਂ ਕੀਤੀਆਂ ਜਾ ਸਕਦੀਆਂ। ਪੈਸੇ ਬਹੁਤ ਲੱਗ ਜਾਂਦੇ ਨੇ। ਹੋਰ ਕੋਈ ਕੰਮ ਦੀ ਗੱਲ ਕਰੀਏ। ਤੁਹਾਡਾ ਇਕ ਪੰਚਾਇਤ ਮੈਂਬਰ ਗੁਰਬਖਸ਼ ਤਾਂ ਐਧਰ ਨੂੰ ਆ ਗਿਐ। ਇਕ ਦਿਨ ਮਿਲਿਆ ਸੀ, ਬੜੀਆਂ ਪੰਚਾਇਤ ਦੀਆਂ ਗੱਲਾਂ ਸੁਣਾਉਂਦਾ ਸੀ....।

– ਦਲੀਪਿਆ, ਅੱਜ ਤਾਂ ਮੈਂ ਤੇਰੇ ਤਿੰਨ-ਚਾਰ ਡਾਲਰ ਖਰਚ ਕਰਵਾਉਣੇ ਹੀ ਕਰਵਾਉਣੇ ਨੇ। ਤਿੰਨ ਚਾਰ ਡਾਲਰ ਫੋਨ ਤੇ ਖਰਚ ਕੇ ਤੂੰ ਗ਼ਰੀਬ ਹੋ ਗਿਐਂ? ਜਦ ਹਜ਼ਾਰ ਹਜ਼ਾਰ ਡਾਲਰ ਪਿੰਡ ਦੇ ਬੰਦਿਆਂ ਨੂੰ ਉਗਰਾਹੀ ਦਿੰਦਾ ਏਂ ਤਾਂ ਤੂੰ ਗ਼ਰੀਬ ਨਹੀਂ ਹੁੰਦਾ! ਮੈਨੂੰ ਸਭ ਪਤਾ ਛੇ ਡਾਲਰ ਦੇ ਫੋਨ ਕਾਰਡ ਨਾਲ ਕਿੰਨੀਆਂ ਕੁ ਗੱਲਾਂ ਹੋ ਸਕਦੀਆਂ। ਸਾਨੂੰ ਬਥੇਰੇ ਬਾਹਰੋਂ ਫੋਨ ਆਉਂਦੇ ਰਹਿੰਦੇ ਨੇ।

– ਬਾਹਰਲਿਆਂ ਨੇ ਇਕ ਮਤਾ ਪਾਸ ਕੀਤੈ। ਹੁਣ ਤੁਹਾਨੂੰ ਸਭ ਪਿੰਡ ਵਾਲਿਆਂ ਨੂੰ ਉਸ ਮਤੇ ਤੇ ਚੱਲਣਾ ਹੀ ਪੈਣਾ ਏ। ਇਸ ਵਿਚ ਸਭ ਦੀ ਬਿਹਤਰੀ ਏ।

– ਮਤਾ ਕੀ ਪਾਸ ਕਰ ਲਿਆ? ਅਸੀਂ ਕਿਸੇ ਦੇ ਗੁਲਾਮ ਥੋੜ੍ਹਾ ਵਾਂ?

– ਲਹਿੰਬਰਾ, ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ। ਛੋਟੇ ਛੋਟੇ ਮੁਫਾਦਾਂ ਲਈ ਪਾਟੋ-ਧਾੜ ਬੰਦ ਕਰੋ। ਇਕੱਠੇ ਹੋਵੋ, ਪਿੰਡ ਦੀ ਬਿਹਤਰੀ ਲਈ ਇਕੱਠੇ ਹੋਵੋ। ਅਸੀਂ ਪ੍ਰਗਾਸ਼ ਨਾਲ ਵੀ ਗੱਲ ਕਰ ਲਈ ਏ। ਵੋਟਾਂ ਸਿਰ ਤੇ ਆ ਖੜ੍ਹੀਆਂ ਹਨ। ਤੁਸੀਂ ਸਭ ਜਾਣਦੇ ਹੋ, ਵੋਟਾਂ ਨਾਲ ਪਿੰਡਾਂ ਵਿਚ ਧੜੇ ਤੇ ਪਾਰਟੀਆਂ ਵੱਧ ਪੱਕੇ ਹੁੰਦੇ ਹਨ, ਦੁਸ਼ਮਣੀਆਂ ਵਧ ਜਾਂਦੀਆਂ ਹਨ। ਇਸ ਵਾਰ ਪੰਚਾਇਤ ਵੋਟਾਂ ਪਾਉਣ ਤੋਂ ਬਗ਼ੈਰ ਹੀ

ਬਣਾਉਣੀ ਏ। ਐਸੀ ਪੰਚਾਇਤ ਬਣੇ ਜੋ ਲੋਕਾਂ ਨੂੰ ਤੋੜੇ ਨਾ,ਬਲਕਿ ਆਪਸ ਵਿਚ ਜੋੜੇ। ਲਹਿੰਬਰਾ, ਮੇਰੀ ਬੇਨਤੀ ਮੰਨ, ਇਕ ਵਾਰੀ ਆਪਣੇ ਸਭ ਨਿੱਜੀ ਸੁਆਰਥ ਛੱਡ ਦਿਓ। ਸਿਰਫ਼ ਤੇ ਸਿਰਫ਼ ਪਿੰਡ ਦਾ ਸੁਆਰਥ ਸਭ ਤੋਂ ਮੂਹਰੇ ਰੱਖੋ। ਗੁਰਦੁਆਰੇ ਜਾ ਕੇ ਕਸਮ ਖਾਓ ਕਿ ਸਭ ਸੱਚੇ ਦਿਲੋਂ ਪਿੰਡ ਦੀ ਸੇਵਾ ਵਿਚ ਜੁਟਣਗੇ। ਕੈਨੇਡਾ ਵਿਚ ਬਥੇਰਾ ਪੈਸਾ ਇਕੱਠਾ ਹੋ ਗਿਆ ਏ। ਸਰਕਾਰ ਵੀ ਪੰਚਾਇਤ ਨੂੰ ਗਰਾਂਟਾਂ ਦਿੰਦੀ ਏ। ਜ਼ਰੂਰਤ ਹੈ ਪਿੰਡ ਵਿਚ ਚਾਰ ਪੰਜ ਦਿਲੋਂ ਇਮਾਨਦਾਰ ਬੰਦਿਆਂ ਦੀ। ਅਗਰ ਇਮਾਨਦਾਰੀ ਤੇ ਪੈਸਾ ਇਕੱਠੇ ਹੋ ਜਾਣ ਤਾਂ ਪਿੰਡ ਦੀ ਕਾਇਆ ਪਲਟ ਸਕਦੀ ਏ। ਐਸ ਵਕਤ ਅੱਧੇ ਤੋਂ ਜ਼ਿਆਦਾ ਪਿੰਡ ਬਾਹਰ ਬੈਠਾ ਏ। ਅਗਰ ਇਤਫ਼ਾਕ ਪੈਦਾ ਹੋ ਜਾਵੇ ਤਾਂ ਪਿੰਡ ਦਿਨਾਂ ਵਿਚ ਹੀ ਸਵਰਗ ਬਣ ਸਕਦਾ ਏ। ਕੀ ਖ਼ਿਆਲ ਏ ਤੇਰਾ?

– ਖ਼ਿਆਲ ਨੇਕ ਏ। ਜਿਵੇਂ ਤੁਸੀਂ ਕਹੋਗੇ ਅਸੀਂ ਓਵੇਂ ਹੀ ਕਰਾਂਗੇ।

– ਖਾਹ ਕਸਮ ਗੁਰੂ ਦੀ ਫਿਰ।

– ਗੁਰੂ ਦੀ ਸਹੁੰ।

– ਅਗਰ ਪਿੰਡ ਵਿਚ ਕੀਰਤੀ ਹੋਰੀਂ ਆ ਕੇ ਬੰਦੇ ਇਕੱਠੇ ਕਰਨ ਤਾਂ ਤੂੰ ਆਪਣੇ ਬੰਦਿਆਂ ਸਮੇਤ ਜਾ ਕੇ ਉਨ੍ਹਾਂ ਵਿਚ ਬੈਠੇਂਗਾ? ਅਗਰ ਤੂੰ ਸਿੱਖ ਧਰਮ ਨੂੰ ਸਹੀ ਅਰਥਾਂ ਵਿਚ ਮੰਨਦਾ ਏਂ ਤਾਂ ਆਪਣੀ ਹਾਉਮੈਂ ਜ਼ਰੂਰ ਤਿਆਗ ਦੇਵੇਗਾ।

ਗੁਰਬਾਣੀ 'ਚ ਲਿਖਿਆ ਏ–

*ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ*
*ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥*

– ਅਗਰ ਤੂੰ ਕਹਿੰਦਾ ਏਂ ਤਾਂ ਜ਼ਰੂਰ ਬੈਠਾਂਗਾ। ਮੈਂ ਧਰਮ ਨੂੰ ਮੰਨਦਾ ਹਾਂ। ਮੈਂ ਤੇਰੀ ਸੋਚ ਤੇ ਪਹਿਰਾ ਦੇਵਾਂਗਾ।

– ਮੈਂ ਇਕੱਲਾ ਨਹੀਂ ਕਹਿੰਦਾ। ਬਾਹਰਲੇ ਹੁਣ ਸਾਰੇ ਹੀ ਕਹਿੰਦੇ ਨੇ। ਤੂੰ ਹੁਣ ਕੀਹਨੂੰ ਸਰਪੰਚ ਬਣਾਉਣ ਦੇ ਹੱਕ ਵਿਚ ਏਂ?

– ਦਲੀਪਿਆ, ਮੈਂ ਚੁੱਪ ਹਾਂ, ਜੀਹਨੂੰ ਮਰਜ਼ੀ ਬਣਾ ਲਓ। ਮੈਂ ਆਪਣੀ ਹਊਮੈ ਤਿਆਗ ਦਿੱਤੀ ਏ।

– ਤੂੰ ਪ੍ਰਗਾਸ਼ ਦਾ ਪਿੱਛਾ ਛੱਡ ਦੇਵੇਂਗਾ? ਉਸ ਨੂੰ ਗੁੰਮਰਾਹ ਨਹੀਂ ਕਰੇਂਗਾ?

– ਮੈਂ ਹੁਣ ਪ੍ਰਗਾਸ਼ ਨੂੰ ਆਪਣੇ ਮਗਰ ਬਿਲਕੁਲ ਵੀ ਨਹੀਂ ਲਗਾਵਾਂਗਾ। ਅਗਰ ਤੁਸੀਂ ਕਹੋ ਤਾਂ ਮੈਂ ਸਿਆਸਤ ਤੋਂ ਹੀ ਪਰ੍ਹੇ ਹੋ ਜਾਂਦਾ ਹਾਂ।

– ਨਹੀਂ, ਅਸੀਂ ਇਹ ਨਹੀਂ ਕਹਿੰਦੇ। ਤੈਨੂੰ ਅਸੀਂ ਉਪਰਲੇ ਪੰਜ ਬੰਦਿਆਂ 'ਚ ਵੀ ਲੈ ਸਕਦੇ ਹਾਂ ਜੇਕਰ ਤੂੰ ਸਭ ਦੇ ਨਾਲ ਹੋ ਕੇ ਚੱਲੇਂ। ਲੋਕੀ ਕਹੀ ਜਾਂਦੇ ਨੇ ਕਿ ਤੂੰ ਪਿੰਡ ਵਿਚ ਪੁਆੜੇ ਖੜ੍ਹੇ ਕਰ ਦਿੰਦਾ ਏਂ। ਜੇ ਤੂੰ ਨਹੀਂ ਹਟਣਾ ਤਾਂ ਅਸੀਂ ਤੈਨੂੰ ਐਧਰ ਨੂੰ ਹੀ ਸੱਦ ਲੈਣਾ ਏ।

– ਹੋਰ ਮੈਨੂੰ ਕੀ ਚਾਹੀਦਾ ਏ?

– ਏਥੇ ਆ ਕੇ ਤੇਰੇ ਜਿਹੇ ਚੌਧਰੀਆਂ ਤੋਂ ਕੰਮ ਵੀ ਨਹੀਂ ਹੋਣਾ। ਤੂੰ ਵਿਹਲੀਆਂ ਖਾਣੀਆਂ ਗਿੱਝਿਆ ਹੋਇਆ ਏਂ।

– ਦਲੀਪਿਆ, ਮੈਂ ਤੈਨੂੰ ਯਕੀਨ ਦੁਆਉਂਦਾ ਹਾਂ ਕਿ ਮੈਂ ਇਸ ਵਾਰ ਜਿਵੇਂ ਤੁਸੀਂ ਕਹੋਗੇ ਓਵੇਂ ਹੀ ਕਰਾਂਗਾ।

ਇਹ ਗੱਲਾਂ ਫੋਨ ਤੇ ਚੱਲ ਹੀ ਰਹੀਆਂ ਸਨ ਕਿ ਬਾਹਰ ਗਲੀ ਵਿਚੋਂ ਮੁਨਾਦੀ ਕਰਨ ਵਾਲੇ ਦੀ ਆਵਾਜ਼ ਆਈ, "ਸਾਰੇ ਨਗਰ ਨਿਵਾਸੀ ਮਾਈ ਭਾਈ ਨੂੰ ਜਾਣੂ ਕਰਵਾਇਆ ਜਾਂਦਾ ਏ ਕਿ ਪਰਸੋਂ ਦਿਨ ਐਤਵਾਰ ਨੂੰ ਪਿੰਡ ਵਿਚ ਇਕ ਸਾਂਝਾ ਇਕੱਠ ਹੋ ਰਿਹਾ ਏ। ਸਾਰੇ ਇਸ ਇਕੱਠ ਵਿਚ ਹਾਜ਼ਰ ਹੋਵੋ ਜੀ। ਪੰਚਾਇਤ ਦੀਆਂ ਚੋਣਾਂ ਬਾਰੇ ਵਿਚਾਰਾਂ ਕੀਤੀਆਂ ਜਾਣੀਆਂ ਨੇ।"

ਇਹ ਮੁਨਾਦੀ ਪ੍ਰਗਾਸ਼ ਨੇ ਬਾਹਰਲਿਆਂ ਤੇ ਕੀਰਤੀ ਸਿੰਘ ਹੋਰਾਂ ਦੀ ਹਦਾਇਤ ਤੇ ਕਰਵਾਈ ਸੀ।

ਲਹਿੰਬਰ ਸਿੰਘ ਦੀ ਦਲੀਪਾ ਰਾਮ ਨਾਲ ਗੱਲਬਾਤ ਅੱਗੇ ਚਲਦੀ ਗਈ। ਉਸ ਨੇ ਆਪਣੇ ਸੀਰੀ ਪ੍ਰਗਾਸ਼ ਨੂੰ ਆਪਣੇ ਘਰ ਸੱਦਣ ਲਈ ਸੁਨੇਹਾ ਵੀ ਭੇਜ ਦਿੱਤਾ।

– ਦਲੀਪਾ ਰਾਮ, ਤੂੰ ਹੁਣੇ ਹੁਣੇ ਮੁਨਾਦੀ ਦੀ ਆਵਾਜ਼ ਸੁਣੀ ਏ। ਇਹ ਮੁਨਾਦੀ ਸਾਡੇ ਸਾਰਿਆਂ ਦੀ ਤੇ ਕੀਰਤੀ ਸਿੰਘ ਹੁਰਾਂ ਦੀ ਸਲਾਹ ਨਾਲ ਹੀ ਕਰਾਈ ਗਈ ਏ। ਕੀਰਤੀ ਸਿੰਘ ਹੋਰਾਂ ਤੇ ਪ੍ਰਗਾਸ਼ ਹੋਰਾਂ ਸਭ ਨੇ ਮਿਲ ਕੇ ਪੱਕਾ ਇਰਾਦਾ ਕਰ ਲਿਆ ਏ ਕਿ ਇਲਾਕੇ ਵਿਚ ਇਕ ਮਿਸਾਲ ਕਾਇਮ ਕੀਤੀ ਜਾਵੇ। ਸਰਕਾਰਾਂ ਇਕੱਲੀਆਂ ਨੇ ਹੋਣ ਵਾਲੇ ਅੰਤਾਂ ਦੇ ਕੰਮਾਂ ਨੂੰ ਸਿਰੇ ਨਹੀਂ ਚਾੜ੍ਹਨਾ। ਸਰਕਾਰ ਦੇ ਕੰਮ ਬੜੇ ਢਿੱਲੇ ਚਲਦੇ ਨੇ। ਜਿਸ ਇਲਾਕੇ ਦਾ ਐਮ.ਐਲ.ਏ. ਜਾਂ ਮੰਤਰੀ ਤਕੜਾ ਹੋਵੇ ਉਹ ਆਪਣੇ ਇਲਾਕੇ ਦੇ ਸੁਧਾਰ ਕਰਵਾ ਲੈਂਦਾ ਏ। ਬਾਕੀਆਂ ਨੂੰ ਕੋਈ ਨਹੀਂ ਪੁੱਛਦਾ। ਐਸ ਵੇਲੇ ਪਿੰਡਾਂ ਦੇ ਲੋਕਾਂ ਪਾਸ ਬੇਅੰਤ ਪੈਸਾ ਹੈ। ਮੈਂ ਮੰਨਦਾ ਹਾਂ ਕਿ ਪਿੰਡ ਦੀ ਕਿਰਸਾਨੀ ਦੀ ਹਾਲਤ ਵਧੀਆ ਨਹੀਂ। ਪਿੰਡਾਂ ਨੂੰ ਸਵਰਗ ਬਣਾਉਣ ਲਈ ਤਾਂ ਬਾਹਰ ਬੈਠੇ ਪੰਜਾਬੀ ਹੀ ਬਥੇਰੇ ਨੇ।

– ਲੋੜ ਹੈ ਤਾਂ ਸਿਰਫ਼ ਇਤਫ਼ਾਕ ਦੀ। ਆਪਣੇ ਛੋਟੇ ਛੋਟੇ ਨਿੱਜੀ ਸੁਆਰਥ ਛੱਡੋ। ਚੰਗਾ, ਹੁਣ ਮੈਂ ਫੋਨ ਬੰਦ ਕਰਦਾ ਹਾਂ।

– ਚੰਗਾ ਕੋਈ ਫ਼ਿਕਰ ਨਾ ਕਰਿਓ।

ਇੰਨੇ ਚਿਰ ਵਿਚ ਪ੍ਰਗਾਸ਼ ਲਹਿੰਬਰ ਸਿੰਘ ਦੇ ਬੁਲਾਵੇ ਤੇ ਉਹਦੇ ਘਰ ਆ ਗਿਆ।

– ਪ੍ਰਗਾਸ਼ ਮੁਨਾਦੀ ਕਰਵਾਉਣ ਦੀ ਬੜੀ ਕਾਹਲੀ ਕੀਤੀ। ਹੁਣ ਤਾਂ ਬਿਨਾਂ ਪੁੱਛੇ ਹੀ ਫ਼ੈਸਲੇ ਲੈਣ ਲੱਗ ਪਿਆ ਏਂ।

– ਬਾਈ ਜੀ, ਜਦ ਆਪਣੀ ਪੇਸ਼ ਨਾ ਜਾਵੇ ਤਾਂ ਬਿਹਤਰ ਹੁੰਦਾ ਏ ਕਮਾਨ ਛੱਡ

ਕੇ ਦੂਜੇ ਨੂੰ ਸੰਭਾਲ ਦਿੱਤੀ ਜਾਵੇ। ਬਾਹਰਲਿਆਂ ਨੇ ਪੈਸਾ ਇਕੱਠਾ ਕਰਨ ਦੀ ਏਡੀ ਵੱਡੀ ਮੁਹਿੰਮ ਚਲਾਈ ਏ ਕਿ ਹੁਣ ਸਾਡਾ ਉਨ੍ਹਾਂ ਸਾਹਮਣੇ ਖੜ੍ਹਨਾ ਅਸੰਭਵ ਲਗਦਾ ਏ। ਅਗਰ ਅਸੀਂ ਉਨ੍ਹਾਂ ਨਾਲ ਨਾ ਵੀ ਰਲੀਏ ਤਾਂ ਵੀ ਉਨ੍ਹਾਂ ਨੇ ਪੈਸੇ ਦੇ ਜ਼ੋਰ ਨਾਲ ਕੰਮ ਕਰਵਾ ਹੀ ਲੈਣਾ ਏ। ਜਦ ਉਹ ਪਿੰਡ ਚੱਕਰ ਮਾਰਦੇ ਹਨ ਤਾਂ ਪਿੰਡ ਦੀ ਹਾਲਤ ਦੇਖ ਦੇਖ ਕੇ ਬੜੇ ਉਦਾਸ ਹੁੰਦੇ ਨੇ। ਉਨ੍ਹਾਂ ਨੂੰ ਇਹ ਹਾਲਤ ਦੇਖਦਿਆਂ ਨੂੰ ਕਿੰਨੇ ਹੀ ਸਾਲ ਬੀਤ ਗਏ। ਉਹ ਆਪ ਤਾਂ ਇੱਧਰ ਕਦੀ ਕਦਾਈਂ ਗੇੜਾ ਮਾਰਨ ਆ ਹੀ ਜਾਂਦੇ ਨੇ ਪਰੰਤੂ ਉਨ੍ਹਾਂ ਦੇ ਬੱਚੇ ਇੱਧਰ ਨੂੰ ਮੂੰਹ ਕਰਕੇ ਵੀ ਰਾਜ਼ੀ ਨਹੀਂ। ਜਦ ਕਾਰਨ ਪੁੱਛਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਜਿਹੜੇ ਉਨ੍ਹਾਂ ਦੇਸ਼ਾਂ ਵਿਚ ਹੀ ਜਵਾਨ ਹੋਏ ਨੇ ਤਾਂ ਹੀ ਪਿੰਡਾਂ ਵਿਚ ਆ ਕੇ ਚਾਰ ਦਿਨ ਟਿਕ ਸਕਦੇ ਹਨ ਜੇ ਪਿੰਡਾਂ ਦਾ ਸੁਧਾਰ ਕੀਤਾ ਜਾਵੇ।

– ਪ੍ਰਗਾਸ਼ ਕਮਾਲ ਹੋ ਗਈ ਯਾਰ। ਪਿਛਲੇ ਪੰਜ ਸਾਲਾਂ ਵਿਚ ਪਿੰਡ ਦਾ ਏਨਾ ਸੁਧਾਰ ਹੋਇਆ ਕਿ ਅੰਨ੍ਹਿਆਂ ਨੂੰ ਵੀ ਦਿਸਦਾ ਏ ਕਿ ਹੁਣ ਕੀ ਕੁਝ ਏ ਤੇ ਪਹਿਲਾਂ ਕੀ ਕੁਝ ਸੀ। ਇਹ ਬਾਹਰ ਵਾਲੇ ਪਤਾ ਨਹੀਂ ਪਿੰਡ ਨੂੰ ਕਿਹੜਾ ਸਵਰਗ ਬਣਾਉਣਾ ਚਾਹੁੰਦੇ ਨੇ। ਇੱਥੇ ਜਿੰਨਾ ਮਰਜ਼ੀ ਪੈਸਾ ਲਗਾ ਲਓ ਫਿਰ ਵੀ ਇੱਥੇ ਓਹੀ ਭੰਗ ਭੁੱਜਦੀ ਰਹਿੰਦੀ ਏ। ਜਿੰਨਾ ਕੁ ਸਰਕਾਰ ਮੁੱਠੀ ਘੁੱਟ ਕੇ ਦਿੰਦੀ ਸੀ ਅਸੀਂ ਲਗਾਉਂਦੇ ਰਹੇ ਹਾਂ। ਗਲੀਆਂ ਨਾਲੀਆਂ ਪੱਕੀਆਂ ਕਰਾਤੀਆਂ, ਛੱਪੜ ਦੀ ਇਕ ਪਾਸੇ ਦੀ ਕੰਧ ਕਰਾਤੀ, ਸੜਕ ਇੱਥੇ ਨੂੰ ਪਹਿਲਾਂ ਹੀ ਪੱਕੀ ਆਉਂਦੀ ਏ, ਕੋਆਪਰੇਟਿਵ ਸੋਸਾਇਟੀ ਇੱਥੇ ਪਹਿਲਾਂ ਹੀ ਏ ਨੇ ਕਮਰਾ ਹੋਰ ਵੀ ਬਣਵਾਤਾ, ਜੰਞ ਘਰ ਬਨਿਆ ਹੋਇਆ ਏ, ਸਮਸ਼ਾਨ ਨੂੰ ਜਾਣ ਲਈ ਰਸਤਾ ਪੱਕਾ ਏ, ਗੁਰਦੁਆਰੇ ਦੀ ਇਮਾਰਤ ਬੜੀ ਵਧੀਆ ਏ, ਹਰੀਜਨਾਂ ਦਾ ਆਪਣਾ ਗੁਰਦੁਆਰਾ ਵੀ ਠੀਕ ਠਾਕ ਏ, ਪਿੰਡ ਵੜਦਿਆਂ ਸਾਰ ਨਲਕਾ ਵੀ ਲੱਗਾ ਹੋਇਆ ਏ। ਹੋਰ ਬਾਹਰਲੇ ਪਤਾ ਨਹੀਂ ਕੀ ਚਾਹੁੰਦੇ ਨੇ?

– ਲਹਿੰਬਰ ਸਿਹਾਂ, ਸਾਨੂੰ ਕੀ? ਇਕ ਵਾਰ ਇਕੱਠੇ ਹੋ ਕੇ ਦੇਖ ਲੈਂਦੇ ਹਾਂ। ਦੇਖ ਲੈਂਦੇ ਹਾਂ ਕੀ ਕਰਦੇ ਨੇ ਉਹ।

– ਪ੍ਰਗਾਸ਼, ਕੀਰਤੀ ਤੇ ਜ਼ੋਰੇ ਹੋਰੀਂ ਵੀ ਬਾਹਰਲਿਆਂ ਨੂੰ ਹਰ ਵੇਲੇ ਕੋਸਦੇ ਹੀ ਰਹਿੰਦੇ ਨੇ। ਆਪ ਤਾਂ ਸਾਲੇ ਸ਼ਹਿਰ ਵਿਚ ਬੈਠੇ ਨੇ। ਸਾਨੂੰ ਪਿੰਡ ਵਾਲਿਆਂ ਨੂੰ ਐਵੇਂ ਤੰਗ ਕਰੀ ਜਾਂਦੇ ਨੇ।

– ਬਾਈ ਸਿਹਾਂ, ਅਸਲ ਵਿਚ ਬਾਹਰਲੇ ਦੇਸ਼ ਬਹੁਤ ਜ਼ਿਆਦਾ ਤਰੱਕੀ ਕਰ ਗਏ ਨੇ। ਉਨ੍ਹਾਂ ਦਾ ਮੁਕਾਬਲਾ ਤਾਂ ਸਾਡੇ ਚੰਡੀਗੜ੍ਹ ਜਿਹੇ ਸ਼ਹਿਰ ਵੀ ਨਹੀਂ ਕਰ ਸਕਦੇ। ਪਿੰਡਾਂ ਨੇ ਕੀ ਕਰਨਾ ਏ? ਨਾ ਮੈਂ ਬਾਹਰ ਗਿਆ ਹਾਂ ਤੇ ਨਾ ਤੂੰ। ਫ਼ਿਲਮਾਂ ਵਿਚ ਦੇਖ ਕੇ ਤੇ ਬਾਹਰਲਿਆਂ ਤੋਂ ਸੁਣ ਕੇ ਲਗਦਾ ਇੰਝ ਏ ਕਿ ਅਸੀਂ ਬਾਹਰਲੇ ਦੇਸ਼ਾਂ ਦੇ ਪਾਂ ਪਾਸਕ ਵੀ ਨਹੀਂ। ਇਸੇ ਕਰਕੇ ਤਾਂ ਸਾਰੇ ਬਾਹਰ ਨੂੰ ਜਾਣ ਲਈ ਝੁਰੀ ਜਾਂਦੇ ਨੇ। ਦੇਖ ਲਹਿੰਬਰ

ਸਿਹਾਂ, ਸਾਰਾ ਕੁਝ ਤਾਂ ਬਦਲਿਆ ਨਹੀਂ ਜਾ ਸਕਦਾ। ਸਾਰਾ ਪਿੰਡ ਢਾਅ ਕੇ ਤਾਂ ਬਦਲਿਆਂ ਨਹੀਂ ਜਾ ਸਕਦਾ। ਢਾਂਚਾ ਤਾਂ ਇਹੀ ਰਹੂ। ਹਾਂ ਇਸ ਵਿਚ ਕਈ ਵਾਧੂ ਚੀਜ਼ਾਂ ਪੈਦਾ ਕੀਤੀਆਂ ਜਾ ਸਕਦੀਆਂ ਨੇ। ਉਹ ਵਾਧੂ ਚੀਜ਼ਾਂ ਕੀ ਹਨ, ਸਾਨੂੰ ਸਮਝ ਨਹੀਂ ਆਉਂਦੀ। ਏਦਾਂ ਕਰਦੇ ਹਾਂ, ਹੁਣ ਪੰਚਾਇਤ ਇਕ ਵਾਰ ਬਾਹਰਲਿਆਂ ਦੇ ਕਹਿਣ ਤੇ ਬਣਨ ਦਿੰਦੇ ਹਾਂ। ਇਕ ਵਾਰ ਪਤਾ ਤਾਂ ਲੱਗ ਜੂ ਕਿ ਉਹ ਧਰਤੀ ਤੇ ਕਿਹੜਾ ਸਵਰਗ ਉਸਾਰਦੇ ਨੇ। ਇਸ ਵਾਰ ਆਪਾਂ ਨੂੰ ਅੱਗੇ ਹੋ ਕੇ ਵਧ ਚੜ੍ਹ ਕੇ ਹਿੱਸਾ ਨਹੀਂ ਲੈਣਾ ਚਾਹੀਦਾ। ਜੇ ਉਹ ਫੇਲ੍ਹ ਹੋ ਗਏ ਤਾਂ ਅਗਲੀ ਵਾਰ ਸਾਡੀ ਚੜ੍ਹਤ ਹੋਵੇਗੀ। ਹੋ ਸਕਦਾ ਪਰਸੋਂ ਵਾਲੇ ਇਕੱਠ ਵਿਚ ਹੀ ਰੌਲ਼ਾ ਰੱਪਾ ਪੈ ਜਾਵੇ। ਪਿੰਡ ਦੇ ਲੋਕ ਡੱਡੂਆਂ ਦੀ ਪੰਸੇਰੀ ਵਾਂਗ ਹਨ। ਇਨ੍ਹਾਂ ਨੂੰ ਇਕੱਠਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਕੀਰਤੀ ਤੇ ਜ਼ੋਰੇ ਹੋਰੀਂ ਤਾਂ ਉਸ ਟਟੀਹਰੀ ਵਾਂਗ ਹਨ ਜਿਹੜੀ ਸੋਚਦੀ ਏ ਕਿ ਉਸ ਨੇ ਹੀ ਅਸਮਾਨ ਸਿਰ ਤੇ ਚੁੱਕਿਆ ਹੋਇਆ ਏ। ਹਵਾ 'ਚ ਲਾਠੀਆਂ ਮਾਰਨ ਨਾਲ ਮਹਿਲ ਨਹੀਂ ਉਸਰਨੇ।

– ਹੁਣ ਤਾਂ ਪਿੰਡ ਪੈਰਿਸ ਬਣਜੂ। ਚੰਗਾ ਜਿਵੇਂ ਤੂੰ ਕਹਿੰਦਾ ਏ ਉਵੇਂ ਹੀ ਕਰ ਲੈਂਦੇ ਹਾਂ।

ਉਸੇ ਦਿਨ ਸ਼ਾਮ ਨੂੰ ਗਿੱਲ ਸਾਹਿਬ ਵੀ ਕੈਨੇਡਾ ਤੋਂ ਪਿੰਡ ਪਹੁੰਚ ਗਏ। ਉਹ ਵੀ ਉਚੇਚੇ ਤੌਰ ਤੇ ਪਿੰਡ ਵਿਚ ਹੋਣ ਵਾਲੇ ਇਕੱਠ ਵਿਚ ਹਿੱਸਾ ਲੈਣ ਆਏ ਸਨ। ਉਨ੍ਹਾਂ ਨਾਲ ਉਹਨਾਂ ਦੀ ਪਤਨੀ ਤੇ ਪੋਤਰਾ ਵੀ ਆਏ। ਪੋਤਰਾ ਤਕਰੀਬਨ ਦਸ ਕੁ ਸਾਲ ਦਾ ਸੀ। ਉਹ ਘਰ ਵਿਚਲੇ ਨਲਕੇ ਦਾ ਪਾਣੀ ਗੇੜਨ ਲਈ ਉਸ ਦੀ ਹੱਥੀ ਫੜ ਕੇ ਉਤਾਂਹ ਨੂੰ ਚੁੱਕੀ ਜਾਵੇਂ ਕਿਉਂਕਿ ਬਾਹਰਲੇ ਦੇਸ਼ਾਂ ਵਿਚ ਰਸੋਈ ਦੀਆਂ ਟੂਟੀਆਂ ਉਤਾਂਹ ਨੂੰ ਚੁੱਕਣ ਨਾਲ ਪਾਣੀ ਆਉਣਾ ਸ਼ੁਰੂ ਹੁੰਦਾ ਏ। ਗਿੱਲ ਸਾਹਿਬ ਤੇ ਉਨ੍ਹਾਂ ਦੀ ਘਰ ਵਾਲੀ ਉਸ ਨੂੰ ਦੇਖ-ਦੇਖ ਕੇ ਖ਼ੁਸ਼ ਹੋਈ ਜਾਣ। ਜਦ ਉਹ ਉਹਨੂੰ ਕਹਿਣ ਕਿ ਨਲਕੇ ਦੀ ਹੱਥੀ ਓਪਰੋਂ ਹੇਠਾਂ ਨੂੰ ਖਿੱਚੇ ਤਾਂ ਉਸ ਤੋਂ ਬੜੀ ਮੁਸ਼ਕਲ ਨਾਲ ਖਿੱਚ ਹੋਵੇ ਕਿਉਂਕਿ ਨਲਕਾ ਬੜਾ ਭਾਰਾ ਸੀ। ਗੁਆਂਢੀਆਂ ਦਾ ਮੁੰਡਾ ਰੇਸ਼ਮ ਬਾਹਰ ਮੱਝ ਤੇ ਪਾਣੀ ਪਾਅ ਕੇ ਉਸ ਨੂੰ ਨਹਾ ਰਿਹਾ ਸੀ। ਗਿੱਲ ਸਾਹਿਬ ਦਾ ਪੋਤਰਾ ਪੁੱਛੇ ਕਿ ਮੁੰਡਾ ਕੀ ਧੋ ਰਿਹਾ ਏ। ਮੱਝ ਨੇ ਗੋਹਾ ਕਰ ਦਿੱਤਾ ਤਾਂ ਮੁੰਡਾ ਕਹੇ ਮੱਝ ਨੇ ਪੋਟੀ ਕਰ ਤੀ, ਨਾਲ ਲਗਦੇ ਛੱਪੜ ਨੂੰ ਡਰਟੀ ਪੂਲ (dirty pool) ਕਹੇ, ਮੱਕੀ ਦੀ ਰੋਟੀ ਨੂੰ ਗੋਲਡਨ ਬਰੈੱਡ (golden bread) ਕਹੇ, ਪਿੰਡ ਨੂੰ ਸੁੱਤਾ ਹੋਇਆ ਪਿੰਡ (sleepy village) ਕਹੇ, ਕੰਗਣੀ ਵਾਲੇ ਗਲਾਸ ਨੂੰ ਮਿਕਸੀ ਦਾ ਜਾਰ ਕਹੀ ਜਾਵੇ, ਖੁੱਲ੍ਹੀ ਚਿੱਟੀ ਦਾੜ੍ਹੀ ਵਾਲੇ ਇਕ ਚਿਟਕਪੜੀਏ ਸੁਨੱਖੇ ਬੁੱਢੇ ਨੂੰ ਸਾਂਤਾ ਕਲੌਜ (Santa Claus) ਕਹੀ ਜਾਵੇ, ਘਰ ਵਿਚ ਬਣੇ ਪੁਰਾਣੇ ਚੁੱਲ੍ਹੇ ਨੂੰ ਵਾਰਵੈਕਿਊ ਓਵਨ (barbequ oven) ਕਹੀ ਜਾਵੇ ਤੇ ਇਸ ਪ੍ਰਕਾਰ ਦੀਆਂ ਕਈ ਹੋਰ ਐਸੀਆਂ ਗੱਲਾਂ ਕਰੀ ਜਾਵੇ ਜਿਨ੍ਹਾਂ ਦੇ ਬਿੰਬ ਉਸਦੀ ਸੋਚਣੀ ਅਨੁਸਾਰ ਬਣਦੇ

ਸਨ।

ਗਿੱਲ ਸਾਹਿਬ ਨੇ ਪਹਿਲਾਂ ਹੀ ਰੇਸ਼ਮ ਨੂੰ ਭੇਜ ਕੇ ਪ੍ਰਗਾਸ਼ ਦਾ ਪਤਾ ਮੰਗਵਾ ਲਿਆ ਸੀ। ਪ੍ਰਗਾਸ਼ ਇਸ ਸਮੇਂ ਘਰ ਹੀ ਸੀ। ਉਸ ਨੂੰ ਆਪਣੇ ਘਰ ਸੱਦਣ ਦੀ ਬਿਜਾਏ ਗਿੱਲ ਸਾਹਿਬ ਨੇ ਸੋਚਿਆ ਕਿ ਉਹ ਖ਼ੁਦ ਪ੍ਰਗਾਸ਼ ਦੇ ਘਰ ਜਾ ਕੇ ਆਵੇ। ਗਿੱਲ ਸਾਹਿਬ ਨੂੰ ਪਤਾ ਸੀ ਕਿ ਜਦ ਇਕ ਸਰਦਾਰ ਜੱਟ, ਉਹ ਵੀ ਬਾਹਰੋਂ ਆਇਆ, ਇਕ ਹਰੀਜਨ ਦੇ ਘਰ ਜਾਊ ਤਾਂ ਹਰੀਜਨ ਬੜਾ ਖ਼ੁਸ਼ ਹੋਊ। ਅਗਰ ਪਿੰਡ ਵਿਚ ਇਕ ਜੱਟ ਜਿਮੀਂਦਾਰ ਹਰੀਜਨ ਤੇ ਘਰ ਜਾ ਕੇ ਚਾਹ ਪੀ ਲਵੇ ਜਾਂ ਰੋਟੀ ਖਾ ਲਵੇ ਤਾਂ ਉਹ ਹੋਰ ਵੀ ਜ਼ਿਆਦਾ ਖ਼ੁਸ਼ ਹੋ ਜਾਂਦਾ ਏ। ਕਹਿਣ ਨੂੰ ਇਸ ਦੇਸ਼ ਵਿਚ ਬਰਾਬਰਤਾ ਕਾਇਮ ਕਰ ਦਿੱਤੀ ਗਈ ਏ ਪਰ ਅਸਲੀ ਰੂਪ ਵਿਚ ਅੱਜ ਵੀ ਬਰਾਬਰਤਾ ਨਹੀਂ ਏ। ਮਨੋ ਵਿਗਿਆਨਕ ਤੌਰ ਤੇ ਹਰੀਜਨ ਤੇ ਬਾਲਮੀਕੀ ਅੱਜ ਵੀ ਜੱਟ ਜਿਮੀਂਦਾਰਾਂ ਨਾਲੋਂ ਆਪਣੇ ਆਪ ਨੂੰ ਨੀਵੇਂ ਸਮਝੀ ਜਾਂਦੇ ਨੇ। ਗਿੱਲ ਸਾਹਿਬ ਪ੍ਰਗਾਸ਼ ਦੇ ਘਰ ਪਹੁੰਚ ਗਏ।

– ਆਓ ਜੀ ਗਿੱਲ ਸਾਹਿਬ, ਜੀ ਆਇਆਂ ਨੂੰ। ਕਦੋਂ ਆਏ ਬਾਹਰੋਂ?

– ਪ੍ਰਗਾਸ਼, ਤੇਰੀ ਬੜੀ ਮਿਹਰਬਾਨੀ ਵੀਰੇ। ਅਜੇ ਕੱਲ੍ਹ ਹੀ ਆਇਆ ਹਾਂ।

– ਇਕੱਲੇ ਆਏ ਹੋ ਜਾਂ ਪਰਿਵਾਰ ਸਮੇਤ?

– ਘਰਵਾਲੀ ਤੇ ਪੋਤਰੇ ਨੂੰ ਵੀ ਨਾਲ ਲਿਆਇਆ ਹਾਂ।

– ਪੋਤਰਾ ਤਾਂ ਸ਼ਾਇਦ ਪਹਿਲੀ ਵਾਰੀ ਆਇਆ ਏ?

– ਹਾਂ, ਉਸ ਨੇ ਆਪਣੇ ਪਿੰਡ ਦੀ ਮਿੱਟੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਨੇ। ਪੇਂਡੂ ਮਾਹੌਲ 'ਚ ਰਹਿ ਕੇ ਖ਼ੁਸ਼ ਵੀ ਏ ਤੇ ਕਈ ਕੰਮ ਅਜੀਬ ਵੀ ਕਰੀ ਜਾਂਦਾ ਏ। ਤੈਨੂੰ ਪਤਾ ਏ, ਉਨ੍ਹਾਂ ਦੇਸ਼ਾਂ ਵਿਚ ਸਭ ਕੁਝ ਇੱਥੇ ਤੋਂ ਅੱਡ ਏ। ਜਦ ਬੱਚੇ ਇੱਧਰ ਆਉਂਦੇ ਨੇ, ਕੁਝ ਦਿਨ ਇੱਥੇ ਰਹਿ ਕੇ ਤਾਂ ਬੜੇ ਖੁਸ਼ ਹੁੰਦੇ ਨੇ। ਅਗਰ ਜ਼ਿਆਦਾ ਸਮਾਂ ਰਹਿ ਜਾਣ ਤਾਂ ਅਜੀਬ ਹਰਕਤਾਂ ਕਰਨ ਲੱਗ ਪੈਂਦੇ ਨੇ। ਉਧਰੋਂ ਆ ਕੇ ਕਈ ਬੱਚੇ ਮਿੱਟੀ ਵਿਚ ਹੀ ਖੇਲੀ ਜਾਣਗੇ, ਕਈ ਪਾਣੀ ਨਾਲ ਖੇਡੀ ਜਾਣਗੇ, ਕਈ ਟਰੈਕਟਰ ਤੇ ਚੜ੍ਹ ਕੇ ਘੁੰਮਣ ਫਿਰਨ ਨੂੰ ਪਸੰਦ ਕਰੀ ਜਾਣਗੇ, ਕਈ ਬਾਈ ਸਾਈਕਲ ਨੂੰ ਫੜ-ਫੜ ਕੇ ਘੁਮਾਈ ਜਾਣਗੇ, ਕਈ ਵੱਛੀਆਂ ਤੇ ਛੇਲੀਆਂ ਨਾਲ ਹੀ ਖੇਡੀ ਜਾਣਗੇ, ਕਈ ਟਿਊਬਵੈੱਲ ਦੀ ਧੈਲ ਵਿਚ ਵੜ ਕੇ ਨਹਾਈ ਹੀ ਜਾਣਗੇ ਤੇ ਕਈ ਹੋਰ ਇਸ ਪ੍ਰਕਾਰ ਦੀਆਂ ਹਰਕਤਾਂ ਕਰੀ ਜਾਣਗੇ। ਮੇਰਾ ਪੋਤਰਾ ਸਾਹਮਣੇ ਪੱਕੇ ਛੱਪੜ ਨੂੰ ਡਰਟੀ ਪੂਲ (dirty pool) ਕਹੀ ਜਾਂਦਾ ਏ ਤੇ....

– ਗਿੱਲ ਸਾਹਿਬ, ਮੈਂ ਤੁਹਾਡੀ ਗੱਲ ਸਮਝ ਗਿਆ। ਜਦ ਕੋਈ ਬੰਦਾ ਨਵੀਂ ਥਾਂ ਜਾਂਦਾ ਏ ਤਾਂ ਉਸ ਨਾਲ ਇਵੇਂ ਹੀ ਹੁੰਦਾ ਏ। ਮੱਖੀਮਾਰਾਂ ਦਾ ਬੇਲਾਂ ਸਿਹੁੰ ਪਿਛਲੇ ਸਾਲ ਕੈਨੇਡਾ ਗਿਆ ਸੀ। ਜਦ ਏਅਰਪੋਰਟ ਤੇ ਪਹੁੰਚਿਆ ਤਾਂ ਉਥੇ ਪਈਆਂ ਸਮਾਨ ਲੱਦਣ ਵਾਲੀਆਂ ਟਰਾਲੀਆਂ ਨੂੰ ਉਹ ਟਰਾਲੀਆਂ ਹੀ ਨਾ ਸਮਝੇ। ਜਦ ਉਹਦੇ ਮੁੰਡੇ ਨੇ ਕਿਹਾ,

'ਭਾਈਆ, ਉਹ ਪਰਿਓਂ ਟਰਾਲੀ ਖਿੱਚ ਕੇ ਲਿਆਈਂ, ਤਾਂ ਖੜ੍ਹਾ ਝਾਕੀ ਜਾਵੇ ਤੇ ਕਹੇः- ਕਾਕਾ ਟਰਾਲੀ ਤਾਂ ਪਿੰਡ ਰਹਿ ਗਈ ਟਰੈਕਟਰ ਨਾਲ। ਐਥੇ ਹਵਾਈ ਅੱਡੇ ਤੇ ਟਰਾਲੀ ਕਿੱਥੋਂ ਆ ਗਈ? ਫਿਰ ਕਿਤੇ ਉਹਦੇ ਮੁੰਡੇ ਨੇ ਉਹਨੂੰ ਸਮਝਾਇਆ ਕਿ ਟਰਾਲੀ ਸਿਰਫ਼ ਟਰੈਕਟਰ ਦੇ ਪਿੱਛੇ ਜੋੜਨ ਵਾਲੀ ਹੀ ਨਹੀਂ ਹੁੰਦੀ, ਹਵਾਈ ਅੱਡੇ ਤੇ ਸਮਾਨ ਰੱਖ ਕੇ ਲਿਆਉਣ ਵਾਲੇ ਨਿੱਕੇ ਨਿੱਕੇ ਵਾਹਣਾਂ ਨੂੰ ਵੀ ਟਰਾਲੀ ਹੀ ਕਿਹਾ ਜਾਂਦਾ ਏ।

– ਪ੍ਰਗਾਸ਼, ਤੂੰ ਤਾਂ ਸਾਰੀ ਗੱਲ ਸਮਝਦਾ ਹੀ ਏਂ। ਹੋਰ ਸੁਣਾ ਪਿੰਡ ਦਾ ਹਾਲ? ਤੇਰੀ ਘਰਵਾਲੀ ਪਿੰਡ ਦੀ ਸਰਪੰਚਣੀ ਏ। ਉਹ ਕਿੱਧਰ ਗਈ?

ਨਾਲ ਦੇ ਘਰ ਮਲੰਗੀ ਕਿਆਂ ਦੇ ਗਈ ਸੀ। ਆਉਂਦੀ ਹੀ ਹੋਵੇਗੀ। ਆ ਕੇ ਚਾਹ ਬਣਾਊਗੀ। ਤੁਸੀਂ ਆਰਾਮ ਨਾਲ ਬੈਠੋ।

– ਪ੍ਰਗਾਸ਼, ਚਾਹ ਤਾਂ ਅੱਜ ਤੇਰੇ ਕੋਲ ਪੀਣੀ ਹੀ ਏ।

– ਕਹੋਂ ਤਾਂ ਦੁੱਧ ਪਿਆ ਦਿੰਦੇ ਹਾਂ। ਮੱਝ ਨਵੀਂ-ਨਵੀਂ ਸੂਈ ਏ

– ਨਹੀਂ ਪ੍ਰਗਾਸ਼, ਸਿਰਫ਼ ਚਾਹ ਦਾ ਕੱਪ ਹੀ ਪੀਵਾਂਗੇ।

– ਕੋਈ ਕਾਹਲੀ ਨਹੀਂ। ਆਰਾਮ ਨਾਲ ਬਣਾ ਲਿਓ। ਮੇਰਾ ਤਾਂ ਤੈਨੂੰ ਮਿਲਣ ਨੂੰ ਜੀਅ ਕਰਦਾ ਸੀ।

(ਇੰਨੇ ਚਿਰ ਵਿਚ ਪ੍ਰਗਾਸ਼ ਦੇ ਘਰਵਾਲੀ ਦੇਬੋ ਵੀ ਆ ਗਈ)

– ਤਾਇਆ ਜੀ, ਸਤਿ ਸ੍ਰੀ ਅਕਾਲ!

– ਧੀਏ, ਸਤਿ ਸ੍ਰੀ ਅਕਾਲ।

– ਪਤਾ ਵੀ ਨਹੀਂ ਲੱਗਾ, ਕਦੋਂ ਆਏ?

– ਕੁੜੇ ਕੱਲ੍ਹ ਹੀ ਤਾਂ ਆਇਆ ਹਾਂ।

– ਤਾਈ ਜੀ ਵੀ ਆਏ?

– ਹਾਂ, ਧੀਏ ਉਹ ਵੀ ਨਾਲ ਹੀ ਆਈ ਏ। ਪੋਤਰੇ ਨੂੰ ਵੀ ਨਾਲ ਲਿਆਇਆ ਹਾਂ ਇਸ ਵਾਰੀ।

– ਉਹਨੂੰ ਇੱਧਰ ਨੂੰ ਨਾਲ ਨਹੀਂ ਲੈ ਕੇ ਆਏ?

– ਕੋਈ ਨੀ, ਅਗਲੀ ਵਾਰ ਲੈ ਕੇ ਆਊਂ। ਮੈਂ ਸੋਚਿਆ, ਮੈਂ ਪਹਿਲਾਂ ਇਕੱਲਾ ਹੀ ਪਿੰਡ ਦੇ ਲੀਡਰਾਂ ਦੇ ਦਰਸ਼ਨ ਕਰ ਆਵਾਂ।

– ਤਾਇਆ ਜੀ, ਅਸੀਂ ਕਾਹਦੇ ਲੀਡਰ ਹੋਏ? ਲੀਡਰ ਤਾਂ ਹੁਣ ਤੁਸੀਂ ਹੋ। ਸੁਣਿਐ, ਹੁਣ ਬਾਹਰਲਿਆਂ ਨੇ ਵਾਰੀ ਲੈਣੀ ਏ।

– ਅਸੀਂ ਕੋਈ ਵਾਰੀ ਨਹੀਂ ਲੈਣੀ। ਵਾਰੀ ਤੁਹਾਡੇ ਪਾਸ ਹੀ ਰਹਿਣੀ ਏ। ਅਸੀਂ ਤਾਂ ਸਿਰਫ਼ ਤੁਹਾਡੀ ਮਾੜੀ ਮੋਟੀ ਮਦਦ ਕਰਨੀ ਏ। ਅਸੀਂ ਚਾਹੁੰਦੇ ਹਾਂ, ਪਿੰਡ ਦਾ ਮੂੰਹ ਮੱਥਾ ਸੁਧਰ ਜਾਵੇ। ਖਰਚਾ, ਦੇਬੋ ਸਾਰਾ ਤੇਰੇ ਹੱਥੀਂ ਹੀ ਕਰਵਾਉਣਾ ਏ। ਪਿੰਡ 'ਚੋਂ ਘਟੀਆ ਕਿਸਮ ਦੀ ਪਾਰਟੀਬਾਜ਼ੀ ਨੂੰ ਇਕ ਵਾਰ ਜੜ੍ਹੋਂ ਪੁੱਟਣਾ ਏ। ਬਾਹਰ ਬੈਠੇ ਸਾਰੇ

ਬੰਦੇ ਇਹੀ ਠਾਣੀ ਬੈਠੇ ਨੇ ਕਿ ਪਿੰਡ ਵਾਸੀਆਂ ਪਾਸ ਸਭ ਕੁੱਝ ਹੁੰਦੇ ਸੁੰਦੇ ਵੀ ਪਿੰਡ ਲਾਵਾਰਸ ਲੱਗੀ ਜਾਂਦਾ ਏ।

– ਤਾਇਆ ਜੀ, ਅਸੀਂ ਤਾਂ ਪਿੰਡ ਦਾ ਬਥੇਰਾ ਮੂੰਹ ਮੱਥਾ ਸੁਆਰਿਆ ਏ। ਤੁਸੀਂ ਇਸ ਨੂੰ ਐਵੇਂ ਲਾਵਾਰਸ ਕਹੀ ਜਾਂਦੇ ਹੋ।

– ਕੁੜੇ ਦੇਬੋ, ਤੁਹਾਡੀ ਸੇਵਾ ਨੂੰ ਮੈਂ ਕੋਈ ਕਿੰਤੂ ਨਹੀਂ ਕਰਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਬਹੁਤ ਕੁੱਝ ਕੀਤਾ। ਅਸਲ ਵਿਚ ਸਾਡੇ ਪਿੰਡ ਵੱਡੇ ਪੱਧਰ ਤੇ ਕੁਝ ਕਰਵਾਉਣਾ ਲੋਚਦੇ ਨੇ। ਗੱਲ ਸਾਰੀ ਕੱਲ੍ਹ ਦੇ ਇਕੱਠ ਵਿਚ ਕਰਾਂਗੇ। ਕੰਮ ਸਾਰਾ ਤੁਸੀਂ ਹੀ ਕਰਨਾ ਏ। ਅਸੀਂ ਤਾਂ ਸਿਰਫ਼ ਤੁਹਾਨੂੰ ਪੈਸੇ ਦੇਵਾਂਗੇ ਤੇ ਕੰਮ ਕਰਨ ਦੀ ਸੇਧ ਵੀ ਦੇਵਾਂਗੇ। ਇਕ ਵਾਰ ਐਸਾ ਮੋਰਚਾ ਫਤਹਿ ਕਰਕੇ ਦਿਖਾਵੋ ਕਿ ਪਿੰਡ ਆਲੇ-ਦੁਆਲੇ ਦੇ ਪਿੰਡਾਂ ਲਈ ਇੱਕ ਮਿਸਾਲ ਬਣ ਜਾਵੇ। ਪਿੰਡ ਦੀ ਪੰਚਾਇਤ ਇਸ ਵਾਰੀ ਸਰਬ ਸੰਮਤੀ ਨਾਲ ਬਣਾਉਣੀ ਏ। ਸਰਪੰਚਣੀ ਦੁਆਰਾ ਫਿਰ ਤੂੰ ਹੀ ਬਣਨਾ ਏ। ਉਮੀਦ ਹੈ, ਕੱਲ੍ਹ ਦੇ ਇਕੱਠ ਵਿਚ ਉਹ ਸਾਰੇ ਹਾਜ਼ਰ ਹੋਣਗੇ ਜਿਹੜੇ ਪਿੰਡ ਦਾ ਭਲਾ ਚਾਹੁੰਦੇ ਨੇ। ਇਹ ਇਕੱਠ ਨਾ ਕਾਂਗਰਸੀਆਂ ਦਾ ਏ, ਨਾ ਕਾਮਰੇਡਾਂ ਦਾ, ਨਾ ਅਕਾਲੀਆਂ ਦਾ ਤੇ ਨਾ ਹੀ ਹਿੰਦੂਆਂ ਦਾ। ਇਹ ਇਕੱਠ ਹੈ ਪਿੰਡ ਦੇ ਮੌਜੂਦਾ ਵਾਸੀਆਂ ਦਾ ਤੇ ਪਿੰਡ ਦੇ ਪੁਰਾਣੇ ਰਹਿ ਚੁੱਕੇ ਵਾਸੀਆਂ ਦਾ। ਕੈਨੇਡਾ 'ਚ ਦਲੀਪਾ ਰਾਮ ਤੇ ਕਸਤੂਰੀ ਲਾਲ ਨਾਲ ਗੱਲਾਂ ਹੋ ਚੁੱਕੀਆਂ ਨੇ। ਮੈਂ ਉਨ੍ਹਾਂ ਸਾਰਿਆਂ ਦੇ ਪ੍ਰਤੀਨਿਧ ਦੇ ਤੌਰ ਤੇ ਇੱਥੇ ਆਇਆ ਹਾਂ।

– ਤਾਇਆ ਜੀ, ਚਲੋ ਤੁਹਾਡਾ ਆਉਣਾ ਸਿਰ ਮੱਥੇ। ਆਹ ਪ੍ਰੋਫੈਸਰ ਜ਼ੋਰਾ ਤੇ ਕੀਰਤੀ ਐਵੇਂ ਹੀ ਟੰਗ ਅੜਾਉਂਦੇ ਰਹਿੰਦੇ ਨੇ।

– ਦੇਬੋ, ਗੱਲ ਨੂੰ ਸਮਝ। ਉਹ ਐਵੇਂ ਹੀ ਟੰਗ ਨਹੀਂ ਉੜਾਉਂਦੇ। ਭਾਵੇਂ ਉਹ ਚੰਡੀਗੜ੍ਹ ਜਾਂ ਮੋਹਾਲੀ ਰਹਿੰਦੇ ਨੇ, ਉਨ੍ਹਾਂ ਦੀ ਇੱਥੇ ਜ਼ਮੀਨ ਵੀ ਏ ਤੇ ਪੁਰਾਣੇ ਘਰ ਵੀ ਨੇ। ਉਹ ਤੁਹਾਨੂੰ ਐਵੇਂ ਮਾੜੇ ਲੱਗੀ ਜਾਂਦੇ ਹਨ। ਉਹ ਕੋਈ ਗ਼ਲਤ ਕੰਮ ਕਰਨਗੇ ਤਾਂ ਅਸੀਂ ਉਨ੍ਹਾਂ ਨੂੰ ਦੇਖਾਂਗੇ। ਸਾਡੇ ਲਈ ਲਹਿੰਬਰ ਸਿੰਘ ਵੀ ਉਦਾਂ ਦਾ ਹੀ, ਜਿੱਦਾਂ ਦੇ ਜ਼ੋਰੇ ਹੋਰੀਂ ਨੇ। ਪਿੰਡ ਵਿਚ ਇਕ ਵਾਰ ਪੂਰਾ ਇਤਫ਼ਾਕ ਪੈਦਾ ਕਰਨਾ ਏ। ਕੱਲ੍ਹ ਦੇ ਇਕੱਠ ਵਿਚ ਜੋ ਮਤਾ ਪਾਸ ਹੋਵੇ ਉਸ ਤੇ ਪਹਿਰਾ ਦਿਓ।

– ਚੰਗਾ ਤਾਇਆ ਜੀ, ਅਸੀਂ ਤੁਹਾਡੀ ਗੱਲ ਮੰਨਦੇ ਹਾਂ। ਸੁਣਿਐ ਬੜਾ ਪੈਸਾ ਇਕੱਠਾ ਕੀਤਾ ਏ?

– ਇਹਦੇ ਬਾਰੇ ਸਭ ਕੁਝ ਕੱਲ੍ਹ ਦੱਸਾਂਗਾ। ਇਕੱਠ ਵਿਚ ਸ਼ਾਮਲ ਹੋਵੋ। ਇਸ ਵਿਚ ਹੀ ਪਿੰਡ ਦਾ ਭਲਾ ਏ।

(ਇੰਨੇ ਨੂੰ ਦੇਬੋ ਚਾਹ ਵੀ ਲਿਆ ਕੇ ਰੱਖ ਦਿੰਦੀ ਏ।)

– ਆ ਬਈ ਪ੍ਰਗਾਸ਼, ਚਾਹ ਪੀਈਏ।

– ਚੰਗਾ, ਗਿੱਲ ਸਾਹਿਬ।

(ਚਾਹ ਪੀ ਕੇ ਗਿੱਲ ਸਾਹਿਬ ਚਲੇ ਗਏ)

ਦੂਜੇ ਦਿਨ ਪਿੰਡ ਦੇ ਦਰਵਾਜੇ ਤੇ ਪਿੰਡ ਦਾ ਇਕੱਠ ਹੋਇਆ। ਸਾਰੇ ਪਿੰਡ ਨੇ ਵਧ ਚੜ੍ਹ ਕੇ ਇਸ ਇਕੱਠ ਵਿਚ ਹਿੱਸਾ ਲਿਆ। ਜਦ ਸਾਰੇ ਆਪਣੇ ਆਪਣੇ ਥਾਂ ਤੇ ਬੈਠ ਗਏ ਤਾਂ ਗਿੱਲ ਸਾਹਿਬ ਨੇ ਉੱਠ ਕੇ ਸਾਰਿਆਂ ਨੂੰ ਫਤਹਿ ਬੁਲਾਈ ਤੇ ਕਿਹਾ ਕਿ ਕੋਈ ਵੀ ਵਿਅਕਤੀ ਆ ਕੇ ਸਟੇਜ ਦਾ ਸੰਚਾਲਨ ਕਰ ਸਕਦਾ ਏ ਤੇ ਕੋਈ ਵੀ ਵਿਅਕਤੀ ਬੋਲਣ ਵਾਸਤੇ ਆਪਣਾ ਨਾਮ ਸਟੇਜ ਸਕੱਤਰ ਨੂੰ ਦੇ ਸਕਦਾ ਏ। ਇਕੱਠ ਵਿਚੋਂ ਆਵਾਜ਼ ਆਈ ਕਿ ਸਟੇਜ ਸਕੱਤਰ ਲਈ ਗਿੱਲ ਸਾਹਿਬ ਜੀਹਦਾ ਨਾਮ ਮਰਜ਼ੀ ਪਰਪੋਜ਼ ਕਰ ਦੇਣ। ਗਿੱਲ ਸਾਹਿਬ ਨੇ ਜ਼ੋਰਾ ਸਿੰਘ ਨੂੰ ਇਸ਼ਾਰਾ ਕੀਤਾ ਕਿ ਉਹ ਸਟੇਜ ਦਾ ਸੰਚਾਲਨ ਕਰੇ। ਜੋਰਾ ਸਿੰਘ ਉੱਠ ਕੇ ਸਾਰੇ ਇਕੱਠ ਦੇ ਸਾਹਮਣੇ ਆ ਖੜ੍ਹਾ ਹੋ ਗਿਆ।

ਨਗਰ ਨਿਵਾਸੀ ਪ੍ਰੇਮੀ ਜਨੋ,

ਅੱਜ ਦਾ ਇਹ ਇਕੱਠ ਪਿੰਡ ਵਿਚ ਏਕਤਾ ਤੇ ਸਰਬ ਸੰਮਤੀ ਦੀ ਭਾਵਨਾ ਪੈਦਾ ਕਰਨ ਲਈ ਕੀਤਾ ਗਿਆ ਹੈ। ਹੋ ਸਕਦਾ ਏ ਪਹਿਲਾਂ ਕਈਆਂ ਨੂੰ ਅਸੀਂ ਤੇ ਸਾਨੂੰ ਕਈ ਹੋਰ ਚੰਗੇ ਨਹੀਂ ਲਗਦੇ ਹੁੰਦੇ ਸਨ। ਅਸੀਂ ਹੁਣ ਆਪਣੀ ਹਉਮੈਂ ਬਿਲਕੁਲ ਛੱਡ ਦਿੱਤੀ ਹੈ। ਇਹ ਗੱਲ ਮੈਂ ਵਾਹਿਗੁਰੂ ਦੀ ਕਸਮ ਖਾ ਕੇ ਕਹਿੰਦਾ ਹਾਂ। ਉਮੀਦ ਹੈ ਕਿ ਦੂਜੇ ਵੀ ਆਪਣੀ ਹਉਮੈਂ ਛੱਡ ਦੇਣਗੇ। ਇਸ ਵਕਤ ਪਿੰਡ ਦੀ ਭਲਾਈ ਪਹਿਲੇ ਨੰਬਰ ਤੇ ਹੈ ਤੇ ਬਾਕੀ ਸਾਰਾ ਕੁਝ ਬਾਅਦ ਵਿਚ। ਮੈਂ ਚੌਧਰ ਦਾ ਬਿਲਕੁਲ ਵੀ ਭੁੱਖਾ ਨਹੀਂ। ਭਾਵੇਂ ਮੈਂ ਬਹੁਤਾ ਸਮਾਂ ਚੰਡੀਗੜ੍ਹ ਰਹਿੰਦਾ ਹਾਂ ਫਿਰ ਵੀ ਮੇਰਾ ਆਪਣੇ ਜੱਦੀ ਪਿੰਡ ਨਾਲ ਬਹੁਤ ਹੀ ਗੂੜ੍ਹਾ ਸੰਬੰਧ ਹੈ। ਤੁਸੀਂ ਜਾਣਦੇ ਹੀ ਹੋ ਕਿ ਮੇਰੀ ਇੱਥੇ ਜ਼ਮੀਨ ਵੀ ਹੈ ਤੇ ਜੱਦੀ ਘਰ ਵੀ। ਮੈਂ ਤੁਹਾਡੇ ਸਨਮੁਖ ਤਾਂ ਖੜ੍ਹਾ ਹੋਇਆ ਹਾਂ ਕਿਉਂਕਿ ਗਿੱਲ ਸਾਹਿਬ ਨੇ ਮੇਰਾ ਨਾਮ ਅਚਾਨਕ ਹੀ ਬੋਲ ਦਿੱਤਾ ਹੈ। ਅੱਜ ਦੇ ਇਸ ਇਕੱਠ ਨੂੰ ਗਿੱਲ ਸਾਹਿਬ ਤੇ ਕੀਰਤੀ ਸਿੰਘ ਤਾਂ ਸੰਬੋਧਨ ਕਰਨਗੇ ਹੀ। ਅਗਰ ਕਿਸੇ ਹੋਰ ਨੇ ਆਪਣੇ ਵਿਚਾਰ ਪੇਸ਼ ਕਰਨੇ ਹੋਣ ਤਾਂ ਉਹ ਵੀ ਮੈਨੂੰ ਆਪਣਾ ਨਾਮ ਦੇ ਸਕਦਾ ਹੈ।

(ਇਕ ਮਿੰਟ ਦਾ ਸਮਾਂ ਨਾਮ ਦੇਣ ਲਈ ਦਿੱਤਾ ਜਾਂਦਾ ਹੈ)

ਜਦ ਹੋਰ ਕੋਈ ਵੀ ਨਾਮ ਦੇਣ ਲਈ ਤਿਆਰ ਨਹੀਂ ਹੋਇਆ ਤਾਂ ਜ਼ੋਰਾ ਸਿੰਘ ਨੇ ਗਿੱਲ ਸਾਹਿਬ ਨੂੰ ਬੋਲਣ ਲਈ ਬੇਨਤੀ ਕਰ ਦਿੱਤੀ।

ਨਗਰ ਨਿਵਾਸੀ ਭੈਣੋ, ਭਰਾਵੋ, ਬਜ਼ੁਰਗੋ ਤੇ ਬੱਚਿਓ,

ਪਿੰਡ ਵਿਚ ਆਯੋਜਿਤ ਕੀਤਾ ਗਿਆ ਅੱਜ ਦਾ ਇਹ ਇਕੱਠ ਕਿਸੇ ਖਾਸ ਮੰਤਵ ਲਈ ਕੀਤਾ ਗਿਆ ਹੈ। ਉਸ ਖਾਸ ਮੰਤਵ ਤੋਂ ਤੁਸੀਂ ਸਾਰੇ ਭਲੀ ਭਾਂਤ ਜਾਣੂ ਹੋ। ਮੈਂ ਉਚੇਚੇ ਤੌਰ ਤੇ ਕੈਨੇਡਾ ਤੋਂ ਇਸ ਇਕੱਠ ਵਿਚ ਹਿੱਸਾ ਲੈਣ ਲਈ ਭੇਜਿਆ ਗਿਆ ਹਾਂ। ਤੁਸੀਂ ਦੇਖ ਹੀ ਰਹੇ ਹੋ ਕਿ ਪੰਜਾਬ ਦੇ ਪਿੰਡਾਂ ਦਾ ਵਿਕਾਸ ਬੜੀ ਹੀ ਧੀਮੀਂ ਰਫ਼ਤਾਰ

ਨਾਲ ਚੱਲ ਰਿਹਾ ਹੈ। ਅਗਰ ਕੋਈ ਸਰਕਾਰ ਲਿੰਕ ਸੜਕਾਂ ਬਣਵਾ ਦਿੰਦੀ ਹੈ ਤਾਂ ਉਹ ਕੁਝ ਸਾਲ ਇਹੀ ਗੁਣ ਗਾਉਂਦੀ ਰਹਿੰਦੀ ਹੈ ਕਿ ਉਸ ਨੇ ਸੜਕਾਂ ਪੱਕੀਆਂ ਕਰਵਾਈਆਂ ਸਨ। ਇਹੀ ਹਾਲ ਬਾਕੀ ਵਿਕਾਸ ਦੇ ਕੰਮਾਂ ਦਾ ਏ। ਕੀਤੇ ਗਏ ਕੰਮ ਨੇ ਕੁਝ ਦੇਰ ਬਾਅਦ ਮੁਰੰਮਤ ਵੀ ਮੰਗਣੀ ਹੁੰਦੀ ਹੈ। ਇਹ ਮੁਰੰਮਤ ਕਰਨ ਨੂੰ ਮਹੀਨੇ ਹੀ ਨਹੀਂ, ਕਈ ਵਾਰ ਕਈ ਸਾਲ ਬੀਤ ਜਾਂਦੇ ਹਨ।

ਬਾਹਰਲੇ ਵਿਕਸਤ ਮੁਲਕਾਂ ਵਿਚ ਇੰਜ ਨਹੀਂ ਹੁੰਦਾ, ਉੱਥੇ ਮੁਰੰਮਤ ਨਾਲ ਨਾਲ ਹੀ ਚਲਦੀ ਰਹਿੰਦੀ ਏ। ਇਸੇ ਲਈ ਉੱਥੇ ਸਭ ਚੀਜ਼ਾਂ ਜਾਂ ਪ੍ਰਾਜੈਕਟ ਹਰ ਸਮੇਂ ਨਵੇਂ ਨਵੇਂ ਲਗਦੇ ਰਹਿੰਦੇ ਹਨ। ਉੱਥੇ ਪ੍ਰਾਜੈਕਟ ਬਣਦੇ ਵੀ ਸਮੇਂ ਸਿਰ ਹਨ। ਸਾਡੇ ਇੱਥੇ ਕੋਈ ਨੇਤਾ ਸੜਕ ਬਣਾਉਣ ਦਾ ਨੀਂਹ ਪੱਥਰ ਰੱਖ ਜਾਂਦਾ ਏ। ਬਸ ਪੱਥਰ ਹੀ ਲੱਗਾ ਰਹਿ ਜਾਂਦਾ ਏ, ਸੜਕ ਬਣਦੀ ਹੀ ਨਹੀਂ। ਇਸ ਦੇ ਦੋ ਕਾਰਨ ਹਨ। ਇੱਕ ਤਾਂ ਇਹ ਕਿ ਪ੍ਰਾਜੈਕਟ ਵਾਸਤੇ ਪੈਸਾ ਤਿਆਰ ਨਹੀਂ ਮਿਲਦਾ। ਸਰਕਾਰ ਪਾਸੋਂ ਆਉਂਦੇ-ਆਉਂਦੇ ਪੈਸਾ ਬਹੁਤ ਸਮਾਂ ਲਗਾ ਦਿੰਦਾ ਹੈ। ਪੈਸਾ ਰਿਲੀਜ਼ ਕਰਨ ਵਾਲੇ ਵਿੱਚੋਂ ਕੁਝ ਚਾਹੁੰਦੇ ਰਹਿੰਦੇ ਹਨ, ਤਾਂ ਹੀ ਪੈਸਾ ਰੀਲੀਜ਼ ਕਰਦੇ ਹਨ। ਇਸ ਦਾ ਦੂਜਾ ਕਾਰਨ ਹੈ ਪਿੰਡ ਵਿਚ ਸਿਆਸੀ ਪਾਟੋਧਾੜ। ਮੈਂ ਮੰਨਦਾ ਹਾਂ, ਲੋਕਰਾਜ ਵਿਚ ਪਾਰਟੀ ਸਿਸਟਮ ਹੋਣਾ ਚਾਹੀਦਾ ਏ ਪਰੰਤੂ ਇਹ ਪਾਰਟੀਆਂ ਇਕ ਦੂਜੇ ਦੀਆਂ ਲੱਤਾਂ ਖਿੱਚਣ ਲਈ ਨਹੀਂ ਹੋਣੀਆਂ ਚਾਹੀਦੀਆਂ। ਵਿਕਾਸ ਕੰਮਾਂ ਵਿਚ ਪਾਰਟੀਆਂ ਨੂੰ ਕਦੀ ਵੀ ਰੁਕਾਵਟ ਨਹੀਂ ਬਣਨਾ ਚਾਹੀਦਾ। ਵਿਰੋਧੀ ਸਿਰਫ਼ ਵਿਰੋਧ ਕਰਨ ਦੀ ਖ਼ਾਤਰ ਹੀ ਵਿਰੋਧ ਨਾ ਕਰਨ। ਅਗਰ ਵਿਰੋਧ ਕਰਨਾ ਹੈ ਤਾਂ ਨਿਰੋਆ ਵਿਰੋਧ ਹੋਣਾ ਚਾਹੀਦਾ ਏ, ਕੱਚਾ ਪਿੱਲਾ ਵਿਰੋਧ ਨਹੀਂ।

ਅਗਰ ਮਨੁੱਖ ਦਾ ਮਨ ਸਾਫ਼ ਹੈ ਤਾਂ ਉਸ ਨੂੰ ਕੁਝ ਵੀ ਛੁਪਾ ਕੇ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਲੁਕਣਮੀਚੀ ਸਿਰਫ਼ ਉਹੀ ਨੇਤਾ ਖੇਡਦੇ ਹਨ ਜਿਨ੍ਹਾਂ ਨੇ ਵਿਚੋਂ ਕੁਝ ਖਾਣਾ ਹੋਵੇ। ਈਮਾਨਦਾਰ ਸਰਪੰਚ ਸਰਕਾਰ ਵੱਲੋਂ ਮਿਲੇ ਪੈਸੇ ਬਾਕੀ ਸਾਰੇ ਪੰਚਾਂ ਜਾਂ ਪਿੰਡ ਦੇ ਮੁਹਤਬਰ ਬੰਦਿਆਂ ਦੇ ਮੂਹਰੇ ਰੱਖ ਦਿੰਦਾ ਹੈ। ਉਹ ਜਿਵੇਂ ਚਾਹੁਣ ਉਨ੍ਹਾਂ ਪੈਸਿਆਂ ਨੂੰ ਖਰਚ ਕਰ ਸਕਦੇ ਹਨ। ਕੈਨੇਡਾ ਵਿਚੋਂ ਤਿੰਨ ਕਰੋੜ ਰੁਪਏ ਦੀ ਉਗਰਾਹੀ ਹੋ ਚੁੱਕੀ ਏ। ਇਸ ਉਗਰਾਹੀ ਵਿਚ ਉਥੇ ਵਸੇ ਪਿੰਡ ਵਾਸੀਆਂ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਹੈ। ਦਲੀਪਾ ਰਾਮ ਤੇ ਮਨੋਹਰ ਲਾਲ ਹੋਰੀਂ ਵੀ ਇਹ ਪੈਸੇ ਇਕੱਠੇ ਕਰਨ ਵਿਚ ਪੂਰਾ ਸਹਿਯੋਗ ਦੇ ਰਹੇ ਹਨ। ਉਥੇ ਵਸਦੇ ਹਰ ਬਸ਼ਰ ਨੇ ਇਕ ਗੱਲ ਜ਼ੋਰ ਦੇ ਕਹੀ ਹੈ ਕਿ ਪਾਈ ਪਾਈ ਪਿੰਡ ਦੇ ਵਿਕਾਸ ਵਿਚ ਲਗਾਈ ਜਾਵੇ। ਅਗਰ ਉਹਨਾਂ ਨੂੰ ਇਹ ਪੈਸਾ ਈਮਾਨਦਾਰੀ ਨਾਲ ਵਿਕਾਸ ਕੰਮਾਂ ਵਿਚ ਲੱਗਿਆ ਨਜ਼ਰ ਆਉਂਦਾ ਹੈ ਤਾਂ ਉਹ ਹੋਰ ਪੈਸਾ ਇਕੱਠਾ ਕਰਨ ਲਈ ਵੀ ਪੂਰਾ ਹੁੰਗਾਰਾ ਭਰਨਗੇ। ਰਸੀਦ ਬੁੱਕ ਮੇਰੇ ਪਾਸ ਹੈ। ਕੋਈ ਵੀ ਰਸੀਦ ਬੁੱਕ ਦੇਖ ਸਕਦਾ ਹੈ। ਸਭ ਦੇ ਸਾਹਮਣੇ ਰੱਖ ਕੇ ਇਹ ਪੈਸਾ ਖਰਚ ਕੀਤਾ ਜਾਵੇਗਾ।

ਮੈਨੂੰ ਕੈਨੇਡਾ ਵਿੱਚੋਂ ਇਹ ਕਹਿ ਕੇ ਇੱਧਰ ਨੂੰ ਤੋਰਿਆ ਗਿਆ ਹੈ ਕਿ ਮੈਂ ਪਿੰਡ ਦੀ ਫੁੱਟ ਨੂੰ ਖ਼ਤਮ ਕਰਵਾਵਾਂ, ਸਰਬ ਸੰਮਤੀ ਨਾਲ ਪੰਚਾਇਤ ਬਣਵਾਵਾਂ, ਪਿੰਡ ਦੇ ਇਸ ਇਕੱਠ ਵਿਚ ਹਰ ਕਿਸੇ ਦੀ ਰਾਇ ਪੁੱਛਾਂ। ਕਿਸੇ ਦੇ ਮਨ ਵਿਚ ਕੋਈ ਸ਼ੱਕ ਜਾਂ ਭਰਮ ਨਹੀਂ ਰਹਿਣਾ ਚਾਹੀਦਾ। ਪੰਚਾਇਤ ਬਣਨ ਤੋਂ ਬਾਅਦ ਸੋਚੇਗੀ ਕਿ ਪੈਸੇ ਵਿਕਾਸ ਕੰਮਾਂ ਤੇ ਕਿਵੇਂ ਲਗਾਉਣੇ ਹਨ।

ਮੈਂ ਸਮਝਦਾ ਹਾਂ, ਪੰਜਾਬ ਦੇ ਸ਼ਹਿਰਾਂ ਦਾ ਵਿਕਾਸ ਕਰਨਾ ਔਖਾ ਹੈ ਕਿਉਂਕਿ ਉਥੇ ਬਹੁਤ ਤਰ੍ਹਾਂ ਦੇ ਲੋਕ ਰਹਿੰਦੇ ਹਨ। ਉੱਥੇ ਦੀਆਂ ਗਲੀਆਂ ਤੇ ਬੀਹੀਆਂ ਭੀੜੀਆਂ ਵੀ ਬਹੁਤ ਹਨ। ਇਕ ਪਿੰਡ ਵਿਚ ਆਮ ਤੌਰ ਤੇ ਦੋ ਜਾਂ ਤਿੰਨ ਗੋਤਾਂ ਦੇ ਲੋਕ ਹੀ ਰਹਿੰਦੇ ਹਨ। ਪਿੰਡਾਂ ਵਿਚ ਅਕਸਰ ਜਾਤਾਂ, ਬਰਾਦਰੀਆਂ ਤੇ ਸੰਪਰਦਾਵਾਂ ਵੀ ਘੱਟ ਹਨ। ਸ਼ਹਿਰਾਂ ਦੀ ਤੁਲਨਾ ਪਿੰਡਾਂ ਦੇ ਲੋਕ ਸ਼ਾਤਰ ਦਿਮਾਗ ਵੀ ਘੱਟ ਹਨ। ਇਸ ਲਈ ਪਿੰਡਾਂ ਵਿਚ ਭਰਾਤਰੀਭਾਵ ਜਲਦੀ ਪੈਦਾ ਕੀਤਾ ਜਾ ਸਕਦਾ ਹੈ। ਪਿੰਡਾਂ ਵਿਚ ਸ਼ਹਿਰਾਂ ਦੀ ਬਨਿਸਵਤ ਪ੍ਰਦੂਸ਼ਣ ਵੀ ਬਹੁਤ ਘੱਟ ਏ। ਸ਼ਹਿਰਾਂ ਵਿਚ ਵਗਦੀਆਂ ਨਾਲੀਆਂ ਵਿਚ ਤੁਸੀਂ ਮਲ ਮੂਤਰ ਵਗਦਾ ਆਮ ਦੇਖ ਸਕਦੇ ਹੋ। ਕਈ ਸ਼ਹਿਰੀ ਲੋਕ ਸ਼ਹਿਰ ਵੱਡਾ ਹੋਣ ਕਰਕੇ ਬਾਹਰ ਦੂਰ ਪਖਾਨੇ ਜਾਣ ਤੋਂ ਘੌਲ ਕਰਦੇ ਹਨ। ਕਈਆਂ ਦੇ ਘਰਾਂ ਵਿਚ ਆਧੁਨਿਕ ਟਾਇਲਟਾਂ ਵੀ ਨਹੀਂ ਹਨ। ਸ਼ਹਿਰਾਂ ਦਾ ਸਾਰਾ ਗੰਦ ਨਾਲੀਆਂ ਰਾਹੀਂ ਬਾਹਰ ਨਾਲਿਆਂ ਵਿਚ ਜਾ ਡਿਗਦਾ ਹੈ। ਇਹ ਗੰਦੇ ਨਾਲੇ ਨਿਕਾਸ ਦੇ ਘਾਟ ਕਾਰਨ ਇੱਕ ਹੀ ਥਾਂ ਖੜ੍ਹੇ ਰਹਿੰਦੇ ਹਨ ਤੇ ਬਦਬੂ ਦੇ ਫਰਾਟੇ ਛੱਡਦੇ ਰਹਿੰਦੇ ਹਨ। ਲੋਕੀ ਇਨ੍ਹਾਂ ਨਾਲਿਆਂ ਵਿਚ ਹਰ ਪ੍ਰਕਾਰ ਦਾ ਨਿੱਕਸੁੱਟ ਵੀ ਸੁੱਟੀ ਜਾਂਦੇ ਹਨ। ਪਿਛਲੀ ਵਾਰੀ ਮੇਰੇ ਨਾਲ ਮੇਰਾ ਇਕ ਮਿੱਤਰ ਗੋਰਾ ਕੈਨੇਡਾ ਤੋਂ ਆਇਆ ਸੀ। ਉਹ ਇਨ੍ਹਾਂ ਨਾਲਿਆਂ ਦੀ ਤਰਸਯੋਗ ਹਾਲਤ ਦੇਖ ਕੇ ਹੈਰਾਨ ਰਹਿ ਗਿਆ ਸੀ। ਉਹ ਹੈਰਾਨ ਸੀ ਕਿ ਇਨ੍ਹਾਂ ਨਾਲਿਆਂ ਦੇ ਮੁੱਢ ਲੋਕ ਰਹਿੰਦੇ ਕਿਵੇਂ ਹਨ। ਅਸਾਂ ਇੱਥੇ ਇਕ ਮਹੀਨਾ ਰਹਿਣਾ ਸੀ ਪਰੰਤੂ ਉਹ ਗੋਰਾ ਹਫ਼ਤੇ ਕੁ ਬਾਅਦ ਹੀ ਵਾਪਸ ਜਾਣ ਲਈ ਕਾਹਲਾ ਪੈ ਗਿਆ ਸੀ। ਉਹ ਪਿੰਡ ਵਿਚ ਤਾਂ ਸਿਰਫ਼ ਇਕ ਦਿਨ ਲਈ ਹੀ ਆਇਆ ਸੀ ਤੇ ਬਾਕੀ ਦਾ ਸਮਾਂ ਮੈਂ ਉਸਨੂੰ ਚੰਡੀਗੜ੍ਹ ਇਕ ਹੋਟਲ ਵਿਚ ਹੀ ਠਹਿਰਾਇਆ ਸੀ।

ਸ਼ਹਿਰਾਂ ਵਿਚ ਇਨ੍ਹਾਂ ਗੰਦੇ ਨਾਲਿਆਂ ਦੇ ਮੁੱਢ ਰਹਿਣ ਵਾਲਿਆਂ ਦੀ ਹਾਲਤ ਉਨ੍ਹਾਂ ਹੱਡਾਂ ਰੋੜੀ ਵਿਚ ਮਰੇ ਹੋਏ ਜਾਨਵਰਾਂ ਦੀ ਖੱਲ ਲਾਹੁਣ ਵਾਲਿਆਂ ਵਾਂਗ ਹੈ ਜਿਨ੍ਹਾਂ ਨੂੰ ਉਥੇ ਲਗਾਤਾਰ ਮਾਸ ਤੇ ਖੱਲ ਦਾ ਕੰਮ ਕਰਨ ਨਾਲ ਰਹਿਣਾ ਔਖਾ ਨਹੀਂ ਲੱਗਦਾ ਤੇ ਉਨ੍ਹਾਂ ਨੂੰ ਬਦਬੂ ਆਉਣੀ ਵੀ ਬੰਦ ਹੋ ਜਾਂਦੀ ਏ। ਉਹ ਬਦਬੂ ਵਿੱਚ ਰਹਿਣ ਦੇ ਆਦੀ ਹੀ ਹੋ ਜਾਂਦੇ ਹਨ। ਪਿੰਡਾਂ ਦਾ ਪਾਣੀ ਆਮ ਤੌਰ ਤੇ ਆ ਕੇ ਛੱਪੜ ਵਿਚ ਡਿਗਦਾ ਹੈ। ਛੱਪੜ ਨੂੰ ਸੁਧਾਰਨਾ ਬਹੁਤਾ ਔਖਾ ਕੰਮ ਨਹੀਂ ਹੈ। ਕੀ ਕੁਝ ਕਰਨਾ ਹੈ, ਇਹ ਬਾਅਦ ਵਿਚ ਬੈਠ ਕੇ ਵਿਚਾਰਾਂਗੇ। ਅੱਜ ਅਸੀਂ ਇਕ ਐਸੀ ਪੰਚਾਇਤ ਬਣਾਉਣੀ

ਹੈ ਜਿਹੜੀ ਪਿੰਡਾਂ ਦੀਆਂ ਪਾਟੋਧਾੜ ਪੰਚਾਇਤਾਂ ਤੋਂ ਅਲੱਗ ਕਿਸਮ ਦੀ ਹੋਵੇ। ਇਹ ਗੁਪਤ ਮੱਤਦਾਨ ਤੋਂ ਬਗ਼ੈਰ ਸਰਬ ਸੰਮਤੀ ਨਾਲ ਹੀ ਬਣਨੀ ਚਾਹੀਦੀ ਏ। ਇਸ ਵਿਚ ਸਾਰੀਆਂ ਸਿਆਸੀ ਧਿਰਾਂ ਦੇ ਤੇ ਸਾਰੀਆਂ ਬਰਾਦਰੀਆਂ ਦੇ ਵਿਅਕਤੀ ਹੋਣਗੇ। ਸਭ ਤੋਂ ਪਹਿਲਾਂ ਤੁਸੀਂ ਮੈਨੂੰ ਹੱਥ ਖੜ੍ਹੇ ਕਰਕੇ ਦੱਸੋ ਕਿ ਕੀ ਤੁਹਾਨੂੰ ਸਰਬ ਸੰਮਤੀ ਨਾਲ ਬਣੀ ਪੰਚਾਇਤ ਮਨਜ਼ੂਰ ਹੈ।

(ਸਾਰੇ ਲੋਕ ਹੱਥ ਖੜ੍ਹੇ ਕਰ ਦਿੰਦੇ ਹਨ)

ਮੇਰਾ ਦੂਜਾ ਸਵਾਲ ਹੈ— ਕੀ ਪਿਛਲੀ ਚਲਦੀ ਆਉਂਦੀ ਪੰਚਾਇਤ ਨੂੰ ਅਗਲੀ ਸਰਬ ਸੰਮਤੀ ਨਾਲ ਬਣਨ ਵਾਲੀ ਪੰਚਾਇਤ ਮਨਜ਼ੂਰ ਹੈ?

(ਪਿਛਲੀ ਸਰਪੰਚਣੀ ਤੇ ਸਾਰੇ ਪੰਚ ਹੱਥ ਖੜ੍ਹੇ ਕਰ ਦਿੰਦੇ ਹਨ)

ਮੇਰਾ ਤੀਸਰਾ ਸਵਾਲ — ਨਵੀਂ ਬਣਨ ਵਾਲੀ ਪੰਚਾਇਤ ਨੂੰ ਕੌਣ ਚੁਣੇਗਾ?

(ਸਾਰੇ ਸੋਚਣ ਲੱਗ ਜਾਂਦੇ ਹਨ)

ਗਿੱਲ ਸਾਹਿਬ ਦੁਆਰਾ ਸਵਾਲ ਕਰਦੇ ਹਨ— ਨਵੇਂ ਪੰਚਾਇਤ ਮੈਂਬਰ ਕੌਣ ਹੋਣਗੇ?

ਲਹਿੰਬਰ ਸਿੰਘ ਉੱਠ ਕੇ ਬੋਲਿਆ— ਅਸੀਂ ਨਵੇਂ ਮੈਂਬਰ ਚੁਣਨ ਦਾ ਅਖ਼ਤਿਆਰ ਗਿੱਲ ਸਾਹਿਬ ਨੂੰ ਦਿੰਦੇ ਹਾਂ।

ਗਿੱਲ ਸਾਹਿਬ — ਧੰਨਵਾਦ! ਮੈਂ ਇਕੱਲਾ ਇਹ ਕੰਮ ਨਹੀਂ ਕਰਾਂਗਾ।

ਪ੍ਰਗਾਸ਼ — ਗਿੱਲ ਸਾਹਿਬ ਦਾ ਸਾਥ ਮਨੋਹਰ ਲਾਲ ਜੀ ਦੇਣਗੇ।

ਗਿੱਲ ਸਾਹਿਬ — ਕੀ ਇਹ ਸਭ ਨੂੰ ਮਨਜ਼ੂਰ ਹੈ?

(ਸਾਰੇ ਦੋ-ਦੋ ਹੱਥ ਖੜ੍ਹੇ ਕਰ ਦਿੰਦੇ ਹਨ)

ਗਿੱਲ ਸਾਹਿਬ, ਲਹਿੰਬਰ ਸਿੰਘ ਤੇ ਮਨੋਹਰ ਲਾਲ ਨੂੰ ਆਪਣੇ ਪਾਸ ਸੱਦਦੇ ਹਨ। ਤਿੰਨੇ ਆਪਸ ਵਿਚ ਥੋੜ੍ਹੀ ਜਿਹੀ ਗਿੱਟ-ਮਿੱਟ ਕਰਦੇ ਹਨ। ਫਿਰ ਗਿੱਲ ਸਾਹਿਬ ਨਾਵਾਂ ਦਾ ਐਲਾਨ ਕਰਦੇ ਹਨ :-

1. ਕੀਰਤੀ ਸਿੰਘ 2. ਲਹਿੰਬਰ ਸਿੰਘ 3. ਦੇਬੋ 4. ਮਿਸਰੀ ਦੇਵੀ 5. ਮਨੋਹਰ ਲਾਲ 6. ਸੇਵਾ ਸਿੰਘ

ਕੀਰਤੀ ਸਿੰਘ ਬੋਲਣ ਲਈ ਆਗਿਆ ਮੰਗਦਾ ਹੈ।

ਗਿੱਲ ਸਾਹਿਬ — ਸ. ਕੀਰਤੀ ਸਿੰਘ ਨੂੰ ਬੋਲਣ ਦੀ ਆਗਿਆ ਹੈ।

ਕੀਰਤੀ ਸਿੰਘ — ਮੈਂ ਕਿਸੇ ਭਾਸ਼ਣ ਦੇਣ ਲਈ ਆਗਿਆ ਨਹੀਂ ਮੰਗੀ। ਮੈਂ ਤਾਂ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਸਿਹਤ ਪੰਚਾਇਤ ਮੈਂਬਰ ਬਣਨ ਲਈ ਆਗਿਆ ਨਹੀਂ ਦਿੰਦੀ। ਵੈਸੇ ਵੀ ਮੈਂ ਬਹੁਤਾ ਸਮਾਂ ਪਿੰਡ ਤੋਂ ਦੂਰ ਹੀ ਰਹਿੰਦਾ ਹਾਂ। ਉਵੇਂ ਮੈਂ ਹਰ ਸੇਵਾ ਲਈ ਹਾਜ਼ਰ ਹਾਂ।

ਗਿੱਲ ਸਾਹਿਬ ਤੇ ਲਹਿੰਬਰ ਸਿੰਘ — ਸ੍ਰ. ਕੀਰਤੀ ਸਿੰਘ ਨੂੰ ਅਸੀਂ ਪੰਚਾਇਤ

ਮੈਂਬਰ ਰੱਖਣਾ ਹੀ ਹੈ। ਹੁਣ ਅਸੀਂ ਚਾਹੁੰਦੇ ਹਾਂ ਕਿ ਕੀਰਤੀ ਸਿੰਘ ਹੋਰੀਂ ਵੀ ਸਭਾ ਨੂੰ ਸੰਬੋਧਨ ਕਰਨ।

ਕੀਰਤੀ ਸਿੰਘ — ਗਿੱਲ ਸਾਹਿਬ, ਪਹਿਲਾਂ ਸਰਪੰਚ ਵੀ ਚੁਣ ਲਵੋ?

ਗਿੱਲ ਸਾਹਿਬ — ਸਰਪੰਚ ਦਾ ਤਾਂ ਪਤਾ ਹੀ ਏ। ਸਰਪੰਚ ਅਨੁਸੂਚਿਤ ਜਾਤੀ ਦਾ ਬਣਨਾ ਹੈ। ਇਕੱਲੀ ਦੇਬੋ ਹੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੈ। ਇਸ ਲਈ ਸਰਪੰਚਣੀ ਦੇਬੋ ਹੀ ਹੋਈ।

(ਸਾਰੇ ਤਾੜੀਆਂ ਮਾਰਦੇ ਹਨ)।

ਗਿੱਲ ਸਾਹਿਬ — ਹੁਣ ਸ. ਕੀਰਤੀ ਸਿੰਘ ਹੋਰੀਂ ਤੁਹਾਡੇ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।

(ਕੀਰਤੀ ਸਿੰਘ ਹੋਰੀਂ ਬੈਠੇ-ਬੈਠੇ ਹੀ ਬੋਲਣਾ ਚਾਹੁੰਦੇ ਹਨ। ਉਨ੍ਹਾਂ ਨੂੰ ਬੈਠਿਆਂ ਨੂੰ ਹੀ ਮਾਈਕ ਫੜਾ ਦਿੱਤਾ ਜਾਂਦਾ ਹੈ)

ਨਗਰ ਨਿਵਾਸੀ ਭੈਣੋ, ਭਰਾਵੋ ਤੇ ਬੱਚਿਓ,
ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਫਤਹਿ!

ਗਿੱਲ ਸਾਹਿਬ ਦੇ ਇੱਥੇ ਪਹੁੰਚਣ ਨਾਲ ਸਾਡੇ ਬੋਲਣ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿ ਗਈ। ਉਨ੍ਹਾਂ ਦੇ ਇੱਥੇ ਆ ਜਾਣ ਨੇ ਸਾਨੂੰ ਯਕੀਨ ਕਰਵਾ ਦਿੱਤਾ ਹੈ ਕਿ ਹੁਣ ਪਿੰਡ ਦੀ ਕਾਇਆ ਪਲਟ ਹੀ ਜਾਵੇਗੀ। ਗਿੱਲ ਸਾਹਿਬ ਦੇ ਦੱਸਣ ਅਨੁਸਾਰ ਪੈਸੇ ਦੇ ਭੰਡਾਰੇ ਬਾਹਰਲੇ ਦੇਸ਼ਾਂ ਨੇ ਖੋਲ੍ਹ ਹੀ ਦਿੱਤੇ ਹਨ। ਪਿੰਡ ਵੀ ਇਕਮੁੱਠ ਨਜ਼ਰ ਆ ਰਿਹਾ ਏ। ਪੰਚਾਇਤ ਸਰਬ ਸੰਮਤੀ ਨਾਲ ਬਣ ਹੀ ਗਈ ਏ। ਕਿਸੇ ਵੀ ਕੰਮ ਵਾਸਤੇ ਸਰਬ ਸੰਮਤੀ ਨਾਲ ਇਕ ਰਾਏ ਬਣ ਜਾਣੀ ਲੋਕ ਰਾਜ ਦੀ ਸਰਬ ਉੱਤਮ ਮਿਸਾਲ ਹੁੰਦੀ ਏ। ਗੁਪਤ ਵੋਟਾਂ ਪੁਆ ਕੇ ਕੋਈ ਵੀ ਕੰਮ ਨੇਪਰੇ ਚਾੜ੍ਹਨਾ ਮੱਤਭੇਦ ਤੇ ਆਪਸੀ ਪਾਟੋਧਾੜ ਦੀ ਨਿਸ਼ਾਨੀ ਹੈ। ਸਿਆਣੇ ਵਿਅਕਤੀ ਆਪਣਾ ਮਹੱਤਵਪੂਰਨ ਯੋਗਦਾਨ ਪਾ ਕੇ ਕਿਸੇ ਵੀ ਔਖੇ ਕੰਮ ਲਈ ਇਕ ਰਾਇ ਕਾਇਮ ਕਰਵਾ ਸਕਦੇ ਹਨ। ਜਿੱਥੇ ਗੁਪਤ ਮੱਤਦਾਨ ਨਾਲ ਫ਼ੈਸਲਾ ਲਿਆ ਜਾਂਦਾ ਹੈ ਉੱਥੇ ਸਿਆਣੇ ਵਿਅਕਤੀਆਂ ਦੀ ਸੱਚਮੁੱਚ ਹੀ ਘਾਟ ਹੁੰਦੀ ਏ। ਅਗਰ ਕਾਰਜ ਖੇਤਰ ਬਹੁਤ ਵਿਸ਼ਾਲ ਹੋਵੇ ਤਾਂ ਹੇਠਲੇ ਪੱਧਰ ਤੇ ਗੁਪਤ ਮੱਤਦਾਨ ਕਰਵਾਉਣਾ ਹੀ ਪਵੇਗਾ। ਇਸ ਹਾਲਤ ਵਿਚ ਉਪਰਲੇ ਪੱਧਰ ਤੇ ਨੇਤਾਵਾਂ ਦੀ ਚੋਣ ਸਰਬ-ਸੰਮਤੀ ਨਾਲ ਹੋ ਜਾਵੇ ਤਾਂ ਚੰਗਾ ਹੁੰਦਾ ਹੈ। ਗੁਪਤ ਮਤਦਾਨ ਆਖ਼ਰੀ ਚਾਰਾ ਹੋਣਾ ਚਾਹੀਦਾ ਹੈ। ਅਗਰ ਗੁਪਤ ਮੱਤਦਾਨ ਤੋਂ ਬਿਨਾਂ ਕਿਸੇ ਹੀਲੇ ਵੀ ਨਹੀਂ ਸਰਦਾ ਤਾਂ ਚੋਣ ਹੋ ਜਾਣ ਤੋਂ ਬਾਅਦ ਹਾਰਨ ਵਾਲੀ ਧਿਰ ਨੂੰ ਜਿੱਤਣ ਵਾਲੀ ਧਿਰ ਨਾਲ ਪੂਰਾ-ਪੂਰਾ ਸਹਿਯੋਗ ਕਰਨਾ ਚਾਹੀਦਾ ਹੈ। ਭਾਰਤੀ ਸਿਆਸਤ ਅੱਜ ਇੰਨੇ ਨੀਵੇਂ ਪੱਧਰ ਦੀ ਏ ਕਿ ਹਾਰਨ ਵਾਲੀ ਧਿਰ ਸ਼ਰ੍ਹੇਆਮ ਪਤਾ ਲਗਾ ਦਿੰਦੀ ਏ ਕਿ ਉਹ ਜਿੱਤਣ

ਵਾਲੀ ਧਿਰ ਦੀ ਪੱਕੀ ਦੁਸ਼ਮਣ ਬਣ ਗਈ ਏ। ਵਿਕਸਤ ਦੇਸ਼ਾਂ ਦੀ ਤੇ ਖਾਸ ਕਰਕੇ ਇਸਾਈ ਪ੍ਰਧਾਨ ਦੇਸ਼ਾਂ ਦੀ ਸਿਆਸਤ ਵਿਚ ਖੁੱਲ੍ਹੀ ਦੁਸ਼ਮਣੀ ਬਹੁਤ ਹੀ ਘੱਟ ਦੇਖਣ ਨੂੰ ਮਿਲਦੀ ਏ। ਉੱਥੇ ਵਿਰੋਧੀ ਪਾਰਟੀ ਨਰੋਈ ਭੂਮਿਕਾ ਨਿਭਾਉਂਦੀ ਏ।

ਪੰਚਾਇਤ ਬਣਨ ਤੋਂ ਬਾਅਦ ਹੁਣ ਕੰਮ ਰਹਿ ਗਿਆ ਪੈਸੇ ਨੂੰ ਯੋਜਨਾਬੱਧ ਤਰੀਕੇ ਨਾਲ ਖਰਚ ਕਰਨ ਦਾ। ਪ੍ਰਾਜੈਕਟਾਂ ਦੀ ਯੋਜਨਾ ਬਣਾਉਣ ਲਈ ਸਾਡੇ ਪਾਸ ਗਿੱਲ ਸਾਹਿਬ ਜਿਹੇ ਸੁਲਝੇ ਨੀਤੀਵੇਤਾ ਮੌਜੂਦ ਹੀ ਹਨ। ਮੈਂ ਖ਼ੁਦ ਵੀ ਤੁਹਾਨੂੰ ਇਕ ਦੋ ਸੁਝਾਅ ਦੇ ਹੀ ਦਿੰਦਾ ਹਾਂ। ਮੇਰਾ ਨਿੱਜੀ ਵਿਚਾਰ ਇਹ ਹੈ ਕਿ ਸਭ ਤੋਂ ਪਹਿਲਾਂ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਤਰਜ਼ ਤੇ ਪਿੰਡ ਦੇ ਲਹਿੰਦੇ ਪਾਸੇ ਵਗਦੀ ਬੇਈਂ ਵਿਚੋਂ ਗਾਰਾ ਕੱਢਿਆ ਜਾਵੇ ਤੇ ਉਸ ਨੂੰ ਡੂੰਘਾ ਕਰਵਾਇਆ ਜਾਵੇ। ਗਾਰਾ ਕੱਢਣ ਤੋ ਬਾਅਦ ਅਗਰ ਉਹ ਥੱਲਿਉਂ ਪੱਕੀ ਵੀ ਹੋ ਜਾਵੇ ਤਾਂ ਹੋਰ ਵੀ ਚੰਗਾ ਹੋਵੇਗਾ। ਪਿੰਡ ਦੀਆਂ ਨਾਲੀਆਂ ਤੇ ਟਾਇਲਟਾਂ ਦਾ ਪਾਣੀ ਇਕ ਵੱਡੇ ਪਾਈਪ ਰਾਹੀਂ ਉਸ ਬੇਈਂ ਵਿਚ ਸੁੱਟਿਆ ਜਾਵੇ। ਇਸ ਪਾਣੀ ਨੂੰ ਮੁੜ ਸਾਫ਼ ਕਰਨ ਦਾ ਪ੍ਰਾਜੈਕਟ ਵੀ ਲੱਗ ਸਕਦਾ ਏ। ਸਭ ਕੁਝ ਸਾਧਨਾਂ ਤੇ ਨਿਰਭਰ ਕਰਦਾ ਏ। ਪਿੰਡ ਵਿਚ ਇੱਕ ਵੱਡਾ ਟਿਊਬਵੈੱਲ ਵੀ ਲਗਾਇਆ ਜਾਵੇ ਜਿਹੜਾ ਪਿੰਡ ਦੇ ਛੱਪੜ ਨੂੰ ਤਾਜ਼ਾ ਪਾਣੀ ਦਿਆ ਕਰੇ। ਹੋ ਸਕੇ ਤਾਂ ਛੱਪੜ ਸਾਫ਼ ਕਰਵਾ ਕੇ ਮੱਛੀਆਂ ਪਾਲਣ ਦਾ ਤਲਾਬ ਬਣਾਇਆ ਜਾਵੇ। ਪਿੰਡ ਦੀਆਂ ਸਭ ਨਾਲੀਆਂ ਜ਼ਮੀਨ ਦੇ ਹੇਠ ਹੋਣ। ਅਗਰ ਬਿਜਲੀ ਤੇ ਟੈਲੀਫੋਨ ਦੀਆਂ ਤਾਰਾਂ ਵੀ ਜ਼ਮੀਨ ਦੇ ਹੇਠ ਹੋਣ ਤਾਂ ਹੋਰ ਵੀ ਚੰਗਾ ਹੋਵੇਗਾ। ਪਿੰਡ ਵਿਚ ਇਕ ਸਹਿਕਾਰੀ ਦੁਕਾਨ ਹੋਵੇ ਜਿਸ ਦੀ ਪੰਚਾਇਤ ਸਪੈਸ਼ਲ ਤੌਰ ਤੇ ਦੇਖ-ਭਾਲ ਕਰੇ। ਇਸ ਦੁਕਾਨ ਤੇ ਸਭ ਚੀਜ਼ਾਂ ਦੇ ਭਾਅ ਆਮ ਦੁਕਾਨਾਂ ਦੇ ਭਾਵਾਂ ਤੋਂ ਸਸਤੇ ਹੋਣ। ਪਿੰਡ ਦੇ ਸਕੂਲ ਨੂੰ ਅਪਗਰੇਡ ਕਰਕੇ ਹਾਈ ਸਕੂਲ ਬਣਾ ਲਿਆ ਜਾਵੇ। ਨੇੜੇ ਪੈਂਦੇ ਚਾਰ-ਪੰਜ ਪਿੰਡਾਂ ਦੀਆਂ ਪੰਚਾਇਤਾਂ ਨਾਲ ਸਲਾਹ ਕਰਕੇ ਨੇੜੇ ਇਕ ਟੈਕਨੀਕਲ ਟਰੇਨਿੰਗ ਇੰਸਟੀਚਿਊਟ ਵੀ ਖੋਲ੍ਹੀ ਜਾਣੀ ਚਾਹੀਦੀ ਏ ਤਾਂ ਕਿ ਬੱਚਿਆਂ ਨੂੰ ਕਿੱਤਾ ਪ੍ਰਧਾਨ ਪੜ੍ਹਾਈ ਕਰਵਾਈ ਜਾ ਸਕੇ। ਇਸੇ ਪ੍ਰਕਾਰ ਚਾਰ ਪੰਜ ਪਿੰਡਾਂ ਦੀ ਇਕ ਸਾਂਝੀ ਦਾਣਾ ਮੰਡੀ ਹੋਵੇ ਜਿੱਥੇ ਆੜ੍ਹਤੀ ਵੀ ਉਨ੍ਹਾਂ ਪਿੰਡਾਂ ਦੇ ਹੀ ਹੋਣ।

ਇਸ ਪ੍ਰਕਾਰ ਦੇ ਹੋਰ ਅਨੇਕਾਂ ਪ੍ਰਾਜੈਕਟ ਹਨ ਜਿਹੜੇ ਪੂਰੇ ਕੀਤੇ ਜਾ ਸਕਦੇ ਹਨ। ਪੰਚਾਇਤ ਇਨ੍ਹਾਂ ਪ੍ਰਾਜੈਕਟਾਂ ਵਾਸਤੇ ਬੈਠ ਕੇ ਵਿਚਾਰ ਕਰ ਸਕਦੀ ਏ। ਸਾਰੀ ਗੱਲ ਧੁਰ ਅੰਦਰੋਂ ਆਪਣੇ ਆਪ ਨੂੰ ਪਿੰਡ ਦੀ ਸੇਵਾ ਵਿਚ ਸਮਰਪਣ ਕਰਨ ਦੀ ਏ। ਅਗਰ ਇਸ ਸੇਵਾ ਨੂੰ ਧਾਰਮਿਕ ਸੇਵਾ ਬਣਾ ਦਿੱਤਾ ਜਾਵੇ ਤਾਂ ਹੋਰ ਵੀ ਠੀਕ ਹੋਵੇਗਾ। ਕਈ ਕੰਮ ਕਾਰ ਸੇਵਾ ਨਾਲ ਵੀ ਬੜੀ ਆਸਾਨੀ ਨਾਲ ਨੇਪਰੇ ਚੜ੍ਹ ਜਾਂਦੇ ਹਨ। ਇੰਝ ਕਰਨ ਨਾਲ ਮਜ਼ਦੂਰੀ ਤੇ ਖਰਚ ਕਰਨ ਵਾਲਾ ਪੈਸਾ ਬਚਾਇਆ ਜਾ ਸਕਦਾ ਏ। ਧਾਰਮਿਕ ਕੰਮ ਨੂੰ ਲੋਕ ਧੁਰ ਅੰਦਰੋਂ ਕਰਦੇ ਹਨ। ਉਨ੍ਹਾਂ ਦੇ ਮਨ ਤੇ ਵਾਹਿਗੁਰੂ ਦਾ ਡਰ

ਬਣਿਆ ਰਹਿੰਦਾ ਏ। ਇਸੇ ਲਈ ਤਾਂ ਬਾਬਾ ਫ਼ਰੀਦ ਜੀ ਦਾ ਫੁਰਮਾਨ ਹੈ-

*ਦਿਲਹੁ ਮੁਹੱਬਤ ਜਿਨੁ ਸੇਈ ਸਚਿਆ*

ਇੰਨਾ ਕੁਝ ਕਹਿੰਦਾ ਹੋਇਆ ਖਿਮਾ ਦਾ ਜਾਚਕ ਹਾਂ।

ਵਾਹਿਗੁਰੂ ਜੀ ਕਾ ਖਾਲਸਾ

ਸ੍ਰੀ ਵਾਹਿਗੁਰੂ ਜੀ ਕੀ ਫਤਹਿ।

ਇਸ ਤੋਂ ਬਾਅਦ ਪਿੰਡ ਦੀ ਇਹ ਸਭਾ ਬਰਖਾਸਤ ਹੋ ਗਈ।

ਘਰ ਜਾ ਕੇ ਸ. ਕੀਰਤੀ ਸਿੰਘ ਬੜਾ ਹੀ ਖ਼ੁਸ਼ ਨਜ਼ਰ ਆ ਰਿਹਾ ਸੀ। ਜ਼ੋਰਾ ਸਿੰਘ ਵੀ ਪੂਰਾ ਖ਼ੁਸ਼ ਸੀ। ਕੁਝ ਦੇਰ ਗੱਲਾਂਬਾਤਾਂ ਕਰਨ ਤੋਂ ਬਾਅਦ ਜ਼ੋਰਾ ਸਿੰਘ ਆਪਣੇ ਘਰ ਚਲਾ ਗਿਆ। ਕੀਰਤੀ ਸਿੰਘ ਥੱਕਿਆ ਹੋਇਆ ਸੀ ਤੇ ਉਸ ਨੂੰ ਜਲਦੀ ਨੀਂਦ ਆ ਗਈ। ਉਸ ਨੂੰ ਸੁੱਤੇ ਪਏ ਨੂੰ ਇਕ ਸੁਪਨਾ ਆਇਆ-

ਪਿੰਡ ਦੀ ਕੋਈ ਵੀ ਨਾਲੀ ਨੰਗੀ ਨਹੀਂ ਸੀ.... ਪਿੰਡ ਦੇ ਲਹਿੰਦੇ ਵਗਦੇ ਬੇਈਂ 'ਚੋਂ ਗਾਰਾ ਕੱਢ-ਕੱਢ ਕੇ ਅੰਬਾਰ ਲੱਗੇ ਹੋਏ ਸਨ.... ਪਿੰਡ ਦੇ ਛੱਪੜ ਦਾ ਪਾਣੀ ਸਵੱਸ ਝੀਲ ਬਣ ਗਿਆ ਸੀ। ਉਸ ਪਾਣੀ ਵਿਚ ਖ਼ੂਬਸੂਰਤ ਮੱਛੀਆਂ ਤਾਰੀਆਂ ਲਾਉਂਦੀਆਂ ਨਜ਼ਰ ਆ ਰਹੀਆਂ ਸਨ.... ਪਿੰਡ ਦੀਆਂ ਸੜਕਾਂ ਪੱਕੀਆਂ ਹੀ ਪੱਕੀਆਂ ਸਨ.... ਪਿੰਡ ਦੀਆਂ ਲਿੰਕ ਸੜਕਾਂ ਨਾਲ ਲਗਦੇ ਪਿੰਡਾਂ ਤੱਕ ਬਜਰੀ ਤੇ ਲੁੱਕ ਨਾਲ ਢਕੀਆਂ ਪਈਆਂ ਸਨ.... ਪਿੰਡ ਦੇ ਨੇੜੇ ਇਕ ਗੰਨਾ ਮਿੱਲ ਵੀ ਲੱਗ ਗਈ ਸੀ.... ਇਕ ਟੈਕਨੀਕਲ ਇੰਸਟੀਚਿਊਟ ਵੀ ਖੁੱਲ੍ਹ ਗਈ ਸੀ.... ਨਾਲ ਦੇ ਪਿੰਡਾਂ ਧਨੌਲੇ ਤੇ ਸੰਗੋਵਾਲ ਨੇ ਸਾਂਝੀ ਅਨਾਜ਼ ਮੰਡੀ ਲਈ ਜ਼ਮੀਨ ਦੇਣ ਦਾ ਮਤਾ ਵੀ ਪਾਸ ਕਰ ਲਿਆ ਸੀ.... ਮਨੋਹਰ ਲਾਲ ਦੇ ਤੀਜੇ ਭਰਾ ਬਦਰੀ ਨਾਥ ਨੇ ਮੰਡੀ ਵਿਚ ਆੜ੍ਹਤ ਦੀ ਦੁਕਾਨ ਖੋਲ੍ਹੀ ਹੋਈ ਸੀ.... ਉਹ ਜਿਮੀਂਦਾਰਾਂ ਦੀਆਂ ਜਿਣਸਾਂ ਨੂੰ ਠੀਕ ਭਾਅ ਤੇ ਖਰੀਦ ਕੇ ਪੈਸੇ ਦਾ ਇਕਦਮ ਭੁਗਤਾਨ ਕਰ ਰਿਹਾ ਸੀ..... ਪਿੰਡ ਦੇ ਪੜ੍ਹੇ ਲਿਖੇ ਲੜਕੇ-ਲੜਕੀਆਂ ਨੂੰ ਪਿੰਡ ਦੇ ਇਨ੍ਹਾਂ ਪ੍ਰਾਜੈਕਟਾਂ ਵਿਚ ਨੌਕਰੀ ਲਈ ਤਰਜੀਹ ਦਿੱਤੀ ਜਾਂਦੀ ਸੀ.... ਪਿੰਡ ਵਿਚ ਇਕ ਮੈਥਾ ਪਲਾਂਟ ਵੀ ਕੰਮ ਕਰ ਰਿਹਾ ਸੀ.... ਸਕੂਲ ਦਸਵੀਂ ਤੱਕ ਹੋ ਗਿਆ ਸੀ.... ਪਿੰਡ ਵਿਚ ਇਕ ਮਿਲਕ ਪਲਾਂਟ ਵੀ ਲੱਗ ਗਿਆ ਸੀ..... ਪਿੰਡ ਵਿਚ ਕਿਸੇ ਵੀ ਵਿਆਹ ਸ਼ਾਦੀ ਤੇ ਲੱਚਰ ਗੀਤ ਲਾਊਡ ਸਪੀਕਰ ਤੇ ਵੱਜਣੇ ਮਨ੍ਹਾ ਸਨ.... ਇਹ ਸਭ ਕੁਝ ਲਹਿਰ ਦਾ ਰੂਪ ਧਾਰਨ ਕਰੀ ਜਾ ਰਿਹਾ ਸੀ.... ਬਾਕੀ ਪਿੰਡ ਵੀ ਇਵੇਂ ਹੀ ਕਰਨ ਲੱਗ ਪਏ ਸਨ.... ਬਾਹਰਲੇ ਦੇਸ਼ਾਂ ਤੋਂ ਐਨ.ਆਰ.ਆਈ. ਤੇ ਉਨ੍ਹਾਂ ਦੇ ਬੱਚੇ ਪਿੰਡ ਵਿਚ ਆ ਕੇ ਇੰਨਾ ਆਰਾਮ ਮਹਿਸੂਸ ਕਰਨ ਲੱਗ ਪਏ ਸਨ ਕਿ ਛੁੱਟੀਆਂ ਉੱਥੇ ਆ ਕੇ ਹੀ ਕੱਟਣ ਲੱਗ ਪਏ ਸਨ.... ਉਨ੍ਹਾਂ ਨਾਲ ਉਨ੍ਹਾਂ ਦੇ ਕਈ ਗੋਰੇ ਮਿੱਤਰ ਦੋਸਤ ਵੀ ਪੰਜਾਬ ਦੇਖਣ ਆਉਣ ਲੱਗ ਪਏ ਸਨ.... ਪੰਜਾਬ ਦੀਆਂ ਹਰੀਆਂ ਭਰੀਆਂ ਫ਼ਸਲਾਂ ਗੋਰਿਆਂ ਵਾਸਤੇ ਦਿਲਕਸ਼ ਨਜ਼ਾਰਾ ਪੇਸ਼ ਕਰ ਰਹੀਆਂ ਸਨ.... ਪਿੰਡਾਂ ਵਿਚ ਲੁੱਟ ਖੋਹ

ਦਾ ਕੋਈ ਵੀ ਖ਼ਤਰਾ ਨਹੀਂ ਸੀ.... ਇਕ ਗੋਰਾ ਪਿੰਡ ਦੀ ਛੱਪੜਨੁਮਾ ਝੀਲ ਵਿਚ ਕਈ ਦੇਰ ਮੱਛੀਆਂ ਫੜਦਾ ਰਿਹਾ.... ਉਸ ਨੇ ਆਪਣੀ ਜੈਕਟ ਉਤਾਰ ਕੇ ਪਰ੍ਹੇ ਕਾਫੀ ਦੂਰ ਛੱਪੜ ਦੇ ਕੰਢੇ ਤੇ ਰੱਖੀ ਸੀ.... ਉਸ ਨੇ ਇਕ ਘੰਟੇ ਬਾਅਦ ਦੇਖਿਆ ਕਿ ਉਸ ਦੀ ਜੈਕਟ ਉਸੇ ਤਰ੍ਹਾਂ ਮਫੂਜ਼ ਪਈ ਸੀ.... ਉਸਨੂੰ ਕਿਸੇ ਨੇ ਵੀ ਚੁਰਾਇਆ ਨਹੀਂ ਸੀ.... ਸੇਵਾ ਸਿੰਘ ਦੇ ਮੁੰਡੇ ਗੁਰਬਖਸ਼ ਨਾਲ ਇਕ ਫਲਪੀਨਾ ਵੀ ਪੰਜਾਬ ਆਇਆ.... ਫਲਪੀਨਾ ਸਰਦਾਰਾਂ ਦੇ ਫਾਰਮ ਹਾਉਸਾਂ ਨੂੰ ਦੇਖ-ਦੇਖ ਕੇ ਹੈਰਾਨ ਹੋ ਰਿਹਾ ਸੀ.... ਪੰਜਾਬ ਦੇ ਪਸ਼ੂ ਪੰਛੀ ਉਸ ਵਾਸਤੇ ਨਵੇਂ ਜੀਵ ਸਨ.... ਗੁਰਬਖਸ਼ ਉਸ ਨੂੰ ਪੰਜਾਬ ਦੇ ਧਾਰਮਿਕ ਸਥਾਨਾਂ ਤੇ ਘੁੰਮਾ ਰਿਹਾ ਸੀ.... ਇਹ ਸੈਲਾਨੀ ਪੰਜਾਬ ਦੇ ਇਕ ਵਿਆਹ ਦਾ ਦ੍ਰਿਸ਼ ਦੇਖ ਕੇ ਹੈਰਾਨ ਹੋਈ ਜਾ ਰਹੇ ਸਨ.... ਇਹ ਗੁਰਬਖਸ਼ ਨਾਲ ਪੰਜਾਬ ਤੋਂ ਬਾਹਰ ਕਈ ਬੋਧੀ ਸਥਾਨਾਂ ਦੇ ਦਰਸ਼ਨ ਕਰਨ ਲਈ ਵੀ ਗਿਆ.... ਸਾਲ ਕੁ ਬਾਅਦ ਗਿੱਲ ਸਾਹਿਬ ਆਪਣੇ ਨਾਲ ਇਕ ਸਕਾਟਿਸ਼ ਮਿੱਤਰ ਨੂੰ ਲੈ ਕੇ ਪੰਜਾਬ ਆਏ ਸਨ.... ਇਸ ਮਿੱਤਰ ਦਾ ਨਾਮ ਪੌਲ ਇਰਵਾਈਨ (Paul Irvine) ਸੀ.... ਇਹ ਆਰਕੀਟੈਕਚਰ ਦਾ ਮਾਹਰ ਸੀ ਤੇ ਇਕ ਯੂਨੀਵਰਸਿਟੀ ਵਿਚ ਪ੍ਰੋਫੈਸਰ ਸੀ.... ਇਹ ਗਿੱਲ ਸਾਹਿਬ ਨੂੰ ਪਿੰਡ ਨੂੰ ਹੋਰ ਵਿਕਸਤ ਕਰਨ ਦੀਆਂ ਸਲਾਹਾਂ ਦੇ ਰਿਹਾ ਸੀ .... ਇਹ ਦੱਸ ਰਿਹਾ ਸੀ ਕਿ ਪਿੰਡ ਵਿਚ ਇਕ ਵਧੀਆ ਕਲੱਬ ਵੀ ਹੋਣਾ ਚਾਹੀਦਾ ਏ.... ਇਸ ਕਲੱਬ ਵਿਚ ਇਕ ਜਿਮ ਹੋਵੇ, ਇੱਕ ਸਪਾ (Spa) ਹੋਵੇ, ਇਕ ਮਾਡਰਨ ਕਿਸਮ ਦੀ ਸੱਥ ਹੋਵੇ.... ਇਕ ਲਾਈਜ਼ਰ ਸੈਂਟਰ (Leisure Centre) ਹੋਵੇ.... ਪਿੰਡ ਸੱਚਮੁੱਚ ਹੀ ਸਵਰਗ ਬਣਦਾ ਜਾ ਰਿਹਾ ਸੀ.... ਫਿਰ ਗਿੱਲ ਸਾਹਿਬ ਉਹਨੂੰ ਖੇਤੀਬਾੜੀ ਯੂਨੀਵਰਸਿਟੀ ਤੇ ਪੰਜਾਬ ਯੂਨੀਵਰਸਿਟੀ ਦਿਖਾਉਣ ਲੈ ਗਏ.... ਚੰਡੀਗੜ੍ਹ ਉਸ ਨੇ ਇਕ ਲੈਕਚਰ ਵੀ ਦੇਣਾ ਸੀ!!!